# ਗੁਰਮਤਿ ਸਭਿਆਚਾਰ ਦੇ ਵਿਭਿੰਨ ਪਰਿਪੇਖ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਸੋਸ਼ਲ-ਸਾਇੰਸਿਜ਼ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

2018


ਨਿਗਰਾਨ

ਡਾ.ਮਲਕਿੰਦਰ ਕੌਰ

ਪ੍ਰੋਫੈਸਰ

ਖੋਜਾਰਥੀ

ਜਸਵਿੰਦਰ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਜਸਵਿੰਦਰ ਕੌਰ ਨੇ ਪ੍ਰਸਤੁਤ ਖੋਜ-ਪ੍ਰਬੰਧ **'ਗੁਰਮਤਿ ਸਭਿਆਚਾਰ ਦੇ ਵਿਭਿੰਨ ਪਰਿਪੇਖ'** ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫਲ ਹੈ। ਮੈ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ, ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦੀ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਮਿਤੀ: 12 ਫਰਵਰੀ 2018

ਨਿਗਰਾਨ

ਮਲਕਿੰਦਰ ਕੌਰ

ਡਾ. ਮਲਕਿੰਦਰ ਕੌਰ

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ **'ਗੁਰਮਤਿ ਸਭਿਆਚਾਰ ਦੇ ਵਿਭਿੰਨ ਪਰਿਪੇਖ'** ਵਿਸ਼ੇ 'ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫ਼ਿਕੇਟ ਦਿਤਾ ਗਿਆ ਹੋਵੇ।

ਨਿਗਰਾਨ

ਮਲਕਿੰਦਰ ਕੌਰ

ਡਾ. ਮਲਕਿੰਦਰ ਕੌਰ

ਖੋਜਾਰਥਣ

ਜਸਵਿੰਦਰ ਕੌਰ

ਜਸਵਿੰਦਰ ਕੌਰ

# ਭੂਮਿਕਾ

ਸਭਿਆਚਾਰ ਤੋਂ ਬਿਨਾਂ ਮਨੁਖੀ ਸਮਾਜ ਦੀ ਹੋਂਦ ਕਿਆਸ ਹੀ ਨਹੀਂ ਕੀਤੀ ਜਾ ਸਕਦੀ। ਕੁਦਰਤ ਦੀ ਸਮੁਚੀ ਰਚਨਾ ਵਿਚ ਮਨੁਖ ਦੀ ਬਾਦਸ਼ਾਹਤ ਹੈ। ਜਨਮ ਤੋਂ ਹੀ ਬਾਕੀ ਜੀਵਾਂ ਦੇ ਮੁਕਾਬਲੇ ਮਨੁਖ ਵਿਚ ਸਮਾਜਿਕ ਨੈਤਿਕਤਾ ਦੇ ਅੰਸ਼ ਵਧੇਰੇ ਹਨ ਤੇ ਇਸ ਵਿਚ ਚੇਤਨਾ ਅਤੇ ਸ਼ਬਦ ਦੀ ਕੇਂਦਰੀ ਭੂਮਿਕਾ ਹੈ। ਇਨਾਂ ਦੋਨਾਂ ਅੰਸ਼ਾਂ ਕਰਕੇ ਹੀ ਬ੍ਰਹਿਮੰਡ ਦੀ ਸਮੁਚੀ ਕਾਇਨਾਤ ਵਿਚ ਮਨੁਖ ਹੀ ਅਜਿਹਾ ਪ੍ਰਾਣੀ ਹੈ ਜੋ ਸਭਿਆਚਾਰ ਦੀਆਂ ਹੱਦਬੰਦੀਆਂ ਵਿਚ ਪੈਦਾ ਹੁੰਦਾ ਹੈ, ਜਿਉਂਦਾ ਹੈ ਅਤੇ ਸਭਿਆਚਾਰ ਨੂੰ ਹੋਰ ਜਰਖੇਜ਼ ਕਰਕੇ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਸਭਿਆਚਾਰ ਦੇ ਮਾਧਿਅਮ ਰਾਹੀਂ ਹੀ ਮਨੁਖੀ ਜਗਤ ਦੀ ਪਸ਼ੂ, ਪੰਛੀ ਜਗਤ ਨਾਲੋਂ ਵਿਲਖਣਤਾ ਸਾਹਮਣੇ ਆਉਂਦੀ ਹੈ। 'ਸਭਿਆਚਾਰ' ਸ਼ਬਦ ਪੰਜਾਬੀ ਦੇ ਦੋ ਸ਼ਬਦਾਂ 'ਸਭਯ' ਅਤੇ 'ਆਚਾਰ' ਦੇ ਸੁਮੇਲ ਤੋਂ ਬਣਿਆ ਹੈ- 'ਸਭਯ' ਦਾ ਅਰਥ ਹੈ- ਸਭਾ ਵਿਚ ਬੈਠਣ ਲਾਇਕ, ਅਦਬ ਅਤੇ ਇਲਮ ਸਿੱਖਿਆ ਹੋਇਆ, ਤਹਿਜੀਬ ਯਾਫ਼ਤਾ ਤੇ 'ਆਚਾਰ' ਦਾ ਅਰਥ ਹੈ- ਵਯਵਹਾਰ, ਚਾਲ ਚਲਨ, ਰਹਿਣੀ ਬਹਿਣੀ ਹੈ।[1] ਸੋ ਸਭਿਆਚਾਰ ਦਾ ਅਰਥ ਹੋਇਆ- ਚੰਗਾ, ਸੰਵਾਰਿਆ, ਸਿੱਖਿਆ, ਸੁਧਰਿਆ ਹੋਇਆ ਤੇ ਸਭਿਅਕ ਵਿਵਹਾਰ।

ਸਭਿਆਚਾਰ ਮਨੁਖੀ ਜ਼ਿੰਦਗੀ ਨੂੰ ਸੰਵਾਰਦਾ ਹੈ ਅਤੇ ਇਸ ਤੱਥ ਵਿਚ ਵੀ ਕੋਈ ਅਤਿ ਕਥਨੀ ਨਹੀਂ ਹੈ ਕਿ ਮਨੁਖ ਕਰਕੇ ਹੀ ਸਭਿਆਚਾਰ ਦੀ ਉਤਪਤੀ ਅਤੇ ਵਿਕਾਸ ਹੁੰਦਾ ਹੈ। ਸਭਿਆਚਾਰ ਅਤੇ ਮਨੁਖ ਨੂੰ ਇਕ ਦੂਜੇ ਦੇ ਪੂਰਕ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਮਨੁਖ ਇਕੱਲਾ ਨਹੀਂ ਰਹਿ ਸਕਦਾ, ਇਕੱਲਾ ਮਨੁਖ ਸਮਾਜ ਤੋਂ ਬਿਨਾਂ ਕੁਝ ਵੀ ਨਹੀਂ ਹੈ। ਜਿਵੇਂ ਸਭਿਆਚਾਰ ਦੀ ਹੋਂਦ ਲਈ ਸਮਾਜ ਦੀ ਹੋਂਦ ਜ਼ਰੂਰੀ ਹੈ, ਉਸੇ ਤਰ੍ਹਾਂ ਸਮਾਜ ਤੋਂ ਬਿਨਾਂ ਸਭਿਆਚਾਰ ਦੀ ਹੋਂਦ ਸੰਭਵ ਨਹੀਂ ਹੈ। ਸਭਿਆਚਾਰ ਜੀਵ ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਿਕ ਵਿਰਸਾ ਹੈ, ਜੋ ਸਮਾਜ ਵਿਚ ਰਹਿ ਕੇ ਹੀ ਸਿਖਿਆ ਜਾ ਸਕਦਾ ਹੈ। ਇਹ ਮਨੁਖੀ ਜੀਵਨ ਦੇ ਭੌਤਿਕ ਅਤੇ ਅਭੌਤਿਕ ਦੋਹਾਂ ਪੱਖਾਂ ਨਾਲ ਜੁੜਿਆ ਹੋਇਆ ਹੈ। ਮਨੁਖ ਬਾਕੀ ਜੀਵਾਂ ਨਾਲੋਂ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਵਿਲਖਣ ਹੈ। ਇਸ ਲਈ ਕਹਿ ਸਕਦੇ ਹਾਂ ਕਿ ਪਸ਼ੂਆਂ ਜਾਂ ਜਾਨਵਰਾਂ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼(ਭਾਗ ਪਹਿਲਾ), ਪੰਨਾ 118.

ਦੀ ਕੋਈ ਸਭਿਆਚਾਰਕ ਵਿਰਾਸਤ ਨਹੀਂ ਹੁੰਦੀ। ਸਭਿਆਚਾਰ ਮਨੁਖ ਦੀਆਂ ਮੁਖ ਅਤੇ ਗੌਣ ਲੋੜਾਂ ਦੀ ਪੂਰਤੀ ਲਈ ਕੀਤੀਆਂ ਸਿਰਜਣਾਵਾਂ ਵਿਚੋਂ ਉਪਜਦਾ ਹੈ। ਇਹ ਪ੍ਰਤੀਕਾਂ ਰਾਹੀਂ ਸਿਖਿਆ ਜਾਂਦਾ ਹੈ ਅਤੇ ਪ੍ਰਤੀਕਾਂ ਰਾਹੀਂ ਹੀ ਅਗਲੀ ਪੀੜ੍ਹੀ ਤਕ ਸੰਚਾਰਿਤ ਕੀਤਾ ਜਾਂਦਾ ਹੈ। ਇਸ ਵਿਚ ਮਨੁਖੀ ਜੀਵਨ ਨਾਲ ਸੰਬੰਧਿਤ ਪਦਾਰਥਕ ਅਤੇ ਬੌਧਿਕ ਦੋਹਾਂ ਤਰ੍ਹਾਂ ਦੇ ਤੱਤਾਂ ਦੀ ਸ਼ਮੂਲੀਅਤ ਹੁੰਦੀ ਹੈ। ਹਰ ਪੀੜ੍ਹੀ ਵਿਚ ਸਭਿਆਚਾਰ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਜਿਸ ਕਾਰਨ ਇਸ ਵਿਚ ਨਵੇਂ ਤੱਤ ਸ਼ਾਮਿਲ ਹੁੰਦੇ ਹਨ ਅਤੇ ਪੁਰਾਣੇ ਤੱਤ ਨਿਕਲਦੇ ਜਾਂਦੇ ਹਨ। ਇਥੋਂ ਤੱਕ ਕਿ ਇਸ ਦੇ ਤੱਤਾਂ ਦੇ ਸਰੂਪ ਅਤੇ ਸੁਭਾਅ ਵਿਚ ਵੀ ਬਦਲਾਅ ਆਉਂਦੇ ਰਹਿੰਦੇ ਹਨ। ਸਭਿਆਚਾਰ ਵਿਚ ਬਦਲਾਅ ਮੁਖ ਤੌਰ 'ਤੇ ਇਸ ਦੇ ਮਨੁਖੀ ਸਮਾਜ ਦੀ ਉਸਾਰੀ ਵਿਚ ਊਣਾ, ਕਮਜ਼ੋਰ, ਕਰੂਪ ਅਤੇ ਅਸਿਥਰ ਹੋਣ ਕਾਰਨ ਵਾਪਰਦਾ ਹੈ। ਸਿੱਖ ਧਰਮ ਦੀ ਹੋ ਰਹੀ ਸਥਾਪਨਾ ਵੇਲੇ ਹਿੰਦੁਸਤਾਨ ਦਾ ਮਧਕਾਲੀ ਸਭਿਆਚਾਰ ਆਪਣੇ ਵਿਰਾਸਤੀ ਜਲੌਅ ਨੂੰ ਪੂਰਨ ਤੌਰ 'ਤੇ ਗਵਾ ਚੁਕਾ ਸੀ। ਪਰਜਾ ਅੰਨ੍ਹੀ ਅਤੇ ਗਿਆਨ ਤੋਂ ਵਿਹੂਣੀ ਹੋ ਚੁਕੀ ਸੀ। ਪਤ ਸੇਤੀ ਜੀਉਣ ਦਾ ਨਾਮੋਂ ਨਿਸ਼ਾਨ ਹੀ ਖਤਮ ਹੋ ਚੁਕਾ ਸੀ। ਰਾਜੇ ਸੀਂਹ ਦਾ ਰੂਪ ਧਾਰਨ ਕਰ ਪਰਜਾ ਦਾ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝ ਬੈਠੇ ਸਨ ਤੇ ਅਹਿਲਕਾਰ ਵੀ ਇਸ ਵਿਚ ਮੁਖ ਭੂਮਿਕਾ ਨਿਭਾਅ ਰਹੇ ਸਨ। ਅਜਿਹੇ ਸਮਿਆਂ ਵਿਚ ਪੰਜਾਬ ਦੀ ਧਰਤੀ 'ਤੇ ਇਕ ਨਵ ਸਭਿਆਚਾਰ ਪੈਦਾ ਹੋਇਆ, ਫੈਲਿਆ ਤੇ ਪਸਰਿਆ। ਜਿਸ ਦਾ ਧਰੋਹਰ ਗੁਰੂ ਨਾਨਕ ਪਾਤਸ਼ਾਹ ਸਨ। ਜਿਨ੍ਹਾਂ ਨੇ ਪੰਜਾਬ ਦੀ ਧਰਤੀ 'ਤੇ ੧ੳ ਦਾ ਦੈਵੀ ਨਾਦ ਗੂੰਜਾ ਮਨੁਖ ਨੂੰ ਸਿਰ ਉਚਾ ਚੁਕ, ਮੜਕ ਨਾਲ ਤੁਰਨ ਦੀ ਪਹਿਲ ਕਦਮੀ ਕਰਕੇ ਨਵੇਂ ਸਭਿਆਚਾਰ ਵੱਲ ਇਸ਼ਾਰਾ ਕਰ ਦਿਤਾ ਸੀ। ਇਹ ਸਭਿਆਚਾਰ ਅਣਖ ਦਾ ਸੀ, ਆਬਰੂ ਦਾ ਸੀ ਇਜ਼ਤ ਦਾ ਸੀ। ਜਿਸ ਦਾ ਮੂਲ ਆਧਾਰ ਸਿੱਖ ਧਰਮ ਦੇ ਬਾਨੀ 'ਤੇ ਉਤਰਿਆ ਦੈਵੀ ਨਾਦ ਸੀ। ਜੋ ਪੰਚਮ ਪਾਤਸ਼ਾਹ ਹਜ਼ੂਰ ਦੀ ਨਿਗਰਾਨੀ ਹੇਠ 1604 ਵਿਚ ਸੰਪਾਦਨ ਧਰਮ ਗ੍ਰੰਥ ਦਾ ਰੂਪ ਧਾਰਨ ਕਰ ਗਿਆ।

ਗੁਰੂ ਗ੍ਰੰਥ ਸਾਹਿਬ ਦਾ ਸਾਰਾ ਮਜ਼ਮੂਨ ਭਾਵੇਂ ਅਧਿਆਤਮਕਤਾ ਭਰਪੂਰ ਹੈ, ਪਰ ਇਸ ਵਿਚ ਸੁਭਾਵਕ ਹੀ ਰਾਜਨੀਤਕ, ਆਰਥਕ, ਸਮਾਜਿਕ ਅਤੇ ਸਭਿਆਚਾਰਕ ਤਤ ਮੌਜੂਦ ਹਨ। ਸਭਿਆਚਾਰ ਦੇ ਪ੍ਰਸੰਗ ਵਿਚ ਇਸ ਨੂੰ ਕ੍ਰਾਂਤੀਕਾਰੀ ਰਚਨਾ ਵਜੋਂ ਪ੍ਰਵਾਨਿਆ ਗਿਆ ਹੈ। ਇਸ ਗ੍ਰੰਥ ਵਿਚ ਭਾਰਤੀ ਸਭਿਆਚਾਰ ਪੈਦਾ ਹੋਈ ਉਥਲ ਪੁਥਲ ਅਤੇ ਅਸਤ ਵਿਅਸਤ ਹੋ ਚੁਕੇ ਧਾਰਮਕ ਢਾਂਚੇ ਦਾ ਉਲੇਖ ਮਿਲਦਾ ਹੈ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥[2]

ਅਜਿਹੇ ਹਾਲਾਤਾਂ ਵਿਚ ਗੁਰਮਤਿ ਸਭਿਆਚਾਰ ਦਾ ਉਦੈ ਹੋਇਆ। ਜਿਸ ਵਿਚ ਰਾਮ ਅਤੇ ਖੁਦਾ ਨੂੰ ਬਰਾਬਰ ਅਤੇ ਇਕੋ ਪਰਮਾਤਮਾ ਦੇ ਵਖੋ ਵਖਰੇ ਨਾਮ ਕਿਹਾ ਗਿਆ ਹੈ। ਗੁਰਮਤਿ ਦੀ ਇਹ ਸਭਿਆਚਾਰਕ ਕ੍ਰਾਂਤੀ ਇਕਹਿਰੀ ਨਹੀਂ ਸਗੋਂ ਬਹੁਪੱਖੀ, ਬਹੁਪਰਤੀ ਤੇ ਬਹੁਖੇਤਰੀ ਸੀ, ਜਿਸ ਵਿਚ ਵਿਭਿੰਨ ਖੇਤਰਾਂ, ਜਾਤਾਂ, ਫਿਰਕਿਆਂ ਨਾਲ ਸੰਬੰਧਿਤ ਬਾਣੀਕਾਰਾਂ ਨੇ ਖੜੋਤ ਵਿਚ ਆਏ ਭਾਰਤੀ ਸਭਿਆਚਾਰ ਨੂੰ ਨਿਰੰਤਰ ਗਤੀਸ਼ੀਲਤਾ ਪ੍ਰਦਾਨ ਕੀਤੀ। ਗੁਰਮਤਿ ਵਿਚਾਰਧਾਰਾ ਦਾ ਉਦੈ ਦੋ ਸਭਿਆਚਾਰਾਂ ਦੇ ਆਪਸੀ ਟਕਰਾਅ ਵਿਚੋਂ ਉਪਜੀ ਤੀਜੀ ਧਿਰ ਵਜੋਂ ਹੋਇਆ, ਜਿਸ ਨੂੰ ਭਾਈ ਗੁਰਦਾਸ ਜੀ ਨੇ 'ਤੀਸਰ ਪੰਥ' ਕਿਹਾ ਹੈ:

ਇਉਂ ਤੀਸਰ ਪੰਥ ਰਚਾਇਅਨ ਵਡ ਸੂਰ ਗਹੇਲਾ।[3]

ਇਸ ਨਾਲ ਜਿਥੇ ਹਿੰਦੁਸਤਾਨ ਦਾ ਬੌਧਿਕ ਵਿਕਾਸ ਹੋਇਆ ਉਥੇ ਹੀ ਸਰੀਰਕ ਤੇ ਅਧਿਆਤਮਕ ਤੌਰ 'ਤੇ ਵੀ ਨਵੇਂ ਅਰਥ ਤੇ ਨਵੀਂ ਰਵਾਨਗੀ ਮਿਲੀ। ਗੁਰਮਤਿ ਚਿੰਤਨ ਨਾਲ ਪਰੰਪਰਾਗਤ ਸੰਸਕਾਰਾਂ, ਸੰਗਠਨਾਂ ਤੇ ਪ੍ਰਗਟਾਉ ਰੂਪਾਂ ਵਿਚ ਤਬਦੀਲੀ ਆਈ। ਜਿਸ ਨੂੰ ਗੁਰਮਤਿ ਸਭਿਆਚਾਰ ਦੇ ਨਾਂ ਨਾਲ ਜਾਣਿਆ ਜਾਣ ਲਗਾ। ਗੁਰਮਤਿ ਸਭਿਆਚਾਰ ਨੇ ਵਹਿਮਾਂ ਭਰਮਾਂ ਵਿਚ ਉਲਝੀ ਹੋਈ ਲੋਕਾਈ ਨੂੰ ਸਰਲ ਤੇ ਸੌਖਾ ਮਾਰਗ ਦਰਸਾ ਕੇ ਲੋਕਾਈ ਨੂੰ ਗਿਆਨ ਦਾ ਪ੍ਰਕਾਸ਼ ਅਤੇ ਇਕ ਨਵੀਂ ਜੀਵਨ ਜਾਚ ਦਿਤੀ। ਜਿਸ ਵਿਚ ਆਦਰਸ਼ ਜੀਵਨ ਅਤੇ ਆਦਰਸ਼ ਸਮਾਜ ਦੇ ਬੀਜ ਬੀਜੇ ਗਏ ਅਤੇ ਇਹ ਬੀਜ ਬਹੁਤ ਹੀ ਚੰਗੀ ਤਰ੍ਹਾਂ

---

2 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 885

3 ਵਾਰਾਂ ਭਾਈ ਗੁਰਦਾਸ ਜੀ, ਵਾਰ 41 ਪਉੜੀ16.

ਪ੍ਰਫੁਲਤ ਵੀ ਹੋਏ।

**ਪੂਰਵ ਖੋਜ-ਕਾਰਜਾਂ ਦਾ ਸਰਵੇਖਣ**

ਭਾਵੇਂ ਕਿ ਗੁਰਮਤਿ ਸਭਿਆਚਾਰ ਬਾਰੇ ਪਹਿਲਾਂ ਵੀ ਅੰਸ਼ਿਕ ਜਾਂ ਪੂਰਨ ਤੌਰ 'ਤੇ ਕੰਮ ਹੋਇਆ ਹੈ। ਡਾ. ਮਨਮੋਹਨ ਸਹਿਗਲ ਦੁਆਰਾ ***'ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ'*** ਸਿਰਲੇਖ ਅਧੀਨ ਡੀ. ਲਿਟ. ਦੀ ਡਿਗਰੀ ਲਈ ਪੇਸ਼ ਕੀਤਾ ਖੋਜ ਕਾਰਜ ਭਾਵੇਂ ਕਾਫ਼ੀ ਵਿਸਥਾਰਤ ਹੈ ਪਰ ਇਕ ਤਾਂ ਇਸਦਾ ਖੇਤਰ ਵਿਸ਼ਾਲ ਹੋਣ ਕਰਕੇ ਇਹ ਸਭਿਆਚਾਰ ਦੇ ਸਮੁਚੇ ਅੰਸ਼ਾਂ ਦਾ ਕੇਵਲ ਸਰਵੇਖਣ ਮਾਤਰ ਹੀ ਹੈ ਦੂਸਰਾ ਇਸਦਾ ਦਾ ਆਧਾਰ ਸ੍ਰੋਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਖੋਜਾਰਥਣ ਬ੍ਰਿਜਇੰਦਰ ਕੌਰ ਨੇ ਡਾ. ਬਲਵਿੰਦਰ ਕੌਰ ਬਰਾੜ ਦੀ ਨਿਗਰਾਨੀ ਹੇਠ ਪੰਜਾਬੀ ਵਿਭਾਗ ਵਲੋਂ ਖੋਜ ਕਾਰਜ ***ਆਦਿ ਗ੍ਰੰਥ ਵਿਚ ਸੰਕਲਿਤ ਵਾਰਾਂ ਦਾ ਸਭਿਆਚਾਰਕ ਅਧਿਐਨ*** ਪੇਸ਼ ਕੀਤਾ ਹੈ। ਜਿਸ ਵਿਚ ਵਾਰਾਂ ਦਾ ਪ੍ਰਤਿਮਾਨਕ, ਪਦਾਰਥਕ ਅਤੇ ਬੌਧਾਤਮਕ ਸਭਿਆਚਾਰਕ ਪਖਾਂ ਬਾਰੇ ਵੀਚਾਰ ਕੀਤੀ ਗਈ ਹੈ। ਰੁਪਿੰਦਰਜੀਤ ਸਿੰਘ ਨੇ ਡਾ. ਰੁਪਿੰਦਰ ਸਿੰਘ ਖਹਿਰਾ ਦੀ ਨਿਗਰਾਨੀ ਹੇਠ ਪੰਜਾਬੀ ਵਿਭਾਗ ਵਲੋਂ ਖੋਜ ਕਾਰਜ ***ਗੁਰੂ ਨਾਨਕ ਬਾਣੀ:ਸਮਾਜ-ਸਭਿਆਚਾਰਕ ਅਧਿਐਨ*** ਪੇਸ਼ ਕੀਤਾ ਹੈ। ਜਿਸ ਵਿਚ ਗੁਰੂ ਜੀ ਦੀ ਬਾਣੀ ਦਾ ਵੇਰਵਾ, ਸਮਾਜਿਕ ਤੇ ਸਭਿਆਚਾਰਕ ਸਰੋਕਾਰ, ਪਾਰ ਸਭਿਆਚਾਰ, ਲੋਕ ਵਿਸ਼ਵਾਸ਼ਾਂ, ਰਸਮ-ਰਿਵਾਜ਼ਾਂ, ਮਿਥਿਹਾਸ, ਅਤੇ ਲੋਕ ਧਰਮਾਂ ਦਾ ਵੇਰਵਾ ਦਿਤਾ ਗਿਆ ਹੈ। ਰਜਿੰਦਰ ਕੌਰ ਨੇ ਡਾ. ਅਬਨੀਸ਼ ਕੌਰ ਦੀ ਨਿਗਰਾਨੀ ਹੇਠ ਪੰਜਾਬੀ ਵਿਭਾਗ ਵਲੋਂ ਖੋਜ ਕਾਰਜ ***ਗੁਰੂ ਰਾਮਦਾਸ ਜੀ ਦੀ ਬਾਣੀ ਦਾ ਸਭਿਆਚਾਰਕ ਅਤੇ ਅਧਿਆਤਮਕ ਪਖ,*** ਪੇਸ਼ ਕੀਤਾ ਹੈ। ਜਿਸ ਵਿਚ ਗੁਰੂ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਰਚਨਾ ਤੇ ਸਭਿਆਚਾਰਕ ਅਤੇ ਅਧਿਆਤਮਕ ਪਖਾਂ ਬਾਰੇ ਵੀਚਾਰ ਕੀਤੀ ਗਈ ਹੈ। ਡਾ. ਕੁਲਵੰਤ ਕੌਰ ਨੇ ਆਪਣੀ ਰਚਨਾ ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ*** ਵਿਚ ਪ੍ਰਤਿਮਾਨਕ, ਪਦਾਰਥਕ ਅਤੇ ਬੌਧਾਤਮਕ ਸਭਿਆਚਾਰਕ ਪਖਾਂ ਦਾ ਪੰਜਾਬ ਦੇ ਪ੍ਰਸੰਗ ਵਿਚ ਅਧਿਐਨ ਕੀਤਾ ਹੈ। ਡਾ. ਜਸਵਿੰਦਰ ਕੌਰ ਢਿੱਲੋਂ ਦੁਆਰਾ ਸੰਪਾਦਿਤ ਪੁਸਤਕ ***ਗੁਰੂ ਨਾਨਕ-ਬਾਣੀ: ਸਮਾਜਿਕ ਤੇ ਸਭਿਆਚਾਰਕ ਪਰਿਪੇਖ*** ਵਿਚ ਵਖ ਵਖ ਪ੍ਰਬੁਧ ਵਿਦਵਾਨਾਂ ਵਲੋਂ ਸਭਿਆਚਾਰਕ, ਆਰਥਿਕ, ਸਮਾਜਿਕ, ਨੈਤਿਕ ਅਤੇ ਸੰਗੀਤਕ ਪਖਾਂ ਵੀਚਾਰ ਦਿਤੇ ਗਏ ਹਨ।

ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵਲੋਂ ਛਪੀ ਅਤੇ ਸਿਮਰਜੀਤ ਸਿੰਘ ਵਲੋਂ ਸੰਪਾਦਿਤ ਪੁਸਤਕ ***ਗੁਰਮਤਿ-ਦਰਸ਼ਨ ਅਤੇ ਸਿੱਖ- ਸੱਭਿਆਚਾਰ*** ਵਿਚ ਵਖ ਵਖ ਪ੍ਰਬੁਧ ਵਿਦਵਾਨਾਂ ਦੇ ਲੇਖ ਛਪੇ ਹਨ। ਇਸ ਪੁਸਤਕ ਵਿਚ ਗਰਬਾਣੀ ਵਿਚਲੇ ਸਿਧਾਂਤਾਂ, ਸਮਾਜਿਕ ਪਖਾਂ ਬਾਰੇ ਵਿਚਾਰ ਕੀਤੀ ਗਈ ਹੈ। ਹਥਲੇ ਖੋਜ ਕਾਰਜ ਵਿਚ ਗੁਰਮਤਿ ਸ਼ਬਦ ਵਰਤਿਆ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਇਸ ਵਿਚ ਕੀਤਾ ਅਧਿਐਨ ਸਮੁਚੀ ਮਾਨਵਤਾ ਲਈ ਹੈ ਨਾ ਕਿ ਸਿਰਫ਼ ਸਿਖਾਂ ਲਈ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ***ਸਿੱਖ ਕਲਚਰ*** ਪੁਸਤਕ ਵਿਚ ਸਿਖ ਫਿਲਾਸਫੀ, ਤਿਉਹਾਰਾਂ, ਮਰਯਾਦਾਵਾਂ, ਪਹਿਰਾਵੇ ਅਤੇ ਰਹਿਣੀ-ਬਹਿਣੀ ਦਾ ਜ਼ਿਕਰ ਕੀਤਾ ਹੈ। ਡਾ. ਗੁਰਦੀਪ ਸਿੰਘ ਦੁਆਰਾ ਰਚੀ ਪੁਸਤਕ, ***ਗੁਰਮਤਿ ਸਭਿਆਚਾਰ ਤੇ ਭਾਈ ਗੁਰਦਾਸ*** ਭਾਈ ਗੁਰਦਾਸ ਜੀ ਦੀਆਂ ਰਚਨਾਵਾਂ 'ਤੇ ਆਧਾਰਿਤ ਹੈ। ਇਸ ਵਿਚ ਪੰਜਾਬੀ ਸਭਿਆਚਾਰ, ਭਾਈ ਗੁਰਦਾਸ ਜੀ ਦਾ ਸਭਿਆਚਾਰਕ ਯੋਗਦਾਨ ਅਤੇ ਗੁਰਮਤਿ ਵਿਚ ਭਾਈ ਸਾਹਿਬ ਦੇ ਅਸਥਾਨ ਬਾਰੇ ਚਰਚਾ ਕੀਤੀ ਗਈ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਪਣੀ ਪੁਸਤਕ ***ਗੁਰਮਤਿ ਸਭਿਆਚਾਰ*** ਵਿਚ ਕੇਵਲ ਗੁਰਬਾਣੀ ਨੂੰ ਹੀ ਆਧਾਰ ਬਣਾਇਆ ਗਿਆ ਹੈ। ਸਿਧਾਂਤਕ ਪਖੋਂ ਗੁਰਮਤਿ ਸੰਕਲਪਾਂ ਅਤੇ ਵਿਵਹਾਰਕ ਪਖੋਂ ਅਮਲੀ ਜੀਵਨ ਵਾਲੇ ਇਤਿਹਾਸਕ ਸ਼ਹੀਦਾਂ ਦਾ ਵੇਰਵਾ ਦਿਤਾ ਹੈ ਅਤੇ ਸਿਖ ਧਰਮ ਨੂੰ ਦਰਪੇਸ਼ ਆਧੁਨਿਕ ਚੁਣੌਤੀਆਂ ਦੀ ਗੱਲ ਕੀਤੀ ਹੈ। ਹਥਲੇ ਖੋਜ ਕਾਰਜ ਵਿਚ ਗੁਰਮਤਿ ਸਭਿਆਚਾਰ ਦੇ ਨਾਲ ਜੁੜੇ ਸੰਕਲਪਾਂ ਨੂੰ ਪੂਰੀ ਤਰ੍ਹਾਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਖੋਜ-ਕਾਰਜ ਦਾ ਘੇਰਾ

ਹਥਲੇ ਖੋਜ ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਿਖ ਧਰਮ ਨਾਲ ਸੰਬੰਧਿਤ ਹੋਰ ਸਰੋਤਾਂ ਨੂੰ ਵੀ ਲਿਆ ਗਿਆ ਹੈ ਜਿਸ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿਤ, ਦਸਮ ਗ੍ਰੰਥ ਸਾਹਿਬ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਸਿੱਖ ਰਹਿਤ ਮਰਯਾਦਾ, ਗੁਰਮਤ ਮਾਰਤੰਡ, ਗੁਰ ਬਿਲਾਸ, ਕਵਿ ਸੰਤੋਖ ਸਿੰਘ ਦੀਆਂ ਰਚਨਾਵਾਂ ਅਤੇ ਹੋਰ ਸਿਖ ਸਰੋਤਾਂ ਦੀ ਵਰਤੋਂ ਕੀਤੀ ਗਈ ਹੈ।

## ਅਧਿਆਇ ਵੰਡ

ਸਭਿਆਚਾਰ ਦੇ ਘੇਰੇ ਵਿਚ ਸਮੁਚਾ ਮਨੁਖੀ ਅਤੇ ਸਮਾਜਿਕ ਜੀਵਨ ਪ੍ਰਬੰਧ ਆ ਜਾਂਦਾ ਹੈ। ਇਸ

ਕਰਕੇ ਇਸ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਕਾਫ਼ੀ ਮੁਸ਼ਕਿਲ ਆਈ। ਸਭਿਆਚਾਰ ਦੇ ਅੰਗਾਂ ਨੂੰ ਕਿਸ ਹਦ ਤਕ ਵਿਸਥਾਰਿਆ ਜਾਵੇ ਇਹ ਵੀ ਉਲਝਣ ਵਾਲੀ ਗੱਲ ਹੈ ਕਿਉਂਕਿ ਕੁਝ ਉਪ ਅੰਗ ਕਾਫ਼ੀ ਵਿਆਪਕ ਹਨ। ਸਭਿਆਚਾਰ ਦੇ ਅੰਗ ਭਾਵੇਂ ਨਿਰਧਾਰਤ ਕਰ ਲਏ ਗਏ ਪਰ ਇਹ ਆਪਸ ਵਿਚ ਇੰਨੇ ਗੁੰਝਲਦਾਰ ਹਨ ਕਿ ਇਕ ਦੂਸਰੇ ਵਿਚ ਰਲਗਡ ਹੋ ਜਾਂਦੇ ਹਨ। ਸਭਿਆਚਾਰ ਦੇ ਘੇਰੇ ਅਤੇ ਸਰੂਪ ਸੰਬੰਧੀ ਵਿਦਵਾਨਾਂ ਵਿਚ ਵੀ ਕਈ ਤਰ੍ਹਾਂ ਦੇ ਮਤਭੇਦ ਮਿਲਦੇ ਹਨ। ਹਥਲੇ ਖੋਜ ਕਾਰਜ ਨੂੰ ਚਾਰ ਭਾਗਾਂ ਸਭਿਆਚਾਰ ਦਾ ਅਰਥ, ਪਰਿਭਾਸ਼ਾ ਅਤੇ ਸਰੂਪ, ਬੋਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਸਭਿਆਚਾਰ ਵਿਚ ਵੰਡਿਆ ਗਿਆ ਹੈ। ਪਰ ਇਹਨਾਂ ਨੂੰ ਹਥਲੇ ਖੋਜ-ਕਾਰਜ ਵਿਚ ਹੂ-ਬ-ਹੂ ਨਹੀਂ ਲਿਆ ਗਿਆ ਜਿਸ ਤਰ੍ਹਾਂ ਇਹ ਪੰਜਾਬੀ ਸਭਿਆਚਾਰ ਵਿਚ ਵਰਤੇ ਗਏ ਹਨ। ਗੁਰਮਤਿ ਸਭਿਆਚਾਰ ਨੂੰ ਪ੍ਰਸਤੁਤ ਕਰਨ ਸਮੇਂ ਅਸੀਂ ਇਹਨਾਂ ਦੇ ਅਰਥਾਂ ਅਤੇ ਸੀਮਾਵਾਂ ਵਿਚ ਹਰ ਸੰਭਵ ਤਬਦੀਲੀਆਂ ਕੀਤੀਆਂ ਹਨ।

ਜਿਸ ਦਾ ਪਹਿਲਾ ਅਧਿਆਇ ***ਸਭਿਆਚਾਰ ਦਾ ਅਰਥ, ਪਰਿਭਾਸ਼ਾ ਅਤੇ ਸਰੂਪ*** ਹੈ। ਇਸ ਅਧਿਆਇ ਨੂੰ ਅਗੋਂ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਸਭਿਆਚਾਰ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਕੋਸ਼ਾਂ ਅਤੇ ਵੱਖ-ਵੱਖ ਵਿਦਵਾਨਾਂ ਦੀਆਂ ਰਚਨਾਵਾ ਦਾ ਸਹਾਰਾ ਲਿਆ ਗਿਆ ਹੈ ਅਤੇ 'ਸਭਿਆਚਾਰ' ਸ਼ਬਦ ਦੀ ਉਤਪਤੀ ਅਤੇ ਵਿਕਾਸ ਦੇ ਪੜਾਵਾਂ ਦਾ ਵਰਣਨ ਕੀਤਾ ਗਿਆ ਹੈ। ਦੂਜੇ ਭਾਗ ਵਿਚ ਸਭਿਆਚਾਰ ਦੀਆਂ ਵੱਖ-ਵੱਖ ਵਿਦਵਾਨਾਂ ਦੀਆਂ ਦਿਤੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਤੀਜੇ ਭਾਗ ਵਿਚ ਸਭਿਆਚਾਰ ਦੇ ਅੰਗਾਂ ਬਾਰੇ ਵੀਚਾਰ ਕੀਤੀ ਗਈ ਹੈ। ਚੌਥੇ ਭਾਗ ਵਿਚ ਸਭਿਆਚਾਰ ਦੇ ਵਖ-ਵਖ ਸਰੂਪਾਂ ਨੂੰ ਪੇਸ਼ ਕੀਤਾ ਗਿਆ ਹੈ।

ਦੂਜਾ ਅਧਿਆਇ ***ਬੋਧਾਤਮਕ ਸਭਿਆਚਾਰ*** ਹੈ। ਇਸ ਅਧਿਆਇ ਵਿਚ ਗੁਰਮਤਿ ਫਲਸਫ਼ੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਗੁਰਮਤਿ ਫਲਸਫ਼ੇ ਦੇ ਤਿੰਨ ਮੁਖ ਸੰਕਲਪਾਂ ਪਰਮਾਤਮਾ, ਸ੍ਰਿਸ਼ਟੀ ਅਤੇ ਮਨੁਖ ਨੂੰ ਬਿਆਨ ਕੀਤਾ ਗਿਆ ਹੈ। ਇਹਨਾਂ ਸੰਕਲਪਾਂ 'ਤੇ ਪਹਿਲਾਂ ਵੀ ਕਾਫ਼ੀ ਕੰਮ ਹੋ ਚੁਕਾ ਹੈ ਪਰ ਇਸ ਖੋਜ ਕਾਰਜ ਵਿਚ ਇਹਨਾਂ ਸੰਕਲਪਾਂ ਦਾ ਸਭਿਆਚਾਰਕ ਅਧਿਐਨ ਕੀਤਾ ਗਿਆ ਹੈ।

ਤੀਜਾ ਅਧਿਆਇ ***ਪ੍ਰਤਿਮਾਨਕ ਸਭਿਆਚਾਰ*** ਹੈ। ਪ੍ਰਤਿਮਾਨਕ ਸਭਿਆਚਾਰ ਵਿਚ ਮਨੁਖੀ ਵਿਵਹਾਰ ਨੂੰ ਇਸ ਤਰ੍ਹਾਂ ਨਿਯਮਬਧ ਤੇ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਮਨੁਖ ਅਤੇ ਸਮਾਜ ਦਾ ਸੰਤੁਲਨ

ਬਣਿਆ ਰਹੇ। ਮਨੁਖ ਲਈ ਇਹ ਨਿਸ਼ਚਤ ਕੀਤਾ ਜਾਂਦਾ ਹੈ ਕਿ ਉਹ ਕਿਵੇਂ ਦਾ ਵਿਵਹਾਰ ਕਰੇ ਕਿ ਸਮਾਜ ਵਿਚ ਉਸਦਾ ਚੰਗਾ ਮਿਲਵਰਤਣ ਬਣ ਸਕੇ। ਜਿਸ ਨਾਲ ਕਿ ਇਕ ਉਸਾਰੂ ਸਮਾਜ ਦੀ ਸਿਰਜਣਾ ਹੋ ਕੇ ਸਮਾਜ ਦਾ ਸੰਚਾਲਨ ਸੁਚਾਰੂ ਰੂਪ ਚਲਦਾ ਰਹੇ। ਇਹਨਾਂ ਉਦੇਸ਼ਾਂ ਨੂੰ ਧਿਆਨ ਵਿਚ ਰਖ ਕੇ ਸਮਾਜ ਵਲੋਂ ਵਿਵਹਾਰ ਦੇ ਕੁਝ ਨਿਯਮ ਬਣਾਏ ਜਾਂਦੇ ਹਨ। ਇਹਨਾਂ ਨਿਯਮਾਂ ਦਾ ਸੰਗ੍ਰਹਿ ਪ੍ਰਤਿਮਾਨਕ ਸਭਿਆਚਾਰ ਕਹਾਉਂਦਾ ਹੈ। ਇਸ ਅਧਿਆਇ ਵਿਚ ਤਿੰਨ ਪਖ ਲਏ ਹਨ: ਗੁਰਮਤਿ ਲੋਕ ਕਾਵਿ-ਰੂਪ, ਸਾਧਨਾ ਮਾਰਗ ਅਤੇ ਸੰਸਕਾਰ।

ਚੌਥਾ ਅਧਿਆਇ ***ਪਦਾਰਥਕ ਸਭਿਆਚਾਰ*** ਹੈ। ਪਦਾਰਥਕ ਸਭਿਆਚਾਰ ਮਨੁਖ ਦੇ ਕੁਦਰਤ ਨਾਲ ਦਵੰਦਾਤਮਕ ਸੰਬੰਧ ਵਿਚੋਂ ਉਤਪੰਨ ਹੁੰਦਾ ਹੈ। ਇਹ ਮਨੁਖ ਦੁਆਰਾ ਆਪਣੇ ਆਪ ਨੂੰ ਕੁਦਰਤ ਦੇ ਅਤੇ ਕਿਸੇ ਹਦ ਤਕ ਕੁਦਰਤ ਨੂੰ ਆਪਣੇ ਅਨੁਸਾਰ ਢਾਲਣ ਦੇ ਸਕਾਰਥ ਯਤਨਾਂ ਦਾ ਨਤੀਜਾ ਹੈ। ਮਨੁਖ ਕੁਦਰਤ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਕੁਝ ਹਾਸਿਲ ਕਰਨ ਲਈ ਅਤੇ ਕੁਦਰਤੀ ਵਸਤਾਂ ਨੂੰ ਆਪਣੇ ਵਰਤਣ ਯੋਗ ਬਣਾਉਣ ਲਈ ਕੁਦਰਤ ਨਾਲ ਦਵੰਦਾਤਮਕ ਸੰਬੰਧ ਰਚਦਾ ਹੈ। ਪਦਾਰਥਕ ਸਭਿਆਚਾਰ ਵਿਚ ਮਨੁਖ ਦੁਆਰਾ ਸਿਰਜੀਆਂ ਅਤੇ ਉਸ ਦੁਆਰਾ ਵਰਤੀਆਂ ਜਾਂਦੀਆਂ ਕੁਦਰਤੀ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਆਮ ਕਰਕੇ ਮਨੁਖ ਦੀਆਂ ਸਰੀਰਕ ਲੋੜਾਂ ਨਾਲ ਸੰਬੰਧਿਤ ਅੰਸ਼ ਆ ਜਾਂਦੇ ਹਨ। ਇਸ ਅਧਿਆਇ ਵਿਚ ਖਾਣ-ਪੀਣ, ਕਿੱਤੇ ਅਤੇ ਮਨੋਰੰਜਨ ਦੇ ਸਾਧਨਾਂ ਬਾਰੇ ਵੀਚਾਰ ਕੀਤੀ ਗਈ ਹੈ।

**ਅਧਿਐਨ ਵਿਧੀ**

ਕਿਸੇ ਵੀ ਖੋਜ ਨੇ ਕਿਹਨਾਂ ਨੀਤੀਆਂ ਅਤੇ ਸਿਧਾਂਤਾਂ ਦੇ ਉਧਰਿਤ ਹੋ ਕੇ ਸਿਖਰ ਵੱਲ ਪਹੁੰਚਣਾ ਹੈ, ਉਸ ਦਾ ਅਧਿਐਨ ਉਸੇ ਖੋਜ ਵਿਧੀ ਰਾਹੀਂ ਹੁੰਦਾ ਹੈ। ਖੋਜ ਵਿਚ ਕੇਂਦਰੀ ਭੂਮਿਕਾ ਜੇਕਰ ਖੋਜ ਵਿਧੀ ਦੀ ਮੰਨ ਲਈ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਸ ਲਈ ਹਥਲੇ ਖੋਜ ਪ੍ਰਬੰਧ ਨੂੰ ਕਿਸ ਖੋਜ ਵਿਧੀ ਰਾਹੀਂ ਸਿਰੇ ਚਾੜ੍ਹਨਾ ਹੈ ਉਹ ਸਾਡੇ ਧਿਆਨ ਵਿਚ ਸੀ। ਕਿਉਂਕਿ ਹਥਲੀ ਖੋਜ ਸਿਧਾਂਤਕ ਧਰਾਤਲ 'ਤੇ ਆਧਾਰਤ ਹੈ ਤੇ ਸਿਧਾਂਤਕ ਪਰਿਪੇਖ ਦੀ ਕੇਵਲ ਧਰਮ ਵਿਗਿਆਨਕ ਜਿਸ ਨੂੰ ਪ੍ਰਚਲਿਤ ਅਕਾਦਮਿਕ ਭਾਸ਼ਾ ਵਿਚ ਧਰਮ ਸ਼ਾਸਤਰੀ ਵਿਧੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਦੇ ਅੰਤਰਗਤ ਸਿਰੇ ਚੜ੍ਹੀ ਹੈ।

ਅੰਤ ਵਿਚ ਮੈਂ ਉਸ ਅਕਾਲ ਪੁਰਖ ਦਾ ਧੰਨਵਾਦ ਕਰਦੀ ਹਾਂ ਜਿਸ ਦੀ ਮਿਹਰ ਸਦਕਾ ਹੱਥਲੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਫਲਤਾ ਮਿਲੀ ਹੈ। ਮੈਂ ਧੰਨਵਾਦ ਕਰਦੀ ਹਾਂ ਮੇਰੇ ਨਿਗਰਾਨ ਪ੍ਰੋ. ਮਲਵਿੰਦਰ ਕੌਰ ਜੀ ਦਾ ਜਿਹਨਾਂ ਦੀ ਸੁਯੋਗ ਅਗਵਾਈ ਵਿਚ ਖੋਜ ਕਾਰਜ ਸੰਪੂਰਨ ਹੋਇਆ। ਜਿਥੇ ਵੀ ਲੋੜ ਭਾਸੀ ਹਰ ਸੰਭਵ ਯਤਨ ਨਾਲ ਮਦਦ ਕੀਤੀ। ਵਿਭਾਗ ਦੇ ਮੁਖੀ ਪ੍ਰੋ. ਸਰਬਜਿੰਦਰ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਹੈ, ਜਿਹਨਾਂ ਨੇ ਸਮੇਂ ਸਮੇਂ ਤੇ ਹੱਲਾਸ਼ੇਰੀ ਦਿਤੀ ਅਤੇ ਚੰਗੇ ਸੁਝਾਅ ਵੀ ਦਿਤੇ। ਸਮੂਹ ਵਿਭਾਗੀ ਸਟਾਫ਼ ਦਾ ਧੰਨਵਾਦ ਜਿਹਨਾਂ ਨੇ ਪੂਰਾ ਸਹਿਯੋਗ ਦਿਤਾ। ਮੇਰੇ ਪਤੀ ਸ. ਬੇਅੰਤ ਸਿੰਘ, ਬੇਟੇ ਹਰਗੁਣ ਸਿੰਘ, ਮਾਤਾ-ਪਿਤਾ ਅਤੇ ਸਹੁਰੇ ਪਰਿਵਾਰ ਦਾ ਧੰਨਵਾਦ ਕਰਦੀ ਹਾਂ ਜਿਹਨਾਂ ਦੀਆਂ ਅਸੀਸਾਂ ਅਤੇ ਸਹਿਯੋਗ ਸਦਕਾ ਇਹ ਕਾਰਜ ਪੂਰਾ ਹੋਇਆ ਹੈ।

ਮੈਂ ਆਪਣੇ ਖੋਜ-ਪ੍ਰਬੰਧ ਦੀਆਂ ਅਨੇਕਾਂ ਸੀਮਾਵਾਂ ਤੋਂ ਪੂਰਨ ਤੌਰ 'ਤੇ ਸੁਚੇਤ ਹਾਂ। ਹਥਲੇ ਖੋਜ ਕਾਰਜ ਦੀ ਪ੍ਰਕਿਰਤੀ ਅਨੁਸਾਰ ਇਹ ਬਹੁਤ ਹੀ ਉਲਝਿਆ ਅਤੇ ਪਸਰਿਆ ਹੋਇਆ ਵਿਸ਼ਾ ਹੈ। ਜਿਸ ਕਰਕੇ ਇਸ ਦੇ ਸਾਰੇ ਪਹਿਲੂਆਂ ਨੂੰ ਵੀਚਾਰਨਾ ਸੰਭਵ ਨਹੀਂ। ਇਸ ਵਿਚ ਘਾਟਾਂ ਰਹਿਣੀਆਂ ਵੀ ਸੁਭਾਵਿਕ ਹਨ। ਫਿਰ ਵੀ ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕਤਾ ਦੇ ਖੇਤਰ ਵਿਚ ਤਿਲਮਾਤਰ ਯੋਗਦਾਨ ਜਰੂਰ ਪਾਵੇਗਾ। ਅੰਤ ਵਿਚ ਹਲੀਮੀ ਸਹਿਤ ਇਹ ਖੋਜ-ਪ੍ਰਬੰਧ ਵਿਦਵਾਨਾਂ ਦੇ ਨਿਰੀਖਣ ਹਿਤ ਪੇਸ਼ ਕਰਦੀ ਹਾਂ।

**ਜਸਵਿੰਦਰ ਕੌਰ**

## ਅਧਿਆਇ ਪਹਿਲਾ

# ਸਭਿਆਚਾਰ: ਅਰਥ, ਪਰਿਭਸ਼ਾਵਾਂ ਅਤੇ ਸਰੂਪ

ਸਭਿਆਚਾਰ ਇਕ ਜਟਿਲ ਸੰਕਲਪ ਹੈ। ਆਮ ਕਰਕੇ ਇਸ ਸ਼ਬਦ ਨੂੰ ਬੜਾ ਸਰਲ ਤੇ ਇਕਹਿਰਾ ਜਿਹਾ ਸਮਝਿਆ ਜਾਂਦਾ ਹੈ। ਭਾਵੇਂ ਸ਼ਾਬਦਿਕ ਅਰਥਾਂ ਪਖੋਂ ਇਹ ਸ਼ਬਦ ਸਰਲ ਤੇ ਇਕਹਿਰਾ ਜਾਪਦਾ ਹੈ ਪਰ ਇਕ ਸੰਕਲਪ ਵਜੋਂ ਇਹ ਡੂੰਘੇ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੈ।

ਸਭਿਆਚਾਰ ਦਾ ਸੰਬੰਧ ਮਨੁਖ ਨਾਲ ਹੈ। ਮਨੁਖ ਸਮਾਜਿਕ ਜੀਵ ਹੈ ਤੇ ਜਨਮ ਤੋਂ ਹੀ ਬਾਕੀ ਜੀਵਾਂ ਦੇ ਮੁਕਾਬਲੇ ਇਸ ਵਿਚ ਸਮਾਜਿਕ ਜੀਵ ਬਣਨ ਦੇ ਵੰਸ਼ ਅਣੂ ਹੁੰਦੇ ਹਨ। ਸਭਿਆਚਾਰ ਇਨ੍ਹਾਂ ਵੰਸ਼ ਅਣੂਆਂ ਨੂੰ ਵਿਕਸਤ ਕਰਕੇ ਮਨੁਖ ਨੂੰ ਸਹੀ ਅਰਥਾਂ ਵਿਚ ਸਮਾਜਿਕ ਜੀਵ ਬਣਾਉਂਦਾ ਹੈ। ਇਹ ਸੰਕਲਪ ਮਨੁਖੀ ਜੀਵਨ ਜਿੰਨਾ ਹੀ ਮਹਤਵਪੂਰਨ ਤੇ ਵਿਸ਼ਾਲ ਹੈ। ਇਸਦਾ ਸੰਬੰਧ ਕੇਵਲ ਮਨੁਖ ਨਾਲ ਹੀ ਨਹੀਂ ਸਗੋਂ ਮਨੁਖੀ ਸਮੂਹ ਤੇ ਸਮੁਚੇ ਸਮਾਜ ਨਾਲ ਹੈ। ਜਦੋਂ ਤੋਂ ਮਨੁਖ ਹੋਂਦ ਵਿਚ ਆਇਆ ਉਦੋਂ ਤੋਂ ਹੀ ਆਪਣੀ ਚੇਤਨਾ ਸਦਕਾ ਉਸਨੇ ਵਿਕਾਸ ਦੇ ਪੜਾਅ ਤੈਅ ਕੀਤੇ ਹਨ। ਜਿਵੇਂ-ਜਿਵੇਂ ਮਨੁਖ ਵਿਕਾਸ ਕਰਦਾ ਗਿਆ ਸਭਿਆਚਾਰ ਦਾ ਅਧਿਐਨ ਵੀ ਨਾਲ-ਨਾਲ ਹੁੰਦਾ ਗਿਆ। ਹੌਲੀ-ਹੌਲੀ ਸਭਿਆਚਾਰ ਸੰਕਲਪ ਰੂਪ ਵਿਚ ਲੋਕਾਂ ਦੇ ਮਨਾਂ ਅੰਦਰ ਉਤਰ ਗਿਆ।

ਪਹਿਲਾਂ ਪਹਿਲ ਸਭਿਆਚਾਰ ਸੰਕਲਪ ਨੂੰ ਅਵਿਗਿਆਨਕ ਤੇ ਅਸਿਧੇ ਤੌਰ `ਤੇ ਹੀ ਵਿਚਾਰਿਆ ਜਾਂਦਾ ਸੀ, ਪਰ ਇਸਦਾ ਵਿਗਿਆਨਕ ਅਤੇ ਸੁਤੰਤਰ ਅਧਿਐਨ ਵੀਹਵੀਂ ਸਦੀ ਦੇ ਮੁਢ ਵਿਚ ਹੋਣਾ ਸ਼ੁਰੂ ਹੋਇਆ। ਗਿਆਨ ਦੀਆਂ ਹੋਰ ਸ਼ਾਖਾਵਾਂ ਵਾਂਗ ਇਹ ਸੰਕਲਪ ਵੀ ਇਕ ਸੁਤੰਤਰ ਗਿਆਨ ਸ਼ਾਖਾ ਵਜੋਂ ਉਭਰਿਆ। ਇਹ ਹੋਰ ਵਿਗਿਆਨਾਂ ਜਿਵੇਂ ਸਮਾਜ ਵਿਗਿਆਨ, ਸਮਾਜ ਸ਼ਾਸ਼ਤਰ, ਮਾਨਵ ਵਿਗਿਆਨ ਆਦਿ ਨਾਲ ਅੰਤਰ ਸੰਬੰਧਿਤ ਹੈ। ਹੁਣ ਤਕ ਇਸਦੀ ਸੁਤੰਤਰ ਵਿਸ਼ਲੇਸ਼ਣ ਵਿਧੀ ਤੇ ਅਧਿਐਨ ਪ੍ਰਣਾਲੀ ਵਿਕਸਤ ਹੋ ਗਈ ਹੈ। ਇਸ ਸੰਕਲਪ ਨੂੰ ਇਕ ਸੁਤੰਤਰ ਅਨੁਸ਼ਾਸ਼ਨ ਵਜੋਂ ਸਥਾਪਿਤ ਕਰਨ ਦਾ ਸਿਹਰਾ ਪ੍ਰਸਿਧ ਅੰਗਰੇਜ਼ ਮਾਨਵ ਵਿਗਿਆਨੀ ਈ.ਬੀ. ਟਾਇਲਰ ਨੂੰ ਜਾਂਦਾ ਹੈ।

ਭਾਵੇਂ ਕਿ ਇਹ ਸੰਕਲਪ ਹੁਣ ਤਕ ਇਕ ਸੁਤੰਤਰ ਅਨੁਸ਼ਾਸ਼ਨ ਵਜੋਂ ਅਧਿਐਨ ਕੀਤਾ ਜਾਣ ਲਗਾ ਹੈ ਤੇ ਕਾਫ਼ੀ ਪ੍ਰਚਲਿਤ ਵੀ ਹੋ ਗਿਆ ਹੈ ਪਰ ਹਾਲੇ ਵੀ ਇਸ ਸੰਕਲਪ ਤੇ ਇਸ ਦੇ ਕੁਝ ਅੰਗਾਂ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਹਾਲੇ ਤਕ ਵੀ ਇਸ ਸੰਕਲਪ ਤੇ ਇਸਦੇ ਖੇਤਰ ਬਾਰੇ ਕੋਈ ਸਪਸ਼ਟ ਸੇਧ ਨਹੀਂ ਮਿਲੀ। ਜਿੰਨਾ ਇਸ ਬਾਰੇ ਅਧਿਐਨ ਹੋ ਰਿਹਾ ਹੈ ਓਨਾ ਹੀ ਇਸਦਾ ਘੇਰਾ ਵਧਦਾ ਜਾ ਰਿਹਾ ਹੈ ਅਤੇ ਅਰਥਾਂ ਵਿਚ ਅਸਪਸ਼ਟਤਾ ਆ ਰਹੀ ਹੈ। ਵਿਦਵਾਨਾਂ ਵਲੋਂ ਆਮ ਕਰਕੇ ਇਸ ਨੂੰ ਦੂਸਰੇ ਵਿਗਿਆਨਾਂ ਨਾਲ ਰਲਗਡ ਕਰ

ਦਿਤਾ ਜਾਂਦਾ ਹੈ। ਅਸਲ ਵਿਚ ਸਭਿਆਚਾਰ ਸ਼ਬਦ ਇੰਨਾ ਜ਼ਿਆਦਾ ਪ੍ਰਚਲਤ ਹੋ ਗਿਆ ਹੈ ਕਿ ਹਰ ਖੇਤਰ ਵਿਚ ਇਸਦੀ ਵਰਤੋਂ ਹੋਣ ਲਗ ਪਈ ਹੈ। ਜਿਹੜੇ ਖੇਤਰ ਜਾਂ ਲੋਕ ਸਮੂਹ ਸਭਿਆਚਾਰ ਦਾ ਘਾਣ ਕਰਦੇ ਹਨ ਉਹਨਾਂ ਵਲੋਂ ਵੀ ਇਸ ਸ਼ਬਦ ਦਾ ਸਹਾਰਾ ਲਿਆ ਜਾਂਦਾ ਹੈ। ਜਿਸ ਕਰਕੇ ਇਸ ਦੇ ਅਸਲੀ ਅਰਥ ਵਿਗੜ ਗਏ ਹਨ ਅਤੇ ਹੋਰ ਵਿਸ਼ਿਆਂ ਨਾਲ ਰਲਗਡ ਹੋ ਗਏ ਹਨ। ਇਸ ਤਰ੍ਹਾਂ ਸਭਿਆਚਾਰ ਦੇ ਸਰੂਪ ਦੀ ਪਛਾਣ ਕਾਫੀ ਮੁਸ਼ਕਿਲ ਹੋ ਗਈ ਹੈ। ਇਸ ਕਰਕੇ ਹੀ ਸਭਿਆਚਾਰ ਦੇ ਸਰੂਪ ਨੂੰ ਜਾਣਨ ਤੋਂ ਪਹਿਲਾਂ ਇਸ ਦੇ ਅਰਥ ਅਤੇ ਪਰਿਭਾਸ਼ਾ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

## 1.1 ਸਭਿਆਚਾਰ ਦਾ ਅਰਥ :

ਪੰਜਾਬੀ ਸ਼ਬਦ 'ਸਭਿਆਚਾਰ' ਦੋ ਸ਼ਬਦਾਂ 'ਸਭਯ` ਅਤੇ 'ਆਚਾਰ` ਦੇ ਸੁਮੇਲ ਤੋਂ ਬਣਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸਭਯ` ਦਾ ਅਰਥ ਹੈ- ਸਭਾ ਵਿਚ ਬੈਠਣ ਲਾਇਕ, ਅਦਬ ਅਤੇ ਇਲਮ ਸਿੱਖਿਆ ਹੋਇਆ, ਤਹਿਜੀਬਯਾਫ਼ਤਾ.[1] ਅਤੇ ਆਚਾਰ` ਦਾ ਅਰਥ ਹੈ- ਵਯਵਹਾਰ. ਚਾਲਚਲਨ. ਰਹਿਣੀ ਬਹਿਣੀ.[2] ਸੋ ਸਭਿਆਚਾਰ ਦਾ ਅਰਥ ਹੋਇਆ- ਚੰਗਾ, ਸੰਵਾਰਿਆ, ਸੁਧਰਿਆ ਹੋਇਆ, ਤਹਿਜੀਬ ਵਾਲਾ ਤੇ ਸਭਿਅਕ ਵਿਵਹਾਰ। ਪੰਜਾਬੀ ਕੋਸ਼ ਅਨੁਸਾਰ, 'ਸਭਿਆਚਾਰ ਸਭਿਅਤਾ, ਇਖਲਾਕ, ਵਰਤੋਂ ਵਿਹਾਰ ਵਿਚ ਚੰਗੇ ਸੰਭਲੇ ਹੋਏ ਹੋਣ ਦਾ ਭਾਵ, ਨੇਕ ਵਰਤਾਰਾ, ਸ਼ੁਭ ਜੀਵਨ ਜੁਗਤ ਹੈ।'[3] ਲਹਿੰਦੀ ਪੰਜਾਬੀ ਵਿਚ ਸਭਿਆਚਾਰ ਲਈ 'ਸ਼ਕਾਫਤ' ਸ਼ਬਦ ਵੀ ਵਰਤਿਆ ਜਾਂਦਾ ਹੈ।

ਡਾ. ਤਾਰਨ ਸਿੰਘ ਨੇ ਸਭਿਆਚਾਰ ਸ਼ਬਦ ਦੇ ਦੋ ਅਰਥ ਲਏ ਹਨ- 'ਸਭਯ ਵਤੀਰਾ' ਤੇ 'ਉਤਮ ਵਤੀਰਾ'। ਪਹਿਲੇ ਅਰਥਾਂ ਨੂੰ ਉਹ ਬਨਾਉਟੀ ਵਤੀਰਾ ਮੰਨਦੇ ਹਨ। ਉਹਨਾਂ ਅਨੁਸਾਰ ਇਸ ਵਿਚ ਸੁਭਾਵਿਕਤਾ ਦੀ ਸੰਭਾਵਨਾ ਨਾ ਹੋ ਕੇ ਵਤੀਰੇ ਨੂੰ ਇਕ ਖਾਸ ਆਦਰਸ਼ ਵਿਚ ਢਲਣ ਦੀ ਸੰਭਾਵਨਾ ਵਧ ਹੈ। ਦੂਜੇ ਅਰਥਾਂ ਨੂੰ ਉਹ ਵਧ ਤਰਜੀਹ ਦਿੰਦੇ ਹਨ। ਉਤਮ ਵਤੀਰਾ ਕੁਦਰਤੀ ਤੇ ਅੰਦਰੋਂ ਪੈਦਾ ਹੋਏ ਵਤੀਰੇ ਨੂੰ ਦਰਸਾਉਂਦਾ ਹੈ।[4]

ਹਿੰਦੀ ਵਿਚ ਸਭਿਆਚਾਰ ਲਈ 'ਸੰਸਕ੍ਰਿਤੀ' ਸ਼ਬਦ ਵਰਤਿਆ ਜਾਂਦਾ ਹੈ। ਇਹ ਸ਼ਬਦ ਸਮ` ਅਤੇ ਕ੍ਰਿਤੀ` ਦੇ ਸਮਾਸ ਤੋਂ ਬਣਿਆ ਹੈ। 'ਸਮ' ਦਾ ਅਰਥ ਹੈ-ਸੁੰਦਰ ਅਤੇ 'ਕ੍ਰਿਤੀ' ਦਾ ਅਰਥ ਹੈ-ਕਰਮ। ਸੋ ਸੰਸਕ੍ਰਿਤੀ ਦਾ ਅਰਥ ਹੋਇਆ ਉਹ ਕਰਮ ਜੋ ਮਨੁਖੀ ਜੀਵਨ ਅਤੇ ਸਮਾਜ ਨੂੰ ਸੁੰਦਰ ਬਣਾਉਂਦੇ ਹਨ। ਹਿੰਦੀ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (ਭਾਗ ਪਹਿਲਾ), ਪੰਨਾ 118.

2 ਉਹੀ, ਪੰਨਾ 33.

3 ਪੰਜਾਬੀ ਕੋਸ਼ (ਜਿਲਦ ਪਹਿਲੀ ੳ ਤੋਂ ਕ), ਪੰਨਾ 136.

4 ਡਾ. ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 31.

ਸ਼ਬਦਸਾਗਰ ਵਿਚ ਸਭਿਆਚਾਰ ਲਈ ਸ਼ੁਧੀ, ਸਫਾਈ, ਸੰਸਕਾਰ, ਸੁਧਾਰ, ਮਾਨਸਿਕ ਵਿਕਾਸ, ਸਜਾਵਟ, ਸਭਿਅਤਾ, ਸਾਇਸਤਗੀ ਆਦਿ ਅਰਥ ਦੱਸੇ ਗਏ ਹਨ।[5]

ਹਿੰਦੀ ਵਿਚ ਇਸ ਦੇ ਕੋਸ਼ਗਤ ਅਰਥ ਪਰਿਸ਼ਕਾਰ, ਤਿਆਰੀ, ਪੂਰਣਤਾ, ਸਜਾਉਣਾ, ਸੰਵਾਰਨਾ, ਪਵਿਤਰ ਕਰਨਾ ਅਤੇ ਮਨੋਵਿਕਾਸ ਆਦਿ ਲਏ ਜਾਂਦੇ ਹਨ।[6] ਹਿੰਦੀ ਮਾਨਕ ਕੋਸ਼ ਅਨੁਸਾਰ, "ਸਭਿਆਚਾਰ ਉਹ ਮਾਨਸਿਕ ਤੱਤ ਹੈ ਜੋ ਲੋਕਾਂ ਦੇ ਅੰਦਰੂਨੀ ਅਤੇ ਮਾਨਸਿਕ ਵਿਕਾਸ ਦੀ ਜਾਣਕਾਰੀ ਦਿੰਦਾ ਹੈ।[7]

ਅੰਗਰੇਜ਼ੀ ਵਿਚ ਸਭਿਆਚਾਰ ਨੂੰ 'Culture' ਕਹਿੰਦੇ ਹਨ। 'Culture' ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ 'Cultura' ਤੋਂ ਬਣਿਆ ਹੈ ਜੋ ਕਿ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਜਿਥੇ ਇਸ ਦਾ ਸ਼ਾਬਦਿਕ ਅਰਥ ਕਿਸੇ ਵਿਸ਼ੇਸ਼ ਪ੍ਰਕਾਰ ਜਾਂ ਵਿਸਥਾਰ ਹੋਣ ਤੋਂ ਹੈ, ਭਾਵ ਕਿ ਸਭਿਆਚਾਰ ਮਨੁਖ ਦੇ ਜੀਵਨ ਨਾਲ ਸੰਬੰਧਿਤ ਹੈ ਅਤੇ ਉਸ ਦੇ ਜੀਵਨ ਦਾ ਆਧਾਰ ਹੈ।[8]

Shorter Oxford English Dictionary ਵਿਚ ਸਭਿਆਚਾਰਦੇ ਕਈ ਅਰਥ ਕੀਤੇ ਗਏ ਹਨ:

- ਮਨ ਦੀ ਖੇਤੀ ਜਾਂ ਵਿਕਾਸ, ਵਿਵਹਾਰਕ ਸੂਝ ਆਦਿਕ ਵਿਚ ਸਿਖਿਆ ਅਤੇ ਅਭਿਆਸ ਦੁਆਰਾ ਸੁਧਾਰ ਕਰਨਾ।
- ਮਨ, ਰੁਚੀਆਂ ਅਤੇ ਵਿਵਹਾਰ ਦੀ ਸੋਧ, ਕਲਾਤਮਕ ਅਤੇ ਬੌਧਿਕ ਵਿਕਾਸ, ਸਭਿਆਚਾਰ ਦੇ ਕਲਾਤਮਕ ਅਤੇ ਬੌਧਿਕ ਪਖ।
- ਇਕ ਸਮਾਜ ਵਿਚ ਇਕ ਖਾਸ ਪੜਾਅ ਜਾਂ ਕਿਸਮ ਦਾ ਬੌਧਿਕ ਵਿਕਾਸ ਜਾਂ ਸਭਿਅਤਾ, ਇਕ ਸਮਾਜ ਜਾਂ ਸਮੂਹ ਦੀ ਵਿਸ਼ੇਸ਼ਤਾ ਉਸਦੇ ਵਿਸ਼ੇਸ਼ ਗੁਣਾਂ, ਪ੍ਰਾਪਤੀਆਂ, ਉਤਪਾਦਾਂ, ਦ੍ਰਿਸ਼ਟੀਕੋਣਾਂ ਆਦਿ ਤੋਂ ਉਜਾਗਰ ਹੁੰਦੀ ਹੈ।
- ਇਕ ਸਮਾਜ ਜਾਂ ਸਮੂਹ ਦੀ ਵਿਸ਼ੇਸ਼ ਰਵਾਇਤਾਂ, ਪ੍ਰਾਪਤੀਆਂ, ਉਤਪਾਦਾਂ, ਨਜ਼ਰੀਏ ਆਦਿ, ਕਿਸੇ ਸਮਾਜ ਜਾਂ ਸਮੂਹ ਦਾ ਜੀਵਨ ਢੰਗ ਹੁੰਦਾ ਹੈ।[9]

---

5 ਰਾਮਚੰਦ ਵਰਮਾ(ਸੰਪਾ.), ਸੰਖਿਪਤ ਹਿੰਦੀ ਸ਼ਬਦਸਾਗਰ, ਪੰਨਾ 844

6 ਸ੍ਰੀ ਨਵਲ ਜੀ (ਸੰਪਾ.), ਨਾਲੰਦਾ ਵਿਸ਼ਾਲ ਸ਼ਬਦ ਸਾਗਰ, ਪੰਨਾ 1388

7 ਡਾ. ਰਾਮ ਚੰਦਰ ਵਰਮਾ, ਹਿੰਦੀ ਮਾਨਕ ਕੋਸ਼, ਪੰਨਾ 167

8 ਡਾ. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 2

9 Culture-
- The cultivation or development of the mind, manners etc; improvement by education and traning.
- Refinement of mind, tastes and manners; artistic and intellectual development; the artistic and intellectual side of civilization.
- A particular form stage or type of intellectual development or civilization in a society; a society or group characterized by its distinctive customs, achievements, products, outlook etc.
- The distinctive customs, achievements, products, outlook etc of a society or group; the way of life of a society or group.

(Shorter Oxford English Dictionary, vol.1, p.579).

Encyclopedia of Religion and Ethics ਅਨੁਸਾਰ, ਕਿਸੇ ਸਭਿਆਚਾਰ ਦੇ ਵਿਚਾਰ ਇੰਨੇ ਵਿਆਪਕ ਹੋਣੇ ਚਾਹੀਦੇ ਹਨ ਕਿ ਇਕ ਆਦਮੀ ਦੇ ਬੌਧਿਕ, ਧਾਰਮਿਕ ਅਤੇ ਨੈਤਿਕ ਸਾਰੇ ਪਖਾਂ ਨੂੰ ਪ੍ਰਗਟ ਕਰ ਸਕੇ। ਇਹ ਸਭ ਤੋਂ ਉਤਮ ਵਿਚਾਰ ਸਮਝਿਆ ਜਾਂਦਾ ਹੈ ਕਿ ਮਨੁਖ ਦਾ ਉਦਮ ਉਸਦੇ ਅੰਦਰੂਨੀ ਅਤੇ ਸੁਤੰਤਰ ਹੋਂਦ ਨੂੰ ਬਰਕਰਾਰ ਰਖਣ ਲਈ ਹੋਵੇ।[10]

'ਸਭਿਆਚਾਰ' ਸ਼ਬਦ ਦੇ ਅਰਥ 'ਮਨੁਖੀ ਜੀਵਨ ਢੰਗ' ਵਜੋਂ ਵੀ ਲਏ ਜਾਂਦੇ ਹਨ ਜਿਸ ਵਿਚ ਸਾਫ਼-ਸੁਥਰਾ ਤੇ ਸਲੀਕੇ ਵਾਲਾ ਜੀਵਨ ਜੀਉਣਾ ਸ਼ਾਮਿਲ ਹੈ। ਪਰ ਇਹ ਅਰਥ ਸਖਸ਼ੀ ਤੇ ਸੀਮਤ ਅਰਥ ਹਨ ਜੋ ਕੇਵਲ ਮਨੁਖੀ ਜੀਵਨ ਨਾਲ ਹੀ ਜੁੜੇ ਹੋਏ ਹਨ ਜਦਕਿ ਸਭਿਆਚਾਰ ਸਮੁਚੇ ਸਮਾਜ ਨਾਲ ਜੁੜਿਆ ਹੁੰਦਾ ਹੈ। 'ਕਲਚਰ' ਸ਼ਬਦ ਦੇ ਅਰਥ ਕਲਾ ਲਈ ਵਰਤੇ ਜਾਂਦੇ ਹਨ। ਜਿਸ ਵਿਚ ਸੰਗੀਤ ਕਲਾ, ਨ੍ਰਿਤ ਕਲਾ, ਇਮਾਰਤਸ਼ਾਜੀ, ਬੁੱਤ ਕਲਾ ਆਦਿ ਕਲਾਵਾਂ ਸ਼ਾਮਿਲ ਹਨ।

## 1.2 ਸਭਿਆਚਾਰ ਸ਼ਬਦ ਦੀ ਵਰਤੋਂ:

ਡਾ. ਗੁਰਬਖਸ਼ ਸਿੰਘ ਫਰੈਂਕ ਨੇ ਸਭਿਆਚਾਰ ਸ਼ਬਦ ਦੀ ਵਖਰੀ ਵਖਰੀ ਵਰਤੋਂ ਬਾਰੇ ਦੱਸਿਆ ਹੈ ਕਿ ਸਭਿਆਚਾਰ ਨੂੰ ਕਈ ਅਰਥਾਂ ਵਿਚ ਵਰਤਿਆ ਜਾ ਸਕਦਾ ਹੈ। ਸਭਿਆਚਾਰ ਨੂੰ ਭਾਵਵਾਚੀ ਅਰਥਾਂ ਵਿਚ ਵਰਤਿਆ ਜਾ ਸਕਦਾ ਹੈ ਜਿਵੇਂ ਮਨੁਖੀ ਸਭਿਆਚਾਰ ਜਾਂ ਸੰਸਾਰਕ ਸਭਿਆਚਾਰ। ਖੇਤਰੀ ਵਿਲਖਣਤਾ ਦੇ ਸੰਦਰਭ ਵਿਚ ਏਸ਼ਿਆਈ ਸਭਿਆਚਾਰ, ਰਾਸ਼ਟਰ, ਕੌਮ, ਸਮਾਜ ਦੇ ਅਰਥਾਂ ਵਿਚ ਭਾਰਤੀ ਸਭਿਆਚਾਰ, ਪ੍ਰਾਂਤਕ ਵਿਲਖਣਤਾ ਦੇ ਪਖ ਤੋਂ ਪੰਜਾਬੀ ਸਭਿਆਚਾਰ, ਉਪ ਸਮੂਹਾਂ ਦੀ ਅੰਸ਼ਿਕ ਵਿਲਖਣਤਾ ਦੇ ਪਖ ਤੋਂ ਨਿਹੰਗ ਸਿੰਘਾਂ ਦਾ ਸਭਿਆਚਾਰ, ਉਪ-ਸਮੂਹਾਂ ਦੀ ਅੰਸ਼ਿਕ ਵਿਰੋਧਤਾ ਦੇ ਸੰਦਰਭ ਵਿਚ ਪ੍ਰਤਿ ਸਭਿਆਚਾਰ ਅਤੇ ਵਿਅਕਤੀਗਤ ਵਿਲਖਣਤਾ ਦੇ ਸੰਦਰਭ ਵਿਚ ਸਭਿਅਕ ਮਨੁਖ ਵਖ ਵਖ ਅਰਥ ਪਾਸਾਰ ਰਖਦੇ ਸ਼ਬਦਾਂ ਲਈ ਵਰਤ ਲਿਆ ਜਾਂਦਾ ਹੈ।[11]

ਹਰ ਇਕ ਜਨ-ਸਮੂਹ ਦਾ ਆਪਣਾ ਸਭਿਆਚਾਰ ਹੁੰਦਾ ਹੈ। ਜਿਹੜਾ ਸਭਿਆਚਾਰ ਸਾਰੇ ਸਮੂਹਾਂ ਦਾ ਸਾਂਝਾ ਅਤੇ ਵਿਆਪਕ ਹੋਵੇ, ਉਹ ਮੁਖ ਸਭਿਆਚਾਰ ਹੁੰਦਾ ਹੈ। ਹਰ ਮੁਖ ਸਭਿਆਚਾਰ ਵਿਚ ਖੇਤਰ, ਭਾਸ਼ਾ, ਇਲਾਕੇ ਆਦਿ ਕਰਕੇ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਮੁਖ ਸਭਿਆਚਾਰ ਵਿਚ ਇਹਨਾਂ ਭਿੰਨਤਾਵਾਂ ਯੁਕਤ ਵਖ ਵਖ ਸਭਿਆਚਾਰਕ ਸਮੂਹਾਂ ਨੂੰ ਉਪ-ਸਭਿਆਚਾਰ ਕਿਹਾ ਜਾਂਦਾ ਹੈ। ਉਪ-ਸਭਿਆਚਾਰਾਂ ਵਿਚ ਕੁਝ ਅੰਸ਼ ਸਾਂਝੇ ਹੁੰਦੇ ਹਨ, ਜਿਹਨਾਂ ਕਰਕੇ ਕਈ ਉਪ-ਸਭਿਆਚਾਰ ਮੁਖ ਸਭਿਆਚਾਰ ਦਾ ਅੰਗ ਬਣਦੇ ਹਨ

---

10 The notion of culture be broad enough to express all forms of spiritual life of a man intellectual, religous ethicla. It is best understood intensively as humanity's efforts to assert its inner and independent being.
(James Hasting (Ed.), Encyclopedia of Religion and Ethics, vol.4, p.358).

11 ਡਾ. ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 15.

ਜਾਂ ਮਿਲਕੇ ਮੁਖ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਜੇਕਰ ਮੁਖ ਸਭਿਆਚਾਰ ਵਿਚ ਉਪ ਸਭਿਆਚਾਰਾਂ ਦੇ ਅੰਸ਼ਕ ਤਤ ਸ਼ਾਮਲ ਨਾ ਹੋਣ ਤਾਂ ਉਪ ਸਭਿਆਚਾਰ ਮੁਖ ਸਭਿਆਚਾਰ ‘ਤੇ ਭਾਰੂ ਹੋ ਜਾਵੇਗਾ ਅਤੇ ਆਪਣੀ ਵਖਰੀ ਹੋਂਦ ਕਾਇਮ ਕਰ ਲਵੇਗਾ। ਸਭਿਆਚਾਰ ਅਤੇ ਉਪ ਸਭਿਆਚਾਰ ਸਾਪੇਖਕ ਸ਼ਬਦ ਹਨ, ਭਾਵ ਇਕ ਦੂਜੇ ‘ਤੇ ਨਿਰਭਰ ਕਰਦੇ ਹਨ। ਜੇਕਰ ਧਰਮ ਦੀ ਉਦਾਹਰਨ ਲਈਏ ਤਾਂ ਧਰਮ ਮੁਖ ਸਭਿਆਚਾਰ ਹੈ ਅਤੇ ਸਿਖ ਧਰਮ ਉਪ ਸਭਿਆਚਾਰ ਹੈ। ਸਿਖ ਧਰਮ ਵਿਚ ਵੀ ਅਗੇ ਕਈ ਸੰਸਥਾਵਾਂ ਹਨ, ਜਿਵੇਂ ਸੰਪਰਦਾਵਾਂ, ਟਕਸਾਲਾਂ, ਜਥੇਬੰਦੀਆਂ ਆਦਿਕ ਸਿਖ ਸਭਿਆਚਾਰ ਦੇ ਉਪ ਸਭਿਆਚਾਰ ਹਨ। ਇਸ ਉਦਾਹਰਨ ਵਿਚ ਸਿਖ ਧਰਮ ਸਭਿਆਚਾਰ ਵੀ ਹੈ ਅਤੇ ਉਪ ਸਭਿਆਚਾਰ ਵੀ। ਕਈ ਵਾਰ ਉਪ ਸਭਿਆਚਾਰ ਇੰਨਾ ਪ੍ਰਬਲ ਤੇ ਭਾਰੂ ਹੋ ਜਾਂਦਾ ਹੈ ਕਿ ਮੁਖ ਸਭਿਆਚਾਰ ਦੀਆਂ ਮੂਲ ਵੀਚਾਰਧਾਰਾ ਦੇ ਵਿਰੋਧ ਵਿਚ ਖੜ੍ਹਾ ਹੋ ਜਾਂਦਾ ਹੈ, ਇਸ ਨੂੰ ਪ੍ਰਤਿ ਸਭਿਆਚਾਰ ਕਿਹਾ ਜਾਂਦਾ ਹੈ।

ਪਹਿਲਾਂ ਪਹਿਲ ਇਹ ਸ਼ਬਦ ਪਸ਼ੂ ਪਾਲਣ ਅਤੇ ਖੇਤੀਬਾੜੀ ਕਰਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਤੇ ਹੁਣ ਸਭਿਆਚਾਰ ਸ਼ਬਦ ਮਨੁਖੀ ਮਨ, ਆਦਤਾਂ, ਸੁਭਾਅ, ਬੁਧੀ, ਵਿਵਹਾਰ ਤੇ ਸਮੁਚੀ ਸ਼ਖ਼ਸ਼ੀਅਤ ਨੂੰ ਸਜਾਉਣ, ਸੰਵਾਰਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਰੇਮੰਡ ਵਿਲੀਅਮਜ਼ ਨੇ ਸਭਿਆਚਾਰ ਦਾ ਸੰਬੰਧ ਮਨੁਖ ਨਾਲ ਜੋੜ ਕੇ ਸਭਿਆਚਾਰ ਦੇ ਅਰਥ ਵਿਕਾਸ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ:

1. ਪਹਿਲੀ ਅਵਸਥਾ ਵਿਚ ਸਭਿਆਚਾਰ ਤੋਂ ਭਾਵ ਮਨੁਖ ਦੀ ਸਾਧਾਰਣ ਅਵਸਥਾ ਤੋਂ ਲਿਆ ਜਾਂਦਾ ਸੀ ਜਿਸ ਵਿਚ ਮਨੁਖ ਦੀਆਂ ਸਾਧਾਰਣ ਆਦਤਾਂ ਦਾ ਅਧਿਐਨ ਕੀਤਾ ਜਾਂਦਾ ਸੀ।
2. ਦੂਜੀ ਅਵਸਥਾ ਵਿਚ ਸਭਿਆਚਾਰ ਤੋਂ ਭਾਵ ਮਨੁਖਾਂ ਦੇ ਇਕ ਸਮੂਹ ਜਾਂ ਸਮੁਚੇ ਸਮਾਜ ਦੀ ਬੌਧਿਕ ਉਨਤੀ ਤੋਂ ਲਿਆ ਜਾਣ ਲਗਾ।
3. ਤੀਜੀ ਅਵਸਥਾ ਵਿਚ ਸਭਿਆਚਾਰ ਦਾ ਅਰਥ ਮਨੁਖ ਦੀਆਂ ਕਲਾਵਾਂ ਦੇ ਬਾਹਰੀ ਤੇ ਸਾਧਾਰਣ ਰੂਪ ਤੋਂ ਲਿਆ ਜਾਣ ਲਗ ਪਿਆ।
4. ਹੁਣ ਸਭਿਆਚਾਰ ਦੇ ਸਭ ਤੋਂ ਵਿਕਸਤ ਅਰਥ ਸਮੁਚੇ ਜੀਵਨ ਢੰਗ ਵਜੋਂ ਲਏ ਜਾਣ ਲਗ ਪਏ ਹਨ।[12]

19ਵੀਂ ਸਦੀ ਦੇ ਅੰਤ ਤਕ ਅਤੇ ਵੀਹਵੀਂ ਸਦੀ ਦੇ ਆਰੰਭਿਕ ਦੌਰ ਤਕ ਸਭਿਆਚਾਰ ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਕੋਈ ਬਹੁਤੀ ਖਿਚੋਤਾਣ ਨਹੀਂ ਸੀ। ਸਾਰੇ ਵਿਦਵਾਨ ਈ.ਬੀ. ਟਾਇਲਰ ਦੀ ਦਿਤੀ ਪਰਿਭਾਸ਼ਾ ਨਾਂਲ ਹੀ ਆਪਣੀ ਸਹਿਮਤੀ ਪ੍ਰਗਟਾਉਂਦੇ ਰਹੇ ਪਰ ਵੀਹਵੀਂ ਸਦੀ ਦੇ ਅੱਧ ਤਕ ਸਭਿਆਚਾਰ ਦਾ ਘੇਰਾ

---

[12] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 5.

ਬਹੁਤ ਵਿਸ਼ਾਲ ਹੋ ਗਿਆ। ਹਰ ਤਰ੍ਹਾਂ ਦੀ ਮਨੁਖੀ ਪ੍ਰਕਿਰਿਆ ਇਸ ਦਾ ਹਿੱਸਾ ਬਣ ਗਈ ਜਿਸ ਕਰਕੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਹੋਂਦ ਵਿਚ ਆਈਆਂ। ਸਮਾਜ ਵਿਗਿਆਨ, ਮਨੋਵਿਗਿਆਨ, ਮਾਨਵ ਵਿਗਿਆਨ ਆਦਿ ਖੋਜ ਖੇਤਰਾਂ ਵਿਚ ਇਸਦਾ ਵਖਵਿਖ ਅਧਿਐਨ ਹੋਇਆ। ਹਰ ਇਕ ਨੇ ਆਪਣੇ ਨਜ਼ਰੀਏ ਅਤੇ ਖੇਤਰ ਦੇ ਅਨੁਸਾਰ ਸਭਿਆਚਾਰ ਨੂੰ ਪਰਿਭਾਸ਼ਿਤ ਕੀਤਾ। ਫ਼ਲਸਰੂਪ ਸਭਿਆਚਾਰ ਦੀਆਂ ਭਿੰਨ-ਭਿੰਨ ਪਰਿਭਾਸ਼ਾਵਾਂ ਸਾਹਮਣੇ ਆਈਆਂ।

## 1.3 ਸਭਿਆਚਾਰ ਦੀਆਂ ਪਰਿਭਾਸ਼ਾਵਾਂ

ਸਭਿਆਚਾਰ ਸੰਬੰਧੀ ਕਾਫ਼ੀ ਸਮੇਂ ਤੋਂ ਪਛਮ ਵਿਚ ਅਧਿਐਨ ਹੋਇਆ ਹੈ। ਵਖ ਵਖ ਅਨੁਸ਼ਾਸ਼ਨਾਂ ਦੇ ਮਾਹਿਰ ਵਿਦਵਾਨਾਂ ਨੇ ਇਸ ਸੰਬੰਧੀ ਅਧਿਐਨ ਕੀਤਾ ਹੈ। ਪਰ ਇਹਨਾਂ ਵਿਦਵਾਨਾਂ ਦਾ ਨਜ਼ਰੀਆ ਆਪਣੇ ਆਪਣੇ ਅਨੁਸ਼ਾਸ਼ਨ ਵਾਲਾ ਹੀ ਹੈ। ਹਰ ਵਿਦਵਾਨ ਨੇ ਆਪਣੇ ਅਨੁਸ਼ਾਸ਼ਨ ਅਨੁਸਾਰ ਹੀ ਆਪਣੇ ਵੀਚਾਰ ਦਿਤੇ ਹਨ। ਵਖ ਵਖ ਵਿਦਵਾਨਾਂ ਵਲੋਂ ਦਿਤੀਆਂ ਗਈਆਂ ਪਰਿਭਾਸ਼ਾਵਾਂ ਇਸ ਤਰ੍ਹਾਂ ਹਨ:

**ਪਛਮੀ ਵਿਦਵਾਨ**

E.B. Tylor ਅਨੁਸਾਰ, ਸਭਿਆਚਾਰ ਜਾਂ ਸਭਿਅਤਾ ਉਹ ਗੁੰਝਲਦਾਰ ਸੰਪੂਰਨਤਾ ਹੈ ਜਿਸ ਵਿੱਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰਸਮਾਂ ਅਤੇ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਲ ਹਨ, ਜੋ ਮਨੁਖ ਦੁਆਰਾ ਸਮਾਜ ਦਾ ਮੈਂਬਰ ਬਣ ਕੇ ਗ੍ਰਹਿਣ ਕੀਤੇ ਜਾਂਦੇ ਹਨ।[13]

2. ਹਿਰਸਕੋਵਿਤਸ ਨੇ ਦੋ ਪ੍ਰੀਭਾਸ਼ਾਵਾਂ ਦਿਤੀਆਂ ਹਨ-
   (ੳ) ਸਭਿਆਚਾਰ ਵਾਤਾਵਰਣ ਦਾ ਮਨੁਖ-ਸਿਰਜਿਆ ਭਾਗ ਹੈ।
   (ਅ) ਸਭਿਆਚਾਰ ਮਨੁਖੀ ਵਿਹਾਰ ਦੇ ਸਿਖੇ ਹੋਏ ਭਾਗ ਨੂੰ ਕਹਿੰਦੇ ਹਨ।[14]
3. ਕਰੋਬਰ ਅਤੇ ਕਲਕਹੋਨ ਦੇ ਅਨੁਸਾਰ ਸਭਿਆਚਾਰ ਮਨੁਖੀ ਵਿਹਾਰ ਨਾਲ ਸੰਬੰਧਿਤ ਅਜਿਹੇ ਪ੍ਰਤਖ ਤੇ ਪ੍ਰੋਖ ਵਿਭਿੰਨ ਪੈਟਰਨਾਂ ਦਾ ਸਮੁਚ ਜਾਂ ਕਦਰਾਂ-ਕੀਮਤਾਂ ਦਾ ਸਿਸਟਮ ਹੈ ਜਿਸ ਦੇ ਵਿਭਿੰਨ ਅੰਸ਼ ਜਾਂ ਅੰਸ਼ ਸਮੂਹ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ।[15]

   John J. Honigmann ਅਨੁਸਾਰ, ਸਭਿਆਚਾਰ ਮਨੁਖ ਦੁਆਰਾ ਬਣਾਈਆਂ ਗਈਆਂ ਅਲੰਕਾਰਿਕ ਚੀਜ਼ਾਂ, ਕੰਮ ਦੀਆਂ ਗਤੀਵਿਧੀਆਂ ਅਤੇ ਕੰਮ ਕਰਨ ਦੇ ਤਰੀਕਿਆਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਤੈਅ ਕਰਦਾ ਹੈ। ਕੁਝ ਕੁ

---

[13] Culture or civilization is that complex whole which includes knowledge, belief, art, morals, law, custom and other capabilities and habits required by man as a member of society.
(E.B. Tylor, Primitive Culture: vol.1, 3rd ed., London, 1871, p.1).

[14] ਉਦਰਿਤ, ਡਾ.ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ:ਮੁਢਲੀ ਜਾਣ-ਪਛਾਣ, ਪੰਨਾ 19.

[15] ਉਹੀ, ਪੰਨਾ 20.

ਸਭਿਆਚਾਰਕ ਗੁਣਾਂ ਨੂੰ ਵਿਸ਼ਵ ਪਧਰ 'ਤੇ ਸਾਂਝਾ ਕੀਤਾ ਜਾ ਸਕਦਾ ਹੈ ਅਤੇ ਦੂਜਿਆਂ ਨੂੰ ਕਿਸੇ ਇਕ ਉਮਰ ਜਾਂ ਲਿੰਗ ਤਕ ਸੀਮਤ ਰਖਿਆ ਜਾ ਸਕਦਾ ਹੈ। ਕੁਝ ਸਭਿਆਚਾਰ ਹੋਰ ਸਭਿਆਚਾਰਾਂ ਤੋਂ ਪੈਦਾ ਹੁੰਦੇ ਹਨ। ਕੁਝ ਸਭਿਆਚਾਰ ਦੋਵਾਂ ਸਭਿਆਚਾਰਾਂ ਦੇ ਤੱਤ ਗ੍ਰਹਿਣ ਕਰਦੇ ਹੋਏ ਮੁਖ ਸਭਿਆਚਾਰਕ ਤਤਾਂ ਦੇ ਧਾਰਨੀ ਬਣ ਜਾਂਦੇ ਹਨ। ਹਰ ਸਭਿਆਚਾਰ ਗੁਣਾਂ ਦਾ ਇਕ ਪੰਘੂੜਾ ਹੈ, ਹਾਲਾਂਕਿ ਕੁਝ ਕੁ ਗੁਣ ਮਨੁਖੀ ਸਮਾਜ ਵਿੱਚ ਬਹੁਤ ਜ਼ਿਆਦਾ ਵਿਆਪਕ ਹਨ।[16]

4. ਰੇਮੰਡ ਵਿਲੀਅਮਜ਼ ਨੇ ਸਭਿਆਚਾਰ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ:

   ਪਹਿਲਾਂ ਸਭਿਆਚਾਰ ਤੋਂ ਭਾਵ ਮਾਨਵ ਦੀ ਸਾਧਾਰਣ ਅਵਸਥਾ ਜਾਂ ਆਦਤ ਤੋਂ ਲਿਆ ਜਾਂਦਾ ਸੀ। ਫਿਰ ਇਸਨੂੰ ਸਮੁਚੇ ਸਮਾਜ ਵਿਚ ਬੌਧਿਕ ਉਨਤੀ ਦੀ ਸਾਧਾਰਣ ਅਵਸਥਾ ਵਿਚ ਗ੍ਰਹਿਣ ਕੀਤਾ ਜਾਂਦਾ ਰਿਹਾ। ਫਿਰ ਇਸ ਨੂੰ ਕਲਾਵਾਂ ਦਾ ਬਾਹਰੀ ਸਾਧਾਰਣ ਰੂਪ ਅਤੇ ਹੁਣ ਇਸਨੂੰ ਸਮੁਚੇ ਜੀਵਨ-ਢੰਗ ਦੇ ਅਰਥਾਂ ਵਿਚ ਪ੍ਰਵਾਨ ਕੀਤਾ ਜਾਂਦਾ ਹੈ।[17]

5. ਮੈਕਾਈਵਰ ਅਨੁਸਾਰ ਸ਼ਾਂਤੀਪੂਰਵਕ ਸਮਾਜਿਕ ਬਦਲਾਵ ਹੀ ਸਭਿਆਚਾਰ ਹੈ।[18]
6. ਓਟਾਵੇਅ ਅਨੁਸਾਰ ਕਿਸੇ ਸਮਾਜ ਦੇ ਸਭਿਆਚਾਰ ਤੋਂ ਭਾਵ ਸਮਾਜ ਦੇ ਜੀਵਨ ਦਾ ਸੰਪੂਰਨ ਢੰਗ ਹੈ।[19]
7. ਜਿਮੁਟ ਬੌਮਾ ਅਨੁਸਾਰ ਸਭਿਆਚਾਰ ਜੋ ਕਿ ਵਿਸ਼ੇਸ਼ ਕਰਕੇ ਮਨੁਖੀ ਹੋਂਦ ਦਾ ਸਮਾਨਾਰਥਕ ਹੈ, ਲੋੜਾਂ ਤੋਂ ਸੁਤੰਤਰਤਾ ਵਲ ਅਤੇ ਸਿਰਜਣਾ ਕਰ ਸਕਣ ਦੀ ਸੁਤੰਤਰਤਾ ਲਈ ਹੌਂਸਲੇ ਵਾਲੀ ਪੁਲਾਂਘ ਹੈ।[20]
8. ਵਿਲੀਅਮ ਆਰ ਬਾਸਕਮ ਅਨੁਸਾਰ ਸਭਿਆਚਾਰ ਮਨੁਖ ਦੀ 'ਸਮਾਜਿਕ ਵਿਰਾਸਤ' ਅਤੇ ਲੋੜਾਂ ਦਾ ਮਨੁਖ-ਸਿਰਜਿਤ ਭਾਗ ਹੈ। ਇਸ ਵਿਚ ਵਿਵਹਾਰ ਦੇ ਸਾਰੇ ਰੂਪ ਜੋ ਕਿ ਸਿਖਲਾਈ ਰਾਹੀਂ ਗ੍ਰਹਿਣ ਕੀਤੇ ਹੋਣ ਅਤੇ ਖਾਸ ਪੈਟਰਨ ਜੋ ਪ੍ਰਵਾਣਿਤ ਪ੍ਰਤਿਮਾਨਾਂ ਅਨੁਰੂਪ ਬਣੇ ਹੋਣ, ਲਾਜ਼ਮੀ ਤੌਰ ਤੇ ਵਿਦਮਾਨ ਹੁੰਦੇ ਹਨ।[21]
9. ਲੇਸਾਇਲ ਏ. ਵਾਈਟ ਅਨੁਸਾਰ ਸਭਿਆਚਾਰ ਤੋਂ ਭਾਵ ਅਜਿਹੀਆਂ ਵਿਸ਼ੇਸ਼ ਸਥੂਲ ਸੰਸਾਰੀ ਵਸਤਾਂ

---

16 This term culture embraces agreat deal. It designates man- made artifacts, activities people, perform, and ideas and feelings. Some of a culture is traits may be universally shared and others restricted to one age or sex. Some traits emanated from other cultures, arriving perhaps in trade, to become elements of the culture in duestion. Every culture is a unique constellation of traits, even though some of the traits are very widespread in human society.
(John J. Honigmann, Understanding Culture, p.3).

17 ਉਦਰਿਤ, ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 5.

18 ਉਦਰਿਤ, ਡਾ. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ ੪.

19 ਉਹੀ.

20 ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ ੪.

21 ਉਹੀ, ਪੰਨਾ 3.

ਅਤੇ ਘਟਨਾਵਾਂ ਤੋਂ ਹੈ ਜੋ ਕਿ ਪ੍ਰਤੀਕ ਯੋਗਤਾ ਉਤੇ ਆਧਾਰਿਤ ਹਨ; ਇਨ੍ਹਾਂ ਦਾ ਆਧਾਰ ਵਖ ਵਖ ਸੰਦ, ਹਥਿਆਰ, ਭਾਂਡੇ, ਵਸਤਰ, ਗਹਿਣੇ, ਰਸਮਾਂ, ਸੰਸਥਾਵਾਂ, ਵਿਸ਼ਵਾਸ, ਰੀਤੀ-ਰਿਵਾਜ, ਮੌਜ-ਮੇਲੇ ਵਾਲੀਆਂ ਖੇਡਾਂ, ਕਲਾ-ਕ੍ਰਿਤਾਂ ਅਤੇ ਭਾਸ਼ਾਵਾਂ ਆਦਿ ਹਨ।[22]

10. ਮੈਲਿਨੋਵਸਕੀ ਅਨੁਸਾਰ ਸਭਿਆਚਾਰ ਉਹ ਯੰਤਰ ਹੈ, ਜਿਸ ਰਾਹੀਂ ਮਨੁਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁਖ, ਪਿਆਸ, ਸੁਰਖਿਆ ਅਤੇ ਕਾਮ ਤ੍ਰਿਪਤੀ ਉਹ ਪ੍ਰਾਥਮਿਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰਾਂਤ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਇਨ੍ਹਾਂ ਲੋੜਾਂ ਦੀ ਪੂਰਤੀ ਦੇ ਦੌਰਾਨ ਹੀ ਕੁਝ ਸੰਸਥਾਵਾਂ ਦਾ ਜਨਮ ਹੁੰਦਾ ਹੈ,ਜਿਨ੍ਹਾਂ ਰਾਹੀਂ ਮਨੁਖੀ-ਵਿਵਹਾਰ ਦੇ ਆਦਰਸ਼ ਮਾਪਦੰਡ ਨਿਰਧਾਰਤ ਹੁੰਦੇ ਹਨ। ਸੋ ਮੁਢਲੀਆਂ ਲੋੜਾਂ ਅਤੇ ਗੌਣ ਲੋੜਾਂ ਦੀ ਤ੍ਰਿਪਤੀ ਦੇ ਯਤਨ ਵਿਚੋਂ ਨਿਰਮਿਤ ਸੰਸਥਾਵਾਂ ਦੀ ਪਰਸਪਰ ਸੰਬੰਧ ਪ੍ਰਣਾਲੀ ਹੀ ਸਭਿਆਚਾਰ ਹੈ।[23]
11. ਬੀ. ਐਸ. ਸਾਨਿਅਲ ਅਨੁਸਾਰ, "ਸਭਿਆਚਾਰ ਕੀਮਤਾਂ ਦਾ ਪ੍ਰਤਖੀਕਰਣ ਹੈ। ਸਭਿਆਚਾਰ ਇਕ ਹੀ ਸ਼ਬਦ ਹੈ ਜੋ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਕਦਰਾਂ-ਕੀਮਤਾਂ ਦੇ ਪ੍ਰਗਟਾਅ ਲਈ ਵਰਤਿਆ ਜਾਂਦਾ ਹੈ। ਹਰ ਮਿਆਦ, 'ਕੀਮਤ', 'ਅਨੁਭਵ', 'ਸਿਧਾਂਤ' ਅਤੇ 'ਵਿਹਾਰ' ਆਦਿ ਦਾ ਇਕ ਸ਼ਬਦ-ਜੋੜ ਜਾਂ ਵਾਕ ਵਿਚ ਕਾਫ਼ੀ ਚੰਗੀ ਤਰ੍ਹਾਂ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।[24]

### 1.3.2 ਭਾਰਤੀ ਵਿਦਵਾਨ:

12. ਰਾਧਾ ਕ੍ਰਿਸ਼ਨਨ ਅਨੁਸਾਰ ਸਭਿਆਚਾਰ ਉਹ ਵਸਤ ਹੈ ਜਿਹੜੀ ਵਿਹਾਰ, ਯੋਗਤਾ, ਮਾਨਸਿਕ ਨਿਰੋਗਤਾ ਅਤੇ ਆਤਮਿਕ ਸ਼ਕਤੀ ਨੂੰ ਜਨਮ ਦਿੰਦੀ ਹੈ।[25]
13. ਡਾ. ਸੰਪੂਰਨਾ ਆਨੰਦ ਅਨੁਸਾਰ ਸਭਿਆਚਾਰ ਉਸ ਦ੍ਰਿਸ਼ਟੀਕੋਣ ਨੂੰ ਕਹਿੰਦੇ ਹਨ ਜਿਹੜਾ ਕਿਸੇ ਸਮੁਦਾਇ ਦੇ ਵਿਸ਼ੇਸ਼ ਜੀਵਨ ਉਤੇ ਦ੍ਰਿਸ਼ਟੀਗਤ ਹੁੰਦਾ ਹੈ। ਇਹ ਦ੍ਰਿਸ਼ਟੀਕੋਣ ਕਈ ਗੱਲਾਂ ਉਤੇ ਨਿਰਭਰ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸਭਿਆਚਾਰ ਕਿਸੇ ਸਮੁਦਾਇ ਦੇ ਵਰਤਮਾਨ ਅਨੁਭਵ ਅਤੇ ਪੁਰਾਤਨ ਅਨੁਭਵ ਅਨੁਸਾਰ ਉਸਦਾ ਦ੍ਰਿਸ਼ਟੀਕੋਣ ਹੈ।[26]

---

22 ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 3.

23 ਉਹੀ.

24 'Culture' is 'realization of values', 'culture' is one word for 'realization of values in theory and practice.' In this expression again, each of the terms 'value', 'realization', 'theory' and 'pratice' is a one-word which can be significantly analyzed into a phrase.
(B.S. Sanayal, Culture: An Introduction, p.44).

25 ਡਾ. ਰਾਧਾ ਕ੍ਰਿਸ਼ਨਨ, ਸੁਤੰਤਰਤਾ ਔਰ ਸੰਸਕ੍ਰਿਤੀ, ਪੰਨਾ 53.

26 ਦਵਿੰਦਰ ਸਿੰਘ, ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਪੰਨਾ 19.

14. ਵਾਸੂਦੇਵ ਸ਼ਰਣ ਅਗਰਵਾਲ ਅਨੁਸਾਰ ਸਭਿਆਚਾਰ ਮਨੁਖ ਦੇ ਭੂਤ, ਵਰਤਮਾਨ ਅਤੇ ਭਾਵੀ ਜੀਵਨ ਦੀ ਸਮੁਚੀ ਵਿਧੀ ਨੂੰ ਆਖਦੇ ਹਨ। ਸਭਿਆਚਾਰ ਮਾਨਵੀ ਜੀਵਨ ਦੀ ਪ੍ਰੇਰਕ ਸ਼ਕਤੀ ਅਤੇ ਪ੍ਰਾਣ ਵਾਯੂ ਹੈ, ਜਿਹੜੀ ਉਸ ਦੇ ਚੇਤੰਨ ਮਨ ਨੂੰ ਅਗਵਾਈ ਦਿੰਦੀ ਹੈ। ਸਭਿਆਚਾਰ ਵਿਸ਼ਵ ਪ੍ਰਤੀ ਅਮਿਟ ਦੋਸਤੀ ਦੀ ਭਾਵਨਾ ਹੈ।[27]

16. ਰਾਮਧਾਰੀ ਸਿੰਘ ਦਿਨਕਰ ਅਨੁਸਾਰ ਸਭਿਆਚਾਰ ਜ਼ਿੰਦਗੀ ਦਾ ਇਕ ਤਰੀਕਾ ਹੈ ਅਤੇ ਇਹ ਤਰੀਕਾ ਸਦੀਆਂ ਤੋਂ ਇਕੱਠਾ ਹੋ ਕੇ ਸਮਾਜ ਵਿਚ ਛਾਇਆ ਰਹਿੰਦਾ ਹੈ। ਜਿਸ ਵਿਚ ਅਸੀਂ ਜਨਮ ਲੈਂਦੇ ਅਤੇ ਜਿਉਂਦੇ ਹਾਂ। ਆਪਣੇ ਜੀਵਨ ਵਿਚ ਅਸੀਂ ਜੋ ਸੰਸਕਾਰ ਇਕੱਠੇ ਕਰਦੇ ਹਾਂ, ਉਹ ਸਾਡੇ ਸਭਿਆਚਾਰ ਦਾ ਅੰਗ ਬਣਦੇ ਹਨ ਅਤੇ ਜਿਨ੍ਹਾਂ ਨੂੰ ਅਸੀਂ ਵਿਰਾਸਤ ਦੇ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਗ੍ਰਹਿਣ ਕਰਦੇ ਹਾਂ।[28]

17. ਮਹਾਂਦੇਵੀ ਵਰਮਾ ਅਨੁਸਾਰ ਸਭਿਆਚਾਰ ਮਾਨਵੀ ਚੇਤਨਾ ਦੀ ਪ੍ਰਗਤੀ ਦਾ ਪ੍ਰਕਾਸ਼ਨ ਹੈ, ਜੋ ਮਾਨਵ ਦੀਆਂ ਅੰਤਰਮੁਖੀ ਅਤੇ ਬਾਹਰਮੁਖੀ ਵਿਸ਼ੇਸ਼ਤਾਵਾਂ ਦੀ ਅਭਿਵਿਅਕਤੀ ਹੈ।[29]

18. ਸ਼ਾਮ ਚਰਣ ਦੂਬੇ ਅਨੁਸਾਰ ਸਭਿਆਚਾਰ ਸਮਾਜਕ ਲੋੜਾਂ ਦੁਆਰਾ ਪੈਦਾ ਹੋਈ ਮਨੁਖ ਦੀ ਖੋਜ ਹੈ। ਮਨੁਖ ਸਭਿਆਚਾਰ ਵਿਚ ਜਨਮ ਲੈਂਦਾ ਹੈ। ਸਮਾਜਕ ਜੀਵਨ ਵਿਚ ਸਭਿਆਚਾਰ ਦੀ ਪ੍ਰਕਿਰਿਆ ਨੂੰ ਹਰੇਕ ਵਿਅਕਤੀ ਗ੍ਰਹਿਣ ਕਰਦਾ ਹੈ ਅਤੇ ਸਮਾਜ ਦੀ ਪਰੰਪਰਾ ਸਭਿਆਚਾਰ ਨੂੰ ਜਿਉਂਦਾ ਰੱਖਦੀ ਹੈ।[30]

**1.3.3 ਪੰਜਾਬੀ ਵਿਦਵਾਨ:**

20. ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ ਸਭਿਆਚਾਰ ਇਕ ਜੁਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁਖੀ ਸਮਾਜ ਦੇ ਨਿਸ਼ਚਿਤ ਪੜਾਅ ਉਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁਖੀ ਵਿਹਾਰ ਦੇ ਪੈਟਰਨ ਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।[31]

21. ਡਾ. ਜਸਵਿੰਦਰ ਸਿੰਘ ਅਨੁਸਾਰ ਸਭਿਆਚਾਰ ਮੁਖ ਰੂਪ ਵਿਚ ਸਮੁਚੇ ਸਮਾਜਕ ਪ੍ਰਬੰਧ ਵਿਚ ਮਨੁਖ ਰਾਹੀਂ ਸਿਰਜੇ ਗਏ ਆਚਾਰ-ਵਿਹਾਰ ਦੇ ਪ੍ਰਤਿਮਾਨਾਂ ਦਾ ਅਜਿਹਾ ਸਮੂਹ ਹੈ, ਜੋ ਆਪਣੇ ਅੰਤਿਮ ਰੂਪ ਵਿਚ ਇਕ ਨਿਸ਼ਚਿਤ ਪ੍ਰਬੰਧ ਸਿਰਜਦਾ ਹੈ। ਇਹ ਕੀਮਤ ਪ੍ਰਬੰਧ ਹਰੇਕ ਸਭਿਆਚਾਰਕ ਸਿਰਜਣਾ,

---

27 ਵਾਸੂਦੇਵ ਸ਼ਰਣ ਅਗਰਵਾਲ, ਕਲਾ ਔਰ ਸੰਸਕ੍ਰਿਤੀ, ਪੰਨਾ 3.

28 ਡਾ. ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਨਾ 653.

29 ਮਹਾਂਦੇਵੀ ਵਰਮਾ, ਭਾਰਤੀ ਸੰਸਕ੍ਰਿਤੀ ਕੇ ਸ੍ਵਰ, ਪੰਨਾ 74.

30 ਸ਼ਾਮ ਚਰਣ ਦੂਬੇ, ਮਾਨਵ ਔਰ ਸੰਸਕ੍ਰਿਤੀ, ਪੰਨਾ 77.

31 ਡਾ. ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ:ਮੁਢਲੀ ਜਾਣ-ਪਛਾਣ, ਪੰਨਾ 23.

ਆਚਾਰ-ਵਿਹਾਰ, ਕਾਰਜ, ਵਿਚਾਰ ਵਿਚ ਵਿਦਮਾਨ ਹੁੰਦਾ ਹੈ। ਇਸ ਨੂੰ ਮਨੁਖ ਸੁਚੇਤ ਜਾਂ ਅਚੇਤ ਗ੍ਰਹਿਣ ਕਰਦਾ, ਪ੍ਰਵਾਨ ਕਰਦਾ ਅਤੇ ਨਿਭਾਉਂਦਾ ਹੈ। ਇਸ ਕੀਮਤ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਵੀ ਸਭਿਆਚਾਰ ਨੂੰ ਵਿਸ਼ੇਸ਼ ਜੀਵਨ ਅਤੇ ਵਿਸ਼ੇਸ਼ ਦ੍ਰਿਸ਼ਟੀਕੋਣ ਪ੍ਰਸਤੁਤ ਕਰਨ ਵਾਲਾ ਮੰਨਿਆ ਜਾਂਦਾ ਹੈ।[32]

22. ਡਾ. ਮਨਜੀਤ ਸਿੰਘ ਅਨੁਸਾਰ ਬੁਨਿਆਦੀ ਤੌਰ `ਤੇ ਸਭਿਆਚਾਰ ਇਕ ਅਜਿਹਾ ਪ੍ਰਬੰਧ ਹੈ, ਜਿਸ ਦਾ ਸੰਬੰਧ ਖਿੱਤੇ ਵਿਚ ਵਸਣ ਵਾਲੇ ਭਾਈਚਾਰਕ ਸਮੂਹ ਦੀ ਰੋਜ਼ਮਰਾ ਦੀ ਜ਼ਿੰਦਗੀ ਦੀਆਂ ਵਿਹਾਰਕ ਕਿਰਿਆਵਾਂ ਅਤੇ ਵਿਧੀਆਂ ਤੋਂ ਲੈ ਕੇ ਉਸ ਦੀ ਅਮੂਰਤ ਵਿਸ਼ਵ ਦ੍ਰਿਸ਼ਟੀ ਦੇ ਪ੍ਰਗਟਾ ਰੂਪਾਂ ਤਕ ਸਭ ਕੁਝ ਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਹਰ ਸਭਿਆਚਾਰ ਦੀਆਂ ਤੰਦਾਂ ਸੰਬੰਧਕ ਭਾਈਚਾਰਕ ਸਮੂਹ ਦੀ ਲੋਕ ਪਰੰਪਰਾ, ਰੀਤੀ-ਰਿਵਾਜ, ਵਿਸ਼ਵਾਸ, ਵਹਿਮ-ਭਰਮ, ਪਹਿਰਾਵੇ, ਖਾਣ-ਪੀਣ ਤੇ ਰਹਿਣ-ਸਹਿਣ ਦਾ ਢੰਗ, ਕਦਰਾਂ-ਕੀਮਤਾਂ ਆਦਿ, ਸਾਹਿਤ, ਇਤਿਹਾਸ, ਲਲਿਤ ਕਲਾਵਾਂ, ਧਰਮ, ਫ਼ਲਸਫ਼ੇ, ਆਰਥਕ ਤੇ ਭਾਸ਼ਾਈ ਪ੍ਰਬੰਧਾਂ ਨਾਲ ਇਕਮਿਕ ਹੋਈਆਂ ਹੁੰਦੀਆਂ ਹਨ।[33]

### 1.3.4 ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ

ਭਾਵੇਂ ਵਿਦਵਾਨਾਂ ਨੇ ਆਪਣੀਆਂ ਪਰਿਭਾਸ਼ਾਵਾਂ ਵਿਚ ਸਭਿਆਚਾਰ ਦੇ ਕਾਫ਼ੀ ਪਖ ਵੀਚਾਰੇ ਹਨ ਪਰ ਫਿਰ ਵੀ ਇਹਨਾਂ ਪਰਿਭਾਸ਼ਾਵਾਂ ਦੀਆਂ ਕੁਝ ਸੀਮਾਵਾਂ ਅਤੇ ਸੰਭਾਵਨਾਵਾਂ ਹਨ। ਜਿਵੇਂ ਈ. ਬੀ. ਟਾਇਲਰ ਨੇ ਸਭਿਆਚਾਰ ਨੂੰ ਸਮਾਜ ਆਧਾਰਤ ਦਸਿਆ ਹੈ। ਉਸ ਅਨੁਸਾਰ ਸਭਿਆਚਾਰ ਕੁਦਰਤ ਦਾ ਦਿਤਾ ਤੋਹਫ਼ਾ ਨਹੀਂ ਹੈ, ਸਗੋਂ ਮਨੁਖ ਦੇ ਕੁਦਰਤ ਨਾਲ ਦਵੰਦਾਤਮਕ ਸੰਬੰਧ ਵਿਚੋਂ ਸਿਰਜਿਤ ਹੁੰਦਾ ਹੈ। ਇਹ ਵਖ-ਵਖ ਅੰਗਾਂ ਦਾ ਸੰਯੁਕਤ ਅਤੇ ਜਟਿਲ ਪ੍ਰਬੰਧ ਹੈ। ਟਾਇਲਰ ਨੇ ਆਪਣੀ ਪਰਿਭਾਸ਼ਾ ਵਿਚ 'ਹੋਰ ਸਭ ਸਮਰਥਾਵਾਂ ਅਤੇ ਆਦਤਾਂ' ਦੀ ਗੱਲ ਕਰਕੇ ਇਸਦਾ ਘੇਰਾ ਹੋਰ ਵਿਸ਼ਾਲ ਕਰਨ ਦੀ ਸੰਭਾਵਨਾ ਵੀ ਰਖੀ ਹੈ। ਸਭਿਆਚਾਰ ਸਮਾਜ ਦਾ ਮੈਂਬਰ ਬਣ ਕੇ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਸਮਾਜਿਕ ਵਿਰਸਾ ਹੈ। ਟਾਇਲਰ ਨੇ ਸਿਰਫ਼ ਸਮਾਜਿਕ ਪਖ ਨੂੰ ਤਾਂ ਸ਼ਾਮਿਲ ਕਰ ਲਿਆ ਹੈ ਪਰ ਭੌਤਿਕ ਪਖ ਨੂੰ ਅਣਗੌਲਿਆਂ ਹੀ ਕਰ ਦਿਤਾ ਹੈ ਅਤੇ ਸਭਿਆਚਾਰ ਤੇ ਸਭਿਅਤਾ ਨੂੰ ਇਕੋ ਅਰਥਾਂ ਵਿਚ ਲਿਆ ਹੈ।

ਹਿਰਸਕੋਵਿਤਸ ਦੀ ਪਰਿਭਾਸ਼ਾ ਈ. ਬੀ. ਟਾਇਲਰ ਦੀ ਪਰਿਭਾਸ਼ਾ ਤੋਂ ਬਿਲਕੁਲ ਉਲਟ ਹੈ। ਇਹਨਾਂ ਪਰਿਭਾਸ਼ਾਵਾਂ ਵਿਚ ਦੋ ਵਿਰੋਧ ਹਨ- ਈ.ਬੀ. ਟਾਇਲਰ ਦੀ ਪਰਿਭਾਸ਼ਾ ਵਿਚ ਪ੍ਰਕਿਰਤੀ ਨਾਲ ਟੱਕਰ ਦੀ ਗੱਲ ਹੈ। ਇਸ ਪਰਿਭਾਸ਼ਾ ਅਨੁਸਾਰ ਮਨੁਖ ਨੇ ਕੁਦਰਤ ਨੂੰ ਆਪਣੇ ਅਨੁਕੂਲ ਢਾਲਣ ਦੀ ਕੋਸ਼ਿਸ਼ ਕੀਤੀ ਪਰ ਕੁਦਰਤ ਦੀਆਂ ਸਾਰੀਆਂ ਚੀਜ਼ਾਂ ਸਭਿਆਚਾਰ ਦਾ ਅੰਗ ਨਹੀਂ ਬਣਦੀਆਂ, ਕੇਵਲ ਉਹੀ ਬਣਦੀਆਂ ਹਨ

[32] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 4

[33] ਕਰਨੈਲ ਸਿੰਘ ਥਿੰਦ (ਸੰਪਾ.), ਖੋਜ ਦਰਪਣ, ਜਨਵਰੀ 1988, ਪੰਨਾ 43.

ਜਿਨ੍ਹਾਂ ਨੂੰ ਮਨੁਖ ਆਪਣੇ ਅਨੁਸਾਰ ਢਾਲ ਲੈਂਦਾ ਹੈ ਜਾਂ ਉਵੇਂ ਹੀ ਅਪਣਾ ਲੈਂਦਾ ਹੈ। ਹਿਰਸਕੋਵਿਤਸ ਅਨੁਸਾਰ ਸਭਿਆਚਾਰ ਜਾਇਦਾਦ ਦੀ ਤਰ੍ਹਾਂ ਅਗਲੀ ਪੀੜ੍ਹੀ ਦੁਆਰਾ ਬਿਨਾਂ ਕਿਸੇ ਉਦਮ ਦੇ ਸਾਂਭਿਆ ਨਹੀਂ ਜਾ ਸਕਦਾ, ਸਗੋਂ ਸਿਖਿਆ ਜਾਂਦਾ ਹੈ ਪਰ ਸਿਖਿਆ ਸਮਾਜ ਵਿਚ ਹੀ ਤੇ ਸਮਾਜ ਦੁਆਰਾ ਹੀ ਜਾਂਦਾ ਹੈ। ਇਹ ਜੀਵ-ਵਿਗਿਆਨਕ ਵਿਰਸਾ ਨਹੀਂ। ਡਾ. ਜਗਜੀਵਨ ਸਿੰਘ ਨੇ ਵੀ ਇਸ ਸੰਬੰਧੀ ਹਿਰਕਸੋਵਿਤਸ ਦੇ ਹਵਾਲੇ ਨਾਲ ਆਪਣੀ ਟਿਪਣੀ ਕੀਤੀ ਹੈ ਕਿ, "ਸਭਿਆਚਾਰ ਜਿਹੇ ਵਿਆਪਕ ਪ੍ਰਬੰਧਸ਼ੀਲ ਵਰਤਾਰੇ ਨੂੰ ਕੇਵਲ ਮਨੁਖ ਦੇ ਸਭਿਅਕ ਵਤੀਰੇ, ਸਲੀਕੇ, ਸ੍ਰਿਸ਼ਟਾਚਾਰ ਅਰਥਾਤ 'ਵਿਹਾਰ ਦੀ ਨਫ਼ਾਸਤ' ਤਕ ਘਟਾ ਕੇ ਵੇਖਣਾ ਗਲਤ ਰੁਝਾਨ ਹੈ। ਇਹ ਸਭਿਆਚਾਰ ਦੇ ਬੇਹਦ ਸੀਮਤ ਅਰਥ ਹਨ। ਮਾਨਵ ਵਿਗਿਆਨੀ ਹਿਰਕਸੋਵਿਤਸ ਇਸ ਨੂੰ ਸਭਿਆਚਾਰ ਦੀ ਬੋਰਡਿੰਗ ਸਕੂਲ ਪਰਿਭਾਸ਼ਾ ਕਹਿੰਦਾ ਹੈ।[34]

ਕਰੋਬਰ ਅਤੇ ਕਲਕਹੋਣ ਦੀ ਪਰਿਭਾਸ਼ਾ ਦੂਜੀਆਂ ਪਰਿਭਾਸ਼ਾਵਾਂ ਨਾਲੋਂ ਕਾਫ਼ੀ ਸਮਰਥ ਹੈ। ਇਸ ਵਿਚ ਪੈਟਰਨ ਦੀ ਗੱਲ ਕੀਤੀ ਹੈ। ਜ਼ਰੂਰੀ ਨਹੀਂ ਕਿ ਸਭਿਆਚਾਰਾਂ ਦੇ ਤਤ ਇਕ ਦੂਜੇ ਨਾਲੋਂ ਵਿਲਖਣ ਹੋਣ, ਪਰ ਉਹਨਾਂ ਤੱਤਾਂ ਤੋਂ ਮਿਲ ਕੇ ਬਣੇ ਪੈਟਰਨ ਜ਼ਰੂਰ ਵਿਲਖਣ ਹੋ ਸਕਦੇ ਹਨ। ਦੂਜੀ ਗੱਲ ਪ੍ਰਤੀਕਾਂ ਦੀ ਕੀਤੀ ਗਈ ਹੈ ਕਿ ਮਨੁਖ ਪ੍ਰਤੀਕਾਂ ਰਾਹੀਂ ਹੀ ਸਭਿਆਚਾਰ ਨੂੰ ਸਿਖਦਾ ਤੇ ਅਗਲੀ ਪੀੜ੍ਹੀ ਨੂੰ ਸੰਚਾਰਿਤ ਕਰਦਾ ਹੈ। ਤੀਜੀ ਗੱਲ ਮਨੁਖ ਦੁਆਰਾ ਸਿਰਜੀਆਂ ਪਦਾਰਥਕ ਵਸਤਾਂ ਨੂੰ ਸਭਿਆਚਾਰ ਦਾ ਅੰਗ ਦੱਸਿਆ ਹੈ ਜਦਕਿ ਬਾਕੀ ਪਰਿਭਾਸ਼ਾਵਾ ਵਿਚ ਸਭਿਆਚਾਰ ਨੂੰ ਬੌਧਿਕਤਾ ਨਾਲ ਹੀ ਜੋੜਿਆ ਗਿਆ ਹੈ। ਇਸ ਪਰਿਭਾਸ਼ਾ ਵਿਚ ਮਨੁਖੀ ਵਿਹਾਰ ਦੀਆਂ ਕਦਰਾਂ-ਕੀਮਤਾਂ ਦੀ ਗੱਲ ਕੀਤੀ ਗਈ ਹੈ ਜੋ ਕਿ ਸਭਿਆਚਾਰ ਨੂੰ ਕਾਫ਼ੀ ਮਹਤਵਪੂਰਨ ਬਣਾ ਦਿੰਦੀ ਹੈ।

ਰੇਮੰਡ ਵਿਲੀਅਮਜ਼ ਨੇ ਆਧੁਨਿਕ ਸਮੇਂ ਵਿਚ ਸਭਿਆਚਾਰ ਦੇ ਵਿਸ਼ਾਲ ਘੇਰੇ ਨੂੰ ਧਿਆਨ ਵਿਚ ਰਖ ਕੇ ਸਭਿਆਚਾਰ ਦੇ ਅਰਥ ਪੇਸ਼ ਕੀਤੇ ਹਨ। ਉਸਨੇ ਜੀਵਨ-ਢੰਗ ਦੇ ਅਰਥ ਬਿਆਨ ਨਹੀਂ ਕੀਤੇ ਕੇਵਲ ਇਸ ਦੇ ਹਰੇਕ ਪਖ ਨੂੰ ਸਭਿਆਚਾਰ ਵਿਚ ਸ਼ਾਮਿਲ ਕਰਨ ਦਾ ਸੰਕੇਤ ਹੀ ਕੀਤਾ ਹੈ।

ਮੈਲਿਨੋਵਸਕੀ ਨੇ ਜਿਥੇ ਸਭਿਆਚਾਰ ਨੂੰ ਮਨੁਖੀ ਲੋੜਾਂ ਨਾਲ ਜੋੜ ਕੇ ਇਸਦੀ ਸਾਰਥਕਤਾ, ਮਹਤਤਾ ਅਤੇ ਗੌਰਵ ਨੂੰ ਵਧਾਇਆ ਹੈ ਉਥੇ ਇਸ ਨੂੰ ਸਿਰਫ਼ ਮਨੁਖੀ ਲੋੜਾਂ ਤਕ ਹੀ ਸੀਮਿਤ ਕਰ ਦਿਤਾ ਹੈ। ਮਨੁਖ ਦਾ ਦੂਜੇ ਜੀਵ ਸੰਸਾਰ ਨਾਲ ਵੀ ਸੰਬੰਧ ਹੈ। ਭਾਵ ਸਭਿਆਚਾਰ ਦਾ ਸੰਬੰਧ ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ, ਸਗੋਂ ਸਮੁਚੇ ਸਮਾਜ ਨਾਲ ਹੈ।

ਜਿੰਮੁਟ ਬੌਮਾ ਅਨੁਸਾਰ ਸਭਿਆਚਾਰ ਮਨੁਖੀ ਹੋਂਦ ਦਾ ਸਮਾਨਾਰਥਕ ਹੈ। ਉਹ ਕਹਿੰਦਾ ਹੈ ਕਿ ਸਭਿਆਚਾਰ ਮਨੁਖ ਦਾ ਆਪਣੀਆਂ ਮੁਢਲੀਆਂ ਅਤੇ ਗੌਣ ਲੋੜਾਂ ਤੋਂ ਉਪਰ ਉਠ ਕੇ ਸੁਤੰਤਰ ਰੂਪ ਵਿਚ

34 ਡਾ. ਜਗਜੀਵਨ ਸਿੰਘ, ਸਭਿਆਚਾਰ ਦੇ ਮੂਲ ਆਧਾਰ, ਪੰਨਾ 18.

ਸਿਰਜਣਾਵਾਂ ਕਰ ਸਕਣ ਦਾ ਉਨਤੀ ਭਰਪੂਰ ਅਤੇ ਸਾਹਸਮਈ ਯਤਨ ਹੈ।

ਉਪਰੋਕਤ ਪਰਿਭਾਸ਼ਾਵਾਂ ਸਭਿਆਚਾਰ ਦੇ ਕਿਸੇ ਇਕ ਜਾਂ ਦੋ ਪਖਾਂ ਨੂੰ ਪਰਿਭਾਸ਼ਤ ਕਰਦੀਆਂ ਹਨ, ਪਰ ਕੋਈ ਵੀ ਪਰਿਭਾਸ਼ਾ ਸਭਿਆਚਾਰ ਦੀ ਸੰਪੂਰਣ ਰੂਪ ਵਿਚ ਵਿਆਖਿਆ ਨਹੀਂ ਕਰ ਸਕੀ ਸਭ ਅਧੂਰੀਆਂ ਹਨ, ਪਰ ਇਹਨਾਂ ਦਾ ਅਧਿਐਨ ਕਰ ਕੇ ਸਭਿਆਚਾਰ ਬਾਰੇ ਕੁਝ ਨਾ ਕੁਝ ਨਿਸ਼ਾਨਦੇਹੀਆਂ ਜ਼ਰੂਰ ਹੁੰਦੀਆਂ ਹਨ। ਦੂਜੇ ਪਾਸੇ ਸਭਿਆਚਾਰ ਦਾ ਜਿੰਨਾ ਅਧਿਐਨ ਹੁੰਦਾ ਜਾ ਰਿਹਾ ਹੈ, ਓਨੀ ਹੀ ਅਸਪਸ਼ਟਤਾ ਵਧਦੀ ਜਾ ਰਹੀ ਹੈ। ਸਾਰੀਆਂ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਸਭਿਆਚਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਦੀ ਵਿਸ਼ਾਲ ਅਤੇ ਵਿਆਪਕ ਸਰੂਪ ਵਿਚ ਪਰਿਭਾਸ਼ਾ ਨੂੰ ਬੰਨ੍ਹਣਾ ਸੁਖੈਨ ਕਾਰਜ ਨਹੀਂ।

## 1.4 ਸਭਿਆਚਾਰ ਦੇ ਅੰਗ:

ਸਭਿਆਚਾਰ ਦੇ ਸੰਰਚਨਾਤਮਕ ਦ੍ਰਿਸ਼ਟੀ ਤੋਂ ਵੱਖ-ਵੱਖ ਮੌਲਿਕ ਅੰਗ ਹਨ। ਇਹ ਸਭਿਆਚਾਰ ਦੀ ਹੋਂਦ, ਸਰੂਪ ਅਤੇ ਢਾਂਚੇ ਨੂੰ ਵਿਲਖਣ ਰੂਪ ਦਿੰਦੇ ਹਨ ਅਤੇ ਨਾਲ ਹੀ ਆਪਣੀ ਵਿਲਖਣ ਹੋਂਦ ਵੀ ਕਾਇਮ ਕਰਦੇ ਹਨ। ਇਹਨਾਂ ਵਿਲਖਣ ਅੰਗਾਂ ਕਰਕੇ ਹੀ ਵੱਖ-ਵੱਖ ਸਭਿਆਚਾਰਾਂ ਵਿਚ ਵਖਰੇਵੇਂ ਪਾਏ ਜਾਂਦੇ ਹਨ। ਕਿਸੇ ਵੀ ਸਭਿਆਚਾਰ ਨੂੰ ਸਮਝਣਾ ਹੋਵੇ ਜਾਂ ਵੱਖ-ਵੱਖ ਸਭਿਆਚਾਰਾਂ ਵਿਚਲੇ ਵਖਰੇਵਿਆਂ ਨੂੰ ਸਮਝਣਾ ਹੋਵੇ ਤਾਂ ਇਹਨਾਂ ਅੰਗਾਂ ਦਾ ਅਧਿਐਨ ਅਤਿਅੰਤ ਜ਼ਰੂਰੀ ਹੈ। ਇਹਨਾਂ ਦੇ ਅਧਿਐਨ ਲਈ ਇਹਨਾਂ ਦਾ ਵਰਗੀਕਰਣ ਕਰਨਾ ਵੀ ਲਾਜ਼ਮੀ ਹੈ। ਵੱਖ-ਵੱਖ ਵਿਦਵਾਨਾਂ ਵਲੋਂ ਸਭਿਆਚਾਰ ਦਾ ਵਰਗੀਕਰਣ ਕੀਤਾ ਗਿਆ ਹੈ ਪਰ ਇਹ ਵਰਗੀਕਰਣ ਬਹੁਤਾ ਸਪਸ਼ਟ ਨਹੀਂ ਹੈ। ਮਸਲਨ ਸਭਿਆਚਾਰ ਦੇ ਸੈਂਕੜੇ ਨਹੀਂ ਬਲਕਿ ਹਜ਼ਾਰਾਂ ਸਾਰਥਕ ਅੰਸ਼ ਮਿਥੇ ਜਾ ਸਕਦੇ ਹਨ। ਤਾਂ ਹੀ ਸਮੁਚੇ ਸਭਿਆਚਾਰ ਨੂੰ ਕੁਝ ਕੁ ਅੰਸ਼ਾਂ ਵਿਚ ਤਕਸੀਮ ਕਰਨਾ ਬਹੁਤ ਹੀ ਜਟਿਲ ਕਾਰਜ ਹੈ। ਇਸ ਪੱਖ ਤੋਂ ਕੁਝ ਸਮਾਜ ਵਿਗਿਆਨੀਆਂ ਨੇ ਆਪਣੇ ਵੀਚਾਰ ਦਿਤੇ ਹਨ:

'ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ' ਵਿਚ ਸਭਿਆਚਾਰ ਨੂੰ ਦੋ ਭਾਗਾਂ ਵਿਚ ਵੰਡਿਆ ਹੈ:

1. ਵਸਤਾਂ ਦਾ ਸੰਗ੍ਰਹਿ
2. ਸੰਸਕਾਰਾਂ ਦਾ ਇਕ ਪ੍ਰਬੰਧ।[35]

E. Baller ਨੇ ਸਭਿਆਚਾਰ ਨੂੰ ਦੋ ਭਾਗਾਂ ਵਿਚ ਵੰਡਿਆ ਹੈ:

1. ਪਦਾਰਥਕ ਸਭਿਆਚਾਰ
2. ਆਤਮਿਕ ਸਭਿਆਚਾਰ।[36]

---

35 International Encyclopedia of Social Sciences, p.623.
36 ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 23.

ਕੁਝ ਹੋਰ ਪਛਮੀ ਵਿਦਵਾਨਾਂ ਨੇ ਸਭਿਆਚਾਰ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ:

1. ਮਨੁਖੀ ਸਮੂਹ 2. ਮਾਹੌਲ 3. ਪਦਾਰਥਕ ਸਭਿਆਚਾਰ 4. ਸਭਿਆਚਾਰਕ ਪਰੰਪਰਾਵਾਂ 5. ਮਨੁਖੀ ਵਿਹਾਰ।[37]

ਡਾ. ਜਸਵਿੰਦਰ ਸਿੰਘ ਨੇ ਸਭਿਆਚਾਰ ਦੇ ਹੇਠ ਲਿਖੇ ਅੰਗ ਮੰਨੇ ਹਨ:

1.. ਨਿਰਮਾਣਕਾਰੀ- (ੳ) ਭੂਗੋਲਿਕ ਖਿੱਤਾ (ਅ) ਨਸਲੀ ਤਤ (ੲ) ਸਾਂਝਾਂ ਵਿਰਸਾ
2. ਸੰਗਠਨਮੂਲਕ- (ੳ) ਸਭਿਆਚਾਰਕ ਸੰਸਥਾਵਾਂ (ਅ) ਪੈਟਰਨ (ੲ) ਕੀਮਤਾਂ ਅਤੇ ਪ੍ਰਤਿਮਾਨ
3. ਸੁਹਜ-ਪ੍ਰਕਾਰ ਮੂਲਕ- (ੳ) ਆਹਾਰ: ਚੋਣ ਤੇ ਵਿਧੀ (ਅ) ਵਿਵਹਾਰ: ਸਦਾਚਾਰ, ਲੋਕਾਚਾਰ ਅਤੇ ਦੁਰਾਚਾਰ (ੲ) ਪਹਿਰਾਵਾ ਤੇ ਸ਼ਿੰਗਾਰ ਢੰਗ (ਸ) ਵਸੇਬਾ: ਘਰ, ਮਕਾਨ ਅਤੇ ਚੌਗਿਰਦਾ (ਹ) (1) ਰੀਤੀ-ਰਿਵਾਜ ਤੇ ਲੋਕ-ਵਿਸ਼ਵਾਸ (ਅ) ਟੋਟਮ ਤੇ ਟੈਬੂ  (ਕ) ਹੋਰ ਵਿਭਿੰਨ ਅੰਗ......
4. ਸੁਹਜ-ਸੰਚਾਰਮੂਲਕ ਸੰਚਾਰ-ਵਸੀਲੇ- (ੳ) ਭਾਸ਼ਾਈ: ਆਮ ਸੰਚਾਰ ਅਤੇ ਕਲਾਤਮਕ ਸੰਚਾਰ (ਅ) ਗ਼ੈਰ-ਭਾਸ਼ਾਈ: ਸੰਗੀਤ, ਨ੍ਰਿਤ, ਨਾਟਕ, ਫਿਲਮਾਂ, ਬੁਤਕਲਾ, ਚਿਤਰਕਾਰੀ, ਚਿੰਨ੍ਹ-ਪ੍ਰਬੰਧ।[38]

ਡਾ. ਗੁਰਜੀਤ ਸਿੰਘ ਨੇ 'ਸਭਿਆਚਾਰ ਨੂੰ ਬਣਾਉਣ ਵਾਲੇ ਤੱਤ' ਸਿਰਲੇਖ ਅਧੀਨ ਅਧਿਆਇ ਵਿਚ ਸਭਿਆਚਾਰ ਦੇ ਉਪ-ਅੰਗ ਦੱਸੇ ਹਨ:

ਰੀਤੀ-ਰਿਵਾਜ, ਪਰੰਪਰਾਵਾਂ, ਵਿਚਾਰਧਾਰਾ, ਕਾਨੂੰਨੀ-ਵਿਵਸਥਾ, ਸਮਾਜਿਕ-ਵਿਸ਼ਵਾਸ, ਸਮਾਜਿਕ-ਆਦਰਸ਼, ਕਲਾ, ਭਾਸ਼ਾ, ਸਾਹਿਤ, ਧਰਮ, ਧਾਰਮਿਕ ਸੰਸਥਾਵਾਂ, ਲੋਕ ਰਵਾਇਤਾਂ ਅਤੇ ਤਿਉਹਾਰ, ਖਾਣ-ਪੀਣ ਅਤੇ ਪਹਿਰਾਵਾ।[39]

ਡਾ. ਦਵਿੰਦਰ ਸਿੰਘ ਨੇ ਸਭਿਆਚਾਰ ਦੇ ਮੁਖ ਤੱਤ ਇਸ ਤਰ੍ਹਾਂ ਦਿਤੇ ਹਨ:

ਸਮੂਹਿਕਤਾ, ਭੂਗੋਲ, ਨਸਲੀ ਤੱਤ, ਮਾਨਸਿਕਤਾ, ਇਤਿਹਾਸਕਤਾ, ਸਾਂਝੀ ਵਿਰਾਸਤ, ਸੁਹਜ ਬੋਧ ਅਤੇ ਸੰਚਾਰ ਤੱਤ।[40]

ਡਾ. ਗੁਰਬਖਸ਼ ਸਿੰਘ ਨੇ ਰੀਸ ਮੈਕਗੀ ਦੁਆਰਾ ਸਭਿਆਚਾਰ ਦੀ ਕੀਤੀ ਵੰਡ ਦੇ ਆਧਾਰ 'ਤੇ ਸਭਿਆਚਾਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ:

1. ਪਦਾਰਥਕ ਸਭਿਆਚਾਰ (2) ਪ੍ਰਤਿਮਾਨਕ ਸਭਿਆਚਾਰ (3) ਬੋਧਾਤਮਕ ਸਭਿਆਚਾਰ।

ਉਪਰੋਕਤ ਸਭਿਆਚਾਰ ਦੇ ਦਿਤੇ ਵੱਖ-ਵੱਖ ਪਖਾਂ ਜਾਂ ਅੰਗਾਂ ਨੂੰ ਵਿਚਾਰਦੇ ਹੋਏ ਡਾ. ਗੁਰਬਖਸ਼

---

37 ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 23.

38 ਉਹੀ, ਪੰਨੇ 24-25.

39 ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫਾ, ਪੰਨਾ 17

40 ਡਾ. ਦਵਿੰਦਰ ਸਿੰਘ, ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਪੰਨਾ 23

ਸਿੰਘ ਦੁਆਰਾ ਰੀਸ ਮੈਕਗੀ ਦੀ ਵੰਡ ਦੇ ਆਧਾਰ 'ਤੇ ਕੀਤੀ ਸਭਿਆਚਾਰਕ ਵੰਡ ਨੂੰ ਮਿਆਰੀ ਮੰਨ ਕੇ ਸਭਿਆਚਾਰ ਦੇ ਇਹਨਾਂ ਤਿੰਨ ਅੰਗਾਂ ਬਾਰੇ ਵਿਸਥਾਰ ਇਸ ਤਰ੍ਹਾਂ ਦਿਤਾ ਜਾ ਰਿਹਾ ਹੈ:

**ਪਦਾਰਥਕ ਸਭਿਆਚਾਰ**: ਪਦਾਰਥਕ ਸਭਿਆਚਾਰ ਮਨੁਖ ਦੇ ਕੁਦਰਤ ਨਾਲ ਦਵੰਦਾਤਮਕ ਸੰਬੰਧ ਵਿਚੋਂ ਉਤਪੰਨ ਹੁੰਦਾ ਹੈ। ਇਹ ਮਨੁਖ ਦੁਆਰਾ ਆਪਣੇ ਆਪ ਨੂੰ ਕੁਦਰਤ ਦੇ ਅਤੇ ਕਿਸੇ ਹਦ ਤਕ ਕੁਦਰਤ ਨੂੰ ਆਪਣੇ ਅਨੁਸਾਰ ਢਾਲਣ ਦੇ ਸਕਾਰਥ ਯਤਨਾਂ ਦਾ ਨਤੀਜਾ ਹੈ। ਮਨੁਖ ਕੁਦਰਤ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਕੁਝ ਹਾਸਿਲ ਕਰਨ ਲਈ ਅਤੇ ਕੁਦਰਤੀ ਵਸਤਾਂ ਨੂੰ ਆਪਣੇ ਵਰਤਣ ਯੋਗ ਬਣਾਉਣ ਲਈ ਕੁਦਰਤ ਨਾਲ ਦਵੰਦਾਤਮਕ ਸੰਬੰਧ ਰਚਦਾ ਹੈ। ਪਦਾਰਥਕ ਸਭਿਆਚਾਰ ਵਿਚ ਮਨੁਖ ਦੁਆਰਾ ਸਿਰਜੀਆਂ ਅਤੇ ਉਸ ਦੁਆਰਾ ਵਰਤੀਆਂ ਜਾਂਦੀਆਂ ਕੁਦਰਤੀ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਆਮ ਕਰਕੇ ਮਨੁਖ ਦੀਆਂ ਸਰੀਰਕ ਲੋੜਾਂ ਨਾਲ ਸੰਬੰਧਿਤ ਅੰਸ਼ ਆ ਜਾਂਦੇ ਹਨ। ਪਦਾਰਥਕ ਸਭਿਆਚਾਰ ਵਿਚ ਭਾਸ਼ਾ, ਕਲਾ, ਰਿਸ਼ਤੇਦਾਰੀਆਂ, ਖਾਣ-ਪੀਣ, ਮਨੋਰੰਜਨ, ਹਾਰ-ਸਿੰਗਾਰ ਆਦਿਕ ਅੰਸ਼ ਆਉਂਦੇ ਹਨ।

**ਪ੍ਰਤਿਮਾਨਕ ਸਭਿਆਚਾਰ:** ਇਸ ਵਿਚ ਮਨੁਖੀ ਵਿਵਹਾਰ ਨੂੰ ਨਿਯਮਬਧ ਤੇ ਨਿਸ਼ਚਿਤ ਕੀਤਾ ਜਾਂਦਾ ਹੈ। ਮਨੁਖ ਸਮਾਜ ਵਿਚ ਕਿਵੇਂ ਦਾ ਵਿਵਹਾਰ ਕਰੇ ਕਿ ਸਮਾਜ ਵਿਚ ਉਸਦਾ ਚੰਗਾ ਮਿਲਵਰਤਣ ਬਣ ਸਕੇ ਅਤੇ ਉਹ ਇਕ ਉਸਾਰੂ ਸਮਾਜ ਦੀ ਸਿਰਜਣਾ ਕਰ ਸਕੇ ਅਤੇ ਸਮਾਜ ਦਾ ਸੰਚਾਲਨ ਸੁਚਾਰੂ ਰੂਪ ਵਿਚ ਹੋ ਸਕੇ। ਇਹਨਾਂ ਉਦੇਸ਼ਾਂ ਨੂੰ ਧਿਆਨ ਵਿਚ ਰਖ ਕੇ ਸਮਾਜ ਵਲੋਂ ਵਿਵਹਾਰ ਦੇ ਕੁਝ ਨਿਯਮ ਬਣਾਏ ਜਾਂਦੇ ਹਨ। ਇਹਨਾਂ ਨਿਯਮਾਂ ਦਾ ਸੰਗ੍ਰਹਿ ਪ੍ਰਤਿਮਾਨਕ ਸਭਿਆਚਾਰ ਕਹਾਉਂਦਾ ਹੈ। ਡਾ. ਗੁਰਬਖਸ਼ ਸਿੰਘ ਨੇ ਇਹਨਾਂ ਨਿਯਮਾਂ ਨੂੰ ਕਈ ਨਾਮ ਦਿਤੇ ਹਨ; ਜਿਵੇਂ ਨਿਰਦੇਸ਼ਾਤਮਕ ਤੇ ਨਿਸ਼ੇਧਾਤਮਕ ਨਿਯਮ, ਪ੍ਰਤਖ ਤੇ ਪ੍ਰੋਖ ਨਿਯਮ, ਆਦਰਸ਼ਕ ਤੇ ਵਿਆਪਕ ਨਿਯਮ, ਲੋਕਾਚਾਰ, ਸਦਾਚਾਰ, ਤਾਬੂ (ਟੈਬੂ) ਤੇ ਕਾਨੂੰਨ।

ਨਿਰਦੇਸ਼ਾਤਮਕ ਨਿਯਮਾਂ ਵਿਚ ਦਸਿਆ ਜਾਂਦਾ ਹੈ ਕਿ ਕਿਹੜੇ ਕੰਮ ਕਰਨੇ ਚਾਹੀਦੇ ਹਨ ਅਤੇ ਨਿਸ਼ੇਧਾਤਮਕ ਨਿਯਮਾਂ ਵਿਚ ਦਸਿਆ ਜਾਂਦਾ ਹੈ ਕਿ ਕਿਹੜੇ ਕੰਮ ਨਹੀਂ ਕਰਨੇ ਚਾਹੀਦੇ। ਪ੍ਰਤਖ ਨਿਯਮ ਉਹ ਹੁੰਦੇ ਹਨ ਜਿਹੜੇ ਸਮਾਜ ਵਿਚ ਮਨੁਖ ਨੂੰ ਪ੍ਰਤਖ ਤੇ ਖਾਸ ਤੌਰ 'ਤੇ ਸਿਖਾਏ ਜਾਂਦੇ ਹਨ ਪਰ ਪ੍ਰੋਖ ਜਾਂ ਅਪ੍ਰਤਖ ਨਿਯਮ ਉਹ ਹਨ ਜਿਹੜੇ ਮਨੁਖ ਸਮਾਜ ਵਿਚ ਵਿਚਰਦੇ ਹੋਏ ਸਹਿਜੇ ਸਿਖ ਲੈਂਦਾ ਹੈ; ਜਿਵੇਂ ਖੁਸ਼ੀ ਵੇਲੇ ਹਸਣਾ, ਦੁਖ ਵੇਲੇ ਰੋਣਾ, ਉਬਾਸੀ ਵੇਲੇ ਮੂੰਹ ਅਡਣਾ ਅਤੇ ਹੋਰ ਹਲਾਤਾਂ ਮੁਤਾਬਕ ਹਾਵ-ਭਾਵ ਬਣਾਉਣੇ ਅਤੇ ਕਿਸੇ ਗਲ ਦੀ ਸਹਿਮਤੀ ਜਾਂ ਅਸਿਹਮਤੀ ਦ੍ਰਿਸ਼ਉਣ ਵੇਲੇ ਸਿਰ ਹਲਾਉਣਾ ਆਦਿਕ। ਅਦ੍ਰਿਸ਼ਕ ਨਿਯਮ ਉਹ ਹਨ ਜਿਹੜੇ ਮੰਨ ਕੇ ਸਮਾਜ ਵੱਲੋਂ ਨਿਰਧਾਰਤ ਕੀਤੇ ਜਾਂਦੇ ਹਨ। ਇਹਨਾਂ ਨਿਯਮਾਂ ਦੀ ਪਾਲਣਾ ਲਈ ਕੋਈ ਕਨੂੰਨ ਨਹੀਂ ਬਣਾਏ ਜਾਂਦੇ ਅਤੇ ਕਿਸੇ ਹੱਦ ਤਕ ਇਹਨਾਂ ਦੀ ਉਲੰਗਣਾ ਨੂੰ ਬਰਦਾਸ਼ਤ ਵੀ ਕੀਤਾ ਜਾ ਸਕਦਾ ਹੈ। ਹਰ ਕਿਸੇ ਲਈ ਇਹਨਾਂ ਦੀ ਪਾਲਣਾ ਜ਼ਰੂਰੀ ਨਹੀਂ ਹੁੰਦੀ। ਇਸ ਨਿਰਣੇ ਨੂੰ ਸਮਾਜਕ ਮੈਂਬਰਾਂ ਦੀ

ਇਛਾ ਤੇ ਛਡ ਦਿਤਾ ਜਾਂਦਾ ਹੈ ਪਰ ਵਿਆਪਕ ਨਿਯਮ ਕਿਸੇ ਸਮਾਜ ਦਾ ਆਧਾਰ ਹੁੰਦੇ ਹਨ। ਇਹਨਾਂ ਦੀ ਉਲੰਘਣਾ ਕਿਸੇ ਵੀ ਕੀਮਤ ਤੇ ਨਹੀਂ ਕੀਤੀ ਜਾ ਸਕਦੀ। ਲੋਕਾਚਾਰ ਅਜਿਹੇ ਨਿਯਮ ਹੁੰਦੇ ਹਨ ਜਿਹੜੇ ਮਨ ਦੀ ਤਸੱਲੀ ਜਾਂ ਸਮਾਜ ਪ੍ਰਤੀ ਵਿਰੋਧ ਡਰ ਕਾਰਨ ਨਿਭਾਏ ਜਾਂਦੇ ਹਨ। ਇਹਨਾਂ ਦਾ ਕੋਈ ਬਹੁਤਾ ਫਲ ਨਹੀਂ ਹੁੰਦਾ ਪਰ ਸਦਾਚਾਰ ਸਹੀ ਵਿਵਹਾਰ ਕਰਨ ਦਾ ਨਿਰਦੇਸ਼ ਦਿੰਦਾ ਹੈ। ਤਾਬੂ ਜਾਂ ਟੈਬੂ ਸਮਾਜ ਵੱਲੋਂ ਮਿਥੀਆਂ ਮਨਾਹੀਆਂ ਨੂੰ ਕਿਹਾ ਜਾਂਦਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ, "ਟੈਬੂ ਸਭਿਆਚਾਰ ਦੇ ਖੇਤਰ ਦਾ ਬੇਹਦ ਪ੍ਰਚਲਤ ਵਰਤਾਰਾ ਹੈ। ਅੰਗਰੇਜ਼ੀ ਸ਼ਬਦ ਟੈਬੂ (Taboo) ਪੋਲੋਨੀਸ਼ੀਅਨ ਸ਼ਬਦ ਟਾਬੂ (Tabu) (ਪਹਿਲੇ ਅਖਰ 'ਤੇ ਜ਼ੋਰ ਦੇਣ ਨਾਲ) ਤੋਂ ਲਿਆ ਹੈ। ਪੋਲੋਨੀਸ਼ੀਅਨ ਭਾਸ਼ਾਵਾਂ ਵਿਚ ਇਸ ਦੇ ਅਰਥ ਹਨ- ਮਨਾਹੀ ਕਰਨਾ (To Forbid), ਵਰਜਣਾ (Forbidden)। ਇਸ ਸ਼ਬਦ ਨੂੰ ਕਿਸੇ ਵਿਸ਼ੇਸ਼ ਪ੍ਰਕਾਰ ਦੀ ਮਨਾਹੀ (Prohibition) ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਚਜ ਆਚਾਰ ਨਿਯਮ, ਸਰਦਾਰ (Chief) ਵਲੋਂ ਜ਼ਾਰੀ ਕੀਤਾ ਗਿਆ ਹੁਕਮ ਜਾਂ ਆਦੇਸ਼; ਬੱਚਿਆਂ ਲਈ ਇਹ ਆਦੇਸ਼ ਸੀ ਕਿ ਉਹ ਵਡਿਆਂ ਦੀਆਂ ਵਸਤਾਂ ਨੂੰ ਨਾ ਛੇੜਨ, ਇਹਨਾਂ ਸਾਰਿਆਂ ਨੂੰ ਸ਼ਬਦ ਟਾਬੂ (Tabu) ਦੁਆਰਾ ਪ੍ਰਗਟ ਕੀਤਾ ਜਾ ਸਕਦਾ ਹੈ।[41] ਇਹਨਾਂ ਨਿਯਮਾਂ ਨੂੰ ਉਹਨਾਂ ਨੇ ਅੰਤਿਮ ਨਹੀਂ ਕਿਹਾ ਸਗੋਂ ਇਹ ਵੰਡ ਹੋਰ ਤਰ੍ਹਾਂ ਵੀ ਹੋ ਸਕਦੀ ਹੈ।

**ਬੌਧਾਤਮਕ ਸਭਿਆਚਾਰ** : ਸਭਿਆਚਾਰ ਦਾ ਤੀਜਾ ਭਾਗ ਬੌਧਾਤਮਕ ਸਭਿਆਚਾਰ ਹੈ। ਡਾ. ਗੁਰਬਖਸ਼ ਸਿੰਘ ਅਨੁਸਾਰ ਇਸ ਭਾਗ ਵਿਚ ਵੀਚਾਰ, ਵਤੀਰੇ, ਵਿਸ਼ਵਾਸ, ਕਲਾ, ਧਰਮ, ਸਾਹਿਤ ਆਦਿਕ ਆਉਂਦੇ ਹਨ।[42] ਫਲਸਫ਼ੇ ਰਾਹੀਂ ਹੀ ਸਮਾਜ ਦੇ ਪ੍ਰਤਿਮਾਨਾਂ ਨੂੰ ਸਹੀ ਅਤੇ ਗਲਤ ਦਰਸਾਇਆ ਜਾਂਦਾ ਹੈ। ਸਮਾਜ ਦੇ ਵਿਭਿੰਨ ਤਤਾਂ ਨੂੰ ਸਮਝਣ ਅਤੇ ਸਮਝਾਉਣ ਲਈ ਫਲਸਫ਼ੇ ਦਾ ਸਹਾਰਾ ਲਿਆ ਜਾਂਦਾ ਹੈ। ਮਿਥਿਹਸ ਦੀਆਂ ਕਹਾਣੀਆਂ ਭਾਵੇਂ ਕਾਲਪਲਿਕ ਪ੍ਰਤੀਤੀ ਹੁੰਦੀਆਂ ਹਨ ਪਰ ਉਹਨਾਂ ਵਿਚ ਮਨੁਖ ਦੇ ਵਿਅਕਤੀਗਤ ਜੀਵਨ ਤੋਂ ਲੈ ਕੇ ਸਮੁਚੇ ਬ੍ਰਹਿਮੰਡ ਦੇ ਪਾਸਾਰਾਂ ਨੂੰ ਪ੍ਰਤੀਕਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਪ੍ਰਤਿਮਾਨਕ ਸਭਿਆਚਾਰ ਵਿਚ ਦਿਸ਼ਸ ਨਿਰਦੇਸ਼ ਦਿਤੇ ਜਾਦੇ ਹਨ ਅਤੇ ਮਨੁਖ ਦੇ ਸਮੁਚੇ ਵਿਵਹਾਰ ਨੂੰ ਸੰਤੁਲਿਤ ਵਹਾਅ ਵਿਚ ਪ੍ਰਵਾਹਤ ਕਰਨ ਦੇ ਨਿਯਮ ਨਿਰਧਾਰਤ ਕੀਤੇ ਜਾਂਦੇ ਹਨ ਬੌਧਿਕ ਸਭਿਆਚਾਰ ਇਹਨਾਂ ਨਿਯਮਾਂ ਦਾ ਸਰੋਤ ਹੈ ਜਿਸ ਵਿਚ ਇਹਨਾਂ ਦੀ ਸਮਝ ਪ੍ਰਾਪਤ ਹੁੰਦੀ ਹੈ।

## 1.5 ਸਭਿਆਚਾਰ ਦਾ ਸਰੂਪ:

ਸਭਿਆਚਾਰ ਮਨੁਖੀ ਵਰਤਾਰੇ ਨੂੰ ਪੇਸ਼ ਕਰਦਾ ਹੈ। ਆਦਿ ਕਾਲ ਤੋਂ ਲੈ ਕੇ ਵਰਤਮਾਨ ਤਕ ਸਭਿਆਚਾਰ ਨੇ ਜਿੰਨਾ ਵਿਕਾਸ ਕੀਤਾ ਉਹ ਮਨੁਖੀ ਵਿਕਾਸ ਦਾ ਹੀ ਨਤੀਜਾ ਹੈ। ਮਨੁਖ ਦੇ ਸੀਮਤ ਸਾਧਨਾਂ

---

41 ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨੇ 70-71.

42 ਡਾ. ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 36.

ਅਤੇ ਕਿਰਿਆਵਾਂ ਦਾ ਪਾਸਾਰ ਅਤੇ ਪ੍ਰਫੁਲਤਾ ਹੀ ਸਭਿਆਚਾਰ ਦੀ ਪ੍ਰਫੁਲਤਾ ਹੈ। ਇਸ ਤਰ੍ਹਾਂ ਸਭਿਆਚਾਰ ਵਿਕਾਸ ਕਰਦਾ ਕਰਦਾ ਇਕ ਸੁਤੰਤਰ ਅਤੇ ਵਿਆਪਕ ਅਨੁਸ਼ਾਸ਼ਨ ਦਾ ਰੂਪ ਧਾਰਨ ਕਰ ਗਿਆ। ਸਭਿਆਚਾਰ ਦੀ ਉਤਪਤੀ ਮਨੁਖ ਦੇ ਕੁਦਰਤ ਨਾਲ ਦਵੰਦਾਤਾਮਕ ਰਿਸ਼ਤੇ ਵਿਚੋਂ ਹੋਈ ਹੈ ਅਤੇ ਲਗਾਤਾਰ ਵਿਕਾਸ ਦੇ ਰਾਹ 'ਤੇ ਹੈ। ਇਹ ਰਿਸ਼ਤਾ ਸਭਿਆਚਾਰ ਦੇ ਸੰਕਲਪਗਤ ਸਰੂਪ ਨੂੰ ਉਘਾੜਦਾ ਹੈ। ਪਰਿਭਾਸ਼ਾ ਤੇ ਤਤ ਇਸ ਦੀ ਵਿਲੱਖਣਤਾ ਨੂੰ ਉਘਾੜਦੇ ਹਨ। ਸਭਿਆਚਾਰ ਦੀ ਉਤਪਤੀ ਪਰਿਭਾਸ਼ਾ ਅਰਥ ਅਤੇ ਇਸਨੂੰ ਬਣਾਉਣ ਵਾਲੇ ਤਤਾਂ ਦਾ ਵਿਸ਼ਲੇਸ਼ਣ ਕਰਕੇ ਇਸਦਾ ਜੋ ਵਿਲੱਖਣ, ਸੁਤੰਤਰ ਅਤੇ ਸਪਸ਼ਟ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ ਉਸ ਸਰੂਪ ਸੰਬੰਧੀ ਕੁਝ ਤਥ ਇਸ ਤਰ੍ਹਾਂ ਹਨ:

**ਜਟਿਲ ਅਤੇ ਸੰਗਠਿਤ ਪ੍ਰਬੰਧ:** ਸਭਿਆਚਾਰ ਨਿਰੋਲ ਜਾਂ ਇਕਹਰੀ ਹੋਂਦ ਵਾਲਾ ਅਨੁਸ਼ਾਸ਼ਨ ਨਹੀਂ ਹੈ, ਸਗੋਂ ਇਸ ਵਿਚ ਅਨੇਕਾਂ ਅੰਸ਼ਕ ਇਕਾਈਆਂ ਸ਼ਾਮਿਲ ਹੁੰਦੀਆਂ ਹਨ। ਇਸਦੀ ਹੋਂਦ ਵਿਚ ਇਸਦੇ ਵੱਖ-ਵੱਖ ਅੰਗਾਂ, ਪਖਾਂ, ਸੰਸਥਾਵਾਂ, ਪੈਟਰਨਾਂ, ਪ੍ਰਤਿਮਾਨਾਂ ਆਦਿਕ ਦਾ ਇਕ ਤਰਤੀਬਬੱਧ ਸੰਯੋਗ ਹੁੰਦਾ ਹੈ। ਇਹ ਸਾਰੀਆਂ ਇਕਾਈਆਂ ਸਭਿਆਚਾਰਕ ਢਾਂਚੇ ਵਿਚ ਬੇਤਰਤੀਬੇ ਰੂਪ ਵਿਚ ਨਹੀਂ, ਸਗੋਂ ਇਕ ਨਿਰਧਾਰਿਤ ਅਤੇ ਸੰਗਠਿਤ ਪ੍ਰਬੰਧ ਵਿਚ ਜੁੜੀਆਂ ਹੁੰਦੀਆਂ ਹਨ। ਇਹਨਾਂ ਇਕਾਈਆਂ ਵਿਚਲਾ ਸੰਬੰਧ ਸਰਲ ਨਹੀਂ ਸਗੋਂ ਜਟਿਲ ਹੁੰਦਾ ਹੈ। ਵਿਲੀਅਮ ਐਫ. ਔਗਬਰਨ ਦਾ ਕਥਨ ਹੈ ਕਿ ਸਭਿਆਚਾਰ ਦੇ ਸਾਰੇ ਅੰਗ ਇਕ ਜ਼ੰਜ਼ੀਰ ਦੀਆਂ ਕੜੀਆਂ ਵਾਂਗ ਸਾਦਾ ਢੰਗ ਨਾਲ ਆਪਸ ਵਿਚ ਸੰਬੰਧਤ ਨਹੀਂ ਹੁੰਦੇ, ਸਗੋਂ ਇਕ ਮਸ਼ੀਨ ਦੇ ਪੁਰਜਿਆਂ ਵਾਂਗ ਚੰਗੀ ਤਰ੍ਹਾਂ ਆਪਸ ਵਿਚ ਜੁੜੇ ਹੁੰਦੇ ਹਨ ਜਦੋਂ ਇਕ ਅੰਗ ਜਾਂ ਪੁਰਜਾ ਬਦਲਦਾ ਹੈ ਤਾਂ ਦੂਸਰੇ ਪੁਰਜੇ ਵੀ ਵਧ ਜਾਂ ਘਟ ਪ੍ਰਭਾਵਤ ਹੋ ਜਾਂਦੇ ਹਨ। ਡਾ.ਜਸਵਿੰਦਰ ਸਿੰਘ ਔਗਬਰਨ ਦੇ ਇਸ ਕਥਨ ਦੇ ਵਿਰੋਧ ਵਿਚ ਆਪਣੀ ਰਾਇ ਦਿੰਦੇ ਹਨ ਕਿ ਔਗਬਰਨ ਨੇ ਸਭਿਆਚਾਰ ਦੇ ਵੱਖ-ਵੱਖ ਅੰਗਾਂ ਦੇ ਆਪਸੀ ਸੰਬੰਧ ਨੂੰ ਮਸ਼ੀਨ ਦੇ ਪੁਰਜਿਆਂ ਸਾਮਾਨ ਦੱਸ ਕੇ ਮਨੁਖੀ ਜੀਵਨ ਨਾਲ ਹੀ ਸਭਿਆਚਾਰ ਦੇ ਜੀਵੰਤ ਸਰੂਪ ਨੂੰ ਨਜ਼ਰ ਅੰਦਾਜ਼ ਕਰ ਦਿਤਾ ਹੈ। ਮਸ਼ੀਨ ਦੇ ਪੁਰਜੇ ਭਾਵੇਂ ਵਿਸ਼ੇਸ਼ ਕਿਰਿਅਸ਼ੀਲ ਢੰਗ ਨਾਲ ਆਪੋ ਵਿਚ ਜੁੜੇ ਹੁੰਦੇ ਹਨ ਪਰ ਇਹ ਸੰਬੰਧ ਮਕਾਨਕੀ ਹੈ। ਇਕ ਪੁਰਜੇ ਦਾ ਬਦਲਿਆ ਜਾਣਾ ਸੰਭਵ ਹੈ ਅਤੇ ਮਸ਼ੀਨ ਇਸੇ ਢੰਗ ਨਾਲ ਕੰਮ ਕਰਦੀ ਰਹਿ ਸਕਦੀ ਹੈ ਜਦ ਕਿ ਸਭਿਆਚਾਰ ਦਾ ਇਕ ਅੰਗ ਆਪਣੇ ਆਪ ਵਿਚ ਬਦਲਦਾ ਹੋਇਆ ਵੀ ਦੂਸਰੇ ਅਨੇਕਾਂ ਅੰਗਾਂ ਉਤੇ ਪ੍ਰਭਾਵ ਪਾਉਂਦਾ ਹੈ।[43] ਸਭਿਆਚਾਰ ਦੇ ਕਿਸੇ ਇਕ ਅੰਗ ਵਿਚ ਆਇਆ ਪਰਿਵਰਤਨ ਜੇਕਰ ਦੂਜਿਆਂ ਨੂੰ ਪਰਿਵਰਤਿਤ ਨਹੀਂ ਕਰਦਾ ਤਾਂ ਸਭਿਆਚਾਰਕ ਅਸਾਵੇਂਪਣ ਜਾਂ ਸਭਿਆਚਾਰਕ ਅਸੰਤੁਲਨ ਦੀ ਸਥਿਤੀ ਪੈਦਾ ਹੋ ਜਾਵੇਗੀ। ਡਾ. ਗੁਰਬਖ਼ਸ਼ ਸਿੰਘ ਨੇ ਸਭਿਆਚਾਰ ਦੇ ਤਿੰਨ ਅੰਗ ਜਾਂ ਭਾਗ ਮੰਨੇ ਹਨ- ਪਦਾਰਥਕ ਸਭਿਆਚਾਰ, ਪ੍ਰਤਿਮਾਨਕ ਸਭਿਆਚਾਰ, ਬੋਧਿਕ ਸਭਿਆਚਾਰ। ਪਰ

[43] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ, ਪੰਨਾ 9

ਇਹ ਤਿੰਨ ਭਾਗ ਕਿਸੇ ਇਕ ਕਿਰਿਆ ਨਾਲ ਸੰਬੰਧਿਤ ਹੋ ਕੇ ਇਕਠੇ ਵੀ ਆ ਸਕਦੇ ਹਨ। ਅਕਸਰ ਕਿਸੇ ਇਕ ਅੰਗ ਦੀ ਗੱਲ ਕਰਦਿਆਂ ਦੂਜੇ ਅੰਗ ਤਕ ਪਹੁੰਚ ਜਾਈਦਾ ਹੈ। ਇਹਨਾਂ ਅੰਗਾਂ ਦਾ ਸੰਬੰਧ ਇੰਨਾ ਗੁੰਝਲਦਾਰ ਹੁੰਦਾ ਹੈ ਕਿ ਇਹਨਾਂ ਨੂੰ ਨਿਖੇੜ ਕੇ ਪਰਿਭਾਸ਼ਿਤ ਕਰਨਾ ਮੁਸ਼ਕਲ ਹੈ।

**ਸਭਿਆਚਾਰ ਗਤੀਸ਼ੀਲ ਅਤੇ ਪਰਿਵਰਤਨਸ਼ੀਲ:** ਸਭਿਆਚਾਰਕ ਵਿਕਾਸ ਦੇ ਕਿਸੇ ਪੜਾਅ ‘ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਸਭਿਆਚਾਰ ਮੁਕੰਮਲ ਹੋ ਗਿਆ ਹੈ ਜਾਂ ਸਭਿਆਚਾਰ ਸਥਿਰ ਹੋ ਗਿਆ ਹੈ, ਹੁਣ ਵਿਕਾਸ ਦੀ ਲੋੜ ਨਹੀਂ। ਇਸ ਦੇ ਪਰਿਵਰਤਨ ਦੀ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ। ਸਭਿਆਚਾਰ ਮਨੁਖ ਜਿੰਨਾ ਹੀ ਪੁਰਾਣਾ ਹੈ, ਮਨੁਖ ਦੀ ਇਹ ਪ੍ਰਵਿਰਤੀ ਹੈ ਕਿ ਉਹ ਪੁਰਾਣੇ ਪਰੰਪਰਾਗਤ ਤਤਾਂ ਨੂੰ ਨਵੀਨਤਾ ਦੇ ਸੰਚੇ ਵਿਚ ਢਾਲਦਾ ਰਹਿੰਦਾ ਹੈ ਅਤੇ ਸਮੇਂ ਤੇ ਨਵੀਆਂ ਉਪਜੀਆਂ ਲੋੜਾਂ ਅਨੁਸਾਰ ਬੇਲੋੜੇ ਪੁਰਾਣੇ ਤਤਾਂ ਨੂੰ ਛਡਦਾ ਜਾਂਦਾ ਹੈ ਅਤੇ ਨਵੇਂ ਤਤ ਸਿਰਜਦਾ ਰਹਿੰਦਾ ਹੈ। ਜਦੋਂ ਤੋਂ ਮਨੁਖ ਪੈਦਾ ਹੋਇਆ ਹੈ ਉਦੋਂ ਤੋਂ ਹੀ ਨਿਰੰਤਰ ਵਿਕਾਸ ਦੇ ਰੁਝਾਨ ਵਿਚ ਹੈ ਅਤੇ ਇਹ ਰੁਝਾਨ ਅਜ ਵੀ ਉਸੇ ਤਰ੍ਹਾਂ ਜਾਰੀ ਹੈ। ਬਿਲਕੁਲ ਇਸੇ ਤਰ੍ਹਾਂ ਸਭਿਆਚਾਰ ਵੀ ਨਿਰੰਤਰ ਵਿਕਾਸ ਦੀਆਂ ਰਾਹਾਂ ‘ਤੇ ਹੈ ਅਤੇ ਮਨੁਖ ਤੇ ਸਭਿਆਚਾਰ ਦਾ ਇਹ ਰੁਝਾਨ ਹਮੇਸ਼ਾ ਚਲਦਾ ਰਹੇਗਾ। ਮਨੁਖ ਉਤੇ ਕੁਦਰਤ ਦਾ ਵੀ ਪ੍ਰਭਾਵ ਪੈਂਦਾ ਹੈ। ਕੁਦਰਤ ਵਿਚ ਆਏ ਬਦਲਾਅ ਕਾਰਨ ਮਨੁਖੀ ਜੀਵਨ ਪ੍ਰਭਾਵਿਤ ਹੁੰਦਾ ਹੈ। ਮਨੁਖ ਇਸ ਪ੍ਰਭਾਵ ਤੋਂ ਆਪਣੇ ਆਪ ਨੂੰ ਬਚਾਉਣ ਲਈ ਜਾਂ ਪ੍ਰਕ੍ਰਿਤੀ ਨੂੰ ਆਪਣੇ ਅਨੁਸਾਰ ਢਾਲਣ ਲਈ ਕਈ ਤਰ੍ਹਾਂ ਦੇ ਹੀਲੇ ਵਸੀਲੇ ਕਰਦਾ ਰਹਿੰਦਾ ਹੈ। ਜਿਹਨਾਂ ਸਦਕਾ ਸਭਿਆਚਾਰ ਵਿਚ ਵੀ ਬਦਲਾਅ ਆਉਂਦਾ ਰਹਿੰਦਾ ਹੈ। ਆਮ ਅਵਸਥਾ ਵਿਚ ਸਭਿਆਚਾਰਕ ਬਦਲਾਅ ਦੀ ਪ੍ਰਕਿਰਿਆ ਸਾਧਾਰਣ ਤੇ ਅਪ੍ਰਤਖ ਰੂਪ ਵਿਚ ਚਲਦੀ ਰਹਿੰਦੀ ਹੈ ਪਰ ਕਈ ਵਾਰ ਇਸਦੇ ਕਿਸੇ ਇਕ ਜਾਂ ਵਧ ਪਖਾਂ ਜਿਵੇਂ ਪਦਾਰਥਕ, ਪ੍ਰਤਿਮਾਨਕ ਅਤੇ ਬੌਧਿਕ ਜਾਂ ਇਤਿਹਾਸਕ, ਧਾਰਮਿਕ, ਸਮਾਜਿਕ, ਪ੍ਰਾਕਿਰਤਿਕ ਆਦਿ ਵਿਚ ਆਏ ਪਰਿਵਰਤਨ ਕਾਰਨ ਸਮੁਚੇ ਸਭਿਆਚਾਰ ਵਿਚ ਵੀ ਵਿਸ਼ੇਸ਼ ਅਤੇ ਵਡੇ ਪਰਿਵਰਤਨ ਆ ਜਾਂਦੇ ਹਨ। ਮਹਤਵਪੂਰਨ ਗੱਲ ਇਹ ਹੈ ਕਿ ਸਭਿਆਚਾਰਕ ਪਰਿਵਰਤਨ ਦੀ ਪ੍ਰਕਿਰਿਆ ਵਿਚ ਕਦੇ ਵੀ ਦੁਹਰਾਉ ਨਹੀਂ ਹੁੰਦਾ, ਸਗੋਂ ਇਹ ਪਰਿਵਰਵਨ ਹਮੇਸ਼ਾ ਉਚੇਰੇ ਅਤੇ ਨਵੇਂ ਖੇਤਰਾਂ ਵਲ ਪ੍ਰਵਾਹਿਤ ਹੁੰਦਾ ਜਾਂਦਾ ਹੈ। ਲੇਸਾਇਲ ਏ. ਵਾਈਟ ਦੇ ਸ਼ਬਦਾਂ ਵਿਚ, “ਸਭਿਆਚਾਰ ਇਕ ਪ੍ਰਤੀਕਾਤਮਕ, ਨਿਰੰਤਰ, ਸੰਚਿਤ ਅਤੇ ਅਗਾਂਹਵਧੂ ਪ੍ਰਕਿਰਿਆ ਹੈ।”[44] ਸਭਿਆਚਾਰਕ ਤਬਦੀਲੀ ਦੇ ਦੋ ਮੁਖ ਕਾਰਨ ਮੰਨੇ ਜਾਂਦੇ ਹਨ- ਅੰਦਰੂਨੀ ਅਤੇ ਬਾਹਰੀ ਕਾਰਨ। ਕਿਸੇ ਵਿਸ਼ੇਸ਼ ਸਭਿਆਚਾਰ ਦੇ ਅੰਦਰੂਨੀ ਕਾਰਨਾਂ ਵਿਚ ਇਸਦੇ ਅੰਗ, ਰੂਪ, ਪੱਖ ਆਦਿਕ ਤੱਤ ਅਉਂਦੇ ਹਨ। ਇਹਨਾਂ ਕਾਰਨਾਂ ਕਰਕੇ ਸਭਿਆਚਾਰ ਵਿਚ ਅੰਦਰੂਨੀ ਤੌਰ ‘ਤੇ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਜਦੋਂ ਕੋਈ ਵਿਸ਼ੇਸ਼ ਸਭਿਆਚਾਰ ਦੂਜੇ

---

[44] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ-ਚਿੰਨ੍ਹ, ਪੰਨਾ 11.

ਸਭਿਆਚਾਰਾਂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਵਿਚ ਆਉਣ ਵਾਲੇ ਪਰਿਵਰਤਨ ਬਾਹਰੀ ਕਾਰਨਾਂ ਕਰਕੇ ਆਉਂਦੇ ਹਨ। ਡਾ. ਗੁਰਬਖਸ਼ ਸਿੰਘ ਫਰੈਂਕ ਨੇ ਸਭਿਆਚਾਰਕ ਪਵਿਰਤਨ ਦੇ ਤਿੰਨ ਕਾਰਨ ਦੱਸੇ ਹਨ: ਪ੍ਰਕ੍ਰਿਤਕ ਮਾਹੌਲ ਵਿਚ ਆਏ ਪਰਿਵਰਤਨ, ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਅਤੇ ਸਮਾਜ ਦੇ ਬਾਹਰੋਂ ਆਏ ਕਾਰਨ।[45]

ਅਗਲਾ ਪਖ ਹੈ ਕਿ ਸਭਿਆਚਾਰ ਵਿਚ ਕਿਸ ਤਰ੍ਹਾਂ ਦੇ ਪਰਿਵਰਤਨ ਆਉਂਦੇ ਹਨ? ਇਸ ਸੰਬੰਧੀ ਵਖ–ਵਖ ਵਿਦਵਾਨਾਂ ਨੇ ਵਖ-ਵਖ ਵੀਚਾਰ ਦਿਤੇ ਹਨ। ਡਾ. ਗੁਰਬਖ਼ਸ਼ ਸਿੰਘ ਨੇ ਸਭਿਆਚਾਰਕ ਪਰਿਵਰਤਨ ਦੇ ਹੇਠ ਲਿਖੇ ਪਾਸਾਰ ਦੱਸੇ ਹਨ:

1. ਸਭਿਆਚਾਰ ਖਿੰਡਾਅ ਜਾਂ ਅੰਸ਼-ਪਾਸਾਰ 2. ਸਭਿਆਚਾਰੀਕਰਨ 3. ਅਸਿਮੀਲੇਸ਼ਨ (ਇਕ ਸਭਿਆਚਾਰ ਦਾ ਦੂਜੇ ਸਭਿਆਚਾਰ ਵਿਚ ਜ਼ਜ਼ਬ ਹੋ ਜਾਣਾ) 4. ਸੰਸਲਿਸ਼ਤ ਸਭਿਆਚਾਰ (ਦੋ ਸਭਿਆਚਾਰ ਦੇ ਕੁਝ ਅੰਸ਼ਾਂ ਦੇ ਸੁਮੇਲ ਤੋਂ ਬਣਿਆ ਤੀਜਾ ਸਭਿਆਚਾਰ) 5. ਸਭਿਆਚਾਰ ਪਛੜੇਵਾਂ।[46]

ਡਾ. ਜਸਵਿੰਦਰ ਸਿੰਘ ਨੇ ਸਭਿਆਚਾਰਕ ਪਰਿਵਰਤਨ ਚਾਰ ਤਰ੍ਹਾਂ ਦਾ ਮੰਨਿਆ ਹੈ:

1. ਸਭਿਆਚਾਰ ਦਾ ਵਿਕਾਸਮਈ ਪਰਿਵਰਤਨ- (ੳ) ਸਭਿਆਚਾਰਕ ਵਿਕਾਸ (ਅ) ਸਭਿਆਚਾਰਕ ਖਿੰਡਾਉ (ੲ) ਸਭਿਆਚਾਰਕ ਹਮਲਾ (ਸ) ਸਭਿਆਚਾਰੀਕਰਨ 2. ਸਭਿਆਚਾਰਕ ਇਨਕਲਾਬ 3. ਸਭਿਆਚਾਰਕ ਪਛੜੇਵਾਂ।[47]

ਡਾ. ਦਵਿੰਦਰ ਸਿੰਘ ਨੇ ਸਭਿਆਚਾਰਕ ਪਰਿਵਰਤਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ:

**1. ਸਭਿਆਚਾਰਕ ਖਿਲਾਰ ਜਾਂ ਖਿੰਡਾਅ:** ਹਰ ਸਭਿਆਚਾਰ ਦੋ ਪ੍ਰਕਾਰ ਦੇ ਅੰਸ਼ਾਂ ਤੋਂ ਬਣਿਆ ਹੁੰਦਾ ਹੈ- ਮੌਲਿਕ ਅਤੇ ਮਿਸ਼ਰਿਤ ਅੰਸ਼। ਮੌਲਿਕ ਅੰਸ਼ ਕਿਸੇ ਸਭਿਆਚਾਰ ਦੇ ਆਪਣੇ ਅੰਸ਼ ਹੁੰਦੇ ਹਨ ਜਦਕਿ ਮਿਸ਼ਰਿਤ ਅੰਸ਼ ਕਿਸੇ ਦੂਜੇ ਸਭਿਆਚਾਰ ਤੋਂ ਲਏ ਹੁੰਦੇ ਹਨ। ਕਿਸੇ ਦੂਜੇ ਸਭਿਆਚਾਰ ਦੇ ਅੰਸ਼ ਲੈ ਕੇ ਆਪਣੇ ਅਨੁਸਾਰ ਢਾਲ ਕੇ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਸਭਿਆਚਾਰੀਕਰਣ ਕਹਿੰਦੇ ਹਨ।

**2. ਸਭਿਆਚਾਰੀਕਰਣ:** ਇਨਸਾਈਕਲੋਪੀਡੀਆ ਆਫ਼ ਸ਼ੋਸ਼ਿਆਲੋਜ਼ੀ ਅਨੁਸਾਰ, "ਸਭਿਆਚਾਰੀਕਰਣ ਉਹਨਾਂ ਤਬਦੀਲੀਆਂ ਨੂੰ ਪ੍ਰਗਟਾਉਂਦਾ ਹੈ ਜਿਹੜੀਆਂ ਵੱਖ-ਵੱਖ ਸਭਿਆਚਾਰਕ ਰਵਾਇਤਾਂ ਵਾਲੇ ਸਮਾਜਾਂ ਦੇ

---

45 ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਨਾ 56.

46 ਉਹੀ, ਪੰਨਾ 56.

47 ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ-ਚਿੰਨ੍ਹ, ਪੰਨੇ 108-114.

ਇਕ ਦੂਜੇ ਦੇ ਸੰਪਰਕ ਵਿਚ ਆਉਣ ਨਾਲ ਵਾਪਰਦੀਆਂ ਹਨ।[48] ਇਸ ਨੂੰ ਸਭਿਆਚਾਰਕ ਸੰਪਰਕ ਵੀ ਕਿਹਾ ਜਾਂਦਾ ਹੈ। ਸਭਿਆਚਾਰਾਂ ਦੇ ਇਕ ਦੂਜੇ ਦੇ ਸੰਪਰਕ ਵਿਚ ਆਉਣ ਨਾਲ ਵਖੋ-ਵਖਰੇ ਪ੍ਰਤੀਕਰਮ ਜਾਂ ਟਕਰਾਅ ਉਤਪੰਨ ਹੁੰਦੇ ਹਨ। ਸਭਿਆਚਾਰ ਦੇ ਜਿਹਨਾਂ ਅੰਸ਼ਾਂ ਕਰਕੇ ਸਭਿਆਚਾਰ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ ਉਹਨਾਂ ਵਿਚ ਵਿਸ਼ੇਸ਼ ਤੌਰ 'ਤੇ ਤਬਦੀਲੀ ਆਉਂਦੀ ਹੈ। ਡਾ. ਜਸਵਿੰਦਰ ਸਿੰਘ ਸਭਿਆਚਾਰੀਕਰਣ ਦੀਆਂ ਦਿਸ਼ਾਵਾਂ ਇਸ ਤਰ੍ਹਾਂ ਦਿੰਦੇ ਹਨ- ਅਨੁਕੂਲਨ, ਪ੍ਰਤਿਕਰਮ ਜਾਂ ਟਕਰਾਅ ਅਤੇ ਨਕਾਰਣ। ਜਦੋਂ ਕੋਈ ਸਭਿਆਚਾਰ ਆਪਣੇ 'ਤੇ ਭਾਰੂ ਸਭਿਆਚਾਰ ਅਨੁਸਾਰ ਆਪਣੇ ਆਪ ਨੂੰ ਢਾਲ ਲਵੇ ਤਾਂ ਇਸਨੂੰ ਸਭਿਆਚਾਰਕ ਅਨੁਕੂਲਣ ਕਹਿੰਦੇ ਹਨ। ਜਦੋਂ ਦਬਾਊ ਤੇ ਭਾਰੂ ਸਭਿਆਚਾਰਾਂ ਦਾ ਆਪਸ ਵਿਚ ਤਣਾਅ ਪੈਦਾ ਹੋ ਜਾਂਦਾ ਹੈ ਅਤੇ ਦਬਾਊ ਸਭਿਆਚਾਰ ਭਾਰੂ ਸਭਿਆਚਾਰ ਦਾ ਆਸਰ ਨਾ ਕਬੂਲ ਕੇ ਉਸਦੀ ਵਿਰੋਧਤਾ ਕਰੇ ਤਾਂ ਇਸਨੂੰ ਸਭਿਆਚਾਰਕ ਟਕਰਾਅ ਕਹਿੰਦੇ ਹਨ।

**3. ਸਭਿਆਚਾਰਕ ਪਛੜੇਵਾਂ**: ਜਦੋਂ ਸਭਿਆਚਾਰਾਂ ਦੇ ਅੰਗਾਂ ਵਿਚ ਇਕਸਾਰ ਤਬਦੀਲੀ ਨਾ ਹੋ ਕੇ ਕਿਸੇ ਅੰਗ ਵਿਚ ਵਧ ਅਤੇ ਕਿਸੇ ਵਿਚ ਘਟ ਹੁੰਦੀ ਹੈ ਤਾਂ ਸਭਿਆਚਾਰਕ ਅੰਗਾਂ ਵਿਚ ਅਸੰਤੁਲਨ ਪੈਦਾ ਹੋ ਜਾਂਦਾ ਹੈ ਇਸ ਨੂੰ ਸਭਿਆਚਾਰਕ ਪਛੜੇਵਾਂ ਕਿਹਾ ਜਾਂਦਾ ਹੈ। ਇਸਨੂੰ ਸਭਿਆਚਾਰਕ ਅਸੰਤੁਲਨ ਜਾਂ ਤਣਾਉ ਵੀ ਕਿਹਾ ਜਾਂਦਾ ਹੈ। ਜ਼ਿਆਦਾਤਰ ਪਦਾਰਥਕ ਸਭਿਆਚਾਰ ਵਿਚ ਪ੍ਰਤਿਮਾਨਕ ਅਤੇ ਬੌਧਿਕ ਸਭਿਆਚਾਰ ਦੇ ਮੁਕਾਬਲਤਨ ਤੇਜ਼ੀ ਨਾਲ ਪਰਿਵਰਤਨ ਆਉਂਦਾ ਹੈ। ਵਿਗਿਆਨਕ ਤਰੱਕੀ ਕਾਰਨ ਨਵੀਆਂ ਤੋਂ ਨਵੀਆਂ ਤਕਨੀਕਾਂ ਅਤੇ ਵਸਤਾਂ ਈਜ਼ਾਦ ਹੁੰਦੀਆਂ ਹਨ। ਬਾਜ਼ਾਰਾਂ ਵਿਚ ਨਿਤ ਨਵੇਂ ਪਦਾਰਥ ਦੇਖਣ ਨੂੰ ਮਿਲਦੇ ਹਨ ਜਿਨ੍ਹਾਂ ਨੂੰ ਮਨੁਖੀ ਸਮੂਹ ਵਲੋਂ ਬੜੀ ਤੀਬਰਤਾ ਨਾਲ ਅਪਣਾਇਆ ਜਾਂਦਾ ਹੈ ਜਦੋਂਕਿ ਸੰਸਕਾਰਾਂ, ਰੀਤੀ ਰਿਵਾਜ਼ਾਂ, ਨਿਯਮਾਂ, ਵਿਸ਼ਵਾਸਾਂ, ਸੁਭਾਅ, ਆਦਤਾਂ ਆਦਿਕ ਵਿਚ ਬਹੁਤ ਧੀਮੀ ਗਤੀ ਨਾਲ ਪਰਿਵਰਤਨ ਆਉਂਦਾ ਹੈ ਅਤੇ ਲੋਕ ਸਮੂਹ ਵਲੋਂ ਵੀ ਇਹ ਪਰਿਵਰਤਨ ਬੜੀ ਦੇਰ ਬਾਅਦ ਸਵੀਕਾਰਿਆ ਜਾਂਦਾ ਹੈ। ਵਿਕਸਤ ਅਤੇ ਨਵੇਂ ਪਦਾਰਥਾਂ ਨੂੰ ਗ੍ਰਹਿਣ ਕਰਨਾ ਬੜਾ ਸੌਖਾ ਤੇ ਲੁਭਾਣਾ ਹੁੰਦਾ ਹੈ ਪਰ ਆਦਤਾਂ ਬਣ ਚੁਕੇ ਅਤੇ ਜ਼ਿਹਨ 'ਤੇ ਛਾਏ ਸਭਿਆਚਾਰਕ ਅੰਸ਼ਾਂ ਵਿਚ ਆਈ ਤਬਦੀਲੀ ਨੂੰ ਬਰਦਾਸ਼ਤ ਕਰਨਾ ਤੇ ਫਿਰ ਉਸ ਨੂੰ ਆਸਾਨੀ ਨਾਲ ਗ੍ਰਹਿਣ ਕਰ ਲੈਣਾ ਸੰਬੰਧਿਤ ਲੋਕ ਸਮੂਹ ਲਈ ਸੌਖਾ ਨਹੀਂ ਹੁੰਦਾ। ਇਸ ਤਰ੍ਹਾਂ ਪਦਾਰਥਕ, ਪ੍ਰਤਿਮਾਨਕ ਅਤੇ ਬੌਧਿਕ ਸਭਿਆਚਾਰ ਵਿਚਲਾ ਪਾੜਾ ਵਧ ਜਾਂਦਾ ਹੈ। ਡਾ. ਜਸਵਿੰਦਰ ਸਿੰਘ ਨੇ ਸਭਿਆਚਾਰਕ ਪਛੜੇਵੇਂ ਨੂੰ ਤਿੰਨ ਪਾਸਾਰਾਂ ਵਿਚ ਦਰਸਾਇਆ ਹੈ- ਪਹਿਲਾ ਸਭਿਆਚਾਰਕ ਅੰਸ਼ਾਂ ਵਿਚ ਆਏ ਬੇਤਰਤੀਬੇ ਪਰਿਵਰਤਨ ਕਾਰਨ ਪੈਦਾ ਹੋਈ ਸਥਿਤੀ ਸਭਿਆਚਾਰਕ ਅਸੰਤੁਲਨ ਹੈ, ਦੂਜਾ ਇਹ ਸ਼ਬਦ ਆਰਥਿਕ ਉਨਤੀ ਪਖੋਂ ਵਿਕਸਤ ਦੇਸ਼ਾਂ ਵਲੋਂ ਵਿਕਾਸਸ਼ੀਲ ਦੇਸ਼ਾਂ ਲਈ ਵਰਤਿਆ ਜਾਂਦਾ ਹੈ। ਵਿਕਸਤ

48 ਡਾ. ਦਵਿੰਦਰ ਸਿੰਘ, ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਪੰਨਾ 33.

ਦੇਸ਼ਾਂ ਵਲੋਂ ਘਟ ਵਿਕਸਤ ਦੇਸ਼ਾਂ ਦੇ ਸਭਿਆਚਾਰ ਨੂੰ ਪਛੜਿਆ ਹੋਇਆ ਕਿਹਾ ਜਾਂਦਾ ਹੈ ਜੋ ਕਿ ਸਰਾਸਰ ਅਨਉਚਿਤ ਹੈ ਕਿਉਂਕਿ ਉਹ ਸਭਿਆਚਾਰਕ ਪਛੜੇਵੇਂ ਦਾ ਪੈਮਾਨਾ ਆਰਥਿਕਤਾ ਨੂੰ ਮੰਨਦੇ ਹਨ ਜੋ ਕਿ ਸਹੀ ਨਹੀਂ, ਆਰਥਿਕਤਾ ਹੀ ਕਿਸੇ ਸਭਿਆਚਾਰ ਦਾ ਮੁਖ ਆਧਾਰ ਨਹੀਂ ਹੁੰਦੀ, ਸਗੋਂ ਹਰ ਸਭਿਆਚਾਰ ਦੀ ਆਪਣੀ ਅਮੀਰੀ ਅਤੇ ਵਿਲਖਣਤਾ ਹੁੰਦੀ ਹੈ। ਤੀਜਾ ਬਾਹਰੀ ਸਭਿਆਚਾਰਾਂ ਦੀ ਆਰਥਿਕ, ਤਕਨੀਕੀ ਅਤੇ ਵਿਗਿਆਨਕ ਤਰੱਕੀ ਦੇ ਪ੍ਰਭਾਵ ਕਾਰਨ ਕਿਸੇ ਸਭਿਆਚਾਰ ਵਿਚ ਅਜਿਹੇ ਵਰਤਾਰੇ ਪੈਦਾ ਹੋ ਜਾਂਦੇ ਹਨ ਜਿਹੜੇ ਉਸ ਸਭਿਆਚਾਰ ਵਿਚ ਢਲ ਨਹੀਂ ਸਕਦੇ ਜਾਂ ਉਸ ਸਭਿਆਚਾਰ ਵਿਚ ਸਮਾਵੇਸ਼ ਨਹੀਂ ਕਰ ਸਕਦੇ ਤਾਂ ਅਜਿਹੀ ਸਥਿਤੀ ਨੂੰ ਸਭਿਆਚਾਰਕ ਪਛੜੇਵਾਂ ਕਿਹਾ ਜਾਂਦਾ ਹੈ।

**4. ਸਭਿਆਚਾਰਕ ਇਨਕਲਾਬ:** ਸਭਿਆਚਾਰਕ ਇਨਕਲਾਬ ਦਾ ਸੰਕਲਪ ਮਾਰਕਸਵਾਦ ਦੀ ਦੇਣ ਹੈ। ਤਾਨਾਸ਼ਾਹੀ ਅਤੇ ਆਪਹੁਦਰੇ ਰਾਜ ਦਾ ਸਭਿਆਚਾਰ ਵੀ ਸ਼ੋਸ਼ਣਮੁਖੀ ਹੁੰਦਾ ਹੈ। ਕਿਸੇ ਇਕ ਵਰਗ ਦਾ ਹੀ ਬੋਲਬਾਲਾ ਹੋਣ ਕਰਕੇ ਬਹੁਗਿਣਤੀ ਵਰਗਾਂ ਦੇ ਹਿਤਾਂ ਦਾ ਘਾਣ ਹੁੰਦਾ ਹੈ। ਜਦੋਂ ਇਹ ਬੇਇਨਸਾਫ਼ੀ ਹਦੋਂ ਵਧ ਜਾਂਦੀ ਹੈ ਤਾਂ ਸਭਿਆਚਾਰਕ ਇਨਕਲਾਬ ਆਉਂਦਾ ਹੈ। ਇਸ ਵਿਚ ਮਨੁਖੀ ਹਿਤਾਂ ਨੂੰ ਲਾਂਭੇ ਕੀਤੇ ਜਾਣ ਦੀ ਥਾਂ ਮਨੁਖੀ ਰਿਸ਼ਤਿਆਂ, ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਵਿਵਹਾਰਾਂ ਆਦਿਕ ਨੂੰ ਇਕਸਾਰ ਅਤੇ ਸੁਤੰਤਤਰ ਰੂਪ ਵਿਚ ਸਿਰਜਿਆ ਜਾਂਦਾ ਹੈ। ਕੋਈ ਵੀ ਸਭਿਆਚਾਰ ਕਦੇ ਖੜੋਤ ਵਿਚ ਨਹੀਂ ਹੁੰਦਾ, ਸਗੋਂ ਹਰ ਵੇਲੇ ਵਿਕਾਸ ਕਰਦਾ ਰਹਿੰਦਾ ਹੈ। ਜਦੋਂ ਸਾਨੂੰ ਇਹ ਲਗਦਾ ਹੈ ਕਿ ਕੋਈ ਸਭਿਆਚਾਰ ਖੜੋਤ ਵਿਚ ਹੈ ਤਾਂ ਉਹ ਖੜੋਤ ਵਿਚ ਨਹੀਂ ਹੁੰਦਾ, ਮਸਲਨ ਉਸ ਦੀ ਵਿਕਾਸ ਦੀ ਚਾਲ ਇੰਨੀ ਧੀਮੀ ਹੁੰਦੀ ਹੈ ਕਿ ਸਾਨੂੰ ਮਹਿਸੂਸ ਨਹੀਂ ਹੁੰਦੀ। ਇਸ ਦਾ ਪਤਾ ਉਸ ਦੀ ਲੰਮੀ ਇਤਿਹਾਸਕ ਤੁਲਨਾ ਕਰਕੇ ਲਗ ਸਕਦਾ ਹੈ। ਸਭਿਆਚਾਰ ਦੇ ਕੁਝ ਅੰਗਾਂ ਵਿਚ ਜਦੋਂ ਤਬਦੀਲੀ ਆਉਂਦੀ ਹੈ ਤਾਂ ਦੂਜੇ ਅੰਗ ਉਸ ਨੂੰ ਜ਼ਜ਼ਬ ਕਰੀ ਜਾਂਦੇ ਹਨ ਪਰ ਜਦੋਂ ਜ਼ਜ਼ਬ ਕਰਨ ਦੀ ਸਮਰਥਾ ਖ਼ਤਮ ਹੋ ਜਾਂਦੀ ਹੈ ਤਾਂ ਉਥੇ ਇਸ ਤਬਦੀਲੀ ਦਾ ਵਿਰੋਧ ਅਤੇ ਇਸਨੂੰ ਸਹੀ ਦਿਸ਼ਾ ਦੇਣੀ ਲਾਜ਼ਮੀ ਹੋ ਜਾਂਦੀ ਹੈ।

ਡਾ. ਜਸਵਿੰਦਰ ਸਿੰਘ ਨੇ ਸਭਿਆਚਾਰਕ ਇਨਕਲਾਬ ਨੂੰ ਤਿੰਨ ਦਿਸ਼ਾਵਾਂ ਵਿਚ ਦਰਸਾਇਆ ਹੈ- ਪਹਿਲਾ ਅਗਾਂਹਵਧੂ ਪਰਿਵਰਤਨ ਦੀ ਬਜਾਇ ਨਵਾਂ ਸਭਿਆਚਾਰ ਸਿਰਜ ਲਿਆ ਜਾਂਦਾ ਹੈ। ਦੂਜਾ ਸਭਿਆਚਾਰ ਵਿਚ ਆਏ ਵਿਗਾੜਾਂ ਨੂੰ ਸੁਧਾਰ ਕੇ ਸਭਿਆਚਾਰ ਨੂੰ ਦਰੁਸਤ ਤੇ ਉਸਾਰੂ ਕਰ ਲਿਆ ਜਾਂਦਾ ਹੈ। ਤੀਜਾ ਨਵੀਆਂ ਪ੍ਰਸਥਿਤੀਆਂ, ਲੋੜਾਂ, ਖੇਤਰ, ਭੂਗੋਲ ਆਦਿ ਅਨੁਸਾਰ ਸਭਿਆਚਾਰ ਦਾ ਪੁਨਰ ਨਿਰਮਾਣ ਕਰ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਸਭਿਆਚਾਰਕ ਪਰਿਵਰਤਨ ਦੇ ਕੁਝ ਗੁਣ ਵੀ ਹਨ- ਇਹ ਕਦੇ ਦੁਹਰਾਉ ਵਾਲਾ ਨਹੀਂ ਹੁੰਦਾ। ਇਸ ਵਿਚ ਪਰਿਵਰਤਨ ਹਮੇਸ਼ਾ ਅਗਾਂਹਵਧੂ ਹੀ ਹੁੰਦਾ ਹੈ। ਭਾਵੇਂ ਸਭਿਆਚਾਰਕ ਪਰਿਵਰਤਨ ਅਗਾਂਹ ਵਧੂ ਹੁੰਦਾ ਹੈ ਪਰ ਇਹ ਆਪਣੇ ਪਿਛਲੇ ਸਰੂਪ ਨੂੰ ਵੀ ਪੂਰਨ ਤੌਰ 'ਤੇ

ਨਹੀਂ ਛਡਦਾ ਸਗੋਂ ਇਹ ਪਰਿਵਰਤਨ ਪਿਛਲੇ ਸਰੂਪ ਦਾ ਹੀ ਨਵੀਨ ਰੂਪ ਹੁੰਦਾ ਹੈ।

**ਸਭਿਆਚਾਰ ਧਾਰਨ ਕੀਤਾ ਜਾਂਦਾ ਹੈ**: ਕੋਈ ਵੀ ਮਨੁਖ ਸਭਿਅਕ ਪੈਦਾ ਨਹੀਂ ਹੁੰਦਾ ਸਗੋਂ ਉਸ ਨੂੰ ਸਮਾਜ ਵਿਚ ਸੁਚੱਜਾ ਜੀਵਨ ਜੀਉਣ ਲਈ ਸਭਿਆਚਾਰ ਧਾਰਨ ਕਰਨਾ ਪੈਂਦਾ ਹੈ। ਮਨੁਖ ਦੀ ਸਰੀਰਕ ਬਣਤਰ ਸਭਿਆਚਾਰ ਨੂੰ ਸਿਖਣ ਅਤੇ ਧਾਰਨ ਕਰਨ ਦੇ ਸਮਰਥ ਹੈ ਜਦਕਿ ਦੂਜੇ ਜੀਵਾਂ ਵਿਚ ਇਹ ਸਮਰਥਾ ਨਹੀਂ ਹੈ। ਸਿਖਣ ਨਾਲ ਹੀ ਸਭਿਆਚਾਰ ਅਗਲੀਆਂ ਪੀੜੀਆਂ ਤਕ ਸੰਚਾਰਤ ਹੁੰਦਾ ਹੈ। ਸਭਿਆਚਾਰ ਭਾਵੇਂ ਮਨੁਖ ਨੂੰ ਵਿਰਸੇ ਵਿਚ ਮਿਲਦਾ ਹੈ ਪਰ ਇਹ ਉਹ ਵਿਰਸਾ ਨਹੀਂ ਜਿਹੜਾ ਬਿਨਾਂ ਕਿਸੇ ਉਦਮ ਕੀਤਿਆਂ ਆਪਣੇ ਆਪ ਪ੍ਰਾਪਤ ਹੋ ਜਾਵੇ ਸਗੋਂ ਇਸ ਦੀ ਪ੍ਰਾਪਤੀ ਲਈ ਮਨੁਖ ਨੂੰ ਬਕਾਇਦਾ ਸਮਾਜ ਦਾ ਮੈਂਬਰ ਬਣ ਕੇ ਹੌਲੀ ਹੌਲੀ ਸਿਖਣਾ ਪੈਂਦਾ ਹੈ। ਸਭਿਆਚਾਰ ਸਿਖਾਉਣ ਵਿਚ ਮਾਤਾ-ਪਿਤਾ, ਰਿਸ਼ਤੇਦਾਰਾਂ, ਗੁਆਢੀਆਂ, ਅਧਿਆਪਕਾਂ, ਰਾਜ-ਵਿਵਸਥਾ ਆਦਿ ਦੀ ਭੂਮਿਕਾ ਹੁੰਦੀ ਹੈ। ਡਾ. ਜਸਵਿੰਦਰ ਸਿੰਘ ਨੇ ਸਭਿਆਚਾਰ ਨੂੰ ਗ੍ਰਹਿਣ ਕਰਨ ਦੇ ਪੰਜ ਪੜਾਅ ਨਿਰਧਾਰਤ ਕੀਤੇ ਹਨ- ਪਹਿਲਾ ਮੌਖਿਕ ਪੜਾਅ ਹੈ ਜਿਸ ਵਿਚ ਮਨੁਖ ਮੂੰਹ ਨਾਲ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਸਿਖਦਾ ਹੈ। ਇਸ ਪੜਾਅ ‘ਤੇ ਮਨੁਖ ਖਾਸ ਕਰਕੇ ਚੁੰਘਣਾ ਸਿਖਦਾ ਹੈ। ਇਸਦਾ ਸਮਾਂ ਜਨਮ ਤੋਂ ਛੇ ਮਹੀਨਿਆਂ ਤਕ ਦਾ ਮੰਨਿਆ ਜਾਂਦਾ ਹੈ। ਦੂਜਾ ਗੁਦਾ ਪੜਾਅ ਹੈ ਜਿਸ ਵਿਚ ਮਨੁਖ ਮਲ-ਮੂਤਰ ਤਿਆਗ ਸੰਬੰਧੀ ਸਿਖਦਾ ਹੈ। ਇਸ ਦਾ ਸਮਾਂ ਤਿੰਨ ਤੋਂ ਛੇ ਸਾਲ ਦਾ ਮੰਨਿਆ ਗਿਆ ਹੈ। ਤੀਜਾ ਖੇਲ-ਤਮਾਸ਼ੇ ਦਾ ਪੜਾਅ ਹੈ ਜਿਸ ਵਿਚ ਮਨੁਖ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਣੀਆਂ ਸਿਖਦਾ ਹੈ। ਖੇਡਾਂ ਰਾਹੀਂ ਉਹ ਘਰ-ਪਰਿਵਾਰ, ਆਂਢ-ਗੁਆਂਢ, ਪਿੰਡ, ਸ਼ਹਿਰ ਤੇ ਫਿਰ ਹੌਲੀ-ਹੌਲੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪਧਰ ‘ਤੇ ਸਮਾਜ ਵਿਚ ਵਿਚਰਦਾ ਹੋਇਆ ਸਭਿਆਚਾਰ ਨੂੰ ਸਿਖਦਾ ਹੈ। ਇਸਦਾ ਸਮਾਂ ਤਿੰਨ ਤੋਂ ਛੇ ਸਾਲ ਤਕ ਦਾ ਹੁੰਦਾ ਹੈ। ਚੌਥਾ ਪੜਾਅ ਪੰਜਵਾਂ ਬਾਲਗ ਪੜਾਅ ਹੈ। ਇਸ ਪੜਾਅ ਵਿਚ ਪਹੁੰਚ ਕੇ ਮਨੁਖ ਆਪਣੇ ਸੰਬੰਧਿਤ ਸਮਾਜ ਦੇ ਕਾਨੂੰਨੀ, ਰਾਜਸੀ, ਧਾਰਮਿਕ, ਆਰਥਿਕ ਆਦਿਕ ਸਾਰੇ ਪਹਿਲੂਆਂ ਤੇ ਪ੍ਰਬੰਧਾਂ ਤੋਂ ਜਾਣੂ ਹੋ ਜਾਂਦਾ ਹੈ। ਉਸ ਨੂੰ ਵੋਟ ਪਾਉਣ ਅਤੇ ਨੇਤਾ ਬਣਨ ਦਾ ਕਾਨੂੰਨੀ ਹਕ ਮਿਲ ਜਾਂਦਾ ਹੈ। ਵਿਆਹ ਹੋ ਜਾਂਦਾ ਹੈ ਤਾਂ ਪਤੀ–ਪਤਨੀ ਦੀ ਸਹੁਰੇ ਤੇ ਪੇਕੇ ਦੋਹਾਂ ਪਰਿਵਾਰਾਂ ਪ੍ਰਤਿ ਜ਼ਿੰਮੇਵਾਰੀ ਬਣ ਜਾਂਦੀ ਹੈ। ਇਸ ਤਰ੍ਹਾਂ ਮਨੁਖ ਆਪਣੇ ਸਭਿਆਚਾਰ ਦੇ ਕਈ ਪਹਿਲੂ ਸਿਖ ਲੈਂਦਾ ਹੈ। ਇਹ ਤਾਂ ਸਿਖੇ ਜਾਂਦੇ ਵਰਤਾਰੇ ਹਨ ਪਰ ਕੁਝ ਕੁ ਵਰਤਾਰੇ ਖਾਸ ਕਰਕੇ ਸਰੀਰਕ ਵਰਤਾਰੇ ਮਨੁਖ ਬਿਨਾਂ ਕਿਸੇ ਉਪਰਾਲੇ ਦੇ ਆਪਣੇ ਆਪ ਗ੍ਰਹਿਣ ਕਰ ਲੈਂਦਾ ਹੈ ਜਿਵੇਂ; ਉਬਾਸੀ ਲੈਣੀ, ਅੱਖ ਝਮਕਣੀ, ਭੁਖ ਤੇ ਪਿਆਸ ਲਗਣੀ ਆਦਿਕ ਪਰ ਇਹਨਾਂ ਕਿਰਿਆਵਾਂ ਨੂੰ ਧਾਰਨ ਕਰਨ ਦੀ ਪ੍ਰਕਿਰਿਆ ਉਦੋਂ ਪੂਰੀ ਹੋਵੇਗੀ ਜਦੋਂ ਇਹ ਸੋਝੀ ਹੋਵੇਗੀ ਕਿ ਇਹਨਾਂ ਨੂੰ ਕਰਨਾ ਕਿਵੇਂ ਹੈ ਅਤੇ ਇਹ ਸੋਝੀ ਸਭਿਆਚਾਰ ਸਿਖਾਉਂਦਾ ਹੈ।

**ਸਭਿਆਚਾਰ ਪ੍ਰਤੀਕਾਤਮਕ ਹੈ**: ਸਭਿਆਚਾਰ ਪ੍ਰਤੀਕਾਂ ‘ਤੇ ਆਧਾਰਿਤ ਹੈ। ਕਈ ਸਮਾਜ ਵਿਗਿਆਨੀਆਂ

ਅਤੇ ਗੀਅਰਟਜ਼ ਨੇ ਸਭਿਆਚਾਰ ਨੂੰ ਪ੍ਰਤੀਕਾਤਮਕ ਮੰਨਿਆ ਹੈ। ਇਕ ਸਭਿਆਚਾਰ ਦੇ ਮੈਂਬਰ ਆਪਣੀਆਂ ਕੁਝ ਸਾਂਝੀਆਂ ਪ੍ਰਕਿਰਿਆਵਾਂ ਅਤੇ ਵਿਵਹਾਰਾਂ ਨੂੰ ਵਿਆਪਕ ਰੂਪ ਵਿਚ ਸਮਝਣ ਲਈ ਕੁਝ ਸਾਂਝੇ ਕੋਡ ਮਿਥ ਲੈਂਦੇ ਹਨ। ਇਹ ਅਰਥ ਭਰਪੂਰ ਅਤੇ ਪੂਰੀ ਤਰ੍ਹਾਂ ਸਾਰਥਕ ਹੁੰਦੇ ਹਨ।

**ਵਿਸ਼ਵ ਪਧਰੀ ਨਜ਼ਰੀਆ**: ਮਨੁਖੀ ਵਿਹਾਰ, ਨਿਯਮਾਂ, ਕੁਦਰਤ, ਗੁੰਝਲਾਂ, ਕਲਾਵਾਂ, ਧਰਮ, ਵਿਗਿਆਨ ਅਤੇ ਦਰਸ਼ਨ ਆਦਿਕ ਨੂੰ ਸਮਝਣ ਲਈ ਹਰ ਸਭਿਆਚਾਰ ਦੇ ਮੈਂਬਰ ਦਾ ਇਕ ਅਜਿਹਾ ਦ੍ਰਿਸ਼ਟੀਕੋਣ ਹੁੰਦਾ ਹੈ ਜੋ ਹਰ ਸਭਿਆਚਾਰਾਂ ਵਿਚ ਵਿਆਪਕ ਹੁੰਦਾ ਹੈ। ਇਸ ਤਰ੍ਹਾਂ ਇਹ ਦ੍ਰਿਸ਼ਟੀਕੋਣ ਵਿਸ਼ਵ ਪੱਧਰੀ ਹੋਂਦ ਦਾ ਧਾਰਨੀ ਬਣ ਜਾਂਦਾ ਹੈ। ਭਾਵੇਂ ਹਰ ਸਭਿਆਚਾਰ ਦੇ ਲੋਕ ਆਪਣੇ ਅਨੁਸਾਰ ਸੋਚਦੇ ਅਤੇ ਵਿਵਹਾਰ ਕਰਦੇ ਹਨ, ਪਰ ਫਿਰ ਵੀ ਕੁਝ ਕੁ ਅੰਸ਼ ਹਰ ਸਭਿਆਚਾਰ ਵਿਚ ਵਿਆਪਕ ਹੁੰਦੇ ਹਨ ਜਿਹਨਾਂ ਪ੍ਰਤਿ ਸਾਰੇ ਸਭਿਆਚਾਰ ਦਾ ਨਜ਼ਰੀਆਂ ਇਕੋ ਜਿਹਾ ਹੁੰਦਾ ਹੈ ਅਤੇ ਹਰ ਸਭਿਆਚਾਰ ਦਾ ਨਜ਼ਰੀਆ ਇਥੇ ਵਿਸ਼ਵ ਪੱਧਰੀ ਹੋ ਨਿਬੜਦਾ ਹੈ।

**ਸਭਿਆਚਾਰ ਅਤੇ ਮਨੁਖ ਦੀ ਅੰਤਰ-ਸੰਬੰਧਤਾ**: ਸਭਿਆਚਾਰ ਮਨੁਖੀ ਸ਼ਖਸੀਅਤ ਨੂੰ ਨਿਖਾਰਦਾ ਹੈ। ਇਸੇ ਕਰਕੇ ਹੀ ਮਨੁਖ ਦੀ ਹੋਰ ਜੀਵਾਂ ਜਿਵੇਂ ਪਸ਼ੂ, ਪੰਛੀਆਂ, ਜਾਨਵਰਾਂ ਆਦਿ ਤੋਂ ਵਿਲੱਖਣ ਪ੍ਰਕਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਬਾਕੀ ਜੀਵ ਜਦੋਂ ਤੋਂ ਪੈਦਾ ਹੋਏ ਹਨ, ਉਹਨਾਂ ਦੀ ਪ੍ਰਕਿਰਤੀ ਦੇ ਪ੍ਰਤੀਰੋਧ ਵਿਚ ਕਾਰਗੁਜ਼ਾਰੀ ਨਹੀਂ ਹੈ ਅਤੇ ਨਾ ਹੀ ਅਗੇ ਹੋਵੇਗੀ। ਉਹ ਜਿਵੇਂ ਦੇ ਆਦਿ ਕਾਲ ਵਿਚ ਸਨ, ਹੁਣ ਵੀ ਓਵੇਂ ਹੀ ਹਨ ਅਤੇ ਓਵੇਂ ਦੀ ਹੀ ਫ਼ਿਤਰਤ ਅਨੁਸਾਰ ਜੀਵਨ ਬਸਰ ਕਰ ਰਹੇ ਹਨ। ਪਰ ਮਨੁਖ ਨੇ ਆਦਿ ਕਾਲ ਤੋਂ ਵਰਤਮਾਨ ਸਮੇਂ ਤਕ ਬਹੁਤ ਬਦਲਾਅ ਲੈ ਆਂਦਾ ਹੈ। ਉਸ ਦਾ ਰਹਿਣ-ਸਹਿਣ, ਕਾਰ-ਵਿਹਾਰ, ਵਿਵਹਾਰ, ਆਰਥਿਕਤਾ, ਰਾਜਨੀਤੀ ਇਥੋਂ ਤਕ ਕਿ ਉਸਦੇ ਸੁਭਾਅ ਅਤੇ ਕਾਰਗੁਜ਼ਾਰੀ ਕਰਕੇ ਉਸਦੀ ਸਰੀਰਕ ਬਣਤਰ ਵਿਚ ਵੀ ਕਾਫ਼ੀ ਬਦਲਾਅ ਆ ਗਿਆ ਹੈ। ਕੁਝ ਹਦ ਤਕ ਉਸ ਨੇ ਕੁਦਰਤ ਨੂੰ ਆਪਣੇ ਅਨੁਸਾਰ ਅਤੇ ਕੁਝ ਹਦ ਤਕ ਆਪ ਕੁਦਰਤ ਦੇ ਅਨੁਸਾਰ ਢਲ ਗਿਆ ਹੈ। ਸਭਿਆਚਾਰ ਕੇਵਲ ਤੇ ਕੇਵਲ ਮਨੁਖੀ ਹੋਂਦ 'ਤੇ ਹੀ ਆਸ਼ਰਿਤ ਹੈ। ਮਨੁਖ ਤੋਂ ਬਿਨਾਂ ਸਭਿਆਚਾਰ ਦੀ ਹੋਂਦ ਕਿਆਸ ਹੀ ਨਹੀਂ ਕੀਤੀ ਜਾ ਸਕਦੀ। ਮਨੁਖ ਦੀ ਵਿਲਖਣ ਸਰੀਰਕ ਬਣਤਰ, ਸੋਚਣ ਸ਼ਕਤੀ ਸਦਕਾ ਉਸ ਨੇ ਆਪਣੇ ਜੀਵਨ ਨੂੰ ਸੁਖਮਈ ਬਣਾਉਣ ਦੇ ਉਪਰਾਲੇ ਕੀਤੇ, ਜਿਹਨਾਂ ਸਦਕਾ ਸਭਿਆਚਾਰ ਹੋਂਦ ਵਿਚ ਆਇਆ। ਜੇਕਰ ਮਨੁਖ ਨਾ ਹੁੰਦਾ ਤਾਂ ਸਭਿਆਚਾਰ ਪੈਦਾ ਹੀ ਨਹੀਂ ਹੋ ਸਕਦਾ ਸੀ। ਦੂਜੇ ਪਾਸੇ ਮਨੁਖੀ ਸ਼ਖ਼ਸ਼ੀਅਤ ਦੀ ਘਾੜਤ ਸਭਿਆਚਾਰ ਰਾਹੀਂ ਹੀ ਘੜੀ ਜਾ ਸਕਦੀ ਹੈ। ਸਭਿਆਚਾਰ ਹੀਣ ਮਨੁਖ ਪਸ਼ੂ ਵਰਗਾ ਹੀ ਹੋਵੇਗਾ। ਮਨੁਖ ਜਦੋਂ ਪੈਦਾ ਹੁੰਦਾ ਹੈ ਤਾਂ ਉਹ ਹੌਲੀ-ਹੌਲੀ ਸੰਬੰਧਿਤ ਸਮਾਜ ਵਿਚੋਂ ਸਭਿਆਚਾਰ ਨੂੰ ਗ੍ਰਹਿਣ ਕਰੀ ਜਾਂਦਾ ਹੈ ਜਿਸ ਨਾਲ ਉਸ ਦੀ ਸ਼ਖਸ਼ੀਅਤ ਨਿਖਰਦੀ ਜਾਂਦੀ ਹੈ। ਜੇਕਰ ਕਿਸੇ ਮਨੁਖ ਨੂੰ ਜਨਮ ਤੋਂ ਹੀ ਮਨੁਖੀ ਸਮਾਜ ਵਿਚੋਂ ਕਢ ਕੇ

ਦੂਰ ਜੰਗਲੀ ਜਾਂ ਪਸ਼ੂਆਂ ਨਾਲ ਰਖਿਆ ਜਾਵੇ ਤਾਂ ਉਹ ਸਭਿਅਕ ਮਨੁਖ ਨਹੀਂ ਬਣ ਸਕੇਗਾ। ਉਸਦੀਆਂ ਹਰਕਤਾਂ, ਆਦਤਾਂ, ਖਾਣ-ਪੀਣ ਇਥੋਂ ਤਕ ਕਿ ਸਰੀਰਕ ਬਣਤਰ ਵੀ ਸਭਿਅਕ ਮਨੁਖ ਵਾਲੀ ਨਹੀਂ ਹੋਵੇਗੀ।

ਸਭਿਆਚਾਰ ਮਨੁਖੀ ਜ਼ਿੰਦਗੀ ਨੂੰ ਸੰਵਾਰਦਾ ਹੈ ਅਤੇ ਮਨੁਖ ਕਰਕੇ ਹੀ ਸਭਿਆਚਾਰ ਦੀ ਉਤਪਤੀ ਅਤੇ ਵਿਕਾਸ ਹੁੰਦਾ ਹੈ। ਪਸ਼ੂਆਂ ਜਾਂ ਜਾਨਵਰਾਂ ਦਾ ਕੋਈ ਸਭਿਆਚਾਰ ਨਹੀਂ ਹੁੰਦਾ ਮਨੁਖ ਬਾਕੀ ਜੀਵਾਂ ਨਾਲੋਂ ਮਾਨਸਿਕ ਅਤੇ ਸਰੀਰਕ ਦੋਂਹਾਂ ਪੱਖਾਂ ਤੋਂ ਵਿਲਖਣ ਹੈ। ਸਭਿਆਚਾਰ ਦੀ ਹੋਂਦ ਲਈ ਸਮਾਜ ਵੀ ਜਰੂਰੀ ਹੈ। ਸਮਾਜ ਤੋਂ ਬਿਨਾਂ ਵੀ ਇਕਲਾ ਮਨੁਖ ਜੀਵਨ ਨਿਰਵਾਹ ਨਹੀਂ ਕਰ ਸਕਦਾ। ਸਭਿਆਚਾਰ ਜੀਵ ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਕ ਵਿਰਸਾ ਹੈ ਜੋ ਸਮਾਜ ਵਿਚ ਰਹਿ ਕੇ ਹੀ ਸਿਖਿਆ ਜਾ ਸਕਦਾ ਹੈ। ਸਭਿਆਚਾਰ ਪ੍ਰਤੀਕਾਂ ਰਾਹੀਂ ਸਿਖਿਆ ਜਾਂਦਾ ਹੈ ਅਤੇ ਪ੍ਰਤੀਕਾਂ ਰਾਹੀਂ ਹੀ ਅਗਲੀ ਪੀੜੀ ਤੱਕ ਸੰਚਾਰਤ ਕੀਤਾ ਜਾਂਦਾ ਹੈ। ਇਹ ਮਨੁਖੀ ਜੀਵਨ ਦੇ ਭੌਤਿਕ ਅਤੇ ਅਭੌਤਿਕ ਦੋਹਾਂ ਪੱਖਾਂ ਨਾਲ ਜੁੜਿਆ ਹੋਇਆ ਹੈ। ਇਹ ਮਨੁਖ ਦੀਆਂ ਮੁਖ ਅਤੇ ਗੌਣ ਲੋੜਾਂ ਪੂਰਤੀ ਲਈ ਕੀਤੀਆਂ ਸਿਰਜਨਾਵਾਂ ਵਿਚੋਂ ਉਪਜਿਆ ਹੈ। ਇਸ ਵਿਚ ਮਨੁਖੀ ਜੀਵਨ ਨਾਲ ਸੰਬੰਧਤ ਪਦਾਰਥਕ ਅਤੇ ਬੌਧਿਕ ਦੋਹਾਂ ਤਰ੍ਹਾਂ ਦੇ ਤੱਤਾਂ ਸ਼ਮੂਲੀਅਤ ਹੁੰਦੀ ਹੈ ਹਰ ਪੀੜ੍ਹੀ ਵਿਚ ਸਭਿਆਚਾਰ ਵਿਚ ਵਾਧ-ਘਾਟ ਹੁੰਦੀ ਰਹਿੰਦੀ ਹੈ। ਕੁਝ ਨਵੇਂ ਤੱਤ ਸ਼ਾਮਿਲ ਹੁੰਦੇ ਰਹਿੰਦੇ ਹਨ ਅਤੇ ਪੁਰਾਣੇ ਤੱਤ ਨਿਕਲਦੇ ਜਾਂਦੇ ਹਨ ਨਾਲ-ਨਾਲ ਇਸ ਦਾ ਸਰੂਪ ਵੀ ਬਦਲਦਾ ਰਹਿੰਦਾ ਹੈ।

# ਤਤਕਰਾ


ਭੂਮਿਕਾ ........ i - viii

ਅਧਿਆਇ ਪਹਿਲਾ ........ 1-23

ਸਭਿਆਚਾਰ: ਅਰਥ, ਪਰਿਭਸ਼ਾਵਾਂ ਅਤੇ ਸਰੂਪ

ਅਧਿਆਇ ਦੂਜਾ ........ 24-64

ਬੌਧਾਤਮਕ ਸਭਿਆਚਾਰ

ਅਧਿਆਇ ਤੀਜਾ ........ 65-168

ਪ੍ਰਤਿਮਾਨਕ ਸਭਿਆਚਾਰ

ਅਧਿਆਇ ਚੌਥਾ ........ 169-209

ਪਦਾਰਥਕ ਸਭਿਆਚਾਰ

ਸਾਰ ........ 210-212

ਪੁਸਤਕ ਸੂਚੀ ........ 213-220

## ਅਧਿਆਇ ਦੂਜਾ

# ਬੌਧਾਤਮਕ ਸਭਿਆਚਾਰ

ਮਨੁਖੀ ਵਿਕਾਸ ਵਿਚ ਬੁਧੀ ਦਾ ਵਿਕਾਸ ਇਕ ਵਿਸ਼ੇਸ਼ ਥਾਂ ਰਖਦਾ ਹੈ। ਬੁਧੀ ਕਰਕੇ ਹੀ ਮਨੁਖ ਦੂਸਰੇ ਜੀਵਾਂ ਨਾਲੋਂ ਸੁਖ ਦੇ ਜ਼ਿਆਦਾ ਸਾਧਨ ਜੁਟਾਉਣ ਵਿਚ ਸਫਲ ਰਿਹਾ ਹੈ। ਬੌਧਿਕ ਗਿਅਨ ਨੇ ਹੀ ਮਨੁਖ ਨੂੰ ਚੰਗੇ ਮਾੜੇ ਦੀ ਸੂਝ ਬਖਸ਼ੀ ਹੈ ਜਿਸ ਤੋਂ ਤਰਕ ਦਾ ਜਨਮ ਹੋਇਆ। ਫ਼ਲਸਫ਼ਾ ਮਨੁਖ ਨੂੰ ਧਰਮ ਦੇ ਸੰਬੰਧ ਵਿਚ ਇਹ ਅੰਨ੍ਹੀ ਸ਼ਰਧਾ ਨੂੰ ਤਿਆਗ ਕੇ ਤਤ ਦੀ ਸੋਝੀ ਰਾਹੀਂ ਗਿਆਨ ਗ੍ਰਹਿਣ ਕਰਨ ਦੀ ਤਾਕੀਦ ਕਰਦਾ ਹੈ। ਡਾ. ਵਜ਼ੀਰ ਸਿੰਘ ਅਨੁਸਾਰ, "ਫ਼ਲਸਫ਼ਾ ਕੇਵਲ ਸਚਾਈ ਦੀ ਖੋਜ ਤੇ ਵਿਆਖਿਆ ਤਕ ਹੀ ਸੀਮਿਤ ਨਹੀਂ, ਇਹ ਚੰਗੇਰੇ ਜੀਵਨ ਦਾ ਪੱਥ-ਪ੍ਰਦਰਸ਼ਕ ਵੀ ਹੈ। ਇਸ ਦੇ ਕਥਨਾਂ ਵਿਚ ਮਨੁੱਖ ਦੇ ਸਭਿਆਚਾਰ ਦਾ ਤੱਤ ਲੁਕਿਆ ਹੋਇਆ ਹੈ; ਇਹ ਮਨੁੱਖ ਦੇ ਬੌਧਿਕ ਜੀਵਨ ਦਾ, ਸਚਾਈ ਦਾ, ਪ੍ਰੀਤ ਦਾ ਪ੍ਰਤੀਨਿਧ ਹੈ। ਫ਼ਲਸਫ਼ਾ ਜੇਕਰ ਜੀਵਨ-ਜਾਚ ਨਾ ਸਿਖਾਏ, ਕਦਰਾਂ-ਕੀਮਤਾਂ ਦੀ ਸੂਝ ਨਾ ਦੇਵੇ, ਮਨੁੱਖਤਾ ਨੂੰ ਆਪਣੀ ਹੋਣੀ ਬਾਰੇ ਸੁਚੇਤ ਨ ਕਰੇ, ਤਾਂ ਸਮੁਚੇ ਵਿਸ਼ਵ ਜਾਂ ਪਰਾ-ਭੌਤਿਕ ਹਸਤੀ ਸੰਬੰਧੀ ਇਸ ਦੀ ਕਿਆਸਕਾਰੀ ਮਨੁੱਖੀ ਜੀਵਨ ਲਈ ਅਰਥਹੀਣ ਹੋਵੇਗੀ। ਜਿਸ ਵਿਸ਼ਾਲ ਬ੍ਰਹਿਮੰਡ ਦੀ ਕਲਪਨਾ ਫ਼ਲਸਫ਼ੇ ਦਾ ਲੱਛਣ ਹੈ, ਉਸਦੀ ਵਿਸ਼ਾਲਤਾ ਦਾ ਕੁਝ ਪ੍ਰਭਾਵ ਮਨੁੱਖ ਦੀਆਂ ਸੋਚਾਂ, ਉਸ ਦੇ ਭਾਵਾਂ ਤੇ ਸੰਵੇਗਾਂ ਉੱਤੇ ਪੈਣਾ ਆਵੱਸ਼ਕ ਹੈ। ਮਨੁੱਖ ਦਾ ਮਾਨਸਿਕ ਬ੍ਰਹਿਮੰਡ ਜੇਕਰ ਓਨਾ ਹੀ ਵਿਸ਼ਾਲ ਹੁੰਦਾ ਜਾਏ ਜਿੰਨਾ ਕਿ ਇਸਦੇ ਕਿਆਸ ਵਿਚ ਆਉਣ ਵਾਲਾ ਕੁਦਰਤੀ ਬ੍ਰਹਿਮੰਡ, ਤਾਂ ਫ਼ਲਸਫ਼ੇ ਦੀ ਘਾਲ ਥਾਂ ਪੈਂਦੀ ਹੈ।"[1]

ਪੰਜਾਬੀ ਵਿਦਵਾਨਾਂ ਨੇ ਧਰਮ ਨੂੰ ਬੌਧਾਤਮਕ ਸਭਿਆਚਾਰ ਦੇ ਉਪ ਅੰਗ ਵਜੋਂ ਲਿਆ ਹੈ। ਅਜਿਹਾ ਕਰਕੇ ਉਹਨਾਂ ਨੇ ਧਰਮ ਨੂੰ ਇਕ ਗੌਣ ਜਿਹਾ ਦਰਜਾ ਦਿਤਾ ਹੈ। ਪਰ ਹਥਲੇ ਖੋਜ ਕਾਰਜ ਵਿਚ ਇਹ ਗੱਲ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਧਰਮ ਦਾ ਆਪਣਾ ਇਕ ਸੁਤੰਤਰ ਸਭਿਆਚਾਰ ਹੁੰਦਾ ਹੈ। "ਮਨੁੱਖੀ ਜ਼ਿੰਦਗੀ ਵਿਚ ਸ਼ਾਇਦ ਹੀ ਕੋਈ ਅਜਿਹੀ ਸ਼ਕਤੀ ਹੋਵੇ ਜਿਸ ਨੇ ਕਿ ਉਸ ਦੇ ਜੀਵਨ ਨੂੰ ਇੰਨਾ ਜ਼ਿਆਦਾ ਪ੍ਰਭਾਵਿਤ ਕੀਤਾ ਹੋਵੇ ਜਿੰਨਾ ਕਿ ਧਰਮ ਨੇ। ਮਨੁੱਖੀ ਜੀਵਨ ਦੀ ਸ਼ੁਰੂਆਤ, ਯਾਨੀ ਕਿ ਜਨਮ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਅੰਤ ਸਮੇਂ ਤਕ ਪ੍ਰਭਾਵਿਤ ਕਰਦਾ ਰਹਿੰਦਾ ਹੈ। ਬੱਚੇ ਦਾ ਨਾਮਕਰਣ, ਵਿਆਹ ਅਤੇ ਹੋਰ ਸਭ ਰਸਮਾਂ ਧਰਮ ਦੁਆਰਾ ਦਰਸਾਏ ਰਿਵਾਜਾਂ ਦੇ ਅਨੁਸਾਰ ਹੀ ਹੁੰਦੀਆਂ ਹਨ। ਧਰਮ ਤੋਂ ਹੀ ਬੱਚਾ ਆਪਣੇ ਆਲੇ-ਦੁਆਲੇ ਵਿਚ ਵਿਚਰਣ ਸੰਬੰਧੀ ਕਦਰਾਂ-ਕੀਮਤਾਂ ਸਿੱਖਦਾ ਹੈ। ਗੱਲ ਕੀ ਸ਼ਾਇਦ ਹੀ ਮਨੁੱਖੀ

1 ਪ੍ਰੋ. ਪ੍ਰੀਤਮ ਸਿੰਘ(ਸੰਪਾ.), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨਾ 2.

ਜ਼ਿੰਦਗੀ ਦਾ ਕੋਈ ਸਮਾਂ ਅਜਿਹਾ ਹੋਵੇ ਜਦੋਂ ਕਿ ਧਰਮ ਮਨੁੱਖ ਨੂੰ ਪ੍ਰਭਾਵਿਤ ਨਾ ਕਰਦਾ ਹੋਵੇ। ਜੇਕਰ ਮਨੁੱਖੀ ਜੀਵਨ ਨੂੰ ਧਰਮ-ਨਿਰਧਾਰਿਤ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।"[2] ਗੁਰਮਤਿ ਦਰਸ਼ਨ ਦੇ ਆਧਾਰ ਤਿੰਨ ਮੁਖ ਵਿਸ਼ੇ ਲਏ ਗਏ ਹਨ। ਪਰਮਾਤਮਾ ਇਸ ਦਰਸ਼ਨ ਦਾ ਮੁਖ ਆਧਾਰ ਹੈ। ਇਸ ਤੋਂ ਬਾਅਦ ਸ੍ਰਿਸ਼ਟੀ ਅਤੇ ਮਨੁਖ ਬਾਰੇ ਵੀਚਾਰ ਕੀਤੀ ਗਈ ਹੈ।

ਭਾਰਤ ਵਿਚ ਮਧਕਾਲ ਸਮੇਂ ਦਾ ਸਮਾਜ ਉਥਲ-ਪੁਥਲ ਵਿਚ ਸੀ। ਉਥਲ-ਪੁਥਲ ਦਾ ਕਾਰਨ ਨਵੇਂ ਹਾਕਮਾਂ ਦਾ ਪ੍ਰਵੇਸ਼ ਸੀ, ਜਿਹਨਾਂ ਦੀ ਆਮਦ ਨਾਲ ਭਾਰਤੀ ਧਰਮਾਂ, ਸਭਿਆਚਾਰ, ਰਹਿਣ ਸਹਿਣ, ਸਾਹਿਤ ਅਤੇ ਫਲਸਫੇ 'ਤੇ ਵੀ ਪ੍ਰਭਾਵ ਪੈ ਰਿਹਾ ਸੀ। ਇਸ ਬਾਰੇ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ "ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥"[3] ਜਿਸ ਦੇ ਕਾਰਨ ਪ੍ਰਚਲਿਤ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਪ੍ਰਬੰਧ ਬਿਲਕੁਲ ਖਸਤਾ ਹੋ ਗਏ ਸਨ। ਸਥਾਪਤ ਵਿਚਾਰ ਅਖੌਤੀ ਧਾਰਮਕ ਆਗੂਆਂ ਨੇ ਕਾਫ਼ੀ ਉਲਝਾ ਦਿਤੇ ਸਨ। ਪਰਮਾਤਮਾ ਦਾ ਸਰੂਪ ਵੀ ਸਪਸ਼ਟ ਨਹੀਂ ਸੀ। ਇਸ ਵਿਚ ਦ੍ਵੈਤ ਸੀ। ਵੈਦਿਕ ਧਰਮ ਵਿਚ ਦੇਵੀ ਦੇਵਤਿਆਂ ਨੂੰ ਪਰਮਾਤਮਾ ਦਾ ਦਰਜਾ ਦਿਤਾ ਜਾਂਦਾ ਸੀ।

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥[4]

ਪਰ ਸੱਚੇ ਗੁਰੂ ਤੋਂ ਬਿਨਾਂ ਅਸਲੀ ਗਿਆਨ ਦੀ ਸੋਝੀ ਨਹੀਂ ਹੋ ਸਕਦੀ ਕਿ ਪਰਮਾਤਮਾ ਤਾਂ ਹਰ ਕਿਤੇ ਵਸਿਆ ਹੋਇਆ ਹੈ:

ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥[5]

ਜੈਨੀ ਤਾਂ ਪਰਮਾਤਮਾ ਦੇ ਸੰਕਲਪ ਸੰਬੰਧੀ ਚੁਪ ਹੀ ਸਨ। ਉਹ ਇਸ ਗੱਲ ਵਿਚ ਹੀ ਨਹੀਂ ਪੈਂਦੇ ਸਨ ਕਿ ਪਰਮਾਤਮਾ ਹੈ ਵੀ ਯਾ ਨਹੀਂ। ਉਹਨਾਂ ਅਨੁਸਾਰ ਸ੍ਰਿਸ਼ਟੀ ਦਾ ਸੰਚਾਲਨ ਆਪਣੇ ਆਪ ਚਲਦਾ ਹੈ ਕਿ ਨਾ ਕਿ ਪਰਮਾਤਮਾ ਦੁਆਰਾ।

---

2 ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ 1.

3 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1243.

4 ਉਹੀ, ਪੰਨਾ 910.

5 ਉਹੀ, ਪੰਨਾ 355.

ਗੁਰਮਤਿ ਵਿਚ ਸੌਖਾ ਅਤੇ ਸਪਸ਼ਟ ਗਿਆਨ ਦੇ ਕੇ ਗੁਰਬਚਨ ਸਿੰਘ ਤਾਲਿਬ ਅਨੁਸਾਰ, "ਮਨੁਖਤਾ ਨੂੰ ਫਜ਼ੂਲ ਦੇ ਭਰਮਾਂ ਅਤੇ ਵਿਸ਼ਵਾਸ਼ਾਂ ਵਿਚੋਂ ਕਢ ਕੇ ਇਕ ਪਰਮਾਤਮਾ ਨਾਲ ਜੋੜਿਆ ਹੈ। ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਮੁਖ ਰੂਪ ਵਿਚ ਨੈਤਿਕ ਸੀ। ਇਨਸਾਨ ਦੀ ਜ਼ਿੰਦਗੀ ਨੂੰ ਉੱਚਿਆਂ ਕਰਨਾ, ਉਨ੍ਹਾਂ ਦੀ ਫ਼ਿਲਾਸਫ਼ੀ ਸੀ। ਮਨੁੱਖ ਨੂੰ ਕਰਮ ਦੇ ਮਾਰਗ ਉਤੇ ਚਲਾਉਣਾ ਉਨ੍ਹਾਂ ਦਾ ਮਨੋਰਥ ਸੀ; ਨਿਰੋਲ ਗਿਆਨ ਮਨੋਰਥ ਨਹੀਂ ਸੀ। ਗੁਰਬਾਣੀ ਦਾ ਸਾਰ ਇਹ ਹੈ ਕਿ ਜਿਸ ਨੂੰ ਇਹ ਨਿਸ਼ਚਾ ਹੋ ਗਿਆ ਕਿ ਸਾਰੇ ਵਿਸ਼੍ਵ ਵਿਚ ਬ੍ਰਹਮ ਹੈ, ਉਸ ਨੂੰ ਹਰ ਕਿਣਕੇ ਵਿਚ ਬ੍ਰਹਮ ਹੀ ਨਜ਼ਰ ਆਉਂਦਾ ਹੈ।"[6]

ਪਿਛਲੇ ਅਧਿਆਇ ਵਿਚ ਸਭਿਆਚਾਰ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਬੌਧਾਤਮਕ ਸਭਿਆਚਾਰ ਬਾਰੇ ਵੀਚਾਰ ਕੀਤੀ ਗਈ ਹੈ। ਬੌਧਾਤਮਕ ਸਭਿਆਚਾਰ ਵਿਚ ਦਰਸ਼ਨ ਨੂੰ ਲਿਆ ਗਿਆ ਹੈ। ਹਥਲਾ ਖੋਜ ਕਾਰਜ ਧਰਮ ਨਾਲ ਸੰਬੰਧਿਤ ਹੋਣ ਕਰਕੇ ਧਰਮ ਦਰਸ਼ਨ ਦੀ ਗੱਲ ਕੀਤੀ ਗਈ ਹੈ ਅਤੇ ਧਰਮ ਦਰਸ਼ਨ ਦੇ ਤਿੰਨ ਮੁਖ ਵਿਸ਼ਿਆਂ ਪਰਮਾਤਮਾ, ਸ੍ਰਿਸ਼ਟੀ ਅਤੇ ਮਨੁਖ ਦਾ ਇਸ ਅਧਿਆਇ ਵਿਚ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

## 2.1 ਪਰਮਾਤਮਾ:

"ਸਮੇਂ ਸਮੇਂ ਕਿਸੇ ਵੀ ਦੇਸ਼, ਕੌਮ ਅਤੇ ਸਮਾਜ ਸਭਿਆਚਾਰ ਦੀ ਅਤਿਅੰਤ ਘਿਣਾਉਣੀ, ਵਿਕਰਿਤ, ਰੋਗੀ, ਧੁਆਂਖੀ ਅਤੇ ਸੜਾਂਦ ਮਾਰਦੀ ਅਵਸਥਾ ਨੂੰ ਸੁਚਾਰੂ, ਨਿਰੋਗ, ਉਸਾਰੂ ਅਤੇ ਚੜ੍ਹਦੀ ਕਲਾ ਵਲ ਲਿਜਾਣ ਲਈ ਪੂਰਨ ਪੁਰਖ, ਸੰਤ-ਮਹਾਤਮਾ, ਵਡਪੁਰਸ਼, ਪਰਮ ਮਨੁੱਖ ਅਤੇ ਮਹਾਨ ਰਹਿਬਰ ਇਸ ਸੰਸਾਰ ਵਿਚ ਆਉਂਦੇ ਹਨ ਜਿਹੜੇ ਬੋਦੀਆਂ ਤੇ ਜਰਜਰ ਹੋ ਚੁੱਕੀਆਂ ਕਦਰਾਂ-ਕੀਮਤਾਂ ਅਤੇ ਮਾਨਵੀ ਮੁੱਲਾਂ ਨੂੰ ਫਿਰ ਤੋਂ ਉਚਿਆਉਂਦੇ ਹੋਏ ਸਮੁੱਚੀ ਮਨੁੱਖ ਜਾਤੀ ਲਈ ਸਾਂਝਾ ਸੰਦੇਸ਼ ਦ੍ਰਿੜਾਉਂਦੇ ਹਨ।"[7] ਭਾਰਤ ਵਿਚ ਇਹ ਕੰਮ ਗੁਰਮਤਿ ਦੇ ਪ੍ਰਵਰਤਕਾਂ ਨੇ ਕੀਤਾ। ਜਿਹਨਾਂ ਨੇ ਮਨੁਖ ਨੂੰ ਅਦੁਤੀ ਅਤੇ ਸੁਲਝਿਆ ਹੋਇਆ ਗਿਆਨ ਦਿਤਾ।

**ਭਾਰਤੀ ਅਤੇ ਸਾਮੀ ਧਰਮਾਂ ਵਿਚ ਪਰਮਾਤਮਾ ਦਾ ਸੰਕਲਪ:** ਭਾਰਤੀ ਧਰਮ ਗ੍ਰੰਥਾਂ ਦੀ ਇਕ ਵਿਸ਼ਾਲ ਪਰੰਪਰਾ ਹੈ ਜਿਸ ਨੇ ਅਨੇਕਾਂ ਸ਼ਾਸ਼ਤਰਾਂ ਤੇ ਗ੍ਰੰਥਾਂ ਨੂੰ ਜਨਮ ਦਿਤਾ। ਇਹਨਾਂ ਗ੍ਰੰਥਾਂ ਦਾ ਕੇਂਦਰੀ ਵਿਸ਼ਾ ਪਰਮਾਤਮਾ ਰਿਹਾ ਹੈ, ਬਾਕੀ ਵਿਸ਼ੇ (ਸ੍ਰਿਸ਼ਟੀ, ਮਨੁਖ) ਇਸ ਦੇ ਅਧੀਨ ਹੀ ਵਿਚਾਰੇ ਜਾਂਦੇ ਰਹੇ ਹਨ। ਪਰਮਾਤਮਾ ਤੋਂ ਭਾਵ ਪਰਮ+ਆਤਮਾ ਹੈ, ਜੋ ਆਤਮਾ(ਜੋਤ) ਰੂਪ ਵਿਚ ਸਾਰਿਆਂ ਜੀਵਾਂ ਵਿਚ ਵਿਦਮਾਨ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਮੂਲ ਹੈ। ਪਰਮਾਤਮਾ ਜਗਤ ਦਾ ਰਚੈਤਾ ਤੇ ਇਸ ਨੂੰ ਚਲਾਉਣ ਵਾਲਾ ਹੈ।

---

6 ਪ੍ਰੋ. ਪ੍ਰੀਤਮ ਸਿੰਘ(ਸੰਪਾ.), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨਾ 161.

7 ਡਾ. ਕੁਲਵੰਤ ਕੌਰ, ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ, ਪੰਨੇ 17-18.

ਪਰਮਾਤਮਾ ਨੂੰ ਪਰਮਸੱਤਾ ਵੀ ਕਿਹਾ ਗਿਆ ਹੈ। ਉਸ ਦੀ ਹੋਂਦ ਸਵੈ ਪ੍ਰਕਾਸ਼ਿਤ ਹੈ, ਉਹ ਕਿਸੇ ਦੁਆਰਾ ਬਣਾਇਆ ਨਹੀਂ ਗਿਆ। ਉਸ ਦੀ ਹਸਤੀ ਕਿਸੇ 'ਤੇ ਨਿਰਭਰ ਨਹੀਂ ਕਰਦੀ, ਸਗੋਂ ਸ੍ਵੈ ਨਿਰਭਰ ਹੈ। ਉਹ ਸ੍ਰਿਸ਼ਟੀ ਦਾ ਕਰਤਾ, ਭਰਤਾ ਤੇ ਹਰਤਾ ਹੈ। ਭਾਰਤੀ ਚਿੰਤਨ ਵਿਚ ਪਰਮਾਤਮਾ ਦੀ ਹੋਂਦ ਸੰਬੰਧੀ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਸਾਹਮਣੇ ਆਈਆਂ ਹਨ- ਇਕ ਪਰਮਾਤਮਾ ਦੀ ਹੋਂਦ ਨੂੰ ਮੰਨਣ ਵਾਲੀ ਅਤੇ ਦੂਜੀ ਨਾ ਮੰਨਣ ਵਾਲੀ। ਪਰਮਾਤਮਾ ਦੀ ਹੋਂਦ ਨੂੰ ਮੰਨਣ ਵਾਲਿਆਂ ਨੂੰ ਈਸ਼ਵਰਵਾਦੀ (ਆਸਤਕ) ਕਿਹਾ ਜਾਂਦਾ ਹੈ। ਇਸ ਵਿਚ ਵੈਦਿਕ ਧਰਮ, ਸਾਮੀ ਧਰਮ ਅਤੇ ਸਿਖ ਧਰਮ ਆਉਂਦੇ ਹਨ ਅਤੇ ਨਾ ਮੰਨਣ ਵਾਲਿਆਂ ਨੂੰ ਅਨਈਸ਼ਵਰਵਾਦੀ (ਨਾਸਤਕ) ਕਿਹਾ ਜਾਂਦਾ ਹੈ ਜਿਸ ਵਿਚ ਜੈਨੀ, ਬੋਧੀ ਅਤੇ ਚਾਰਵਾਕ ਧਰਮ ਸ਼ਾਮਿਲ ਹਨ। ਭਾਰਤ ਦੀ ਸਭ ਤੋਂ ਪ੍ਰਾਚੀਨ ਪਰੰਪਰਾ ਵੈਦਿਕ ਪਰੰਪਰਾ ਹੈ। ਇਸ ਤੋਂ ਪਹਿਲਾਂ ਆਦਮ ਯੁਗ ਦਾ ਸਮਾਂ ਸੀ। "ਪਰਮਾਤਾਮਾ ਜਿਹੀ ਬ੍ਰਹਿਮੰਡ-ਵਿਆਪੀ ਸੱਤਾ ਵਿਚ ਵਿਸ਼ਵਾਸ ਕਰਨ ਤੋਂ ਪਹਿਲਾਂ ਆਦਿਮ-ਮਨੁੱਖ ਅਤਿ-ਪ੍ਰਾਕਿਰਤਿਕ (Super-natural) ਸ਼ਕਤੀਆਂ ਵਿਚ ਵਿਸ਼ਵਾਸ ਰਖਦਾ ਸੀ ਕਿਉਂਕਿ ਚੇਤਨਾ-ਵਿਕਾਸ ਦੇ ਪ੍ਰਥਮ ਯੁਗ ਵਿਚ ਮਨੁੱਖ ਦੇ ਯਤਨਾਂ ਵਿਚ ਜਿਹੜੀ ਕਮੀ ਸੀ ਉਸ ਨੂੰ ਪੂਰਾ ਕਰਨ ਲਈ ਅਤੇ ਆਪਣੀ ਸ਼ਕਤੀ-ਸੀਮਾ ਦੀ ਘਾਟ ਨੂੰ ਦੂਰ ਕਰਨ ਦੇ ਨਾਲ ਨਾਲ ਉਤਪਾਦਨ ਦੇ ਸਾਧਨਾਂ ਦੀ ਤਕਨੀਕੀ ਕਮੀ ਨੂੰ ਵੀ ਪੂਰਾ ਕਰਨ ਲਈ ਉਹ ਅਤਿ-ਪ੍ਰਾਕਿਰਤਿਕ ਸ਼ਕਤੀਆਂ ਅਤੇ ਭੂਤਾਂ ਪ੍ਰੇਤਾਂ ਦੀ ਮਿਹਰ ਪ੍ਰਾਪਤ ਕਰਨਾ ਚਾਹੁੰਦਾ ਸੀ। ਬਿਰਛ-ਪੂਜਾ, ਸੱਪ-ਪੂਜਾ, ਜੰਤੂ-ਪੂਜਾ ਅਤੇ ਪ੍ਰੇਤ-ਪੂਜਾ ਆਦਿ ਆਦਿਮ ਯੁਗ ਦੇ ਚੇਤਨਾਤਮਕ ਵਿਚਾਰਾਂ ਅਤੇ ਵਿਵਹਾਰਾਂ ਦੇ ਪਰਿਣਾਮ ਹਨ।"[8] ਇਹ 'ਸਰਬਾਤਮਵਾਦ' ਦਾ ਯੁਗ ਸੀ।

ਆਦਮ ਯੁਗ ਤੋਂ ਬਾਅਦ ਵੈਦਿਕ ਪਰੰਪਰਾ ਦਾ ਸਮਾਂ ਆਉਂਦਾ ਹੈ। ਇਸ ਪਰੰਪਰਾ ਦੇ ਆਰੰਭ ਬਾਰੇ ਸਰ ਰਾਧਾ ਕ੍ਰਿਸ਼ਨਨ ਲਿਖਦੇ ਹਨ— ਪੁਰਾਣੇ ਆਰੀਆ ਲੋਕਾਂ ਨੇ ਚੰਦ੍ਰਮਾ, ਤਾਰਿਆਂ, ਸਮੁੰਦਰ, ਆਕਾਸ਼, ਊਸ਼ਾ(ਪਹੁ ਫੁਟਾਲਾ) ਤੇ ਸੰਝ (ਸੰਧਿਆ ਵੇਲਾ) ਆਦਿ ਨੂੰ ਸ਼ਕਤੀਮਾਨ ਜਾਣ ਕੇ ਦੇਵੀ ਦੇਵਤੇ ਬਣਾ ਕੇ ਪੂਜਿਆ। ਆਰੀਆ ਲੋਕਾਂ ਦਾ ਇਹ ਸਭ ਤੋਂ ਪੁਰਾਣਾ ਤੇ ਮੁੱਢਲਾ ਧਰਮ ਹੈ ਜਾਂ ਕਹੋ ਵੈਦਿਕ ਧਰਮ ਦਾ ਇਹ ਸਭ ਤੋਂ ਪਹਿਲਾ ਸਰੂਪ ਹੈ।[9] ਇਹ ਬਹੁਦੇਵਵਾਦ ਦਾ ਯੁਗ ਸੀ। ਵੇਦਾਂ ਵਿਚ ਪਰਮਾਤਮਾ ਦੇ ਚਿੰਤਨ ਦੀ ਗੱਲ ਕਰਨੀ ਹੋਵੇ ਤਾਂ ਸਭ ਤੋਂ ਪਹਿਲਾਂ ਦੇਵਤਿਆਂ ਦੀ ਵਡਿਆਈ ਸਰਬ ਉਚ ਸੱਤਾ ਦੇ ਪ੍ਰਸੰਗ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਰਿਗਵੇਦ ਵਿਚ ਸਭ ਤੋਂ ਵੱਧ ਇੰਦਰ ਦੇਵਤਾ ਦੀ ਮਹਿਮਾ ਮਿਲਦੀ ਹੈ। ਇੰਦਰ ਦੇਵਤਾ ਨੂੰ ਸਾਰੇ ਦੇਵਤਿਆਂ ਦਾ ਪ੍ਰਤੀਨਿਧ ਅਤੇ ਸਾਰੀਆਂ ਇੱਛਾਵਾਂ ਦਾ ਪੂਰਤੀ ਕਰਤਾ ਸਰਬ ਸ਼ਕਤੀ ਸੰਪੰਨ

---

8 ਉਦਰਿਤ, ਭਗਤ ਸਿੰਘ ਵੇਦੀ, ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਦਾ ਅਧਿਐਨ, ਪੰਨਾ 105.

9 ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ (ਭਾਗ ਪਹਿਲਾ), ਪੰਨਾ 73.

ਕਿਹਾ ਗਿਆ ਹੈ। ਰਿਗਵੇਦ ਵਿਚ ਇੰਦਰ ਦੇਵਤੇ ਬਾਰੇ ਕਿਹਾ ਗਿਆ ਹੈ ਕਿ ਇੰਦਰ ਸਾਰੇ ਦੇਵਤਿਆਂ ਦਾ ਪ੍ਰਤੀਨਿਧ ਬਣ ਕੇ ਵਖ-ਵਖ ਦੇਵਾਂ ਦਾ ਰੂਪ ਧਾਰਨ ਕਰਦਾ ਹੈ। ਉਸ ਦਾ ਇਕ ਰੂਪ ਦੂਜੇ ਦੇਵਤਿਆਂ ਦੇ ਸ੍ਰੇਸ਼ਟ ਲਈ ਹੁੰਦਾ ਹੈ। ਇੰਦਰ ਮਾਇਆ ਦੁਆਰਾ ਅਨੇਕ ਰੂਪ ਬਣਾ ਕੇ ਜ਼ਜ਼ਮਾਨਾਂ ਦੇ ਸਾਹਮਣੇ ਆਉਂਦਾ ਹੈ। ਇੰਦਰ ਦੇ ਰਥ ਵਿਚ 1000 ਘੋੜੇ ਜੋੜੇ ਹੁੰਦੇ ਹਨ।[10] ਵੈਦਿਕ ਕਾਲ ਵਿਚ ਕੇਵਲ ਦੇਵਤਿਆਂ ਦੀ ਹੀ ਸਰਦਾਰੀ ਸੀ।

ਵੈਦਿਕ ਯੁਗ ਤੋਂ ਬਾਅਦ ਉਪਨਿਸ਼ਦਾਂ ਦਾ ਸਮਾਂ ਆਇਆ। ਉਪਨਿਸ਼ਦਾਂ ਵਿਚ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਬ੍ਰਹਮ ਦੀ ਖੋਜ ਲਈ ਉਪਨਿਸ਼ਦਾਂ ਵਿਚ ਤਿੰਨ ਪੱਧਤੀਆਂ ਦਾ ਪ੍ਰਯੋਗ ਕੀਤਾ ਗਿਆ ਹੈ— ਅਧਿਭੌਤਿਕ, ਅਧਿਦੈਵਿਕ ਅਤੇ ਅਧਿਆਤਮਕ ਇਹਨਾਂ ਪੱਧਤੀਆਂ ਨੂੰ ਅਸੀਂ ਕ੍ਰਮਵਾਰ ਸ੍ਰਿਸ਼ਟੀਵਿਧਾਨ ਮੂਲਕ, ਈਸ਼ਵਰਸ਼ਾਸ਼ਤਰ ਮੂਲਕ ਅਤੇ ਮਨੋਵਿਗਿਆਨਿਕ ਮੂਲਕ ਵੀ ਕਹਿ ਸਕਦੇ ਹਾਂ। ਅਧਿਭੌਤਿਕ ਪੱਧਤੀ ਭੌਤਿਕ ਸੰਸਾਰ ਦੀ ਉਤਪਤੀ, ਸਥਿਤੀ ਅਤੇ ਵਿਨਾਸ਼ ਦੇ ਕਾਰਨਾਂ ਦੀ ਛਾਣ-ਬੀਣ ਕਰਦੀ ਹੋਈ ਵਿਲਖਣ ਪਦਾਰਥ ਬ੍ਰਹਮ ਦੀ ਖੋਜ ਕਰਦੀ ਹੈ। ਅਧਿਦੈਵਿਕ ਪੱਧਤੀ ਵੱਖ-ਵੱਖ ਰੂਪ ਜਾਂ ਵੱਖ-ਵੱਖ ਸ਼ਕਤੀ ਨੂੰ ਧਾਰਣ ਕਰਨ ਵਾਲੇ ਦੇਵਤਿਆਂ ਵਿਚ ਸ਼ਕਤੀਆਂ ਦਾ ਸੰਚਾਰ ਕਰਨ ਵਾਲੇ ਪਰਮਾਤਮਾ ਦੀ ਖੋਜ ਕਰਦੀ ਹੈ। ਅਧਿਆਤਮਕ ਪੱਧਤੀ ਵਿਚ ਮਨੁਖੀ ਪ੍ਰਕਿਰਿਆਵਾਂ ਜਾਂ ਸਰੀਰਕ ਕਿਰਿਆਵਾਂ ਦੇ ਨਿਰੀਖਣ ਨਾਲ ਮੂਲਭੂਤ (ਮੂਲ ਤੱਤ) ਦਾ ਨਿਰੂਪਣ ਕੀਤਾ ਗਿਆ ਹੈ।[11]

ਮਹਾਂਕਾਵਿ ਦੇ ਦੌਰ ਵਿਚ ਵੀ ਬ੍ਰਹਮ ਦਾ ਸੰਕਲਪ ਸਾਹਮਣੇ ਆਇਆ। ਗੀਤਾ ਵਿਚ ਬ੍ਰਹਮ ਦੇ ਦੋ ਭਾਵਾਂ ਦਾ ਵਰਣਨ ਕੀਤਾ ਗਿਆ ਹੈ ਅਪਰਭਾਵ ਤੇ ਪਰਭਾਵ। ਬ੍ਰਹਮ ਦਾ ਅਪਰਭਾਵ ਜਾਂ ਵਿਸ਼ਵਾਨੁਗ ਰੂਪ ਇਕ ਅੰਸ਼ ਨਾਲ ਜਗ ਵਿਚ ਅਭਿਵਿਅਕਤ ਅਤੇ ਪ੍ਰਕਾਸ਼ਮਾਨ ਹੁੰਦਾ ਹੈ। ਬ੍ਰਹਮ ਦਾ ਇਕ ਅੰਸ਼ ਮਾਤਰ ਯੋਗ ਮਾਇਆ ਨਾਲ ਸੰਬੰਧ ਹੈ। ਇਹ ਬ੍ਰਹਮ ਦਾ ਅਬਿਨਾਸ਼ੀ ਰੂਪ ਹੈ। ਬ੍ਰਹਮ ਦਾ ਜਗਤ ਨਾਲ ਸੰਬੰਧ ਹੋਣ ਦਾ ਇਹ ਮਤਲਬ ਨਹੀਂ ਕਿ ਬ੍ਰਹਮ ਸੰਸਾਰਕ ਸੀਮਾਵਾਂ ਦੇ ਅਧੀਨ ਹੈ। ਬ੍ਰਹਮ ਸੰਸਾਰਕ ਨਿਯਮਾਂ ਦਾ ਉਲੰਘਣ ਵੀ ਕਰ ਸਕਦਾ ਹੈ। ਬ੍ਰਹਮ ਦੇ ਅਪਰਭਾਵ ਰੂਪ ਵਿਚ ਉਹ ਦੇ ਵਿਰਾਟ, ਨਾਸ਼ ਨਾ ਹੋਣ ਵਾਲੇ, ਸਦਾ ਰਹਿਣ ਵਾਲੇ ਅਤੇ ਆਦਿ ਮੁਢਲੇ ਰੂਪ ਦਾ ਵਰਨਣ ਕੀਤਾ ਗਿਆ ਹੈ। ਉਹ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ ਪਰ ਤੇਜਮਈ ਅਤੇ ਸ਼ਕਤੀ ਸੰਪੰਨ ਵਸਤਾਂ ਵਿਚ ਜ਼ਿਆਦਾ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਗੀਤਾ ਵਿਚ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਨਾਂ ਰੂਪਾਂ ਦਾ ਵਰਨਣ ਮਿਲਦਾ ਹੈ ਅਤੇ ਇਹਨਾਂ ਦਾ ਵਿਚ ਆਪਸੀ ਵਿਰੋਧ

---

[10] ਰਿਗਵੇਦ, 6.47.18

[11] ਡਾ. ਸਕੁੰਤਲਾ ਪੂਜਾਨੀ, ਭਾਰਤੀ ਦਰਸ਼ਨ ਕੀ ਅਵਧਾਰਨਾਏ, ਪੰਨਾ 147

ਨਹੀਂ ਹੈਂ।[12]

ਵੈਸ਼ੇਸ਼ਿਕ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਨਹੀਂ, ਸਗੋਂ ਸ੍ਰਿਸ਼ਟੀ ਅਤੇ ਪਰਮਾਣੂ ਜਿਸ ਤੋਂ ਸ੍ਰਿਸ਼ਟੀ ਬਣੀ ਹੈ ਇਹ ਦੋਵੇਂ ਪਰਮਾਤਮਾ ਦੇ ਸਹਾਇਕ ਹਨ ਅਤੇ ਉਸ ਵਾਂਗ ਹੀ ਸਦੀਵੀ ਹਨ। ਆਤਮਾ ਦੀ ਸ਼ਕਤੀ ਦੀ ਸੀਮਾ ਹੈ। ਪਰ ਪਰਮਾਤਮਾ ਸਰਬ ਸ਼ਕਤੀਮਾਨ ਅਤੇ ਸਭ ਕੁਝ ਜਾਣਨ ਵਾਲਾ ਹੋਣ ਕਰਕੇ ਅਸੀਮ ਹੈ। ਸੰਸਾਰ ਅਤੇ ਪਰਮਾਤਮਾ ਇਕ ਦੂਜੇ ਤੋਂ ਪੂਰਣ ਤੌਰ 'ਤੇ ਸੁਤੰਤਰ ਹਨ। ਉਹ ਸ੍ਰਿਸ਼ਟੀ ਦੇ ਵਿਧਾਨ ਵਿਚ ਦਾਖ਼ਿਲ ਨਹੀਂ ਦਿੰਦਾ ।[13]

"ਸਿੱਧ ਬ੍ਰਹਮ ਨੂੰ 'ਅੰਤਿਮ ਸੱਤਿ' ਮੰਨਦੇ ਸਨ, ਜਿਨ੍ਹਾਂ ਦੇ ਦਾਰਸ਼ਨਿਕ ਸਿਧਾਂਤ ਨੂੰ 'ਅਦਵਯਵਾਦ' ਕਿਹਾ ਜਾਂਦਾ ਹੈ। ਇਸ ਅੰਤਿਮ ਸੱਤਿ ਦੀ ਪ੍ਰਾਪਤੀ ਲਈ ਕਿਸੇ ਦੇਵੀ-ਦੇਵਤਾ ਦੀ ਪੂਜਾ-ਉਪਾਸਨਾ ਦੀ ਕੋਈ ਲੋੜ ਨਹੀਂ ਪ੍ਰਸਿਧ ਸਿੱਧ ਸਰਹੱਪਾ ਕਹਿੰਦਾ ਹੈ ਕਿ ਜਿਹੜਾ ਇਸ ਅੰਤਿਮ ਸੱਤਿ ਨੂੰ ਸਮਝ ਲੈਂਦਾ ਹੈ ਉਹੀ ਮਹਾਂਸੁਖ ਪ੍ਰਾਪਤ ਕਰਦਾ ਹੈ। ਸਿੱਧਾਂ ਦਾ 'ਅਦਵਯਵਾਦ' ਹੀ ਨਾਥਾਂ ਦਾ 'ਵਿਲੱਖਣ ਅਦਵੈਤਵਾਦ' ਹੈ ਕਿਉਂਕਿ ਉਹ ਪਰਮ ਤੱਤ (ਬ੍ਰਹਮ) ਨੂੰ ਅਦਵੈਤ ਮੰਨਦੇ ਹੋਏ ਵੀ ਵਿਲੱਖਣ ਕਹਿੰਦੇ ਹਨ। ਉਹ ਸਭ ਤੋਂ ਪਰੇ ਸਵੈ-ਜੋਤ ਰੂਪ। ਕੇਵਲ ਸਤਿ, ਚਿੱਤ ਤੇ ਆਨੰਦ ਦੀ ਮੂਰਤੀ ਹੈ। ਸਿੱਧਾਂ ਅਤੇ ਨਾਥਾਂ ਨੇ ਇਸ ਪਰਮ-ਚੇਤਨ ਤੱਤ ਦੀ ਭਾਵ ਅਨੁਭੂਤੀ ਲਈ ਸ਼ਬਦ, ਓਅੰਕਾਰ, ਨਿਰੰਜਨ, ਸੈਭੰ ਅਤੇ ਸਾਹਿਬ ਆਦਿ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਇਸ ਵਿਲੱਖਣ ਤੇ ਧਰਮ-ਚੇਤਨ ਤੱਤ ਦੇ ਸਰੂਪ ਤੇ ਸ਼ਕਤੀ ਬਾਰੇ ਗੋਰਖ ਨਾਥ ਲਿਖਦਾ ਹੈ ਕਿ:

ਤੂੰ ਤੋਂ ਆਪ ਆਪ ਤੋਂ ਹੁਵਾ ਤੂੰ
ਦੇਖਿਆ ਉਜਿਆਰਾ॥
ਗੋਰਖ ਕਹੈ ਗੁਰੂ ਕੈ ਸਬਦਾਂ
ਤੂੰ ਹੀ ਘੜਨਹਾਰਾ॥[14]

ਜੈਨ ਧਰਮ ਪਰਮਾਤਮਾ ਦੀ ਹੋਂਦ ਦੀ ਥਾਂ ਪਦਾਰਥ ਨੂੰ ਮੰਨਦਾ ਹੈ। ਪਦਾਰਥ ਦੋ ਤਰ੍ਹਾਂ ਦੇ ਮੰਨੇ ਹਨ ਇਕ ਸਦਾ ਰਹਿਣ ਵਾਲੇ ਤੇ ਦੂਜੇ ਨਾਸ਼ ਹੋਣ ਵਾਲੇ। ਕੋਈ ਵੀ ਪਦਾਰਥ ਅਬਿਨਾਸ਼ੀ ਜਾਂ ਨਾਸ਼ ਹੋਣ ਵਾਲਾ ਨਹੀਂ ਹੋ ਸਕਦਾ। ਸਾਰੇ ਪਦਾਰਥ ਨਾਸ਼ ਵੀ ਹੋ ਸਕਦੇ ਹਨ ਅਤੇ ਸਦਾ ਕਾਇਮ ਵੀ ਰਹਿ ਸਕਦੇ ਹਨ।

ਇਸਲਾਮ ਵਿਚ ਪਰਮਸੱਤਾ ਦਾ ਸਿਧਾਂਤ ਦਵੈਤਵਾਦੀ ਹੈ। ਇਸ ਵਿਚ ਅੱਲ੍ਹਾ ਦੇ ਬਰਾਬਰ ਦੀ ਹੋਰ ਹਸਤੀ ਦੀ ਹੋਂਦ ਮੰਨੀ ਗਈ ਹੈ, ਜਿਸ ਨੂੰ ਸ਼ੈਤਾਨ ਕਿਹਾ ਜਾਂਦਾ ਹੈ। ਸ਼ੈਤਾਨ ਬਦੀ ਦਾ ਦੇਵਤਾ ਹੈ ਅਤੇ

12 ਡਾ. ਸਕੁੰਤਲਾ ਪੂਜਾਨੀ, ਭਾਰਤੀ ਦਰਸ਼ਨ ਕੀ ਅਵਧਾਰਨਾਏ, ਪੰਨਾ 152

13 ਡਾ. ਰਾਧਾ ਕ੍ਰਿਸ਼ਨਨ, ਭਾਰਤੀ ਦਰਸ਼ਨ, ਪੰਨਾ 246

14 ਉਦਰਿਤ, ਭਗਤ ਸਿੰਘ ਵੇਦੀ, ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਦਾ ਅਧਿਐਨ, ਪੰਨਾ 112.

ਇਨਸਾਨਾਂ ਨੂੰ ਰਬ ਵੱਲ ਜਾਣ ਤੋਂ ਰੋਕਦਾ ਹੈ। ਇਹ ਅੱਗ ਤੋਂ ਪੈਦਾ ਹੋਇਆ ਹੈ। ਇਸ ਦੇ ਹੋਰ ਦੋ ਨਾਮ ਹਨ- ਅਜ਼ਾਜ਼ੀਲ ਅਤੇ ਇਬਲੀਸ। ਪਹਿਲਾਂ ਇਹ ਚੰਗਾ ਦੇਵਤਾ ਸੀ, ਸ੍ਰਿਸ਼ਟੀ ਰਚਨਾ ਵੇਲੇ ਜਦੋਂ ਰਬ ਨੇ ਮਨੁਖ ਨੂੰ ਬਣਾਇਆ ਤਾਂ ਇਸ ਨੂੰ ਸਭ ਜੀਵਾਂ ਤੋਂ ਸ੍ਰੇਸ਼ਟ ਥਾਪ ਦਿੱਤਾ ਅਤੇ ਸਾਰੇ ਦੇਵਤਿਆਂ ਨੂੰ ਸਿਜਦਾ ਕਰਨ ਲਈ ਕਿਹਾ। ਸਾਰੇ ਦੇਵਤਿਆਂ ਨੇ ਸਿਜਦਾ ਕਰ ਦਿੱਤਾ ਪਰ ਇਬਲੀਸ ਨੇ ਸਿਜਦਾ ਨਾ ਕੀਤਾ ਜਿਸ ਕਰਕੇ ਗੁਸੇ ਵਿਚ ਆ ਕੇ ਰਬ ਨੇ ਉਸ ਨੂੰ ਬਹਿਸਤ ਵਿਚੋਂ ਕਢ ਦਿਤਾ। ਇਸ ਦਾ ਬਦਲਾ ਲੈਣ ਲਈ ਇਬਲੀਸ ਨੇ ਮਨੁਖ ਨੂੰ ਗੁਮਰਾਹ ਕਰਕੇ ਰਬ ਵਲੋਂ ਨਾਸ਼ੁਕਰੇ ਅਤੇ ਲਾਂਭੇ ਕਰਨਾ ਸ਼ੁਰੂ ਕਰ ਦਿਤਾ। ਇਸ ਨੇ ਹੀ ਆਦਮ ਅਤੇ ਹਵਾ ਨੂੰ ਵਰਜਿਤ ਫਲ ਖਾਣ ਲਈ ਪ੍ਰੇਰਿਆ ਅਤੇ ਲਗਾਤਾਰ ਇਹ ਮਨੁਖਾਂ ਨੂੰ ਗੁਮਰਾਹ ਕਰ ਰਿਹਾ ਹੈ। ਸਿਧਾਂਤਕ ਪੱਖ ਵਿਚ ਭਾਵੇਂ ਰਬ-ਸੰਬੰਧੀ ਮੁਸਲਮਾਨੀ ਵਾਹਦਾਨੀਅਤ ਦੇ ਖਿਆਲ ਨੇ ਗੁਰੂ ਨਾਨਕ ਸਾਹਿਬ ਦੇ ਏਕੋ ਪ੍ਰਮੇਸ਼੍ਵਰ ਭਾਵ ਨੂੰ ਤਕਵੀਅਤ ਦਿੱਤੀ ਹੋਵੇ, ਫਿਰ ਵੀ ਗੁਰਮਤਿ ਸਿੱਧਾਂਤ ਅਨੁਸਾਰ ਰਬ ਦਾ ਸਰੂਪ ਹਿੰਦੂ ਮੁਸਲਮਾਨ ਦੋਹਾਂ ਨਾਲੋਂ ਵੱਖਰਾ ਭੀ ਹੈ ਤੇ ਮਿਲਵਾਂ ਭੀ, ਨਿਰ-ਸੰਦੇਹ ਤੁਹਾਡਾ ਮਾਲਕ ਅੱਲ੍ਹਾ ਹੈ, ਜਿਸ ਨੇ ਜ਼ਮੀਨ ਆਸਮਾਨ ਛੇ ਦਿਨਾਂ ਵਿਚ ਬਣਾਏ ਤੇ ਫੇਰ ਅਰਸ਼ ਉਤੇ ਆਪਣਾ ਨਿਵਾਸ ਅਸਥਾਨ ਬਣਾਇਆ।' ਭਾਵ ਇਹ ਹੈ ਕਿ ਅੱਲ੍ਹਾ ਧਰਤੀ ਉਤੇ ਨਹੀਂ, ਉੱਚੇ ਅਰਸ਼ਾਂ 'ਤੇ ਹੈ, ਉਧਰ ਦੂਜੇ ਬੰਨੇ ਹਿੰਦੂ ਦਾ ਰਬ ਹਰ ਥਾਂ 'ਤੇ ਹਰ ਸ਼ੈਅ ਵਿਚ ਹੈ। ਮੁਸਲਮਾਨੀ ਭਾਵ ਸਰਗੁਣਤਾ ਦਾ ਹੈ ਤੇ ਹਿੰਦੂ ਨਿਰਗੁਣਤਾ ਦਾ।[15] ਪ੍ਰਮਾਤਮਾ ਸਬੰਧੀ ਹੋਈ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਦੇ ਸਰੂਪ, ਕਾਰਜ ਤੇ ਹੋਂਦ ਸੰਬੰਧੀ ਧਰਮਾਂ ਵਿਚ ਵਿਭਿੰਨ ਤਰ੍ਹਾਂ ਦੀਆਂ ਰਾਵਾਂ ਮਿਲਦੀਆਂ ਹਨ। ਕੋਈ ਰਬ ਨੂੰ ਨਿਰਗੁਣ, ਕੋਈ ਸਰਗੁਣ, ਕੋਈ ਤਿੰਨ ਦੇਵਤਿਆਂ ਨੂੰ ਪ੍ਰਮਾਤਮਾ ਦਾ ਸਰੂਪ ਮੰਨਦਾ ਹੈ, ਕੋਈ ਰਬ ਦੀ ਹੋਂਦ ਤੋਂ ਹੀ ਇਨਕਾਰੀ ਹੈ ਅਤੇ ਕੇਵਲ ਦ੍ਰਿਸ਼ਟਮਾਨ ਜਗਤ ਨੂੰ ਹੀ ਪਹਿਲਾ ਤੇ ਆਖਰੀ ਉਦੇਸ਼ ਮੰਨੀ ਬੈਠਾ ਹੈ। ਕੋਈ ਰਬ ਨੂੰ ਆਕਾਸ਼ ਵਿਚ ਬੈਠਾ ਤੇ ਕੋਈ ਨਿਰੋਲ ਸ੍ਰਿਸ਼ਟੀ ਵਿਚ ਵਸਦਾ ਦੱਸਦਾ ਹੈ। ਇਸ ਲਈ ਰਬ ਸੰਬੰਧੀ ਹਰ ਧਰਮ ਦੇ ਬਾਨੀ ਦਾ ਅਨੁਭਵ ਤੇ ਵਿਆਖਿਆ ਵਖਰੇ ਵਖਰੇ ਹਨ। ਗੁਰਮਤਿ ਵਿਚ ਇਹਨਾਂ ਤੋਂ ਅਲਗ ਪ੍ਰਮਾਤਮਾ ਨੂੰ ਨਿਰਗੁਣ ਤੇ ਸਰਗੁਣ ਰੂਪ ਵਿਚ ਪ੍ਰਵਾਨਿਆ ਗਿਆ ਹੈ। ਜਿਸ ਸੰਬੰਧੀ ਵਿਸਥਾਰ ਅੱਗੇ ਦਿਤਾ ਹੈ।

**ਗੁਰਮਤਿ ਵਿਚ ਪਰਮਾਤਮਾ ਦਾ ਸੰਕਲਪ:** ਗੁਰਬਾਣੀ ਵਿਚ ਇਕ ਪਰਮਾਤਮਾ ਦੀ ਹੋਂਦ ਨੂੰ ਸਵੀਕ੍ਰਿਤ ਕੀਤਾ ਗਿਆ ਹੈ। ਉਹ ਨਿਰਗੁਣ ਤੇ ਸਰਗੁਣ ਦੋਨਾਂ ਸਰੂਪਾਂ ਵਿਚ ਵਿਦਮਾਨ ਹੈ। ਪਰਮਾਤਮਾ ਦੇ ਨਾਮ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਟਿਪਣੀ ਕਰਦੇ ਹਨ "ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿੱਖ ਸਤਨਾਮ ਨੂੰ

[15] ਪ੍ਰੋ. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੰਨੇ 214-15

ਅਰਾਧਦੇ ਹੈਨ, ਜਿਸ ਕਰਕੇ ਸਭ ਵਿਘਨ ਨਾਸ ਹੁੰਦੇ ਹਨ, ਤਾਂ ਤੇ ਸਤਨਾਮ ਦਾ ਮੰਗਲਾਚਾਰ ਆਦਿ ਰੱਖਿਆ ਹੈ।"[16] ਗੁਰਮਤਿ ਵਿਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਦੋਨਾਂ ਸਰੂਪਾਂ ਨੂੰ ਮੰਨਿਆ ਹੈ। ਪਰਮਾਤਮਾ ਨਿਰਗੁਣ ਅਤੇ ਸਰਗੁਣ ਸਰੂਪ ਵਿਚ ਆਪਣੀ ਰਚੀ ਇਸ ਸ੍ਰਿਸ਼ਟੀ ਵਿਚ ਵਿਚਰ ਰਿਹਾ ਹੈ। ਇਸ ਸ੍ਰਿਸ਼ਟੀ ਦੇ ਸਾਰੇ ਜੀਵਾਂ ਦੇ ਸਰੀਰ ਅਤੇ ਪਸਾਰੇ ਵਿਚ ਉਹ ਪਰਮਾਤਮਾ ਹੀ ਵਸ ਰਿਹਾ ਹੈ। ਸਰਦੂਲ ਸਿੰਘ ਕਵੀਸ਼ਰ ਅਨੁਸਾਰ "ਮੁਸ਼ਕਲ ਇਹ ਹੈ ਕਿ ਅਕਸਰ ਅਕਾਲ ਪੁਰਖ ਦੀ ਸਰਬ ਵਿਆਪਕਤਾ ਦਾ ਅਪਰੰਪਰਤਾ ਨਾਲ ਟਾਕਰਾ ਕੀਤਾ ਜਾਂਦਾ ਹੈ। ਪਰ ਇਨ੍ਹਾਂ ਦੋਹਾਂ ਗੁਣਾਂ ਨੂੰ ਅੱਡ ਅੱਡ, ਭਿੰਨ ਭਿੰਨ ਜਾਣਨਾ ਭੁੱਲ ਹੈ। ਸਰਬ-ਵਿਆਪਕਤਾ ਦੇ ਅੰਦਰ ਹੀ ਅਕਾਲ ਪੁਰਖ ਦੀ ਅਨੰਤਤਾ, ਅਪਰੰਪਾਰਤਾ ਮੌਜੂਦ ਹੈ, ਜਿਵੇਂ ਸਾਡਾ ਮਨ ਸਰੀਰ ਵਿਚ ਵਿਆਪਕ ਹੈ, ਪਰ ਨਾਲ ਹੀ ਸਰੀਰ ਤੋਂ ਉਪਰ ਭੀ ਉਡਾਰੀ ਲਾਂਦਾ ਹੈ, ਇਸੇ ਤਰ੍ਹਾਂ ਨਿਰੰਕਾਰ ਕੁਦਰਤ-ਵੱਸਿਆ ਹੈ, ਸ੍ਰਿਸ਼ਟੀ ਵਿਚ ਵਿਆਪਕ ਹੈ, ਪਰ ਆਪਣੀ ਪਰਮ ਸੱਤਾ ਕਰਕੇ ਸ੍ਰਿਸ਼ਟੀ ਤੋਂ ਪਰੇ ਭੀ ਹੈ।"[17] ਗੁਰਬਾਣੀ ਦਾ ਫੁਰਮਾਨ ਹੈ:

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥[18]

ਡਾ. ਗੁਰਮੇਲ ਸਿੰਘ ਨੇ ਪਰਮਾਤਮਾ ਦੇ ਸਰੂਪ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ- ਨਿਰਗੁਣ (ਦੋ ਪਖ- ਰਚਨਾ ਤੋਂ ਪਹਿਲਾਂ ਅਤੇ ਰਚਨਾ ਤੋਂ ਬਾਅਦ), ਸਰਗੁਣ(ਤਿੰਨ ਪਖ- ਕਰਤਾ ਪੁਰਖ, ਹੁਕਮੀ ਅਤੇ ਭਾਵਨਾਤਮਕ ਸੰਬੰਧਾਂ 'ਤੇ ਆਧਾਰਿਤ), ਇਕਤਵੀ ਅਤੇ ਸਦੀਵੀ।[19] ਵੱਖੋ-ਵੱਖਰੇ ਧਰਮਾਂ ਵਿਚ ਬੋਲੀਆਂ ਦੇ ਆਧਾਰ 'ਤੇ ਪਰਮਾਤਮਾ ਨੂੰ ਰਬ, ਪ੍ਰਮੇਸ਼ਰ, ਬ੍ਰਹਮ, ਅੱਲ੍ਹਾ, ਯਹੋਵਾ, ਰਾਮ, ਵਾਹਿਗੁਰੂ ਆਦਿ ਨਾਵਾਂ ਦੀ ਸੰਗਿਆ ਦਿੱਤੀ ਗਈ ਹੈ। ਇਹਨਾਂ ਧਰਮਾਂ ਵਲੋਂ ਦਿਤੇ ਨਾਂ, ਧਰਮ ਦੇ ਸੰਸਥਾਗਤ ਪ੍ਰਬੰਧਾਂ ਨਾਲ ਸੰਬੰਧਿਤ ਹਨ, ਜਿਵੇਂ ਸਿੱਖ ਧਰਮ ਵਿਚ ਸ਼ਬਦ 'ਵਾਹਿਗੁਰੂ', ਇਸ ਦੇ ਸੰਸਥਾਗਤ ਸੰਗਠਨ (ਪੰਥ) ਦੀ ਇਕਰੂਪਤਾ, ਪਛਾਣ ਅਤੇ ਜਥੇਬੰਦਕ ਸਮਾਨਤਾ ਲਈ ਪ੍ਰੰਪਰਾ ਨੇ ਪ੍ਰਵਾਨ ਕਰ ਲਿਆ ਹੈ। [20] ਹਰ ਧਰਮ ਪ੍ਰੰਪਰਾ ਨੇ ਆਪਣੇ-ਆਪਣੇ ਭੂਗੋਲਿਕ, ਸਮਾਜਿਕ, ਬੌਧਿਕ ਅਤੇ ਭਾਵਨਾਤਮਿਕ ਮਾਹੌਲ ਅਨੁਸਾਰ 'ਪਰਮਸਤਿ' ਦੇ ਨਾਂ ਰਖੇ ਹਨ, ਜਿਵੇਂ ਇਸਲਾਮ ਉਸਨੂੰ ਅੱਲ੍ਹਾ, ਯਹੂਦੀ ਯਾਹੋਵਾ, ਜ਼ੋਰਾਸ਼ਟਰ ਅਹੁਰਮਜ਼ਦ ਅਤੇ ਹਿੰਦੂ ਧਰਮ

---

16 ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਪੰਨਾ 87.

17 ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 10.

18 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 827

19 ਗੁਰਮੇਲ ਸਿੰਘ ਐਮ. ਏ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ, ਪੰਨਾ 35

20 ਉਹੀ, ਪੰਨਾ 68.

ਰਾਮ, ਮਾਧਵ, ਪਰਮਹੰਸ ਆਦਿ ਨਾਵਾਂ ਨਾਲ ਸੰਬੋਧਨ ਕਰਦੇ ਹਨ। ਭਾਰਤੀ ਚਿੰਤਨ ਵਿਚ ਉਪਨਿਸ਼ਦ ਪ੍ਰੰਪਰਾ ਨੇ ਇਸ ਨੂੰ ਬ੍ਰਹਮ ਦਾ ਨਾਂ ਦਿਤਾ, ਜਿਹੜਾ ਗੁਣ-ਲਛਣਾਂ ਕਰਕੇ ਪਛਮੀ ਫ਼ਲਸਫ਼ੇ(ਹੇਗਲ) ਦੇ 'The Absolute' ਦੇ ਨੇੜੇ ਹੈ। ਗੁਰਬਾਣੀ ਵਿਚ ਪਰਮਸਤ ਲਈ ਕੋਈ ਇਕ ਵਿਸ਼ੇਸ਼ ਨਾਂ ਪ੍ਰਵਾਨ ਨਹੀਂ ਕੀਤਾ ਗਿਆ। ਇਸ ਵਿਚ ਪਰਮਸਤ ਲਈ ਅਨੇਕਾਂ ਨਾਂ ਵਰਤੇ ਗਏ ਹਨ। ਵਰਤੇ ਗਏ ਨਾਵਾਂ ਦੇ ਮੁਖ ਤੌਰ ਉਤੇ ਤਿੰਨ ਆਧਾਰ ਨਿਸ਼ਚਿਤ ਹੁੰਦੇ ਹਨ: 1 ਸਾਮਿਅਕ ਜਨ-ਮਾਨਸ ਦੇ ਸਭਿਆਚਾਰ ਵਿਚ ਸਦੀਆਂ ਦੇ ਰਚੇ ਮਿਚੇ, ਰੂੜ ਹੋਏ ਸ਼ਬਦ; 2 ਸੰਬੋਧਿਤ ਵਰਗ ਦੇ ਧਰਮ, ਵਿਸ਼ਵਾਸ, ਸਭਿਆਚਾਰ ਨਾਲ ਸੰਬੰਧਿਤ, ਖੁਦ ਗੁਰਬਾਣੀ ਰਚੈਤਿਆਂ ਦੇ ਸਭਿਆਚਾਰਕ ਪਿਛੋਕੜ ਵਾਲੇ ਨਾਂ ਅਤੇ 3 ਗੁਰਬਾਣੀ ਰਚਨਹਾਰੇ, ਕਿਉਂਕਿ ਕਿਸੇ ਵਿਸ਼ੇਸ਼ ਸੰਪ੍ਰਦਾਇ ਨਾਲ ਬੰਨੇ ਹੋਏ ਨਹੀਂ ਸਨ, ਇਸ ਕਰਕੇ ਜੋ ਵੀ ਨਾਂ ਉਨ੍ਹਾਂ ਦੇ ਅਨੁਭਵ ਵਿਚ ਆਇਆ, ਵਰਤ ਲਿਆ ਗਿਆ।[21]

ਗੁਰੂ ਅਰਜਨ ਦੇਵ ਜੀ ਨੇ ਵੇਦਿਕ ਪਰੰਪਰਾ ਵਿਚ ਆਏ ਪਰਮਾਤਮਾ ਦੇ ਨਾਮਾਂ ਦਾ ਰੂਪਾਂਤਰਣ ਕਰਕੇ ਉਹਨਾਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲ ਕੇ 'ਕਿਰਤਮ ਨਾਮ' ਦੀ ਸੰਗਿਆ ਦਿਤੀ ਹੈ। ਗੁਰੂ ਜੀ ਅਨੁਸਾਰ ਇਹ ਨਾਮ ਨਿਰੋਲ ਪਰਮਾਤਮਾ ਨਾਲ ਸੰਬੰਧਿਤ ਹਨ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਅਵਤਾਰ ਨਾਲ। ਜਿਵੇਂ ਤਰੇਤਾ ਯੁਗ ਦਾ ਰਾਮਚੰਦ ਦਸ਼ਰਥ ਦਾ ਪੁਤਰ ਰਾਮ ਨਹੀਂ, ਸਗੋਂ ਰਾਮਚੰਦ ਉਹ ਜੋ ਰਮਿਆ ਹੋਇਆ ਹੈ ਅਤੇ ਜਿਸ ਦਾ ਕੋਈ ਰੂਪ ਜਾਂ ਆਕ੍ਰਿਤੀ(ਸ਼ਕਲ) ਨਹੀਂ ਹੈ। ਬਨਵਾਲੀ, ਭਗਤਿ ਵਛਲ, ਗੋਪੀ ਨਾਥ,  ਬਾਸੁਦੇਵ, ਮੁਕੰਦ, ਮਨੋਹਰ, ਨਾਰਾਇਣ, ਅਬਿਨਾਸੀ, ਅਬਿਗਤ, ਅਗੋਚਰ, ਕੇਸਵ, ਚਤੁਰਭੁਜ, ਪੀਤੰਬਰ, ਜਗੰਨਾਥ, ਸਾਰਿੰਗਧਰ, ਬੀਠੁਲ, ਪਤਿਤ ਪਾਵਨ, ਕ੍ਰਿਪਾਲਾ, ਨਿਰੰਕਾਰ, ਗੋਬਿੰਦ ਆਦਿ ਪਰਮਾਤਮਾ ਦੇ ਕਿਰਤਮ ਨਾਮ ਹਨ।[22]

'ਏਕੰਕਾਰ' ਇਕ ਪਰਮ-ਸਤਿ ਦਾ ਲਖਾਇਕ ਹੈ ਪਰ ਅਸਲੋਂ ਇਹ ਉਸ ਮਾਨਵੀ ਸੁਪਨੇ ਦਾ ਚਿੰਨ੍ਹ ਹੈ ਜਿਥੇ ਸਾਰੀ ਮਨੁੱਖਤਾ ਤੇ ਬ੍ਰਹਮੰਡ ਇਕ ਹੋ ਜਾਂਦੇ ਹਨ। ਮਨੁਖਤਾ ਵਿਚ ਵਿਤਕਰੇ,  ਵੰਡੀਆ ਤਕਸੀਮਾਂ ਹਨ। ਇਹ ਧੜਿਆਂ, ਫਿਰਕਿਆਂ, ਜਾਤੀਆਂ, ਨਸਲਾਂ, ਰੰਗਾਂ, ਪਾਤੀਆਂ, ਬੋਲੀਆਂ, ਸਭਿਅਤਾਵਾਂ,  ਸਭਿਆਚਾਰਾਂ ਵਿਚ ਵੰਡੀ ਹੈ। ਮਨੁਖ ਵਿਚ ਭੂਗੋਲਿਕ, ਇਤਿਹਾਸਕ ਵੰਡੀਆਂ ਹਨ ਪਰ ਮਨੁੱਖਤਾ ਦਾ ਸੁਪਨਾ ਇਹ ਹੈ ਕਿ ਇਕ ਦਿਨ ਸਾਰੀਆਂ ਵੰਡੀਆਂ ਖਤਮ ਹੋ ਜਾਣਗੀਆਂ ਤੇ ਸਾਰੀ ਮਨੁਖਤਾ ਇਕ ਹੋ ਜਾਏਗੀ। ਰੰਗ, ਬੋਲੀਆਂ, ਜਾਤੀਆਂ,  ਨਸਲਾਂ ਆਦਿ ਦੇ ਸਾਰੇ ਫ਼ਰਕ ਰਹਿਣਗੇ ਪਰ ਇਹ ਫ਼ਰਕ ਵਿੱਥ-ਵਿਤਕਰੇ ਨਹੀਂ ਪਾ ਸਕਣਗੇ।

---

21 ਗੁਰਮੇਲ ਸਿੰਘ ਐਮ. ਏ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ, ਪੰਨਾ 33.

22 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1083

ਇਨ੍ਹਾਂ ਨੂੰ 'ਬਾਹਰਲੀ' ਗਲ ਸਮਝਿਆ ਜਾਏਗਾ ਤੇ 'ਏਕੰਕਾਰ' ਨੂੰ ਅੰਦਰਲੀ ਅਸਲੀਅਤ ਮੰਨੀ ਜਾਏਗੀ। ਭਾਵ ਏਕਤਾ ਦਾ ਆਧਾਰ ਸਾਰੀ ਰਚਨਾ ਦੇ ਪਿਛੇ ਧੜਕਦੀ ਏਕੰਕਾਰੀ ਅਸਲੀਅਤ ਹੋਵੇਗੀ। ਨਾਨਕ ਦੇ ਰੰਗ ਮੰਚ ਨਾਲੋਂ ਸੂਤ੍ਰਧਾਰ ਨੂੰ ਵਧੇਰੇ ਸਮਝਿਆ ਜਾਏਗਾ ਅਤੇ ਉਹ ਸੂਤ੍ਰਧਾਰ ਇਕੋ ਹਨ।[23] ਪਰਮਾਤਮਾ ਦੀ ਕੋਈ ਸ਼ਕਲ, ਸੂਰਤ, ਨੈਣ, ਨਕਸ਼ ਬਿਆਨ ਨਹੀਂ ਕੀਤੇ ਜਾ ਸਕਦੇ। 'ਜਪੁ' ਸਾਹਿਬ ਵਿਚ 'ਅਕਾਲ ਮੂਰਤਿ' ਪਦ ਹੇਠ ਗੁਰੂ ਨਾਨਕ ਦੇਵ ਜੀ ਨੇ ਇਸੇ ਗੱਲ ਦਾ ਪ੍ਰਤਿਪਾਦਨ ਕੀਤਾ ਹੈ। ਡਾ. ਜਗਜੀਤ ਸਿੰਘ ਅਨੁਸਾਰ, "'ਅਕਾਲ ਮੂਰਤਿ' ਦਾ ਸੰਕਲਪ ਪਾਰਬ੍ਰਹਮ ਪਰਮਾਤਮਾ ਦਾ ਅਜੇਹਾ ਸੰਕਲਪ ਹੈ ਜਿਸ ਵਿਚ ਪਰਮਾਤਮਾ ਦੀ ਮੂਰਤਾਂ ਵਿਚ ਸਥਾਪਨਾ ਅਤੇ ਉਸ ਦਾ ਅਵਤਾਰਾਂ ਰਾਹੀਂ ਪ੍ਰਗਟ ਹੋਣ ਦਾ ਕੋਈ ਸਥਾਨ ਨਹੀਂ। 'ਅਕਾਲ ਮੂਰਤਿ' ਪਾਰਬ੍ਰਹਮ ਅਜੇਹੀ ਹਸਤੀ ਅਤੇ ਹੋਂਦ ਦਾ ਲਖਾਇਕ ਹੈ ਜੋ 'ਕਾਲ' ਅਤੇ ਪੁਲਾੜ ਦੀਆਂ ਸੀਮਾਵਾਂ ਤੋਂ ਮੁਕਤ ਹੈ। ਸੰਸਾਰ ਦੀਆਂ ਸਾਰੀਆਂ ਮੂਰਤਾਂ, ਸਾਰੇ ਰੂਪ, ਸਾਰੇ ਆਕਾਰ ਕਾਲ ਪੁਲਾੜ ਦੀਆਂ ਸੀਮਾਵਾਂ ਵਿਚ ਹਨ। ਕੇਵਲ ਪਾਰਬ੍ਰਹਮ ਦਾ ਸਰੂਪ(ਮੂਰਤਿ) ਆਦਿ ਅੰਤ, ਜਨਮ ਮਰਣ ਤੋਂ ਰਹਿਤ ਹੈ। ਉਹ 'ਕਰਤਾ ਪੁਰਖ' ਹੈ। ਸਾਰੀਆਂ ਘਾੜਤਾਂ, ਸਾਰੇ ਆਕਾਰ, ਸਾਰੇ ਰੂਪ ਉਸਦੇ ਹੀ ਹਨ, ਪਰ ਕਿਸੇ ਇਕ ਰੂਪ, ਸਰੂਪ ਜਾਂ ਮੂਰਤਿ ਵਿਚ ਉਸ ਨੂੰ ਵਿਦਮਾਨ ਕਰਕੇ ਸੀਮਤ ਨਹੀਂ ਕੀਤਾ ਜਾ ਸਕਦਾ। (ਸਹਸ ਮੂਰਤਿ ਨਨਾ ਏਕ ਤੋਹੀ- ਧਨਾਸਰੀ ਮ. ੧.੧੩) ਨਾ ਉਹ ਕਿਸੇ ਵਿਸ਼ੇਸ਼ ਸੂਰਤ ਮੂਰਤ ਵਿਚ ਸਥਾਪਤ ਹੋ ਸਕਦਾ ਹੈ, ਨਾ ਘੜਿਆ, ਬਣਾਇਆ ਜਾਂ ਉਤਪੰਨ ਕੀਤਾ ਜਾ ਸਕਦਾ ਹੈ। ਉਹ ਤਾਂ ਆਪਣੇ ਆਪ ਤੋਂ ਪ੍ਰਕਾਸ਼ਮਾਨ ਜੋਤਿ ਹੈ।"[24] ਜੋ ਮਨੁਖ ਪਰਮਾਤਮਾ ਤੋਂ ਛੁਟ ਹੋਰ ਦੇਵੀ ਦੇਵਤਿਆਂ ਅਤੇ ਪਥਰਾਂ ਆਦਿਕ ਦੀ ਪੂਜਾ ਕਰਦੇ ਹਨ, ਉਹਨਾਂ ਦੀ ਘਾਲ ਕਮਾਈ ਵਿਅਰਥ ਜਾਂਦੀ ਹੈ। ਕਿਉਂਕਿ ਇਹ ਆਪ ਵੀ ਡੁਬ ਜਾਂਦੇ ਹਨ ਅਤੇ ਪੂਜਣ ਵਾਲੇ ਵੀ ਨਾਲ ਹੀ ਡੋਬੇ ਜਾਂਦੇ ਹਨ:

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥[25]

ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਗੁਰੂ ਨਾਨਕ ਦੇਵ ਸਾਹਿਬ ਦੀ ਬਾਣੀ 'ਜਪੁ' ਵਿਚ ਰਬ ਦੇ ਸਰੂਪ ਦਾ ਚਿਤ੍ਰਣ ਪੇਸ਼ ਕੀਤਾ ਹੈ। '੧ਓਂ' ਵਿਚਲੇ '੧' ਤੋਂ ਭਾਵ ਹੈ ਕਿ ਉਹ ਅਕਾਲ ਪੁਰਖ ਇਕ ਹੈ, ਜੋ ਨਿਰਗੁਣ ਸਰੂਪ ਦਾ ਲਖਾਇਕ ਹੈ। 'ਓਅੰਕਾਰਿ' ਪਰਮਾਤਮਾ ਦੇ ਸਰਗੁਣ ਸਰੂਪ ਦੀ ਪ੍ਰਤਿਨਿਧਤਾ ਕਰਦਾ

---

23 ਡਾ. ਸਰਬਜਿੰਦਰ ਸਿੰਘ (ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, 2010, ਪੰਨਾ 95

24 ਡਾ. ਜਗਜੀਤ ਸਿੰਘ (ਸੋਧਕ), ਗੁਰਮਤਿ ਸਾਹਿਤ ਵਿਵੇਚਨ, ਪੰਨਾ 104

25 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160

ਹੈ, ਜਿਸ ਤੋਂ ਸਾਰੇ ਬ੍ਰਹਿਮੰਡ ਦੀ ਉਤਪਤੀ ਹੋਈ। ਡਾ. ਗੋਸਲ ਅਨੁਸਾਰ, "'ੴ' ਗੁਰਮਤ ਦਰਸ਼ਨ ਦਾ ਮੰਗਲ ਵੀ ਹੈ ਅਤੇ ਪ੍ਰਤੀਕ ਵੀ। 'ੴ' ਬ੍ਰਹਮ ਤੇ ਬ੍ਰਹਿਮੰਡ ਦੋਹਾਂ ਦੀ ਸਮੁੱਚੀ ਅਕਾਰ ਹੋਂਦ ਦਾ ਪ੍ਰਤੀਕ ਹੋਣ ਕਰਕੇ ਸਰਬਸ੍ਰੇਸ਼ਟ ਹੈ। ਦੂਸਰੇ ਸ਼ਬਦਾਂ ਵਿਚ ਇਹ ਨਿਰਗੁਣ ਤੇ ਸਰਗੁਣ, ਅਰੂਪ ਤੇ ਸਰੂਪ, ਅਦਵੈਤ ਤੇ ਦਵੈਤ ਦੋਹਾਂ ਫ਼ਿਲਾਸਫ਼ੀਆਂ ਦਾ ਸਮਨਵਯ ਕਰਦਾ ਹੈ।"[26]

ਡਾ. ਤਾਰਨ ਸਿੰਘ ਦਾ ਵਿਚਾਰ ਹੈ ਕਿ "ਮੂਲ ਮੰਤ੍ਰ ਵਿਚ ਗੁਰੂ ਸਾਹਿਬ ਨੇ ੴ ਪਰਮਾਤਮਾ ਦੇ ਸੂਖਮ ਸਰੂਪ ਅਤੇ 'ਸਤਿਨਾਮੁ' ਤੋਂ ਬਾਅਦ ਪਰਮਾਤਮਾ ਦਾ ਸਰਗੁਣ ਸਰੂਪ ਦਰਸਾਇਆ ਹੈ।"[27] ਏਕੰਕਾਰ ਤੋਂ ਬਾਅਦ ਜਦੋਂ ਗੁਰੂ ਸਾਹਿਬ ਪਰਮਾਤਮਾ ਦੀ ਗਲ ਤੋਰਦੇ ਹਨ ਤਾਂ ਸਤਿਨਾਮੁ ਸ਼ਬਦ ਦਾ ਉਚਾਰਣ ਕਰਦੇ ਹਨ। ਜਿਸ ਦਾ ਭਾਵ ਸਦੀਵੀ ਹੋਂਦ ਵਾਲਾ ਜਾਂ ਸਤਿ ਸਰੂਪ ਹੈ। ਉਹ ਆਪ ਸਤਿ ਹੈ ਤੇ ਉਸ ਦਾ ਸਿਰਜਿਆ ਹੋਇਆ ਸਭ ਕੁਝ ਸਚ ਹੈ।

ਆਪਿ ਸਤਿ ਕੀਆ ਸਭੁ ਸਤਿ ॥[28]

ਗੁਰੂ ਜੀ ਨੇ ਵੇਦਿਕ ਧਰਮ ਦੇ ਪਰਮਾਤਮਾ ਸੰਬੰਧੀ ਤ੍ਰੈਮੂਰਤੀ ਅਤੇ ਬਹੁਦੇਵਵਾਦ ਦੇ ਸਿਧਾਂਤ ਨੂੰ ਨਕਾਰਦਿਆਂ ਇਹ ਸਿਧਾਂਤ ਦ੍ਰਿੜ੍ਹਾਇਆ ਹੈ ਕਿ ਸ੍ਰਿਸ਼ਟੀ ਦਾ ਸੰਪੂਰਨ ਸੰਚਾਲਨ ਕਰਨ ਵਾਲੀ ਹਸਤੀ ਕੇਵਲ ਇਕ ਪਰਮਾਤਮਾ ਹੈ। ਬਾਕੀ ਜਿੰਨੀਆਂ ਵੀ ਹਸਤੀਆਂ ਮੰਨੀਆਂ ਜਾਂਦੀਆਂ ਹਨ, ਉਹ ਉਸ ਪਰਮਾਤਮਾ ਦੀ ਹੀ ਕ੍ਰਿਤ ਹਨ ਅਤੇ ਉਸਦੇ ਦੁਆਰੇ 'ਤੇ ਭਿਖਾਰੀ ਬਣ ਕੇ ਖੜ੍ਹੀਆਂ ਹਨ। ਵੈਦਿਕ ਧਰਮ ਅਨੁਸਾਰ ਪਰਮਾਤਮਾ ਦੇ ਤਿੰਨ ਅੰਗ ਹਨ- ਪੈਦਾ ਕਰਨ ਵਾਲਾ ਬ੍ਰਹਮਾ, ਪਾਲਣ ਵਾਲਾ ਵਿਸ਼ਨੂੰ ਅਤੇ ਮਾਰਨ ਵਾਲਾ ਸ਼ਿਵ, ਪਰ ਗੁਰਬਾਣੀ ਅਨੁਸਾਰ ਇਹ ਸਭ ਕਾਰਜ ਕੇਵਲ ਇਕ ਪਰਮਾਤਮਾ ਦੇ ਹੁਕਮ ਵਿਚ ਹੋ ਰਿਹਾ ਹੈ। ਉਸਦੀ ਬਣਾਈ ਰਚਨਾ ਵਿਚ ਕੇਵਲ ਇਕ ਇਕ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨਹੀਂ, ਸਗੋਂ ਕਰੋੜਾਂ ਹੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਹਨ। ਵਿਸ਼ਨੂੰ ਦੇ ਕਰੋੜਾਂ ਅਵਤਾਰ ਪਰਮਾਤਮਾ ਨੇ ਹੀ ਕੀਤੇ ਹਨ। ਸ਼ਿਵ ਅਤੇ ਸ਼ਕਤੀ ਉਸਦੇ ਆਗਿਆਕਾਰ ਹਨ। ਕਰੋੜਾਂ ਇੰਦਰ ਉਸਦੇ ਦਰ 'ਤੇ ਭਿਖਾਰੀ ਬਣ ਕੇ ਖੜ੍ਹੇ ਹਨ। ਕਰੋੜਾਂ ਬੈਕੁੰਠ ਉਸਦੀ ਨਿਗਾਹ ਵਿਚ ਹਨ। ਵਡੇ ਵਡੇ ਛਤਰਪਤੀ ਰਾਜੇ ਉਸਨੂੰ ਨਮਸ਼ਕਾਰਾਂ ਕਰਦੇ ਹਨ। ਕਰੋੜਾਂ ਤੀਰਥ ਉਸਦੇ ਚਰਨਾਂ ਵਿਚ ਹਨ। ਗਿਆਨੀ, ਧਿਆਨੀ, ਤਪੀਏ, ਮੁਨੀ ਅਤੇ ਨਾਥ ਉਸ ਦਾ ਧਿਆਨ ਧਰਦੇ ਹਨ। ਸਾਰੇ ਕਿਤੇ ਉਸ ਪਰਮਾਤਮਾ ਦਾ ਹੀ ਵਾਸਾ ਹੈ:

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥

---

26 ਹਰਦਿਲਜੀਤ ਸਿੰਘ ਗੋਸਲ, ਭਾਰਤੀ ਦਰਸ਼ਨ:ਦਾਰਸ਼ਨਿਕਤਾ ਅਤੇ ਸੰਕਲਪ, ਪੰਨਾ 170.

27 ਡਾ. ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 22.

28 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 294

ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥

.......................................................................................

ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥

ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥[29]

ਅਜਿਹੇ ਹੀ ਵਿਚਾਰ 'ਜਪੁ' ਸਾਹਿਬ ਦੀ ੨੯ਵੀਂ ਪਉੜੀ ਵਿਚ ਵੀ ਦਰਸਾਏ ਗਏ ਹਨ।[30] ਉਹ ਨਿਰਭਉ ਤੇ ਨਿਰਵੈਰ ਹੈ। ਗੁਰੂ ਸਾਹਿਬ ਉਸ ਦੇ ਬਰਾਬਰ ਦੀ ਕੋਈ ਵੀ ਸ਼ਕਤੀ ਨਹੀਂ ਮੰਨਦੇ, ਉਹ ਦੇਵਤਿਆਂ ਨੂੰ ਭੇਖਾਰੀ ਕਹਿੰਦੇ ਹਨ ਤੇ ਇਹ ਸਾਰੇ ਪਰਮਾਤਮਾ ਦੇ ਦਰ 'ਤੇ ਤਾਂ ਹੀ ਸ਼ੋਭਦੇ ਹਨ ਜੇ ਉਸ ਦੇ ਹੁਕਮ ਵਿਚ ਚਲਦੇ ਹਨ :

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥

ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥[31]

ਉਹ ਪਰਮਾਤਮਾ ਅਬਿਨਾਸ਼ੀ ਅਤੇ ਨਿਡਰ ਹੈ। ਜਿਹੜਾ ਜੀਵ ਉਸ ਨਿਡਰ ਦੀ ਸ਼ਰਣ ਲੈਂਦਾ ਹੈ, ਉਹ ਵੀ ਨਿਰਭਉ ਬਣ ਜਾਂਦਾ ਹੈ:

ਓਹੁ ਅਬਿਨਾਸੀ ਰਾਇਆ ॥

ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ॥[32]

ਭਾਰਤ ਵਿਚ ਮਧਕਾਲ ਸਮੇਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਜਿਸ ਸਰੂਪ ਨੂੰ ਚਿਤਰਿਆ ਉਹ ਆਪਣੇ ਆਪ ਵਿਚ ਲਾਮਿਸਾਲ ਸੀ। ਗੁਰੂ ਸਾਹਿਬ ਨੇ ਇਕ ਪਰਮਾਤਮਾ ਦਾ ਸਿਧਾਂਤ ਦੇ ਕੇ ਸਾਰੇ ਮਨੁਖਾ ਨੂੰ ਉਸ ਦੀ ਸੰਤਾਨ ਕਿਹਾ ਹੈ ਜਿਸ ਨਾਲ ਭਾਰਤੀ ਵਰਣ ਵੰਡ 'ਤੇ ਕਰਾਰੀ ਸੱਟ ਵੱਜੀ। ਇਸ ਨਾਲ ਭਾਰਤ ਵਿਚ ਮਨੁਖੀ ਬਰਾਬਰਤਾ ਦੀ ਪਹਿਲੀ ਗੱਲ ਚਲੀ। ਨਤੀਜਾ ਇਹ ਹੋਇਆ ਕਿ ਬਹੁਦੇਵਵਾਦ ਦੀ ਪੂਜਾ ਤੋਂ ਲੋਕਾਂ ਦਾ ਵਿਸ਼ਾਵਾਸ ਉਠ ਗਿਆ। ਇਸ ਨਾਲ ਭਾਰਤੀ ਸਭਿਆਚਾਰ ਵਿਚ ਕ੍ਰਾਂਤੀ ਆ ਗਈ। ਡਾ. ਤਾਰਨ ਸਿੰਘ ਅਨੁਸਾਰ "ਹਿੰਦੁਸਤਾਨੀ ਜੀਵਨ ਨੂੰ ਵੇਖ ਕੇ ਗੁਰੂ ਸਾਹਿਬ ਨੇ ਰੱਬ ਦੇ ਸਰੂਪ ਵਿਚ 'ਨਿਰਭਉ'

29 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1157.

30 ਉਹੀ, ਪੰਨਾ 9.

31 ਉਹੀ, ਪੰਨਾ 992.

32 ਉਹੀ, ਪੰਨਾ 206.

ਤੇ 'ਨਿਰਵੈਰ' ਦੇ ਦੋ ਵਿਸ਼ੇਸ਼ ਗੁਣ ਰਖੇ ਹਨ ਤਾਂ ਜੁ ਉਹਨਾਂ ਦੇ ਅਨੁਯਾਈਆਂ ਵਿਚ ਇਹ ਦੋ ਵਿਸ਼ੇਸ਼ ਗੁਣ ਪੈਦਾ ਹੋਣ ਅਤੇ ਭਾਰਤੀ ਜੀਵਨ ਤੇ ਕੌਮ ਦੀ ਕਲਿਆਨ ਹੋ ਸਕੇ। ਭਾਵ ਸਿੱਖ ਕਿਸੇ ਤੋਂ ਡਰੇਗਾ ਨਹੀਂ ਕਿਉਂਕਿ ਉਸ ਦਾ ਰਬ 'ਨਿਰਭਉ' ਹੈ ਤੇ ਕਿਸੇ ਨਾਲ ਵੈਰ ਵਿਰੋਧ ਜਾਂ ਧੱਕਾ ਵੀ ਨਹੀਂ ਕਰੇਗਾ ਕਿਉਂਕਿ ਉਸ ਦਾ ਰਬ 'ਨਿਰਵੈਰ' ਹੈ।[33]

ਗੁਰਮਤਿ ਵਿਚ ਬ੍ਰਹਮ ਤੇ ਸੰਗਤ ਦਾ ਸੰਯੋਗ ਦਿਖਾਇਆ ਗਿਆ ਹੈ। ਬ੍ਰਹਮ ਕੋਈ ਉਦਾਸੀ ਬੈਰਾਗੀ ਜਾਂ ਸਮਾਜ ਨੂੰ ਤਿਲਾਂਜਲੀ ਦੇ ਕੇ ਨਹੀਂ ਮਿਲਦਾ, ਸਗੋਂ ਸਚਿਆਰ ਜੀਵਨ ਦੀਆਂ ਕੀਮਤਾਂ ਧਾਰਨ ਕਰਕੇ ਅਤੇ ਆਦਰਸ਼ ਸਮਾਜ ਵਿਚ ਵਿਚਰ ਕੇ ਹੀ ਉਸ ਪਰਮਾਤਮਾ ਵਿਚ ਅਭੇਦ ਹੋਇਆ ਜਾ ਸਕਦਾ ਹੈ। ਪਰ ਇਸ ਵਿਚ ਸਦ ਜਾਗੰਤ ਅਵਸਥਾ ਦੀ ਜ਼ਰੂਰਤ ਹੈ ਜਿਥੇ ਸ਼ਬਦ ਦੀ ਸੋਝੀ ਹੋਣੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥[34]

ਇਸ ਲਈ ਗੁਰੂ ਸਾਹਿਬ ਕਹਿੰਦੇ ਹਨ ਬ੍ਰਹਮ ਦੀ ਸੋਝੀ ਇਕਲੇ-ਪਣ ਵਿਚ ਨਹੀਂ ਮਿਲਣੀ ਸਗੋਂ ਸਦ ਪੁਰਸ਼ਾਂ ਨਾਲ ਮਿਲ ਕੇ ਉਸ ਦੀ ਵੀਚਾਰ ਕਰਕੇ ਪਰਮ ਸਤਿ ਦੀ ਪ੍ਰਾਪਤੀ ਹੋ ਸਕਦੀ ਹੈ:

ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥[35]

## 2.2 ਸ੍ਰਿਸ਼ਟੀ :

'ਪਰਮਾਤਮਾ' ਤੋਂ ਬਾਅਦ 'ਸ੍ਰਿਸ਼ਟੀ ਰਚਨਾ' ਦਾ ਸੰਕਲਪ ਧਰਮ ਦਰਸ਼ਨ ਵਿਚ ਬੜੇ ਹੀ ਮਹਤਵਪੂਰਨ ਪੱਖ ਵਜੋਂ ਦੁਨੀਆਂ ਦੇ ਦਾਰਸ਼ਨਿਕਾਂ, ਧਾਰਮਿਕ ਬਾਨੀਆਂ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਲਗਪਗ ਹਰੇਕ ਅਧਿਆਤਮਕ ਆਗੂ ਅਤੇ ਪ੍ਰਮੁਖ ਦਰਸ਼ਨਵੇਤਾ ਨੇ ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਸ੍ਰਿਸ਼ਟੀ ਨੂੰ ਵਖ-ਵਖ ਭਾਸ਼ਾਵਾਂ ਵਿਚ ਵਖੋ-ਵਖਰੇ ਨਾਮ ਦਿਤੇ ਗਏ ਹਨ; ਜਿਵੇਂ ਵਿਸ਼ਵ, ਬ੍ਰਹਿਮੰਡ, ਜਗਤ, ਸੰਸਾਰ, ਖਲਕਤ, Universe, World, ਆਦਿ। ਪੰਜਾਬੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਸ੍ਰਿਸ਼ਟੀ ਨੂੰ ਰਚਨਾ, ਜਗਤ, ਸੰਸਾਰ, ਦੁਨੀਆਂ ਨਾਮ ਦਿਤੇ ਹਨ।[36] ਜਿਵੇਂ ਇਸ ਦੇ ਨਾਵਾਂ ਵਿਚ ਵਖਰੇਵਾਂ ਹੈ ਉਸੇ ਪ੍ਰਕਾਰ ਹੀ ਇਸ ਦੀ ਹੋਂਦ ਸੰਬੰਧੀ ਵੀ ਅਨੇਕਾਂ ਪ੍ਰਕਾਰ ਦੇ ਵਿਚਾਰ ਮਿਲਦੇ ਹਨ। ਜਿਸ ਬਾਰੇ ਬਾਅਦ ਵਿਚ

---

33 ਡਾ. ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 23.

34 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1314.

35 ਉਹੀ, ਪੰਨਾ 900.

36 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼(ਭਾਗ ਪਹਿਲਾ), ਪੰਨਾ 143.

ਵੀਚਾਰ ਕੀਤੀ ਜਾਵੇਗੀ।

**2.2.1 ਸ੍ਰਿਸ਼ਟੀ ਦਾ ਸੰਕਲਪ:** ਅਸਲ ਵਿਚ ਜਦੋਂ ਮਨੁਖ ਨੂੰ ਆਪਣੇ ਆਲੇ ਦੁਆਲੇ ਦੀ ਸੋਝੀ ਹੋਈ ਤਾਂ ਉਸਨੇ ਆਪਣੇ ਆਸ-ਪਾਸ ਬਨਸਪਤੀ, ਪਾਣੀ, ਜਾਨਵਰ, ਪੰਛੀ, ਅਕਾਸ਼, ਵਡੇ ਵਡੇ ਪਹਾੜ ਅਤੇ ਆਪਣੇ ਵਰਗੇ ਹੋਰ ਮਨੁਖ ਦੇਖੇ ਤਾਂ ਉਸ ਦੇ ਜ਼ਿਹਨ ਵਿਚ ਸਵਾਲ ਪੈਦਾ ਹੋਏ ਜੋ ਭਾਰਤੀ ਦਰਸ਼ਨ ਵਿਚ ਸ੍ਰਿਸ਼ਟੀ ਰਚਨਾ ਬਾਰੇ ਚਾਰ ਮਹਤਵਪੂਰਨ ਸਵਾਲਾਂ ਵਜੋਂ ਉਠਦੇ ਹਨ:

ਸ੍ਰਿਸ਼ਟੀ ਕੀ ਹੈ?

ਇਸ ਦੀ ਰਚਨਾ ਤੋਂ ਪਹਿਲਾਂ ਕੀ ਹਾਲਾਤ ਸਨ?

ਇਹ ਕਿਸ ਤਰ੍ਹਾਂ ਹੋਂਦ ਵਿਚ ਆਈ ? ਅਤੇ

ਇਹ ਕਦੋਂ ਰਚੀ ਗਈ ਅਤੇ ਇਸ ਦਾ ਅੰਤ ਕਦੋਂ ਹੋਵੇਗਾ ?

ਮਨੁਖ ਇਹਨਾਂ ਸੁਆਲਾਂ ਦੇ ਜੁਆਬਾਂ ਖੋਜ ਵਿਚ ਨਿਰੰਤਰ ਲੱਗਾ ਰਿਹਾ ਹੈ। ਇਸ ਸੰਬੰਧੀ ਉਸ ਨੇ ਕਈ ਧਾਰਨਾਵਾਂ ਪੈਦਾ ਕੀਤੀਆਂ ਤੇ ਮਿਥਾਂ ਦੀ ਸਿਰਜਨਾ ਕੀਤੀ। ਸ੍ਰਿਸ਼ਟੀ ਸੰਬੰਧੀ ਵਿਚਾਰਵਾਨਾਂ ਦੀਆਂ ਦੋ ਤਰ੍ਹਾਂ ਦੀਆਂ ਮਾਨਤਾਵਾਂ ਹਨ— ਨਾਦੀ ਜਾਂ ਅਨਾਦੀ। ਭਾਰਤੀ ਦਰਸ਼ਨ ਦੇ ਵਖ-ਵਖ ਸਕੂਲਾਂ ਵਿਚ ਇਸ ਸੰਬੰਧੀ ਅਧਿਕ ਵਿਆਖਿਆ ਪ੍ਰਾਪਤ ਹੈ:

**ਸਾਂਖ ਅਤੇ ਯੋਗ** ਦਰਸ਼ਨ ਦੋਹਾਂ ਸ਼ਾਸ਼ਤ੍ਰਾਂ ਵਿਚ ਦਵੈਤਵਾਦ ਨੂੰ ਪ੍ਰਧਾਨਤਾ ਪ੍ਰਾਪਤ ਹੈ। ਇਹ ਪੁਰਸ਼ ਤੇ ਪ੍ਰਕ੍ਰਿਤੀ ਦੋਹਾਂ ਨੂੰ ਅਨਾਦਿ ਮੰਨਦੇ ਹਨ ਭਾਵ ਆਦਿ ਕਾਲ ਤੋਂ ਹੀ ਇਹਨਾਂ ਦੀ ਹੋਂਦ ਮੰਨਦੇ ਹਨ। ਇਹਨਾਂ ਸ਼ਾਸ਼ਤ੍ਰਾਂ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋ ਵਖਰੀਆਂ ਸ਼ਕਤੀਆਂ ਹਨ ਪਰ ਇਕ ਦੂਜੇ ਵਿਚ ਅਲਿਪਤ ਹਨ। ਪ੍ਰਕ੍ਰਿਤੀ ਦੇ ਤਿੰਨ ਗੁਣ ਹਨ ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਜਿੰਨਾ ਚਿਰ ਇਹ ਤਿੰਨੋਂ ਗੁਣ ਇਕ ਸੰਤੁਲਿਤ ਮਿਸ਼ਰਨ ਵਿਚ ਹੁੰਦੇ ਹਨ, ਇਹਨਾਂ ਵਿਚੋਂ ਕਿਸੇ ਪ੍ਰਕਾਰ ਦੀ ਰਚਨਾ ਨਹੀਂ ਹੁੰਦੀ ਪਰ ਜਦੋਂ ਇਹਨਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਸ੍ਰਿਸ਼ਟੀ ਦੀ ਉਤਪਤੀ ਤੇ ਬਿਨਾਸ਼ ਦਾ ਚੱਕਰ ਚਲ ਪੈਂਦਾ ਹੈ ਅਤੇ ਉਦੋਂ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਇਹ ਸੰਤੁਲਨ ਦੁਬਾਰਾ ਕਾਇਮ ਨਾ ਹੋ ਜਾਵੇ।[37]

**ਅਦਵੈਤਵੇਦਾਂਤ ਦਰਸ਼ਨ** ਅਨੁਸਾਰ "ਸ੍ਰਿਸ਼ਟੀ ਦੀ ਉਤਪਤੀ ਨਹੀਂ ਹੋਈ ਸਗੋਂ ਇਸ ਦਾ ਪ੍ਰਦਰਸ਼ਨ ਹੋਇਆ ਹੈ। ਪਹਿਲਾਂ ਇਹ ਸੰਕੋਚੀ ਹੋਈ ਸੀ ਫਿਰ ਇਸਦਾ ਵਿਸਥਾਰ ਹੋ ਗਿਆ। ਜਿਵੇਂ ਕੋਈ ਲਿਪਟੀ ਹੋਈ ਚੀਜ਼ ਨੂੰ ਖੋਲ੍ਹ ਦਿਉ ਤੇ ਉਹ ਸਚਿਤਰ ਹੋ ਜਾਂਦੀ ਹੈ ਤੇ ਦੁਬਾਰਾ ਲਪੇਟ ਲੈਣ ਨਾਲ ਚਿਤਰ ਬੰਦ ਹੋ ਜਾਂਦੇ

[37] ਡਾ. ਜਗਜੀਤ ਸਿੰਘ (ਸੋਧਕ), ਗੁਰਮਤਿ ਸਾਹਿਤ ਵਿਵੇਚਨ, ਪੰਨਾ 112.

ਹਨ। ਇਸ ਤਰ੍ਹਾਂ ਸ੍ਰਿਸ਼ਟੀ ਹੈ।[38]

ਸ਼ੰਕਰ ਅਚਾਰੀਆ ਅਨੁਸਾਰ, "ਜਗਤ ਮਿਥਿਆ ਅਤੇ ਛਲਾਵਾ ਹੈ, ਜੋ ਦਿਸਦਾ ਹੈ ਉਹ ਅਸਲ ਵਿਚ ਹੈ ਨਹੀਂ। ਜਿਸ ਤਰ੍ਹਾਂ ਸਹੇ (ਖਰਗੋਸ਼) ਦੇ ਸਿੰਗ ਹੁੰਦੇ ਨਹੀਂ ਪਰ ਦਿਸਦੇ ਹਨ। ਜਿਸ ਤਰ੍ਹਾਂ ਹਨੇਰੇ ਵਿਚ ਰੱਸੀ ਸੱਪ ਲਗਦੀ ਹੈ ਅਤੇ ਰੇਗਿਸਤਾਨ ਵਿਚ ਪਾਣੀ ਦਿਖਾਈ ਦਿੰਦਾ ਹੈ ਪਰ ਅਸਲ ਵਿਚ ਰੇਤ ਦੀ ਹੀ ਚਮਕ ਹੁੰਦੀ ਹੈ ਪਾਣੀ ਨਹੀਂ ਹੁੰਦਾ। ਇਸੇ ਤਰ੍ਹਾਂ ਸ੍ਰਿਸ਼ਟੀ ਦਾ ਦਿਸਦਾ ਪਸਾਰਾ ਭੀ ਭਰਮ ਹੀ ਹੈ। ਅਸਲ ਵਿਚ ਸੰਸਾਰ ਨਜ਼ਰ ਦਾ ਧੋਖਾ ਹੈ। ਇਹ ਮ੍ਰਿਗਜਾਲ, ਅਤੇ ਮ੍ਰਿਗਤ੍ਰਿਸ਼ਨਾ ਹੈ ਜੋ ਮਨੁਖ ਦੀ ਕਲਪਨਾ ਵਿਚੋਂ ਪੈਦਾ ਹੁੰਦਾ ਹੈ।"[39]

ਰਾਮਾਨੁਜ ਸ਼ੰਕਰ ਅਨੁਸਾਰ "ਸ੍ਰਿਸ਼ਟੀ ਭਰਮ ਨਹੀਂ ਸਗੋਂ ਸਤਿ ਹੈ। ਇਸ ਦਾ ਸੰਬੰਧ ਬ੍ਰਹਮ ਨਾਲ ਇਸ ਤਰ੍ਹਾਂ ਦਾ ਹੈ ਜਿਵੇਂ ਸਰੀਰ ਅਤੇ ਆਤਮਾ ਦਾ ਹੈ। ਸ੍ਰਿਸ਼ਟੀ ਸਰੀਰ ਹੈ ਅਤੇ ਬ੍ਰਹਮ ਆਤਮਾ ਹੈ। ਸਰੀਰ ਵਾਂਗ ਸ੍ਰਿਸ਼ਟੀ ਵੀ ਸੁਤੰਤਰ ਨਹੀਂ ਅਤੇ ਪੂਰਨ ਤੌਰ ਤੇ ਬ੍ਰਹਮ ਤੇ ਨਿਰਭਰ ਹੈ।"[40]

ਕੁਰਾਨ ਅਨੁਸਾਰ ਅਲਾਹ ਦੇ ਇਕ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋ ਗਈ। ਸੰਸਾਰ ਦੀ ਰਚਨਾ ਦਾ ਸੰਕਲਪ ਲੈਣ 'ਤੇ ਅਨਾਹ ਨੇ 'ਕੁਨ' ਕਿਹਾ ਤਾਂ ਪਲਾਂ ਛਿਣਾਂ ਵਿਚ ਹੀ ਸੱਤ ਅਸਮਾਨ, ਇਕ ਹਜ਼ਾਰ ਆਲਮ (ਸੰਸਾਰ), ਸਜੀਵ ਅਤੇ ਨਿਰਜੀਵ ਪ੍ਰਾਣੀ ਬਣ ਗਏ।[41]

ਬਾਈਬਲ ਅਨੁਸਾਰ ਪਰਮੇਸ਼ਰ ਨੇ ਛੇ ਦਿਨਾਂ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਸਤਵੇਂ ਦਿਨ ਆਰਾਮ ਕੀਤਾ। ਸਭ ਤੋਂ ਪਹਿਲਾਂ ਆਕਾਸ਼ ਅਤੇ ਧਰਤੀ ਦੀ ਰਚਨਾ ਕੀਤੀ। ਫਿਰ ਪਾਣੀ ਅਤੇ ਦਿਨ ਰਾਤ ਬਣਾਏ। ਫਿਰ ਜਲ ਅਤੇ ਥਲ ਅਲਗ ਅਲਗ ਕਰ ਦਿਤੇ। ਫਿਰ ਬਨਸਪਤੀ ਦੀ ਉਤਪਤੀ ਕੀਤੀ। ਫਿਰ ਉਸ ਨੇ ਸੂਰਜ, ਚੰਦਰਮਾ ਅਤੇ ਤਾਰੇ ਬਣਾਏ। ਫਿਰ ਉਸ ਨੇ ਜਲ ਅਤੇ ਥਲ ਦੇ ਜੀਵ ਬਣਾਏ ਅਤੇ ਅਗੇ ਤੋਂ ਸ੍ਰਿਸ਼ਟੀ ਦੇ ਵਿਕਾਸ ਦਾ ਕੰਮ ਬਨਸਪਤੀ ਅਤੇ ਜੀਵਾਂ ਨੂੰ ਸੌਂਪ ਦਿਤਾ।[42]

ਡਾਰਵਿਨ ਅਨੁਸਾਰ ਸੰਸਾਰਕ ਜੀਵਾਂ ਦੀ ਰਚਨਾ ਪਾਣੀ ਵਿਚੋਂ ਹੋਈ ਹੈ। ਇਸ ਸੰਸਾਰ ਦਾ ਸਭ ਤੋਂ ਪਹਿਲਾ ਜੀਵ (Specie) ਜਿਸ ਦਾ ਨਾਂ Amoeba ਸੀ, ਸਭ ਤੋਂ ਪਹਿਲਾਂ ਧਰਤੀ ਦੀ ਤਹਿ 'ਤੇ ਆਇਆ

---

38 ਡਾ. ਸਕੰਤੁਲਾ ਪੂਜਾਨੀ, ਭਾਰਤੀਦਰਸ਼ਨ ਦੀ ਅਵਧਰਨਾਏਂ, ਪੰਨਾ 31.

39 ਉਦਰਿਤ, ਪ੍ਰੋ. ਪ੍ਰੀਤਮ ਸਿੰਘ, ਗੁਰੂ ਨਾਨਕ ਵਿਚਾਰ ਅਧਿਐਨ, ਪੰਨੇ 68-69.

40 ਉਦਰਿਤ, ਡਾ. ਦਲੀਪ ਸਿੰਘ ਦੀਪ, ਜਪੁ ਜੀ ਇਕ ਤੁਲਨਾਤਮਕ ਅਧਿਐਨ, ਪੰਨਾ 241.

41 ਪਵਿਤਰ ਕੁਰਆਨ, ਪੰਨਾ 447.

42 ਪਵਿਤਰ ਬਾਈਬਲ, ਪੰਨਾ 2-3.

ਅਤੇ ਇਸ ਤੋਂ ਹੀ ਵਿਕਾਸ ਕਰਕੇ ਹੋਰ ਜੀਵਾਂ ਦੀ ਰਚਨਾ ਹੋਈ।[43]

Encyclopedia of Religion and Ethics ਅਨੁਸਾਰ, "ਪੁਰਸ਼ ਤੇ ਮਾਦੇ ਤੋਂ ਸ੍ਰਿਸ਼ਟੀ ਪੈਦਾ ਹੋਈ ਹੈ। ਮਾਦਾ ਪੁਰਸ਼ ਵਿਚੋਂ ਨਿਕਲਿਆ ਹੈ। ਜੇ ਮਾਦਾ ਪੁਰਸ਼ ਦਾ ਪੈਦਾ ਕੀਤਾ ਨਾ ਹੁੰਦਾ ਤਾਂ ਪੁਰਸ਼ ਅਤੇ ਮਾਦਾ ਦੋਵੇਂ ਸ਼ਕਤੀਆਂ ਇਕ ਦੂਜੇ ਤੋਂ ਸੁਤੰਤਰ ਅਤੇ ਅਲਿਪਤ ਹੋ ਕੇ ਵਿਚਰਦੀਆਂ, ਜਿੰਨਾਂ ਕੋਈ ਤੀਜੀ ਧਿਰ ਇਹਨਾਂ ਨੂੰ ਜੋੜਦੀ। ਇਸ ਲਈ ਸ੍ਰਿਸ਼ਟੀ ਵਿਚ ਪੁਰਸ਼ ਵਾਲੇ ਗੁਣ ਮੌਜੂਦ ਹਨ।"[44]

ਉਪਰੋਕਤ ਵਿਚਾਰਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਈ ਮਤ ਸ੍ਰਿਸ਼ਟੀ ਨੂੰ ਯਥਾਰਥਕ ਮੰਨਦੇ ਹਨ ਅਤੇ ਕਈ ਇਸ ਨੂੰ ਬਿਲਕੁਲ ਹੀ ਨਕਾਰ ਦਿੰਦੇ ਹਨ। ਸੰਸਾਰ ਬਾਰੇ ਸਨਾਤਨੀ ਵਿਚਾਰ ਇਹ ਵੀ ਹੈ ਕਿ ਇਹ 'ਮਿਥਿਆ' ਹੈ। ਕੀ ਉਪਨਿਸ਼ਦ ਕੀ ਜੈਨੀ, ਬੋਧੀ ਵੀਚਾਰ ਤੇ ਕੀ ਸ਼ੰਕਰ ਸਭ ਅਜਿਹਾ ਹੀ ਖਿਆਲ ਦੁਹਰਾਉਂਦੇ ਰਹੇ ਹਨ। ਇਸ ਮਨੌਤ ਨੇ ਸਾਡੇ ਸੰਸਾਰੀ ਜੀਵਨ ਨੂੰ ਨਿਰਜਿੰਦ ਬਣਾਉਣ ਵਿਚ ਬਹੁਤ ਵਡਾ ਹਿਸਾ ਪਾਇਆ ਹੈ। ਕਈ ਮਤਾਂ ਇਸ ਨੂੰ ਯਥਾਰਥ ਮੰਨਕੇ ਇਸ ਦੇ ਪਦਾਰਥਾਂ ਵਿਚ ਹੀ ਗਲਤਾਨ ਹੋ ਗਏ। ਜਿਸ ਕਰਕੇ ਜੀਵਨ ਤੇ ਸਮਾਜ ਦਾ ਸੰਤੁਲਨ ਵਿਗੜ ਗਿਆ।

**ਗੁਰਮਤਿ ਵਿਚ ਸ੍ਰਿਸ਼ਟੀ ਦਾ ਸੰਕਲਪ:** ਗੁਰਬਾਣੀ ਵਿਚ ਸ੍ਰਿਸ਼ਟੀ ਲਈ ਸੱਚੇ ਕੀ ਕੋਠੜੀ, ਸੁਪਨਾ, ਧੁੰਧੂਕਾਰ, ਪਰਪੰਚ, ਖੇਡ, ਬਾਜੀ, ਬਣਤ, ਲੀਲਾ, ਵੇਸ, ਘਾੜਤ, ਭਵਸਾਗਰ, ਆਕਾਰ, ਭਉ ਨਿਧਿ, ਮਾਇਆ, ਸਿਰਠੀ, ਦੁਨੀਆ ਆਦਿ ਨਾਮ ਵਰਤੇ ਗਏ ਹਨ। ਗੁਰਮਤਿ ਅਨੁਸਾਰ ਸ੍ਰਿਸ਼ਟੀ ਨਾਦੀ ਹੈ। ਇਸ ਦਾ ਆਦਿ ਵੀ ਹੈ ਅਤੇ ਅੰਤ ਵੀ ਹੈ। ਸ੍ਰਿਸ਼ਟੀ ਇਕ ਵਾਰ ਨਹੀਂ ਰਚੀ ਗਈ ਸਗੋਂ ਅਨੰਤ ਵਾਰ ਰਚੀ ਗਈ ਅਤੇ ਨਸ਼ਟ ਕੀਤੀ ਗਈ। ਜਦੋਂ ਪਰਮਾਤਮਾ ਦੀ ਇਛਾ ਹੁੰਦੀ ਹੈ ਤਾਂ ਉਹ ਆਪਣੇ ਆਪ ਦਾ ਪਸਾਰਾ ਕਰ ਲੈਂਦਾ ਹੈ, ਇਸ ਨੂੰ ਸ੍ਰਿਸ਼ਟੀ ਦਾ ਪਸਾਰਾ ਜਾਂ ਉਪਜਣਾ ਕਿਹਾ ਜਾਂਦਾ ਹੈ ਅਤੇ ਜਦੋਂ ਚਾਹੇ ਸਭ ਕੁਝ ਸਮੇਟ ਕੇ ਸੁੰਨ ਰੂਪ ਹੋ ਜਾਂਦਾ ਹੈ, ਇਸ ਨੂੰ ਸ੍ਰਿਸ਼ਟੀ ਦਾ ਬਿਨਸਣਾ ਕਿਹਾ ਜਾਂਦਾ ਹੈ:

ਕਹੂੰ ਫੂਲਿ ਰਾਜਾ ਹ੍ਵੈ ਬੈਠਾ ॥
ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥[45]

ਸੰਸਾਰ ਦਾ ਜੋ ਪਸਾਰਾ ਸਿਰਜਿਆ ਹੈ ਉਹ ਸਚ ਹੈ। ਬਸ਼ਰਤੇ ਗਿਆਨ ਤੋਂ ਬਗੈਰ ਇਸ ਗੱਲ ਦੀ

---

43 ਉਦਰਿਤ, ਡਾ. ਜਗਜੀਤ ਸਿੰਘ (ਸੋਧਕ), ਗੁਰਮਤਿ ਸਾਹਿਤ ਵਿਵੇਚਨ, ਪੰਨਾ 116.

44 ਡਾ. ਜਗਜੀਤ ਸਿੰਘ(ਸੋਧਕ), ਗੁਰਮਤਿ ਸਾਹਿਤ ਵਿਵੇਚਨ, ਪੰਨਾ 113.

45 ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ ਚੌਪਈ, ਚਰਿਤ੍ਰ 404, 395

ਸੋਝੀ ਨਹੀਂ ਹੋ ਸਕਦੀ। ਅਗਿਆਨੀ ਲੋਕ ਸੰਸਾਰ ਨੂੰ ਮਿਥਿਆ ਜਾਣ ਕੇ ਤਿਆਗ ਜਾਂਦੇ ਹਨ ਅਤੇ ਇਸ ਨੂੰ ਪਰਮਾਤਮਾ ਦੀ ਪ੍ਰਾਪਤੀ ਵਿਚ ਰੋੜਾ ਸਮਝਦੇ ਹਨ। ਪਰ ਗਿਆਨਵਾਨ ਸੰਸਾਰ ਦੀ ਨਾਸ਼ਮਾਨਤਾ ਅਤੇ ਯਥਾਰਥਕਤਾ ਨੂੰ ਸਮਝਦੇ ਹੋਏ ਇਸ ਵਿਚ ਚਿਕੜ ਦੇ ਕਮਲ ਦੀ ਤਰ੍ਹਾਂ ਵਿਚਰਦੇ ਹਨ। ਉਹ ਸੰਸਾਰ ਤੋਂ ਉਪਰਾਮ ਨਹੀਂ ਹੁੰਦੇ, ਸਗੋਂ ਸੰਸਾਰ ਵਿਚ ਰਹਿ ਕੇ 'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥'[46] ਦੇ ਸਿਧਾਂਤ ਵਿਚ ਪ੍ਰਪਕ ਹੁੰਦੇ ਹਨ। ਉਹ ਬ੍ਰਹਮੰਡ ਦੀਆਂ ਵਸਤੂਆਂ ਨੂੰ ਵਰਤਦੇ ਤਾਂ ਹਨ ਪਰ ਸੰਤੁਲਨ ਵਿਚ ਰਹਿ ਕੇ। ਗੁਰੂ ਸਾਹਿਬ ਆਸਾ ਦੀ ਵਾਰ ਵਿਚ ਦ੍ਰਿੜ ਕਰਵਾਉਂਦੇ ਹਨ ਕਿ ਪਰਮਾਤਮਾ ਦੀ ਰਚਨਾ ਸਚ ਹੈ। ਵਾਹਿਗਰੂ ਦੁਆਰਾ ਸਿਰਜੇ ਖੰਡ, ਬ੍ਰਹਮੰਡ, ਲੋਕ ਸਭ ਸਚ ਹੀ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥[47]

ਸ੍ਰਿਸ਼ਟੀ ਇਸ ਕਰਕੇ ਵੀ ਮਿਥਿਆ ਨਹੀਂ ਕਿਉਂਕਿ ਇਹ ਪਰਮਾਤਮਾ ਦੀ ਪੈਦਾ ਕੀਤੀ ਹੋਈ ਹੈ ਜੋ ਕਿ ਸੂਖਮ(ਪਰਮਾਤਮਾ) ਤੋਂ ਹੀ ਸਥੂਲ ਸਰੂਪ ਬਣੀ ਹੈ। ਪਹਿਲਾਂ ਪਰਮਾਤਮਾ ਸੁੰਨ ਅਵਸਥਾ ਵਿਚ ਸੀ, ਪਰ ਜਦੋਂ ਇੱਛਾ ਕੀਤੀ ਤਾਂ ਜਗਤ ਖੇਡ ਰੂਪ ਵਿਚ ਰਚ ਦਿਤਾ। ਆਪਣੇ ਅੰਦਰੋਂ ਹੀ ਸਭ ਸਿਰਜ ਦਿਤਾ। ਜਿਸ ਤਰ੍ਹਾਂ ਇਕ ਰੁਖ ਦੀਆਂ ਕਿੰਨੀਆਂ ਹੀ ਟਹਿਣੀਆਂ ਹੁੰਦੀਆਂ ਹਨ, ਉਸੇ ਤਰ੍ਹਾਂ ਸਾਰਾ ਪਾਸਾਰਾ ਹੀ ਬ੍ਰਹਮ ਰੂਪੀ ਬੂਟੇ ਤੋਂ ਹੋਇਆ ਹੈ। ਜਗਤ ਵਿਚ ਆਉਣਾ ਜਾਣਾ(ਆਵਾਗਵਨ) ਵੀ ਉਸੇ ਦੀ ਵਜ੍ਹਾ ਕਾਰਨ ਹੀ ਹੈ। ਸ੍ਰਿਸ਼ਟੀ ਦਾ ਸਾਰਾ ਵਹਿਣ ਉਸੇ ਵਿਚ ਵਹਿ ਰਿਹਾ ਹੈ ਅਤੇ ਉਸੇ ਵਿਚ ਸਮਾਅ ਜਾਣਾ ਹੈ। ਪਾਣੀ ਦੀ ਉਦਾਹਰਨ ਦਿੰਦੇ ਹੋਏ ਲਿਖਦੇ ਹਨ ਕਿ ਪਾਣੀ ਵਿਚ ਬੁਲਬੁਲੇ ਪਾਣੀ ਤੋਂ ਵਖਰੇ ਲਗਦੇ ਹਨ ਪਰ ਅਸਲ ਵਿਚ ਇਹ ਉਸ ਵਿਚੋਂ ਹੀ ਉਤਪੰਨ ਹੁੰਦੇ ਹਨ:

ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥[48]

ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੀ ਇਸ ਤਿੰਨ-ਪੱਖੀ ਵਿਆਖਿਆ ਨੂੰ ਗੁਰੂ ਨਾਨਕ ਦੇਵ ਦੀ ਨਿਮਨ

46 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 26

47 ਉਹੀ, ਪੰਨਾ 463

48 ਉਹੀ, ਪੰਨਾ 102

ਪਉੜੀ ਨਾਲ ਤੁਲਨਾਇਆ ਹੈ:

ਆਪੀਨੈ-(ਨਿਰੰਕਾਰ)

ਆਪ ਸਾਜਿਓ- (ਏਕੰਕਾਰ)

ਆਪੀਨੈ ਰਚਿਓ ਨਾਉ-(ਓਅੰਕਾਰ)

ਦੁਯੀ ਕੁਦਰਤ ਸਾਜੀਐ – (ਓਅੰਕਾਰ ਤੋਂ ਜਗਤ ਤਮਾਸ਼ਾ)

ਕਰਿ ਆਸਣ ਡਿਠੋ ਚਾਉ – (ਓਅੰਕਾਰ ਦੀ ਵਿਦਮਾਨਤਾ)[49]

ਇਹ ਸ੍ਰਿਸ਼ਟੀ ਸਦੀਵੀ ਅਤੇ ਅੰਤਮ ਸੱਚ ਵੀ ਨਹੀਂ ਸਮਝਣਾ ਚਾਹੀਦਾ। ਇਹ ਨਾਦੀ ਹੋਣ ਕਰਕੇ ਬਿਨਸਣਹਾਰ ਵੀ ਹੈ, ਕਿਉਂਕਿ ਨਾਦੀ ਵਸਤ ਪੈਦਾ ਵੀ ਹੁੰਦੀ ਅਤੇ ਨਸ਼ਟ ਵੀ ਹੁੰਦੀ ਹੈ। ਭਾਵੇਂ ਇਹ ਸੰਸਾਰ ਪਰਮਾਤਮਾ ਦਾ ਘਰ ਹੈ ਅਤੇ ਉਹ ਇਸ ਵਿਚ ਹੀ ਵਸਦਾ ਹੈ।[50] ਗੁਰੂ ਤੇਗ ਬਹਾਦੁਰ ਜੀ ਅਨੁਸਾਰ ਇਹ ਜਗਤ ਤਾਂ ਧੂੰਏਂ ਦੇ ਬੱਦਲ ਦੀ ਤਰ੍ਹਾਂ ਹੈ, ਜੋ ਦੇਖਦੇ ਹੀ ਦੇਖਦੇ ਨਸ਼ਟ ਹੋ ਜਾਂਦਾ ਹੈ।[51] ਸੰਸਾਰ ਰਾਤ ਨੂੰ ਨੀਂਦ ਵਿਚ ਆਏ ਸੁਪਨੇ ਵਾਂਗ ਹੈ। ਮਨੁਖ ਜਿੰਨਾ ਚਿਰ ਸੁਪਨੇ ਵਿਚ ਹੁੰਦਾ ਹੈ, ਉਸ ਨੂੰ ਓਨਾ ਚਿਰ ਸਭ ਕੁਝ ਸਚ ਪ੍ਰਤੀਤ ਹੁੰਦਾ ਹੈ, ਪਰ ਜਾਗ ਆਉਣ 'ਤੇ ਪਤਾ ਲਗਦਾ ਹੈ ਕਿ ਇਹ ਸਭ ਤਾਂ ਭਰਮ ਸੀ ਜੋ ਚਾਨਣ ਹੁੰਦੇ ਹੀ ਅਲੋਪ ਹੋ ਗਿਆ ਹੈ। ਇਸੇ ਤਰ੍ਹਾਂ ਸੰਸਾਰ ਵੀ ਇਕ ਸੁਪਨੇ ਦੀ ਤਰ੍ਹਾਂ ਹੈ। ਜਿਸ ਦੀ ਅਸਲੀਅਤ ਗਿਆਨ ਦਾ ਚਾਨਣ ਹੋਣ ਨਾਲ ਪਤਾ ਲਗਦੀ ਹੈ:

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥

ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥[52]

ਮਨੁਖ ਸੰਸਾਰ ਦੀ ਸਚਾਈ ਨੂੰ ਨਾ ਸਮਝਦਾ ਹੋਇਆ ਇਸ ਵਿਚ ਹੀ ਗਲਤਾਨ ਰਹਿੰਦਾ ਹੈ, ਪਰ ਇਹ ਸੰਸਾਰ ਤਾਂ ਛਿਨ ਭੰਗਰ ਹੈ:

ਸਮ ਸੁਪਨੈ ਕੈ ਇਹੁ ਜਗੁ ਜਾਨੁ ॥

ਬਿਨਸੈ ਛਿਨ ਮੈ ਸਾਚੀ ਮਾਨੁ ॥੧॥[53]

ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥

---

49 ਜਗਜੀਤ ਸਿੰਘ, ਗੁਰਮਤਿ ਸਾਹਿਤ ਵਿਵਚੇਨ, ਪੰਨਾ 92

50 ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

51 ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥ (ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 138)

52 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 808

53 ਉਹੀ, ਪੰਨਾ 1187

ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥[54]

**2.2.2 ਸ੍ਰਿਸ਼ਟੀ ਤੋਂ ਪਹਿਲਾਂ ਦੇ ਹਾਲਾਤ:** ਧਰਮ ਦਰਸ਼ਨ ਦਾ ਸਭ ਤੋਂ ਮਹਤਵਪੂਰਨ ਪਹਿਲੂ ਇਹ ਹੈ ਕਿ ਜਦੋਂ ਇਹ ਕਿਸੇ ਚੀਜ਼ ਦੀ ਹੋਂਦ ਬਾਰੇ ਸਵਾਲ ਖੜ੍ਹੇ ਕਰਦਾ ਹੈ ਤਾਂ ਉਸ ਤੋਂ ਪਿਛਲੀਆਂ ਅਵਸਥਾਵਾਂ ਨੂੰ ਘੋਖ ਕੇ ਆਧਾਰ ਬੰਨ੍ਹਦਾ ਹੈ। ਇਸ ਲਈ ਸ੍ਰਿਸ਼ਟੀ ਸੰਬੰਧੀ ਸ਼ੁਰੂ ਹੋਇਆ ਪਹਿਲਾ ਪ੍ਰਸ਼ਨ ਇਹ ਉਠਦਾ ਹੈ ਕਿ ਉਸ ਤੋਂ ਪਹਿਲਾਂ ਦੇ ਹਾਲਾਤ ਕਿਸ ਤਰ੍ਹਾਂ ਦੇ ਸਨ? ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੇ ਹਾਲਾਤਾਂ ਬਾਰੇ ਵੱਖੋ-ਵੱਖਰੇ ਧਰਮ ਗ੍ਰੰਥਾਂ ਵਿਚ ਬਿਆਨ ਕੀਤਾ ਗਿਆ ਹੈ।

ਵੈਦਿਕ ਪਰੰਪਰਾ ਦੇ ਸਭ ਤੋਂ ਪੁਰਾਣੇ ਗ੍ਰੰਥ ਰਿਗਵੇਦ ਵਿਚ ਇਸ ਤਰ੍ਹਾਂ ਮਿਲਦਾ ਹੈ:

> "ਪਰਲੋ ਦੀ ਦਿਸ਼ਾ ਵਿਚ ਨਾ ਅਸਤ ਸੀ ਨਾ ਸਤ ਸੀ, ਉਸ ਸਮੇਂ ਨਾ ਲੋਕ ਸਨ ਨਾ ਅੰਤਰਿਸ਼ ਸੀ, ਨਾ ਕੋਈ ਅਵਰਣ ਸੀ ਨਾ ਫੜਨ ਯੋਗ ਪਦਾਰਥ ਸੀ, ਕਿਤੇ ਵੀ ਨਾ ਕੋਈ ਪ੍ਰਾਣੀ ਸੀ ਅਤੇ ਨਾ ਕੋਈ ਸੁਖ ਪਹੁੰਚਾਉਣ ਵਾਲਾ ਭੋਗ ਸੀ ਗਹਿਰ ਗੰਭੀਰ ਸੀ। ਨਾ ਮੌਤ ਸੀ ਨਾ ਅਮਰ ਸੀ ਨਾ ਰਾਤ ਸੀ ਨਾ ਦਿਨ ਦਾ ਗਿਆਨ ਸੀ। ਕੇਵਲ ਬ੍ਰਹਮ ਹੀ ਸ਼ਵਧਾ ਦੇ ਨਾਲ ਪ੍ਰਾਣ-ਜੁਗਤ ਸੀ। ਉਸ ਤੋਂ ਵੱਧ ਕੇ ਹੋਰ ਕੁਝ ਵੀ ਨਹੀਂ ਸੀ।"[55]

ਵੇਦਾਂ ਤੋਂ ਬਾਅਦ ਵਿਚ ਲਿਖੇ ਜਾਣ ਵਾਲੇ ਬ੍ਰਾਹਮਣ ਅਤੇ ਆਰਣਯਕ ਗ੍ਰੰਥਾਂ ਅਨੁਸਾਰ ਸ੍ਰਿਸ਼ਟੀ ਤੋਂ ਪਹਿਲਾਂ ਪਰਜਾ ਪਤੀ ਸੂਖਮ ਰੂਪ ਵਿਚ ਸੀ। ਉਹ ਪੰਜ ਗਿਆਨ ਇੰਦਰੀਆਂ ਪੰਜ ਕਰਮ ਇੰਦਰੀਆਂ, ਪੰਜ ਵਾਯੂ, ਪੰਜ ਭੂਤ ਅਤੇ ਮਨ ਦਾ ਅਤੇ ਮਨਾ ਤੋਂ ਬਣਿਆ ਹੋਇਆ ਸੀ।

ਬ੍ਰਹਦਾਰਣਯਕੋਪਨਿਸ਼ਦ ਅਨੁਸਾਰ "ਸ੍ਰਿਸ਼ਟੀ ਦੇ ਆਦਿ ਵਿਚ ਕੁਝ ਵੀ ਨਹੀਂ ਸੀ ਕੇਵਲ ਮੌਤ ਸੀ। ਇਸ ਆਰਣਕ ਵਿਚ ਸ੍ਰਿਸ਼ਟੀ ਤੋਂ ਪਹਿਲਾਂ ਪਾਣੀ ਦੀ ਹੋਂਦ ਦਾ ਉਲੇਖ ਮਿਲਦਾ ਹੈ। ਫਿਰ ਮਨ, ਜਲ, ਅਰਜਾ, ਧਰਤੀ ਅਤੇ ਅੰਤ ਵਿਚ ਪ੍ਰਜਾਪਤੀ ਦੀ ਸ੍ਰਿਸ਼ਟੀ ਪੈਦਾ ਹੋਈ। ਸ੍ਰਿਸ਼ਟੀ ਆਕਾਸ਼ ਤੋਂ ਪੈਦਾ ਹੋਈ ਅਤੇ ਇਸੇ ਵਿਚ ਲੈਅ ਹੋ ਜਾਵੇਗੀ। ਸ੍ਰਿਸ਼ਟੀ ਦੀ ਉਤਪਤੀ ਤੋਂ ਬਾਅਦ ਦੇਵਤੇ ਅਤੇ ਦੈਂਤ ਪੈਦਾ ਹੋਏ।"[56]

ਮੁੰਡਕੋਪਨਿਸ਼ਦ ਵਿਚ ਮਕੜੀ ਦੀ ਉਦਾਹਾਰਣ ਦੇ ਕੇ ਸ੍ਰਿਸ਼ਟੀ ਦੀ ਉਤਪਤੀ ਦੱਸੀ ਗਈ ਹੈ ਕਿ "ਜਿਸ ਤਰ੍ਹਾਂ ਮੱਕੜੀ ਬਾਹਰੀ ਪਦਾਰਥਾਂ ਦੀ ਸਹਾਇਤਾ ਨਾ ਲੈਂਦੇ ਹੋਏ ਆਪਣੇ ਸਰੀਰ ਵਿਚੋਂ ਹੀ ਤੰਤੂਆਂ ਦਾ ਜਾਲ ਬੁਣਦੀ ਹੈ ਅਤੇ ਫਿਰ ਆਪਣੇ ਵਿਚ ਸਰੀਰ ਵਿਚ ਹੀ ਲਪੇਟ ਲੈਂਦੀ ਹੈ ਉਸੇ ਤਰ੍ਹਾਂ ਬ੍ਰਹਮ ਤੋਂ ਸਾਰਾ

---

54 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1023

55 ਰਿਗਵੇਦ, ਦਸਵਾਂ ਅਧਿਆਇ, ਸੂਤਕ 129.1-2, ਪੰਨਾ 1555.

56 ਉਦਰਿਤ, ਡਾ. ਸਕੁੰਤਲਾ ਪੂਜਾਨੀ, ਭਾਰਤੀ ਦਰਸ਼ਨ ਕੀ ਅਧਾਰਨਾਏਂ, ਪੰਨਾ 3,

ਜਗਤ ਪੈਦਾ ਹੁੰਦਾ ਹੈ।"[57]

**ਗੁਰਮਤਿ ਅਨੁਸਾਰ** ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਕੇਵਲ ਪਰਮਾਤਮਾ ਸੀ। ਜੋ ਅਫੁਰ ਅਵਸਥਾ ਵਿਚ ਸੀ। ਇਸ ਅਵਸਥਾ ਨੂੰ 'ਸੁੰਨ ਅਵਸਥਾ' ਵੀ ਕਿਹਾ ਜਾਂਦਾ ਹੈ। 'ਸੁੰਨ' ਤੋਂ ਭਾਵ ਅਣਹੋਂਦ ਨਹੀਂ, ਸਗੋਂ ਪਰਮਾਤਮਾ ਅਫੁਰ ਅਵਸਥਾ ਵਿਚ ਬਿਰਾਜਮਾਨ ਸੀ। ਹਰ ਪਾਸੇ ਘੁਪ ਹਨੇਰਾ ਸੀ। ਜਿਸ ਤਰ੍ਹਾਂ ਗੂੜ੍ਹੇ ਹਨੇਰੇ ਵਿਚ ਕੁਝ ਵੀ ਦਿਖਾਈ ਨਹੀਂ ਦਿੰਦਾ, ਉਸੇ ਤਰ੍ਹਾਂ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਹੁਣ ਸ੍ਰਿਸ਼ਟੀ ਵਿਚ ਜੋ ਕੁਝ ਦਿਖਾਈ ਦਿੰਦਾ ਹੈ ਉਦੋਂ ਕੁਝ ਵੀ ਨਹੀਂ ਸੀ। ਨਾ ਦਿਨ ਸੀ ਨਾ ਰਾਤ ਸੀ। ਨਾ ਸੂਰਜ, ਚੰਦ, ਧਰਤੀ, ਅਕਾਸ਼, ਨਰਕ, ਸਵਰਗ, ਪਾਤਾਲ, ਖਾਣੀਆਂ, ਬਾਣੀਆਂ(ਬੋਲੀਆਂ), ਖੰਡ, ਸਮੁੰਦਰ, ਬ੍ਰਹਮਾ, ਵਿਸ਼ਨੂੰ, ਸ਼ਿਵ ਅਦਿ ਸੀ। ਨਾ ਕੋਈ ਮਰਦ ਸੀ ਤੇ ਨਾ ਔਰਤ ਸੀ। ਨਾ ਕੋਈ ਜਾਤ ਸੀ। ਨਾ ਹੀ ਕੋਈ ਜੰਮਦਾ ਮਰਦਾ ਸੀ। ਨਾ ਜਤੀ, ਸਤੀ, ਸਿਧ, ਜੋਗੀ ਆਦਿਕ ਸਨ। ਨਾ ਕਿਸੇ ਤਰ੍ਹਾਂ ਦੇ ਕਰਮ-ਕਾਂਡ ਸਨ। ਨਾ ਕੋਈ ਤੰਤਰ ਮੰਤਰ, ਪਾਖੰਡ ਸਨ। ਨਾ ਕੋਈ ਕਰਮ ਧਰਮ ਸੀ ਅਤੇ ਨਾ ਹੀ ਮਾਇਆ ਸੀ। ਨਾ ਉਦੋਂ ਗੋਰਖ, ਮਾਛਿੰਦ੍ਰਨਾਥ, ਗਿਆਨ ਧਿਆਨ, ਦੇਵੀ ਦੇਵਤੇ ਜਾਂ ਮੰਦਰ, ਮੁਲਾਂ ਕਾਜ਼ੀ, ਸੇਖ, ਮਸਾਇਕ ਆਦਿ ਸਨ। ਨਾ ਹੀ ਰਾਜਾ ਸੀ ਅਤੇ ਨਾ ਹੀ ਪਰਜਾ ਸੀ। ਉਦੋਂ ਕੇਵਲ ਤੇ ਕੇਵਲ ਪਰਮਾਤਮਾ ਹੀ ਸੀ:

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥
...................................
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥

[57] ਈਰਸ਼ਾਦਿ ਨੌ ਉਪਨਿਸ਼ਦ, ਮੁੰਡਕੋਪਨਿਸ਼ਦ, ਖੰਡ 1, ਸਲੋਕ 8.

ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥

ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥

ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥[58]

**2.2.4 ਸ੍ਰਿਸ਼ਟੀ ਰਚਨਾ:** ਸ੍ਰਿਸ਼ਟੀ ਕਦੋਂ ਰਚੀ ਗਈ ਅਤੇ ਕਦੋਂ ਨਸ਼ਟ ਹੋਵੇਗੀ ਇਸ ਬਾਰੇ ਦੁਨੀਆਂ ਦਾ ਸਾਰਾ ਗਿਆਨ ਵੀ ਨਹੀਂ ਦੱਸ ਸਕਦਾ। ਇਹ ਤਾਂ ਇਸ ਦਾ ਰਚੈਤਾ ਅਕਾਲ ਪੁਰਖ ਹੀ ਜਾਣਦਾ ਹੈ।

**ਸਾਂਖ ਸ਼ਾਸ਼ਤਰ** ਕਹਿੰਦਾ ਹੈ ਕਿ ਜਦ ਪੁਰਖ ਤੇ ਪ੍ਰਕ੍ਰਿਤੀ ਦਾ ਸੰਜੋਗ ਹੁੰਦਾ ਹੈ ਤਾਂ ਝਟ-ਪਟ ਹੀ ਸ੍ਰਿਸ਼ਟੀ ਰਚਨਾ ਆਰੰਭ ਹੋ ਜਾਂਦੀ ਹੈ, ਜਿਵੇਂ ਬਸੰਤ ਵਿਚ ਬ੍ਰਿਛਾਂ ਦੀਆਂ ਪਹਿਲਾਂ ਨਵੀਆਂ ਕੂਪਲਾਂ ਪੁੰਗਰਦੀਆਂ ਹਨ, ਉਹਨਾਂ ਤੋਂ ਫੇਰ ਪੱਤੇ ਬਣਦੇ ਹਨ ਤੇ ਫੇਰ ਸਮੇਂ ਸਿਰ ਵਾਰੋ-ਵਾਰ ਫੁੱਲ ਤੇ ਫਲ ਲੱਗਦੇ। ਏਸੇ ਤਰ੍ਹਾਂ ਪੁਰਖ ਦੇ ਮੇਲ ਪਿੱਛੋਂ ਪ੍ਰਕਿਰਤੀ ਦਾ ਵਿਕਾਸ ਸ਼ੁਰੂ ਹੁੰਦਾ ਹੈ ਤੇ ਸ੍ਰਿਸ਼ਟੀ ਰਚਨਾ ਦਾ ਸਾਰਾ ਵਿਸਥਾਰ ਹੋਂਦ ਵਿਚ ਆਉਂਦਾ ਹੈ।[59]

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਕਿਸ ਸਮੇਂ, ਕਿਹੜੀ ਤਾਰੀਕ ਕਿਹੜੇ ਦਿਨ, ਕਿਹੜੀ ਰੁਤ, ਕਿਹੜੇ ਮਹੀਨੇ ਵਿਚ ਰਚੀ ਗਈ, ਇਸ ਬਾਰੇ ਕੋਈ ਨਹੀਂ ਜਾਣਦਾ। ਜੇਕਰ ਬ੍ਰਾਹਮਣ ਜਾਣਦੇ ਹੁੰਦੇ ਤਾਂ ਉਹ ਇਸ ਦਾ ਜ਼ਿਕਰ ਵੇਦਾਂ ਪੁਰਾਣਾਂ ਆਦਿਕ ਵਿਚ ਕਰਦੇ। ਜੇਕਰ ਕਾਜ਼ੀ ਮੁਲਾਂ ਜਾਣਦੇ ਹੁੰਦੇ ਤਾਂ ਇਸ ਦਾ ਜ਼ਿਕਰ ਸਾਮੀ ਧਰਮ ਗ੍ਰੰਥਾਂ ਵਿਚ ਕਰਦੇ। ਭਾਵ ਕਿ ਭਾਰਤ ਵਿਚ ਪ੍ਰਚਲਤ ਤਿੰਨੋਂ ਮਤ– ਹਿੰਦੂ, ਜੋਗੀ ਅਤੇ ਇਸਲਾਮ ਦੇ ਗਿਆਨਵੇਤਾ ਸ੍ਰਿਸ਼ਟੀ ਦੇ ਮੁਢ ਬਾਰੇ ਕੁਝ ਨਹੀਂ ਜਾਣਦੇ। ਜਪੁ ਬਾਣੀ ਵਿਚ ਫੁਰਮਾਨ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥੨੧॥[60]

---

[58] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1036

[59] ਉਦਰਿਤ, ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 345.

[60] ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5

ਸ੍ਰਿਸ਼ਟੀ ਰਚਨਾ ਬਾਰੇ ਫਾਰਸੀ ਕਵੀ ਨੇ ਇਸ ਤਰ੍ਹਾਂ ਲਿਖਿਆ ਹੈ:

"ਮਾਜ਼ਿ ਆਂਗਾਫ ਓਜ਼ਿ ਅੰਜਾਮਿ ਜਹਾਨ ਬੇਖਬਰਮ।

ਅਵਲ ਓ ਆਖੀਰਨ ਕੋਹਨਾ ਕਿਤਾਬ ਉਫਤਾਦ ਅਸਤ।

ਇਹ ਸ੍ਰਿਸ਼ਟੀ ਕਿਤਾਬ ਦੀ ਇਕ ਅਜੇਹੀ ਹੱਥ ਲਿਖਤ ਵਾਂਗ ਹੈ ਜਿਸ ਦੇ ਨਾ ਪਹਲੇ ਪੰਨੇ ਹਨ ਅਤੇ ਅਤੇ ਨਾ ਹੀ ਅਖਰੀਲੇ। ਇਸ ਦਾ ਭਾਵ ਇਹ ਹੈ ਕਿ ਕਿਸੇ ਨੂੰ ਨਾ ਇਸਦੇ ਆਰੰਭ ਦਾ ਪਤਾ ਹੈ ਅਤੇ ਨਾ ਹੀ ਇਸ ਗੱਲ ਦਾ ਕਿ ਇਸ ਦਾ ਅੰਤ ਕਦੋਂ ਹੋਵੇਗਾ। ਕਿਸੇ ਮਨੁਖ ਲਈ ਇਹ ਲਭਣਾ ਅਸੰਭਵ ਹੈ ਕਿ ਇਹ ਬ੍ਰਹਿਮੰਡ ਕਦੋਂ ਬਣਿਆ ਅਤੇ ਕਦੋਂ ਖਤਮ ਹੋਵੇਗਾ।"[61]

ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ? ਇਕ ਗੁੰਝਲਦਾਰ ਤੇ ਵਿਗਿਆਨਕ ਪ੍ਰਸ਼ਨ ਹੈ। ਜੀਵ ਸੋਚਦਾ ਹੈ ਕਿ ਅਸਲ ਵਿਚ ਇੰਨ੍ਹਾਂ ਕੁਝ ਬਣ ਕਿਵੇਂ ਗਿਆ। ਸਭ ਤੋਂ ਪਹਿਲਾਂ ਕਿਹੜੀ ਚੀਜ਼ ਹੋਂਦ ਵਿਚ ਆਈ ਹੋਵੇਗੀ, ਫਿਰ ਉਸ ਤੋਂ ਕਿਵੇਂ ਬਾਕੀ ਸਭ ਕੁਝ ਬਣਿਆ ਹੋਵੇਗਾ। ਬਹੁਤ ਹੀ ਮੁਸ਼ਕਿਲ ਪ੍ਰਸ਼ਨ ਹੈ। ਇਸ ਸੰਬੰਧੀ ਭਾਰਤੀ ਧਾਰਮਕ ਆਗੂਆਂ ਨੇ ਆਪੋ-ਆਪਣੇ ਵਿਚਾਰ ਦਿੱਤੇ ਹਨ:

> ਰਿਗਵੇਦ ਵਿਚ ਲਿਖਿਆ ਹੈ ਕਿ "ਵਿਰਾਟ ਪੁਰਸ਼ ਦੇ ਹਜ਼ਾਰ ਸ਼ੀਸ਼, ਹਜ਼ਾਰ ਅੱਖਾਂ ਅਤੇ ਹਜ਼ਾਰ ਚਰਣ ਹਨ, ਉਹ ਧਰਤੀ ਨੂੰ ਚਾਰੋਂ ਪਾਸੇ ਤੋਂ ਘੇਰ ਕੇ ਉਸ ਤੋਂ ਦਸ ਉਂਗਲਾਂ ਅਧਿਕ ਸਥਿਤ ਹੈ।"[62]

ਐਤਰਿਆ ਉਪਨਿਸ਼ਦ ਦੇ ਆਰੰਭਲੇ ਭਾਗ ਵਿਚ ਸ੍ਰਿਸ਼ਟੀ ਦਾ ਵਰਣਨ ਕੀਤਾ ਗਿਆ ਹੈ। ਸ੍ਰਿਸ਼ਟੀ ਦੇ ਆਰੰਭ ਵਿਚ ਕੇਵਲ ਆਤਮਾ ਦੀ ਹੋਂਦ ਸੀ। ਉਸ ਦੀ ਇੱਛਾ ਦੇ ਨਾਲ ਲੋਕਾਂ ਦੀ ਉਤਪਤੀ ਹੋਈ ਅਤੇ ਕ੍ਰਮ ਵਾਰ ਹੋਰ ਵਸਤੂਆ ਉਤਪੰਨ ਹੋਈਆਂ।[63]

ਬ੍ਰਹਦਾਰਣਯਕੋਪਨਿਸ਼ਦ ਅਨੁਸਾਰ "ਸ੍ਰਿਸ਼ਟੀ ਤੋਂ ਪਹਿਲਾਂ ਪਾਣੀ ਸੀ, ਪਾਣੀ ਤੋਂ ਸੱਚ ਪੈਦਾ ਹੋਇਆ ਸੱਚ ਤੋਂ ਬ੍ਰਹਮਾ, ਬ੍ਰਹਮਾ ਤੋਂ ਪ੍ਰਜਾਪਤੀ ਅਤੇ ਪ੍ਰਜਾਪਤੀ ਤੋਂ ਸਾਰ ਦੇਵਤੇ ਪੈਦਾ ਹੋਏ। ਕਠੋਪਨਿਸ਼ਦ ਅਨੁਸਾਰ ਸ੍ਰਿਸ਼ਟੀ ਦਾ ਮੂਲ ਤੱਤ ਅੱਗ ਹੈ।"[64]

ਛਾਂਦੋਗਯੋਪਨਿਸ਼ਦ ਅਨੁਸਾਰ "ਸਭ ਤੋਂ ਪਹਿਲਾ ਅਸਤ ਸੀ ਅਸਤ ਨੇ ਆਪਣੇ ਆਪ ਨੂੰ ਸਤ ਦੇ ਰੂਪ ਵਿਚ ਰੂਪਾਂਤਰਤ ਕਰ ਲਿਆ। ਸੱਤ ਨੇ ਇਕ ਵੱਡੇ ਅੰਡੇ ਦਾ ਰੂਪ ਧਾਰ ਲਿਆ। ਉਸ ਦੇ ਦੋ ਭਾਗ ਹੋ ਗਏ,

---

[61] ਪ੍ਰੋ. ਪ੍ਰੀਤਮ ਸਿੰਘ, ਗੁਰੂ ਨਾਨਕ ਵਿਚਾਰ ਅਧਿਐਨ, ਪੰਨਾ 56

[62] ਰਿਗਵੇਦ, ਦਸਵਾਂ ਮੰਡਲ, ਸੂਕਤ 90.1, ਪੰਨਾ 1485

[63] ਉਦਰਿਤ, ਡਾ. ਸਕੁਤਲਾ ਪੁਜਾਨੀ, ਭਾਰਤੀ ਦਰਸ਼ਨ ਕੀ ਅਵਧਾਰਨਾਏਂ, ਪੰਨਾ 6

[64] ਉਹੀ, ਪੰਨਾ 3

ਇਕ ਭਾਗ ਪ੍ਰਿਥਵੀ ਬਣ ਗਿਆ ਅਤੇ ਦੂਸਰਾ ਚਾਂਦੀ ਬਣ ਗਿਆ। ਉਸ ਅੰਡੇ ਦੇ ਜਰਾਉ ਤੋਂ ਪਰਬਤ ਉਲਵ ਤੋਂ ਬੱਦਲ ਧਮਨੀਆ ਤੋਂ ਝਰਨੇ ਅਤੇ ਅੰਦਰ ਦੇ ਦ੍ਰਵ ਤੋਂ ਸਮੁੰਦਰ ਬਣ ਗਿਆ ਇਸੇ ਅੰਡੇ ਤੋਂ ਸੂਰਜ ਵੀ ਬਣਿਆ। ਇਸ ਉਪਨਿਸ਼ਦ ਅਨੁਸਾਰ ਪ੍ਰਾਣਾਂ ਨੂੰ ਵੀ ਸ੍ਰਿਸ਼ਟੀ ਦਾ ਮੂਲ ਸਵੀਕਾਰ ਕੀਤਾ ਗਿਆ ਹੈ।"[65]

ਇਸ ਤਰ੍ਹਾਂ ਉਪਨਿਸ਼ਦਾਂ ਅਨੁਸਾਰ ਸਤ, ਅਸਤ, ਪ੍ਰਾਣ, ਅਗ, ਹਵਾ, ਪਾਣੀ, ਜਲ, ਪ੍ਰਿਥਵੀ ਅਤੇ ਆਕਾਸ਼ ਵਿਚੋਂ ਕਿਸੇ ਇਕ ਨੂੰ ਜਾਂ ਪੰਜ ਤੱਤਾਂ ਨੂੰ ਸ੍ਰਿਸ਼ਟੀ ਦਾ ਮੂਲ ਆਧਾਰ ਮੰਨਿਆ ਗਿਆ ਹੈ। ਇਨ੍ਹਾਂ ਦੀ ਵਿਚਾਰਧਾਰਾ ਅਨੁਸਾਰ ਸ੍ਰਿਸ਼ਟੀ ਰਚਣ ਲਈ ਕਿਸੇ ਵਿਧਾਤਾ ਦੀ ਜ਼ਰੂਰਤ ਨਹੀਂ ਪਈ। ਮੁੰਡਕੋਪਨਿਸ਼ਦ ਵਿਚ ਸ੍ਰਿਸ਼ਟੀ ਦੇ ਆਦਿ ਵਿਚ ਪੁਰਖ ਦੀ ਕਲਪਨਾ ਕੀਤੀ ਗਈ ਹੈ। ਜਿਸ ਨੇ ਸਾਰੀ ਸ੍ਰਿਸ਼ਟੀ ਰਚੀ। ਬਾਕੀ ਸਾਰੇ ਤੱਤਾਂ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਮੰਨਦੇ ਹਨ।[66]

ਮਨੂੰ ਅਨੁਸਾਰ, "ਪ੍ਰਜਾਪਤੀ ਦੇ ਮਨ ਵਿਚ ਸਭ ਤੋਂ ਪਹਿਲਾਂ ਇਹ ਇਛਾ ਪੈਦਾ ਹੋਈ ਕਿ ਮੈਂ ਇਕ ਤੋਂ ਬਹੁਤੇ ਬਣ ਜਾਵਾਂ। ਪਹਿਲਾਂ ਉਸ ਨੇ ਜਲ ਪੈਦਾ ਕੀਤਾ ਫਿਰ ਇਸ ਵਿਚ ਸ਼ਕਤੀ ਰੂਪੀ ਬੀਜ ਅਸਥਾਪਨ ਕਰ ਦਿਤਾ। ਇਹ ਬੀਜ ਸੂਰਜ ਦੀ ਆਕ੍ਰਿਤੀ ਦਾ ਸੋਨੇ ਦਾ ਅੰਡਾ ਬਣ ਗਿਆ। ਇਸ ਵਿਚੋਂ ਬ੍ਰਹਮਾ ਪੈਦਾ ਹੋਇਆ। ਬ੍ਰਹਮਾ ਨੇ ਹੀ ਸ੍ਰਿਸ਼ਟੀ ਪੈਦਾ ਕੀਤੀ।[67]

**ਗੁਰਮਤਿ ਅਨੁਸਾਰ** ਪ੍ਰਮਾਤਮਾ ਦੇ ਇਕ ਹੁਕਮ ਕਰਨ ਨਾਲ ਹੀ ਸਾਰੀ ਕਾਇਨਾਤ ਦੀ ਰਚਨਾ ਹੋਈ। ਬਾਕੀ ਮਨੁਖ ਦੀ ਇਹ ਜਾਣਨ ਦੀ ਦਿਲਚਸਪੀ ਰਹੀ ਹੈ ਕਿ ਇਹ ਜਗਤ ਹੋਂਦ ਵਿਚ ਕਿਵੇਂ ਆਇਆ। ਇਸ ਬਾਰੇ ਜੋ ਵੀ ਕਿਆਸ ਹਨ ਉਹ ਜਾਂ ਮਿਥਕ ਹਨ ਅਤੇ ਜਾਂ ਅਧੂਰੇ ਸੱਚ ਹਨ।[68] ਉਹ ਆਪਣੀ ਰਚਨਾ ਬਾਰੇ ਆਪ ਹੀ ਜਾਣਦਾ ਹੈ, ਉਹ ਇਸ ਨੂੰ ਸਾਜ ਕੇ ਖੁਲ੍ਹਾ ਨਹੀਂ ਛਡ ਗਿਆ ਸਗੋਂ ਇਸ ਨੂੰ ਹੁਕਮ ਵਿਚ ਬੰਨ੍ਹਕੇ ਰਖਦਾ ਹੈ। ਜਦੋਂ ਪਰਮਾਤਮਾ ਦੀ ਇਛਾ ਹੋਈ ਹਵਾ ਹੋਂਦ ਵਿਚ ਆ ਗਈ ਤੇ ਹਵਾ ਤੋਂ ਹੀ ਜਲ ਬਣਿਆ। ਫਿਰ ਤਿੰਨ ਭਵਨਾਂ ਦੀ ਉਸਾਰੀ ਹੋ ਗਈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥[69]

ਪਰਮਾਤਮਾ ਸ੍ਰਿਸ਼ਟੀ ਸਾਜ ਕੇ ਇਸ ਦੇ ਵਿਚ ਹੀ ਸਮਾਅ ਗਿਆ। ਇਸ ਕਰਕੇ ਸ੍ਰਿਸ਼ਟੀ ਨੂੰ

---

65 ਉਦਰਿਤ, ਡਾ. ਸਕੁੰਤਲਾ ਪੂਜਾਨੀ, ਭਾਰਤੀ ਦਰਸ਼ਨ ਕੀ ਅਵਧਾਰਨਾਏਂ, ਪੰਨਾ 4

66 ਉਹੀ, ਪੰਨਾ 3

67 ਮਨੂੰ ਸਿਮ੍ਰਤੀ, ਆਧਿਆਇ 1, ਸਲੋਕ 8, 9, 10, 11.

68 ਗੁਰਸ਼ਰਨ ਜੀਤ ਸਿੰਘ, ਗੁਰਮਤ ਨਿਰਣਯ ਕੋਸ਼, ਪੰਨਾ 39

69 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 19

ਪਰਮਾਤਮਾ ਦਾ ਸਰਗੁਣ ਸਰੂਪ ਕਿਹਾ ਜਾ ਸਕਦਾ ਹੈ। ਸ੍ਰਿਸ਼ਟੀ ਵਿਚ ਸਮਾਅ ਕੇ ਉਹ ਮਾਇਆ ਦੇ ਅਸਰ ਹੇਠ ਨਹੀਂ ਆਇਆ। ਪਰਮਾਤਮਾ ਅਕਾਲ ਪੁਰਖ ਵੀ ਹੈ ਇਸ ਕਰਕੇ ਉਸ ਦਾ ਵਜੂਦ ਸ੍ਰਿਸ਼ਟੀ ਤੋਂ ਪਰ੍ਹੇ ਵੀ ਹੈ। ਜਿਸ ਨੂੰ ਪਰਮਾਤਮਾ ਦਾ ਨਿਰਗੁਣ ਸਰੂਪ ਕਿਹਾ ਜਾ ਸਕਦਾ ਹੈ। ਪਰਮਾਤਮਾ ਸ੍ਰਿਸ਼ਟੀ ਰਚ ਕੇ ਸਾਮੀ ਧਰਮਾਂ ਅਨੁਸਾਰ ਸਤਵੇਂ ਆਕਾਸ਼ ਵਿਚ ਨਹੀਂ ਬੈਠ ਗਿਆ, ਸਗੋਂ ਇਸ ਦੇ ਵਿਚ ਹੀ ਰਹਿ ਕੇ ਇਸ ਦਾ ਸੰਚਾਲਨ ਵੀ ਕਰਦਾ ਹੈ। ਉਹ ਹੀ ਸ੍ਰਿਸ਼ਟੀ ਦਾ ਪਾਲਕ ਹੈ ਅਤੇ ਇਸ ਦਾ ਅੰਤ ਵੀ ਪਰਮਾਤਮਾ ਆਪ ਹੀ ਕਰਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਵੀ ਪਰਮਾਤਮਾ ਨੇ ਹੀ ਪੈਦਾ ਕੀਤੇ ਹਨ:

ਇਕੁ ਕਵਾਉ ਪਸਾਉ ਕਰਿ ਓਅੰਕਾਰ ਅਕਾਰ ਬਨਾਇਆ।
ਅੰਬਰਿ ਧਰਤਿ ਵਿਛੋੜਿ ਕੈ ਵਿਣੁ ਥੰਮਾ ਆਕਾਸਿ ਰਹਾਇਆ।
.......................................................
ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ।
ਚੋਜ ਵਿਡਾਣੁ ਚਲਿਤੁ ਵਰਤਾਇਆ ॥੧॥[70]

ਸਾਰੀ ਸ੍ਰਿਸ਼ਟੀ ਪਰਮਾਤਮਾ ਤੋਂ ਹੀ ਪੈਦਾ ਹੋਈ ਹੈ ਅਤੇ ਅੰਤ ਵਿਚ ਉਸੇ ਵਿਚ ਹੀ ਵਿਲੀਨ ਹੋ ਜਾਵੇਗੀ। ਜਿਸ ਤਰ੍ਹਾਂ ਅਗ ਵਿਚੋਂ ਨਿਕਲਣ ਵਾਲੇ ਕਣ ਅਗ ਵਿਚ ਹੀ ਸ਼ਾਂਤ ਹੁੰਦੇ ਹਨ। ਧੂੜ ਦੇ ਅਨੇਕਾਂ ਕਣ ਹਵਾ ਆਉਣ 'ਤੇ ਬਹੁਤ ਉਚੇ ਉਡ ਜਾਂਦੇ ਹਨ ਪਰ ਹਵਾ ਸ਼ਾਂਤ ਹੋਣ 'ਤੇ ਫਿਰ ਆ ਕੇ ਧੂੜ ਵਿਚ ਹੀ ਮਿਲ ਜਾਂਦੇ ਹਨ। ਪਾਣੀ ਵਿਚ ਅਨੇਕਾਂ ਬੁਲਬੁਲੇ ਬਣਦੇ ਹਨ ਅਤੇ ਫਿਰ ਪਾਣੀ ਵਿਚ ਹੀ ਸਮਾ ਜਾਂਦੇ ਹਨ। ਇਸ ਤਰ੍ਹਾਂ ਹੀ ਪ੍ਰਮਾਤਮਾ ਦੇ ਪੈਦਾ ਕੀਤੇ ਸੂਖਮ ਅਤੇ ਸਥੂਲ ਤਤ ਉਸ ਵਿਚ ਸਮਾ ਜਾਣਗੇ। ਦਸਮ ਗ੍ਰੰਥ ਵਿਚ ਇਸ ਦਾ ਉਲੇਖ ਮਿਲਦਾ ਹੈ:

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗਿ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ

70 ਵਾਰਾਂ ਭਾਈ ਗੁਰਦਾਸ ਜੀ, ਵਾਰ 37, ਪਉੜੀ 1

ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ ॥[71]

ਸ੍ਰਿਸ਼ਟੀ ਦੇ ਮਨੋਰਥ ਵਜੋਂ ਗੁਰਬਾਣੀ ਦਾ ਫੈਸਲਾ ਹੈ ਕਿ ਇਹ ਸ੍ਰਿਸ਼ਟੀ ਇਕ ਆਖਾੜਾ ਹੈ। ਮਨੁਖ ਇਸ ਵਿਚ ਪਹਿਲਵਾਨ ਹੈ। ਇਸਦਾ ਸਾਹਮਣਾ ਵਿਕਾਰ ਰੂਪੀ ਵਿਰੋਧੀ ਅਨਸਰਾਂ ਨਾਲ ਹੁੰਦਾ ਹੈ। ਜੋ ਮਨੁਖ ਇਹਨਾਂ ਵਿਕਾਰਾਂ ਦੁਆਰਾ ਢਾਹਿਆ ਜਾਂਦਾ ਹੈ, ਉਹ ਸੰਸਾਰ ਰੂਪੀ ਆਖਾੜੇ ਵਿਚ ਹਾਰ ਜਾਂਦਾ ਹੈ ਅਤੇ ਜੋ ਵਿਕਾਰਾਂ ਨੂੰ ਢਾਹ ਲੈਂਦਾ ਹੈ। ਉਹ ਅਨੰਤ ਬ੍ਰਹਮ ਵਿਚ ਅਭੇਦ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸ੍ਰਿਸ਼ਟੀ ਮਿਥਿਆ ਝੂਠ ਜਾਂ ਸੁਪਨਾ ਨਹੀਂ ਸਗੋਂ ਪਰਮਾਤਮਾ ਦੇ ਮਿਲਾਪ ਦਾ ਜ਼ਰੀਆ ਹੈ। ਇਸ ਨੂੰ ਛੱਡ ਕੇ ਪਰਮਾਤਮਾ ਦੀ ਪ੍ਰਾਪਤੀ ਕਰਨਾ ਅਸੰਭਵ ਹੈ। ਸੰਸਾਰ ਇਕ ਟਕਸਾਲ ਹੈ, ਜਿਸ ਵਿਚ ਮਨੁਖੀ ਆਚਾਰ ਘੜਿਆ ਜਾਦਾ ਹੈ, ਇਸ ਨੂੰ ਜੰਗਲ ਵਿਚ ਲਿਜਾ ਕੇ ਸੁਆਰਿਆ ਨਹੀਂ ਜਾ ਸਕਦਾ। ਤੁਹਾਡੀ ਸਹਿਨਸ਼ੀਲਤਾ ਦੀ ਪਰਖ ਕਿਵੇ ਹੋਵੇਗੀ, ਜੇਕਰ ਤੁਸੀਂ ਕਿਸੇ ਦੇ ਕੌੜੇ ਬਚਨ ਅਣਸੁਣੇ ਕਰਕੇ ਸ਼ਾਂਤ ਨਹੀਂ ਰਹਿ ਸਕਦੇ, ਤੁਹਾਡਾ ਮਨ ਸਵੈ ਕਾਬੂ ਕਿਵੇਂ ਸਿਖ ਸਕਦਾ ਹੈ,ਜੇਕਰ ਉਜੇਹੇ ਹਾਲਤ ਵਿਚ ਲੰਘਣ ਦਾ ਮੌਕਾ ਹੀ ਨਾ ਮਿਲੇ। ਕੋਈ ਆਦਮੀ ਦਰਿਆ ਵਿਚ ਪੈਰ ਪਾਏ ਬਗੈਰ ਤੈਰਨਾ ਨਹੀਂ ਸਿਖ ਸਕਦਾ। ਸੋ ਜਿੰਦਗੀ ਦੀ ਤਾਰੀ ਸਿਖਣ ਲਈ ਸਮਾਜਕ ਜੀਵਨ ਵੀ ਜ਼ਰੂਰੀ ਹੈ ਤੇ ਇਸੇ ਲਈ ਸੰਸਾਰ ਦੀ ਨਿਖੇਧੀ ਕਰਨਾ ਉਚਿਤ ਨਹੀਂ ਕਿਉਂਕਿ ਇਹ ਧਰਤੀ ਸੱਚੇ ਅਰਥਾ ਵਿਚ ਮਨੁਖ ਲਈ ਧਾਰਮਕ ਕਮਾਈ ਦਾ ਕੇਦਰ-ਧਰਮਸ਼ਾਲ ਹੈ।[72]

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥[73]

## 2.3 ਮਨੁਖ :

ਮਨੁਖੀ ਚਿੰਤਨਧਾਰਾ ਦਾ ਸਿਖਰ ਇਹ ਹੈ ਕਿ ਮਨੁਖ ਸ੍ਰਿਸ਼ਟੀ ਵਿਚ ਸ਼੍ਰੋਮਣੀ ਜੀਵ ਹੈ। ਇਹ 'ਅਸਰਫੁਲ ਮਖਲੂਕਾਤ' ਹੈ। ਸਾਰੇ ਬ੍ਰਹਮੰਡ ਵਿਚ ਮਨੁਖ ਮਰਕਸ਼ੀ ਪਦਵੀ ਉਤੇ ਖਲੋਤਾ ਹੈ। ਐਵੋਲਿਊਸ਼ਨ ਵਾਲੇ ਭੀ ਮਨੁਖ ਜਾਤਿ ਨੂੰ ਤਰਕੀ ਦਾ ਸਭ ਤੋਂ ਉਤਲਾ ਡੰਡਾ ਕਹਿੰਦੇ ਹਨ।[74] ਗੁਰਮਤਿ ਵਿਚ ਮਨੁਖ ਨੂੰ

71 ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਅਕਾਲ ਉਸਤਤਿ, ਸਲੋਕ 87

72 ਪਿਆਰਾ ਸਿੰਘ ਪਦਮ, ਗੁਰੂ ਨਾਨਕ ਸਾਗਰ, ਪੰਨਾ 90

73 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

74 ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 363.

ਧਰਤੀ ਦਾ ਸਿਰਦਾਰ ਕਿਹਾ ਹੈ।[75] ਜਿਸ ਸਦਕਾ ਵਿਸ਼ਵ ਦੀਆਂ ਸਮੁਚੀਆਂ ਚਿੰਤਨ ਪ੍ਰਣਾਲੀਆਂ ਨੇ ਮਨੁਖ ਬਾਰੇ ਸਿੱਧੇ ਜਾਂ ਅਸਿਧੇ ਰੂਪ ਵਿਚ ਅਧਿਐਨ ਕੀਤਾ ਹੈ ਪਰ ਧਰਮ, ਦਰਸ਼ਨ ਤੇ ਵਿਗਿਆਨ ਨੇ ਮਨੁਖ ਨੂੰ ਕੇਂਦਰ ਵਿਚ ਰੱਖਕੇ ਆਪਣਾ ਅਧਿਐਨ ਕੀਤਾ ਹੈ।[76] ਇਸ ਲਈ ਮਨੁਖੀ ਹੋਂਦ ਲਈ ਇਹ ਪ੍ਰਸ਼ਨ ਸਹਿਜੇ ਹੀ ਉਤਪੰਨ ਹੁੰਦੇ ਹਨ:

ਮਨੁਖ ਕਿਥੋਂ ਪੈਦਾ ਹੁੰਦਾ ਹੈ?

ਇਸਦਾ ਦਾ ਮੂਲ ਕੀ ਹੈ ?

ਇਹ ਕਿਉਂ ਵਜੂਦ ਵਿਚ ਆਉਂਦਾ ਹੈ ?

ਇਸ ਦਾ ਅਸਲ ਉਦੇਸ਼ ਕੀ ਹੈ ?

ਇਸ ਦੀ ਪੂਰਤੀ ਕਿਸ ਤਰ੍ਹਾਂ ਸੰਭਵ ਹੈ ਅਤੇ ਇਸਦਾ ਅੰਤ ਕੀ ਹੈ ? ਆਦਿਕ।

ਮਨੁਖ ਨਾਲ ਜੁੜੀਆਂ ਧਰਮ, ਦਰਸ਼ਨ ਅਤੇ ਵਿਗਿਆਨ ਤਿੰਨਾਂ ਹੀ ਪ੍ਰਣਾਲੀਆਂ ਦੀ ਪ੍ਰਸ਼ਨਾਵਲੀ ਲਗਭਗ ਸਮਾਨ ਹੈ, ਪਰ ਜਦੋਂ ਇਸ ਦੇ ਉਤਰਾਂ ਬਾਰੇ ਸਮੀਖਿਆ ਕੀਤੀ ਜਾਂਦੀ ਹੈ ਨਤੀਜੇ ਵਿਭਿੰਨ ਪ੍ਰਕਾਰ ਦੇ ਪ੍ਰਾਪਤ ਹੁੰਦੇ ਹਨ। ਇਸ ਦਾ ਮੁਖ ਕਾਰਨ ਇਹਨਾਂ ਦੀਆਂ ਪਹੁੰਚ ਵਿਧੀਆਂ ਤੇ ਅਧਿਐਨ ਖੇਤਰ ਦਾ ਹੈ। ਸਾਂਝੇ ਤੌਰ 'ਤੇ ਇਹ ਮਤ ਪ੍ਰਵਾਨ ਹੋਇਆ ਕਿ ਮਨੁਖ ਹੈ ਤਾਂ ਦੂਸਰਿਆਂ ਜੀਵਾਂ ਵਾਂਗ ਹੀ, ਪਰ ਇਸ ਦੀ ਵਿਲੱਖਣ ਸਰੀਰਕ ਬਣਤਰ ਅਤੇ ਸੋਚਣ ਸ਼ਕਤੀ ਨੇ ਇਸ ਨੂੰ ਸਭ ਜੀਵਾਂ ਤੋਂ ਸ੍ਰੇਸ਼ਟ ਬਣਾ ਦਿਤਾ। ਜਿਸ ਕਰਕੇ ਇਸ ਨੂੰ ਸਭਿਅਕ ਜੀਵ ਦਾ ਨਾਂ ਵੀ ਦਿਤਾ ਗਿਆ ਹੈ। ਆਦਿ ਮਨੁਖ ਨੇ ਆਪਣੇ ਜੀਵਨ ਨੂੰ ਸੰਵਾਰਨ ਲਈ, ਯਤਨ ਆਰੰਭ ਕੀਤੇ ਤਾਂ ਕਿ ਜੀਵਨ ਨੂੰ ਸਰਲ ਤੇ ਸੁਖੀ ਬਣਾਇਆ ਜਾ ਸਕੇ। ਮਨੁਖ ਦੀ ਬੁਧੀ ਜਿੰਨੀ ਕੁ ਪ੍ਰਬੁਧ ਹੁੰਦੀ ਗਈ ਜੀਵਨ ਸੰਵਰਦਾ ਗਿਆ। ਮਨੁਖ ਇਕ ਵਿਕਾਸ ਦੇ ਉਤਲੇ ਪੜਾਵਾਂ 'ਤੇ ਪਹੁੰਚ ਕੇ ਕੁਝ ਅਜਿਹੇ ਨਿਯਮ ਨਿਰਧਾਰਤ ਕੀਤੇ ਜਿਨ੍ਹਾਂ ਸਦਕਾ ਮਨੁਖ ਦਾ ਆਪਾ ਵੀ ਸੁਚਜਾ ਬਣ ਸਕਦਾ ਸੀ ਅਤੇ ਇਕ ਆਦਰਸ਼ ਸਮਾਜ ਦਾ ਨਿਰਮਾਣ ਵੀ ਹੋ ਸਕਦਾ ਸੀ। ਇਸ ਲਈ ਨਵੇਂ ਸੰਕਲਪਾਂ ਨੇ ਜਨਮ ਲਿਆ।

### 2.3.1 ਮਨੁਖ ਕੀ ਹੈ ?

ਮਨੁਖੀ ਵਜੂਦ ਨੂੰ ਦੋ ਪਰਤਾਂ ਵਿਚ ਵੰਡ ਦੇਖਿਆ ਜਾ ਸਕਦਾ ਹੈ— ਭੌਤਿਕ ਅਤੇ ਅਭੌਤਿਕ। ਪਹਿਲਾ ਪਖ ਭੌਤਿਕ ਸਰੀਰ ਹੈ ਜੋ ਪੰਜ ਤਤਾਂ(ਪਾਣੀ, ਹਵਾ, ਅੱਗ, ਧਰਤੀ ਅਤੇ ਆਕਾਸ਼) ਤੋਂ ਬਣਿਆ ਹੈ ਅਤੇ ਦੂਜਾ ਪਖ ਅਭੌਤਿਕ ਆਤਮਾ ਹੈ ਜੋ ਕਿ ਸੂਖਮ ਹੈ। ਅਸਲ ਵਿਚ ਮਨੁਖ ਬਹੁਤ ਹੀ ਉਲਝਿਆ ਹੋਇਆ

---

75 ਅਵਰ ਜੋਨਿ ਤੇਰੀ ਪਨਿਹਾਰੀ।। ਇਸੁ ਧਰਤੀ ਮਹਿ ਤੇਰੀ ਸਿਕਦਾਰੀ।।(ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 374)

76 ਗੁਰਮੇਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤਿਤ੍ਰ ਅਧਿਆਤਮਕਤਾ, ਪੰਨਾ 101

ਵਿਸ਼ਾ ਹੈ। ਇਹ ਆਪਣੇ ਅਭੌਤਿਕ ਰੂਪ ਦੇ ਸੁਯੋਗ ਨਾਲ ਹੀ ਭੌਤਿਕ ਰੂਪ ਵਿਚ ਚੇਤੰਨ ਹੁੰਦਾ ਹੈ।

**ਮਨੁਖ ਦੇ ਦੋ ਵਜੂਦ:**

ਮਨੁਖੀ ਹੋਂਦ ਦੇ ਹੇਠ ਲਿਖੇ ਦੋ ਵਜੂਦ ਹਨ:

1. ਭੌਤਿਕ ਜਾਂ ਸਥੂਲ ਸਰੀਰ
2. ਅਭੌਤਿਕ ਜਾਂ ਸੂਖਮ ਸਰੀਰ(ਆਤਮਾ)

**1. ਭੌਤਿਕ ਜਾਂ ਸਥੂਲ ਸਰੀਰ:** ਭੌਤਿਕ ਸਰੀਰ ਪੰਜ ਤਤਾਂ ਤੋਂ ਬਣਿਆ ਹੈ। ਇਸ ਵਿਚ ਬੁਧੀ ਹੈ। ਸਰੀਰ ਦੇ ਨੌਂ ਦਰਵਾਜੇ ਹਨ, ਜੋ ਕਿ ਖੁਲ੍ਹੇ ਹਨ ਅਤੇ ਦਸਵਾਂ ਦਰਵਾਜਾ ਗੁਪਤ ਹੈ ਜੋ ਪਰਮਾਤਾਮਾ ਦੇ ਦੈਵੀ ਗਿਆਨ ਦੀ ਪ੍ਰਾਪਤੀ ਨਾ ਖੁਲ੍ਹਦਾ ਹੈ:

ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥[77]

**2. ਅਭੌਤਿਕ ਜਾਂ ਸੂਖਮ ਸਰੀਰ (ਆਤਮਾ):** ਆਤਮਾ ਕਰ ਕੇ ਹੀ ਸਰੀਰ ਦੁਖ-ਸੁਖ ਮਹਿਸੂਸ ਕਰਦਾ ਹੈ ਅਤੇ ਕਿਰਿਆਸ਼ੀਲ ਹੁੰਦਾ ਹੈ। ਇਸ ਨੂੰ ਜਿੰਦ, ਪ੍ਰਾਣ, ਰੂਹ, ਜੋਤ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਭਾਰਤ ਦੇ ਸਨਾਤਨੀ(ਵੈਦਿਕ ਧਰਮ, ਜੈਨ ਧਰਮ) ਅਤੇ ਸਾਮੀ(ਯਹੂਦੀ ਧਰਮ, ਈਸਾਈ ਧਰਮ, ਇਸਲਾਮ) ਧਰਮ ਆਤਮਾ ਦੀ ਸੁਤੰਤਰ ਹੋਂਦ ਨੂੰ ਮੰਨਦੇ ਹਨ। ਮਨੁਖ ਵਿਚ ਹੀ ਨਹੀਂ, ਸਗੋਂ ਸਾਰੀਆਂ ਜੜ੍ਹ ਅਤੇ ਜਾਨਦਾਰ ਵਸਤੂਆਂ ਵਿਚ ਆਤਮਾ ਦੀ ਹੋਂਦ ਹੈ। ਕੇਵਲ ਬੁਧ ਧਰਮ ਅਤੇ ਚਾਰਵਾਕ ਆਤਮਾ ਨੂੰ ਸੁਤੰਤਰ ਦ੍ਰਵ ਨਹੀਂ ਮੰਨਦਾ। ਇਸ ਨੂੰ ਸੁਤੰਤਰ ਹੋਂਦ ਨਾ ਮੰਨਣ ਦੇ ਸੰਦਰਭ ਵਿਚ ਇਕ 'ਨਿਰਾਤਮਾਵਾਦ' ਦੀ ਧਾਰਨਾ ਵੀ ਪ੍ਰਚਲਿਤ ਹੈ। ਇਹਨਾਂ ਅਨੁਸਾਰ ਸਰੀਰ ਤੋਂ ਬਿਨਾਂ ਆਤਮਾ ਦਾ ਕੋਈ ਵਜੂਦ ਨਹੀਂ ਹੈ। ਸਥੂਲ ਸਰੀਰ ਸਬੰਧੀ ਲਗਭਗ ਸਾਰੇ ਹੀ ਦਾਰਸ਼ਨਿਕ ਇਕ ਮਤ ਹਨ। ਪਰ ਸੂਖਮ ਸਰੀਰ 'ਆਤਮਾ' ਸਬੰਧੀ ਸਾਰਿਆਂ ਦੇ ਮਤ ਅਲਗ ਅਲਗ ਹਨ। ਭਾਰਤੀ ਚਿੰਤਨ ਪ੍ਰਣਾਲੀ ਵਿਚ ਆਤਮਾ ਦੀ ਹੋਂਦ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ ਆਤਮਾ: ਡਾ. ਰਤਨ ਸਿੰਘ ਜੱਗੀ ਨੇ 'ਗੁਰੂ ਗ੍ਰੰਥ ਵਿਸ਼ਵ-ਕੋਸ਼' ਵਿਚ ਭਾਰਤੀ ਦਰਸ਼ਨ ਅਨੁਸਾਰ ਆਤਮਾ ਬਾਰੇ ਵਿਚਾਰ ਦਿਤੇ ਹਨ, "ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇਕ ਰੂਪ ਮੰਨਿਆ ਗਿਆ ਹੈ। ਆਤਮਾ ਨਿੱਤ ਹੈ, ਨਾ ਕਦੇ ਮਰਦੀ ਹੈ, ਨ ਅਵਸਥਾ ਆਦਿ ਤੋਂ

[77] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 152

ਪੈਦਾ ਹੋਏ ਦੋਸ਼ਾਂ ਤੋਂ ਪ੍ਰਭਾਵਿਤ ਹੁੰਦੀ ਹੈ। ਉਹ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀਆਂ ਸਾਡੀਆਂ ਸਾਰੀਆਂ ਇੰਦਰੀਆਂ ਤੋਂ, ਮਨ ਦੇ ਸੰਕਲਪਾਂ-ਵਿਕਲਪਾਂ ਤੋਂ, ਵਿਵੇਚਨਾਤਮਿਕ ਬੁੱਧੀ ਤੋਂ ਅਤੇ ਪ੍ਰਾਣਾਂ ਤੋਂ ਵੱਖਰੀ ਹੈ। ਇਹ ਅਵਿਦਿਆ ਜਾਂ ਮਾਇਆ ਕਰ ਕੇ ਹੀ 'ਜੀਵਾਤਮਾ' ਅਖਵਾਉਂਦੀ ਹੈ। ਜੀਵਾਤਮਾ ਹੀ ਪੂਰਵ ਜਨਮਾਂ ਦੇ ਕਰਮ-ਫਲ ਅਨੁਸਾਰ ਸੁਖ-ਦੁਖ ਦੇ ਭੋਗ ਲਈ ਸੰਸਾਰ ਵਿਚ ਆਉਂਦੀ ਜਾਂਦੀ ਅਤੇ ਜਨਮ-ਮਰਨ ਦੇ ਚੱਕਰ ਕਟਦੀ ਹੈ। ਨਿਆਇ ਅਤੇ ਵੈਸ਼ੇਸ਼ਿਕ ਦਰਸ਼ਨਾਂ ਵਿਚ ਆਤਮਾ ਨੂੰ ਦ੍ਰਸ਼ਟਾ, ਨਿਤ, ਸਰਵ-ਵਿਆਪਕ ਮੰਨਿਆ ਗਿਆ ਹੈ। ਇਹ ਇੰਦਰੀਆਂ ਤੋਂ ਭਿੰਨ ਅਤੇ ਉਨ੍ਹਾਂ ਦਾ ਨਿਯੰਤਰਨ ਕਰਨ ਵਾਲੀ ਹੈ। ਇਹ ਸਰੀਰ ਤੋਂ ਵੀ ਭਿੰਨ ਹੈ। ਸਾਂਖਜ-ਮਤ ਵਾਲੇ ਦੋ ਮੂਲ ਤੱਤਵ ਮੰਨਦੇ ਹਨ— ਇਕ ਪੁਰਸ਼ ਜਾਂ ਆਤਮਾ ਅਤੇ ਦੂਜਾ ਪ੍ਰਕ੍ਰਿਤੀ। ਜੀਵਾਤਮਾ ਉਹ ਆਤਮਾ ਹੈ ਜੋ ਇੰਦਰੀਆਂ ਦੇ ਸੰਯੋਗ ਅਤੇ ਸਰੀਰ ਦੁਆਰਾ ਸੀਮਤ ਹੋਣ 'ਤੇ ਵੱਖਰੇ ਰੂਪ ਵਿਚ ਦਿਸ ਪੈਂਦਾ ਹੈ। ਅਸਲ ਵਿਚ, ਜੀਵਾਤਮਾ ਸੁਤੰਤਰ ਆਤਮਾ ਜਾਂ ਪੁਰਸ਼ ਅਤੇ ਪ੍ਰਕ੍ਰਿਤੀ ਦਾ ਮਿਲਵਾ ਰੂਪ ਹੈ। ਜੈਨ-ਮਤ ਵਾਲਿਆਂ ਨੇ ਚੈਤਨਜ ਦ੍ਰਵਜ ਨੂੰ ਜੀਵ ਕਿਹਾ ਹੈ। ਜੀਵ ਸਭ ਤਰ੍ਹਾਂ ਦੇ ਗੁਣਾਂ ਨਾਲ ਪਰਿਪੂਰਨ ਹੈ। ਇਹ ਖ਼ੁਦ ਸ਼ੁਭ ਕਰਮਾਂ ਦਾ ਕਰਤਾ ਅਤੇ ਉਨ੍ਹਾਂ ਨੂੰ ਭੋਗਣ ਵਾਲਾ ਹੈ। ਜੀਵ ਇਕ ਨਹੀਂ, ਅਨੇਕ ਹਨ। ਜਿਤਨੇ ਸਰੀਰ ਹਨ, ਉਤਨੇ ਹੀ ਜੀਵ ਹਨ। ਮਨੁਖ ਸਾਰਿਆਂ ਜੀਵਾਂ ਵਿਚੋਂ ਉਤਮ ਹੈ। ਜੀਵ ਆਪਣੇ ਕਰਮਾਂ ਅਨੁਸਾਰ ਸਰੀਰ ਧਾਰਨ ਕਰਦਾ ਹੈ। ਜੀਵ ਸਰੀਰ ਦਾ ਨਿਮਿਤ ਕਾਰਨ ਹੈ ਅਤੇ ਪੁਦਗਲ(ਜੜ੍ਹ, ਪਦਾਰਥ) ਇਸ ਦਾ ਪਰਿਣਾਮ ਹੈ। ਬੌਧ-ਮਤ ਵਾਲੇ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਮੰਨਦੇ ਕਿਉਂਕਿ ਇਸ ਮਤ ਅਨੁਸਾਰ ਸਾਰੀਆਂ ਵਸਤੂਆਂ ਛਿਣਕ, ਨਾਸ਼ਵਾਨ ਅਤੇ ਪਰਿਵਰਤਨਸ਼ੀਲ ਹਨ। ਚਿਤ ਹੀ ਇਕ ਮਾਤਰ ਸੱਤਾ ਹੈ। ਬਾਹਰਲੇ ਸਾਰੇ ਪਦਾਰਥ ਅਸਲ ਵਿਚ ਚਿਤ(ਮਨ) ਦੇ ਅੰਤਰਗਤ ਹਨ। ਮੁਸਲਿਮ ਅਤੇ ਸੂਫ਼ੀ ਸਾਧਕ ਆਤਮਾ ਦੇ ਦੋ ਭੇਦ ਮੰਨਦੇ ਹਨ-ਨਫ਼ਸ ਅਤੇ ਰੂਹ। ਨਫ਼ਸ ਆਤਮਾ ਦੀ ਮਾੜੀ ਸਥਿਤੀ ਦਾ ਲਖਾਇਕ ਹੈ ਅਤੇ ਰੂਹ ਸਦ- ਵ੍ਰਿੱਤੀਆਂ ਨੂੰ ਜਨਮ ਦਿੰਦੀ ਹੈ। ਨਫ਼ਸ ਵਿਚ ਭਾਵਾਂ ਦਾ ਆਵੇਸ਼ ਰਹਿੰਦਾ ਹੈ ਅਤੇ ਰੂਹ ਵਿਚ ਵਿਵੇਕ ਦਾ। ਇਨ੍ਹਾਂ ਦੋਹਾਂ ਵਿਚ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਆਤਮਾ ਨੂੰ ਵਿਪਰੀਤ ਦਿਸ਼ਾਵਾਂ ਵਿਚ ਖਿਚਦੇ ਰਹਿੰਦੇ ਹਨ।[78]

**ਗੁਰਮਤਿ ਅਨੁਸਾਰ ਆਤਮਾ-** ਆਤਮਾ ਦਾ ਕੋਈ ਰੂਪ ਰੰਗ, ਜਾਤ ਪਾਤ ਆਦਿ ਨਹੀਂ। ਨਾ ਇਸ ਦਾ ਕੋਈ ਮਾਂ ਹੈ ਨਾ ਬਾਪ। ਨਾ ਇਹ ਦੇਵਤਾ ਹੈ, ਨਾ ਇਹ ਮਨੁਖ ਹੈ। ਨਾ ਇਹ ਜੋਗੀ, ਜਤੀ, ਅਵਧੂਤ, ਉਦਾਸੀ, ਗ੍ਰਿਹਸਥੀ, ਤਪਾ ਤੇ ਸ਼ੇਖ਼ ਆਦਿ ਹੈ। ਫੇਰ ਮਨੁਖੀ ਸਰੀਰ ਵਿਚ ਕੌਣ ਵਸਦਾ ਹੈ ਜੋ ਇਸ ਨੂੰ ਚੇਤਨਤਾ

[78] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨੇ 91-92.

ਬਖ਼ਸ਼ਦਾ ਹੈ ਅਤੇ ਇਸ ਨੂੰ ਕਿਰਿਆਸ਼ੀਲ ਬਣਾਉਂਦਾ ਹੈ। ਭਗਤ ਕਬੀਰ ਜੀ ਅਨੁਸਾਰ ਇਸ ਦਾ ਕਿਸੇ ਨੇ ਅੰਤ ਨਹੀਂ ਪਾਇਆ। ਇਹ ਪਰਮਾਤਮਾ ਦਾ ਇਕ ਅੰਸ਼ ਹੈ ਅਤੇ ਸਰੀਰ ਵਿਚ ਇਸ ਤਰ੍ਹਾਂ ਵਿਦਮਾਨ ਹੈ ਜਿਵੇਂ ਕਾਗ਼ਜ਼ ਅਤੇ ਉਸ ਉਤੇ ਲਿਖੇ ਅਖਰਾਂ ਦੀ ਸਿਆਹੀ ਹੁੰਦੀ ਹੈ। ਇਹ ਸਰੀਰ ਦੇ ਮਰਨ ਨਾਲ ਮਰਦਾ ਨਹੀਂ। ਇਸ ਦੀ ਸੋਝੀ ਪਾ ਕੇ ਹੀ ਜਨਮ ਮਰਨ ਦੇ ਗੇੜ ਤੋਂ ਮੁਕਤ ਹੋਇਆ ਜਾ ਸਕਦਾ ਹੈ:

ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥
ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥
..............................................................................................
ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥[79]

ਜਿੰਨਾ ਚਿਰ ਇਹ ਸਰੀਰ ਨਾਲ ਜੁੜੀ ਹੈ ਤਾਂ ਸਰੀਰਕ ਸੰਸਕਾਰਾਂ ਕਰ ਕੇ ਅਤੇ ਮਾਇਆ ਦੇ ਭਰਮ ਕਰ ਕੇ ਵਖਰੀ ਪ੍ਰਤੀਤ ਹੁੰਦੀ ਹੈ, ਪਰ ਜਦੋਂ ਇਹ ਸਰੀਰ ਤੋਂ ਵਖਰੀ ਹੋ ਜਾਂਦੀ ਹੈ ਅਤੇ ਮਾਇਆ ਦਾ ਪਰਦਾ ਹਟ ਜਾਂਦਾ ਹੈ ਤਾਂ ਇਹ ਪਰਮਾਤਮਾ ਦਾ ਹੀ ਰੂਪ ਹੋ ਜਾਂਦੀ ਹੈ। ਜਿਵੇਂ ਪਾਣੀ ਨਾਲ ਭਰੇ ਘੜੇ ਵਾਲਾ ਪਾਣੀ ਬਾਹਰਲੇ ਪਾਣੀ ਤੋਂ ਵਖਰਾ ਦਿਖਾਈ ਦਿੰਦਾ ਹੈ, ਪਰ ਘੜੇ ਦਾ ਪਾਣੀ ਬਾਹਰਲੇ ਪਾਣੀ ਵਿਚ ਰਲਾ ਦਿਤਾ ਜਾਵੇ ਤਾਂ ਕੋਈ ਫ਼ਰਕ ਨਹੀਂ ਰਹਿੰਦਾ, ਇਸੇ ਤਰ੍ਹਾਂ ਆਤਮਾ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿੰਦਾ:

ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ ॥[80]

ਪ੍ਰੋ. ਸ਼ੇਰ ਸਿੰਘ ਅਨੁਸਾਰ ਜੀਵਾਤਮਾ ਤੇ ਪਰਮਾਤਮਾ ਵਾਸਤਵ ਵਿਚ ਇਕ ਹਨ। ਅਸਲਾ ਤੇ ਅੰਸ਼-ਵੰਸ਼ ਇਕੋ ਹੈ ਪਰ ਇਹ ਨਹੀਂ ਕਿ ਜੀਵਾਤਮਾ ਜਿਵੇਂ ਹੈ, ਉਸੇ ਤਰ੍ਹਾਂ ਹੀ ਉਹ ਰੱਬ ਹੈ, ਭਾਵੇਂ ਸਾਗਰ ਜਾਂ ਨਦੀ, ਬੂੰਦ ਜਾਂ ਲਹਿਰ ਸਭ ਪਾਣੀ ਹੀ ਹਨ ਪਰ ਦੋਹਾਂ ਵਿਚ ਫਰਕ ਭੀ ਬਹੁਤਾ ਹੈ। ਉਹ ਭਾਈ ਨੰਦ ਲਾਲ ਜੀ ਦਾ ਕਥਨ ਹੈ- ਹੇ ਅਕਾਲ! ਤੂੰ ਅਥਾਹ ਸਮੁੰਦਰ ਹੈਂ ਤੇ ਮੈਂ ਕੇਵਲ ਇਕ ਲਹਿਰ ਹਾਂ। ਤੂੰ ਮੇਰੇ ਨਾਲੋਂ ਉਸੇ ਵੱਖਰਾ ਹੈਂ ਜਿਵੇਂ ਅਸਮਾਨ ਜ਼ਮੀਨ ਤੋਂ।[81] ਭਾਵ ਆਤਮਾ ਅਸੀਮ ਪਰਮਾਤਮਾ ਦਾ ਇਕ ਅੰਸ਼ ਮਾਤਰ ਹੈ। ਇਸ ਵਿਚ ਪਰਮਾਤਮਾ ਵਾਲੇ ਸਾਰੇ ਗੁਣ ਹਨ, ਪਰ ਸਰੀਰਕ ਬੰਧਨ ਕਰ ਕੇ ਇਹ ਪ੍ਰਗਟ ਨਹੀਂ ਹੁੰਦੇ। ਬੰਧਨ ਮੁਕਤ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਕੇ ਹੀ ਇਹ ਪਰਮਾਤਮਾ ਦਾ ਰੂਪ ਹੋ ਸਕਦੀ ਹੈ। ਆਤਮਾ ਜਦੋਂ ਸਰੀਰ ਤੋਂ

[79] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 871 .

[80] ਉਹੀ, ਪੰਨਾ 1203.

[81] ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨੇ 346-347.

ਵਖਰੀ ਹੋ ਜਾਂਦੀ ਹੈ ਤਾਂ ਫਿਰ ਸਰੀਰ ਨੂੰ ਚਾਹੇ ਦਫ਼ਨਾਇਆ ਜਾਵੇ ਜਾਂ ਸਾੜਿਆ ਜਾਵੇ ਕੋਈ ਫ਼ਰਕ ਨਹੀਂ ਪੈਂਦਾ:

ਠੰਢੀ ਤਾਤੀ ਮਿਟੀ ਖਾਈ॥ ਓਹੁ ਨ ਬਾਲਾ ਬੂਢਾ ਭਾਈ ॥[82]

ਆਤਮਾ ਆਪਣੇ ਆਪ ਵਿਚ ਇਕ ਬ੍ਰਹਿਮੰਡ ਹੈ। "ਵਿਗਿਆਨਕ ਚਿੰਤਨ ਅਨੁਸਾਰ ਮਨੁੱਖ ਦੀ ਹਸਤੀ ਸਸੀਮ ਹੈ ਤੇ ਬ੍ਰਹਿਮੰਡ ਅਸੀਮ ਹੈ। ਇਸ ਲਈ ਮਨੁੱਖ ਦੀ ਹਸਤੀ ਤੁਛ ਅਥਵਾ ਨਿਗੂਣੀ ਹੈ, ਪਰ ਜਲਦੀ ਹੀ ਮਨੁੱਖ ਅਗਲੇਰੇ ਪੜਾਵਾਂ ਤੇ ਆਪੇ ਦੀ ਸਸੀਮਤਾ ਨੂੰ ਸੂਝ ਦੀ ਅਸੀਮਤਾ ਵਿਚ ਬਦਲਦਾ ਹੈ।[83] ਵਿਗਿਆਨ ਅਨੁਸਾਰ ਮਨੁਖ ਮਾਦੇ ਤੋਂ ਪੈਦਾ ਹੋਇਆ ਹੈ ਇਹ ਮਾਦਾ ਪਹਿਲਾਂ inorganic ਸੀ ਹੌਲੀ ਹੌਲੀ ਇਹ organic ਬਣ ਗਿਆ। ਜਿਸ ਤੋਂ ਤੱਤਾਂ ਦੀ ਉਤਪਤੀ ਹੋਈ ਤੇ ਜੀਵ ਨੇ ਜਨਮ ਧਾਰਿਆ। ਜੀਵ ਦੇ ਵਿਕਾਸ ਦਾ ਸਿਖਰ ਮਨੁਖ ਹੈ। ਪਹਿਲਾਂ ਪਹਿਲ ਮਨੁਖ ਵੀ ਇਕ ਪਸ਼ੂ ਹੀ ਸੀ ਅਤੇ ਕਿਸੇ ਵੀ ਤਰ੍ਹਾਂ ਆਪਣੇ ਆਪ ਨੂੰ ਜਾਨਵਰਾਂ ਤੋਂ ਭਿੰਨ ਨਹੀਂ ਸਮਝਦਾ ਸੀ। ਉਹ ਵੀ ਜਾਨਵਰਾਂ ਦੀ ਤਰ੍ਹਾਂ ਜੰਗਲਾਂ ਵਿਚ ਨਿਵਾਸ ਕਰਦਾ, ਖਾਂਦਾ, ਪੀਂਦਾ ਅਤੇ ਵਿਚਰਦਾ ਹੋਇਆ ਪ੍ਰਕਿਰਤੀ ਨਾਲ ਇਕਮਿਕ ਹੋ ਕੇ ਰਹਿੰਦਾ ਸੀ। ਗੁਰਬਾਣੀ ਅਨੁਸਾਰ ਮਨੁਖੀ ਸਰੀਰ ਪੰਜ ਭੌਤਿਕ ਤਤਾਂ ਅਤੇ ਮਾਤਾ ਪਿਤਾ ਦੇ ਸੰਜੋਗ ਤੋਂ ਉਤਪੰਨ ਹੁੰਦਾ ਹੈ। ਭਗਤ ਰਵਿਦਾਸ ਜੀ ਇਸ ਸੰਬੰਧੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥[84]

ਗੁਰਮਤਿ ਅਨੁਸਾਰ ਮਨੁਖਾ ਜਨਮ ਬਹੁਤ ਹੀ ਦੁਰਲੱਭ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਇਹ ਵਾਰ ਵਾਰ ਨਹੀਂ ਮਿਲਦਾ ਸਗੋਂ ਬਹੁਤ ਸਮੇਂ ਬਾਅਦ ਮਿਲਿਆ ਮੌਕਾ ਹੈ। ਇਹ ਮੌਕਾ ਇਸ ਤਰ੍ਹਾਂ ਦਾ ਹੈ ਜਿਵੇਂ ਇਕ ਦਰਖਤ ਦੀ ਟਾਹਿਣੀ ਨਾਲੋਂ ਫਲ ਟੁਟ ਜਾਵੇ ਤੇ ਮੁੜ ਕੇ ਉਸ ਨੂੰ ਟਾਹਿਣੀ ਨਾਲ ਨਹੀਂ ਜੋੜਿਆ ਜਾ ਸਕਦਾ। ਇਹ ਮਨੁਖ ਜੀਵਨ ਵੀ ਦੁਬਾਰਾ ਪ੍ਰਾਪਤ ਨਹੀਂ ਹੋ ਸਕਦਾ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ।
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ। [85]

ਸਿਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਇਸ ਬਾਬਤ ਕਹਿੰਦੇ ਹਨ ਕਿ ਮਨੁਖ ਨੂੰ

---

82 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378.

83 ਉਦਰਿਤ, ਡਾ. ਇੰਦਰਜੀਤ ਸਿੰਘ ਵਾਸੂ, ਮਨੁੱਖ ਦਾ ਸੰਕਲਪ: ਇਕ ਸਿਧਾਂਤਕ ਅਧਿਐਨ, ਪੰਨਾ 7.

84 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

85 ਉਹੀ, ਪੰਨਾ 1366.

ਚੌਰਾਸੀ ਲਖ ਜੂਨਾਂ ਤੋਂ ਬਾਅਦ ਮਨੁਖਾ ਦੇਹੀ ਦੀ ਪ੍ਰਾਪਤੀ ਹੁੰਦੀ ਹੈ। ਗੁਰਮੁਖ ਇਸ ਜੀਵਨ ਨੂੰ ਸਕਾਰਥ ਕਰਨ ਲਈ ਨਾਮ ਦਾ ਜਾਪ ਕਰਦਾ ਹੈ ਅਤੇ ਆਪਣੇ ਸਰੀਰਕ ਅੰਗਾਂ ਅਖਾਂ, ਕੰਨ, ਨਕ ਅਤੇ ਹਥਾਂ ਆਦਿਕ ਦਾ ਉਸੇ ਤਰ੍ਹਾਂ ਉਪਯੋਗ ਕਰਦਾ ਹੈ, ਜਿਸ ਮਨੋਰਥ ਲਈ ਉਹਨਾਂ ਦੀ ਪ੍ਰਾਪਤੀ ਹੋਈ ਹੈ। ਗੁਰਮੁਖ ਸਰੀਰਕ ਮਿਹਨਤ ਕਰਕੇ ਆਪਣੇ ਅੰਗਾਂ ਨੂੰ ਨਿਰਮਲ ਕਰ ਲੈਂਦਾ ਹੈ। ਉਹ ਵਿਹਲੜਾਂ ਵਾਂਗ ਜੀਵਨ ਬਤੀਤ ਨਹੀਂ ਕਰਦਾ, ਸਗੋਂ ਕਿਰਤ ਕਰਦਾ ਹੈ। ਮਨਮੁਖ ਬੰਦਾ ਵਿਕਾਰਾਂ ਦੀ ਮੈਲ ਵਿਚ ਫਸ ਕੇ ਜੀਵਨ ਨੂੰ ਮਲੀਨ ਕਰ ਲੈਂਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਫਸ ਜਾਂਦਾ ਹੈ:

ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।
ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ।
ਕੰਨੀ ਸੁਣਦਾ ਸੁਰਤਿ ਕਰਿ ਵਾਸ ਲਏ ਨਕਿ ਸਾਸ ਸਨੇਹੀ।
ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ।
ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਤਿ ਮਤਿ ਕਿਨੇਹੀ।
ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ।
ਪਸੂ ਪਰੇਤਹੁ ਬੁਰੀ ਬੁਰੇਹੀ ॥3॥[86]

ਭਾਈ ਨੰਦ ਲਾਲ ਜੀ ਮਨੁਖ ਦੇ ਵਜੂਦ ਸੰਬੰਧੀ ਆਪਣੇ ਆਪ ਨੂੰ ਪ੍ਰਸ਼ਨ ਕਰਦੇ ਹਨ ਕਿ:

"ਗਾਹੇ, ਬਖੇਸ਼ ਰਾਹ ਨ ਬੁਰਦਮ ਕਿ ਕੀਸਤਮ।
ਐ ਵਾਏ! ਨਕਦਿ ਜ਼ਿੰਦਗੀਅਮ ਰਾਏਗਾਂ ਗੁਜ਼ੱਸ਼ਤ।

(ਭਾਵਾਰਥ— ਮੈਂ ਕਦੀਂ ਆਪਣੇ ਆਪ ਨੂੰ ਇਸ ਰਸਤੇ ਉਤੇ ਨਹੀਂ ਲਿਆਇਆ ਤੇ ਆਪਣੇ ਆਪ ਉਤੇ ਇਹ ਪ੍ਰਸ਼ਨ ਨਹੀਂ ਕੀਤਾ ਕਿ ਮੈਂ ਕੌਣ ਹਾਂ। ਅਫ਼ਸੋਸ! ਮੇਰੇ ਜੀਵਨ ਦੀ ਪੂੰਜੀ ਅਜਾਈਂ ਬਰਬਾਦ ਹੋ ਗਈ। )"[87]

ਉਪਰੋਕਤ ਹਵਾਲਿਆਂ ਤੋਂ ਸ਼ਪਸਟ ਹੁੰਦਾ ਹੈ ਕਿ ਮਨੁਖ ਦੂਸਰੇ ਜੀਵ ਵਰਗ ਤੋਂ ਸ਼੍ਰੋਮਣੀ ਹੈ। ਧਰਮ ਨੇ ਹੀ ਮਨੁਖ ਨੂੰ ਆਦਰਸ਼ ਬਣਨ ਦਾ ਟੀਚਾ ਦਿਤਾ। ਮਨੁਖ ਆਪਣੇ ਵਿਵਹਾਰ ਕਾਰਨ ਜੀਵਾਂ ਦਾ ਹੀ ਨਹੀਂ ਸਗੋਂ ਕੁਦਰਤ ਨਾਲ ਅਨੁਕੂਲਣ ਸਦਕਾ ਸਮੂਹਕਤਾ ਦਾ ਵੀ ਪ੍ਰਮੁਖ ਜੀਵ ਹੈ। ਮਨੁਖ ਨੇ ਇਕਲੇ ਤੌਰ 'ਤੇ ਵਿਚਰਨ ਤੋਂ ਬਾਅਦ ਸਮੂਹ ਬਣਾ ਕੇ ਰਹਿਣਾ ਸ਼ੁਰੂ ਕੀਤਾ। ਇਸ ਤਰ੍ਹਾਂ ਸਮੂਹਿਕ ਜੀਵਨ ਦੀ ਆਰੰਭਤਾ ਤੋਂ ਹੀ ਸਮਾਜ ਹੋਂਦ ਵਿਚ ਆਇਆ। ਸਮਾਜਿਕ ਜੀਵਨ ਜਿਉਣ ਲਈ ਸਮਾਜ ਨੂੰ ਸੰਤੁਲਿਤ ਰਖਣ ਦੀ ਲੋੜ

---

86 ਵਾਰਾਂ ਭਾਈ ਗੁਰਦਾਸ ਜੀ, ਵਾਰ 15, ਪਉੜੀ 3.

87 ਉਦਰਿਤ, ਪ੍ਰੋ. ਹਰਿਭਜਨ ਸਿੰਘ, ਗੁਰਮਤਿ ਵਿਆਖਿਆਨ, ਪੰਨਾ 41.

ਪਈ। ਇਸੇ ਤੋਂ ਵਖ-ਵਖ ਸਮੂਹਾਂ ਦੇ ਸਭਿਆਚਾਰ ਪੈਦਾ ਹੋਏ। ਹਰ ਸਮਾਜ ਨੂੰ ਸਭਿਅਕ ਬਣਾਉਣ ਲਈ ਕੁਝ ਕਾਇਦੇ ਕਾਨੂੰਨ, ਰਸਮਾਂ ਤੇ ਕਦਰਾਂ-ਕੀਮਤਾਂ ਆਦਿਕ ਬਣਾਈਆਂ ਗਈਆਂ ਅਤੇ ਸਮਾਜ ਦੇ ਹਰ ਮਨੁਖ ਤੋਂ ਇਹ ਆਸ ਕੀਤੀ ਗਈ ਕਿ ਉਹ ਇਹਨਾਂ ਦਾ ਪਾਲਣ ਕਰੇ। ਇਹਨਾਂ 'ਤੇ ਖਰਾ ਉਤਰਨ ਵਾਲੇ ਨੂੰ ਉਸ ਸਮਾਜ ਦਾ ਆਦਰਸ਼ ਮਨੁਖ ਕਿਹਾ ਗਿਆ। ਇਸ ਤਰ੍ਹਾਂ ਹਰ ਸਮਾਜ ਦਾ ਆਦਰਸ਼ ਮਨੁਖ ਵਖਰਾ-ਵਖਰਾ ਹੈ। ਕੋਈ ਵੀ ਸਾਂਝਾ ਪੈਮਾਨਾ ਨਹੀਂ, ਜਿਸ ਨੂੰ ਸਮੁਚੇ ਸਮਾਜ ਦਾ ਅਧਾਰ ਬਣਾਇਆ ਜਾ ਸਕੇ। ਇਸ ਕਰਕੇ ਹੀ ਭਾਰਤੀ ਪਰੰਪਰਾ ਵਿਚ ਆਦਰਸ਼ ਮਨੁਖ ਦੀ ਵਖੋ-ਵਖਰੀ ਪਰਿਭਾਸ਼ਾ ਦਿਤੀ ਹੈ।

**2.3.2 ਮਨੁਖ ਦਾ ਸਰੂਪ:**

ਭਾਰਤੀ ਪ੍ਰੰਪਰਾ ਵਿਚ ਮਨੁਖ ਦੇ ਅਕਸ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ–ਦੇਵਤਾ ਤੇ ਦੈਂਤ। ਕਿਉਂਕਿ ਇਸ ਵੰਡ ਦਾ ਕਾਰਨ ਇਹ ਹੈ ਕਿ ਸੰਸਾਰ ਦੀ ਹਰ ਵਸਤੂ ਸਾਪੇਖਕ ਹੈ ਭਾਵ ਇਕ ਵਸਤ ਦੀ ਹਸਤੀ ਉਸਦੀ ਵਿਰੋਧੀ ਵਸਤ ਦੇ ਗੁਣ ਔਗੁਣ ਕਰਕੇ ਹੈ ਜਿਵੇਂ; ਚਾਨਣ-ਹਨੇਰਾ, ਉਚੀ- ਨੀਵੀ, ਚੰਗੀ-ਮਾੜੀ, ਕਰੂਪ-ਸੋਹਣੀ। ਕਰਮ ਹੀ ਵਸਤ ਦਾ ਮੁਲ ਨਿਰਧਾਰਤ ਕਰਦਾ ਹੈ। ਦੇਵਤਾ ਜਾਂ ਆਦਰਸ਼ ਮਨੁਖ ਜਿਥੇ ਸਦਗੁਣੀ ਕਦਰਾਂ ਕੀਮਤਾਂ ਦਾ ਧਾਰਨੀ ਹੁੰਦਾ ਹੈ ਉਥੇ ਹੀ ਦੈਂਤ ਜੀਵਨ ਤੋਂ ਗਿਰੀਆਂ ਕੀਮਤਾਂ ਦਾ ਧਾਰਨੀ ਹੁੰਦਾ ਹੈ। ਸੋ ਮਨੁਖੀ ਸਰੂਪ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

1. ਸਭਿਅਕ ਮਨੁਖ (ਗੁਰਮੁਖ)
2. ਅਸਭਿਅਕ ਮਨੁਖ (ਮਨਮੁਖ)

1. ਸਭਿਅਕ ਆਦਰਸ਼ ਮਨੁਖ: ਵੈਦਿਕ ਪਰੰਪਰਾ ਵਿਚ ਮਨੁਖੀ ਜੀਵਨ ਨੂੰ ਚਾਰ ਭਾਗਾਂ ਵਿਚ ਵੰਡਿਆ ਹੋਇਆ ਸੀ। ਇਹ ਬ੍ਰਹਮਚਰਜ, ਗ੍ਰਿਹਸਥ, ਬਾਣਪ੍ਰਸਤ ਤੇ ਸੰਨਿਆਸ ਭਾਗ ਸਨ। ਸੰਨਿਆਸੀ ਵਿਅਕਤੀ ਘਰ ਬਾਰ ਤਿਆਗ ਕੇ ਬਾਹਰ ਜੰਗਲਾਂ ਵਿਚ ਰਹਿੰਦਾ ਸੀ, ਉਹ ਹੀ ਧਾਰਮਕ ਸਮਝਿਆ ਜਾਂਦਾ ਸੀ ਜਿਸ ਕਰਕੇ ਜ਼ਿਆਦਾ ਨਾਮ ਇਸ ਤਰ੍ਹਾਂ ਦੇ ਹੀ ਮਿਲਦੇ ਹਨ; ਜਿਵੇਂ ਉਦਾਸੀ, ਬੈਰਾਗੀ, ਅਉਧੂ, ਨਿਗ੍ਰਹੀ ਆਦਿ। ਜੋਗ ਮਤ ਦਾ ਪੂਰਨ ਮਨੁਖ 'ਸਿਧ' ਹੈ। ਇਹਨਾਂ ਦਾ ਸਮਾਜ ਨਾਲ ਕੋਈ ਵੀ ਸੰਬੰਧ ਨਹੀਂ ਹੈ। ਇਹ ਜੀਵਨ ਤੋਂ ਉਪਰਾਮ ਹੋ ਕੇ ਦੁਨੀਆਂ ਛਡ ਬਾਹਰ ਜੰਗਲਾਂ ਵਿਚ ਰਹਿੰਦੇ ਹਨ। ਵੈਦਿਕ ਪਰੰਪਰਾ ਵਿਚ ਹਿੰਦੂ ਸਾਹਿਤ ਅਨੁਸਾਰ ਹਰ ਪਖੋਂ ਸੰਪੂਰਣ ਮਨੁਖ ਦੀਆਂ ਸੋਲ੍ਹਾਂ ਕਲਾ ਹਨ। ਜਿਸ ਮਨੁਖ ਵਿਚ ਸੋਲ੍ਹਾਂ ਕਲਾਂ ਪੂਰੀਆਂ ਹਨ ,ਉਹ ਅਵਤਾਰ ਹੈ। ਕਲਾ ਤੋਂ ਭਾਵ ਹੈ ਅੰਸ਼ ਜਾਂ ਭਾਗ। ਚੰਦਰਮਾ ਦੀਆਂ ਵੀ ਸੋਲ੍ਹਾਂ ਕਲਾ ਮੰਨੀਆਂ ਜਾਂਦੀਆਂ ਹਨ ਜੋ ਪੂਰਨਮਾਸੀ ਵਾਲੇ ਦਿਨ ਸੰਪੂਰਨ ਹੋਈਆਂ ਮੰਨੀਆਂ ਜਾਂਦੀਆਂ ਹਨ। ਬ੍ਰਹਮਵੈਵਰਤ ਪੁਰਾਣ ਵਿਚ ਇਹ ਗੁਣ ਇਸ ਤਰ੍ਹਾਂ ਹਨ- ਗਿਆਨ, ਧਿਆਨ, ਸ਼ੁਭ ਕਰਮ, ਹਠ, ਸੰਜਮ,

ਧਰਮ, ਦਾਨ, ਵਿਦਿਆ, ਭਜਨ, ਪ੍ਰੇਮ, ਜਤ, ਅਧਿਆਤਮ ਭਾਵਨਾ, ਸਤਿ, ਦਇਆ, ਨੇਮ, ਅਤੇ ਚਤੁਰਤਾ। ਜਿਸ ਅਵਤਾਰ ਵਿਚ ਇਹ ਕਲਾਵਾਂ ਪੂਰੀਆਂ ਨਹੀਂ ਉਸ ਨੂੰ ਅੰਸ਼ਿਕ ਅਵਤਾਰ ਮੰਨਿਆ ਜਾਂਦਾ ਹੈ।[88]

ਪਰ ਗੁਰੂ ਨਾਨਕ ਸਾਹਿਬ ਦਾ ਆਦਰਸ਼ ਮਨੁਖ 'ਗੁਰਮੁਖ' ਹੈ। ਗੁਰਮੁਖ ਹਉਮੈਂ ਮਾਰ ਕੇ ਮਨ ਨੂੰ ਜਿਤਦਾ ਤੇ ਪਰਮਸੱਤ ਨਾਲ ਅਭੇਦਤਾ ਪ੍ਰਾਪਤ ਕਰਦਾ ਹੈ। ਇਸ ਅਭੇਦਤਾ ਦਾ ਅਰਥ ਹੈ ਰਬੀ ਗੁਣਾਂ ਨੂੰ ਪੂਰੀ ਤਰ੍ਹਾਂ ਜੀਵਨ ਵਿਚ ਧਾਰਨ ਕਰਨਾ। ਫਿਰ ਉਸ ਦੇ ਲਈ ਦਵੈਤ ਨਹੀਂ ਰਹਿ ਜਾਂਦੀ। ਸਭ ਦਾ ਭਲਾ ਧਰਮ ਤੇ ਉਸ ਦਾ ਇਕੋ-ਇਕ ਆਦਰਸ਼ ਹੁੰਦਾ ਹੈ।[89] ਡਾ. ਹਰਪਾਲ ਸਿੰਘ ਪੰਨੂ ਅਨੁਸਾਰ 'ਗੁਰਮੁਖ ਦੀ ਕਰਮ ਭੂਮੀ ਸਮਾਜ ਹੁੰਦਾ ਹੈ ਜਿਥੇ ਉਸਦਾ ਵਰਤਾਰਾ ਪਰਖਿਆ ਜਾਣਾ ਹੈ। ਸਮਾਜ ਵਿਚ ਵਿਚਰਦਿਆਂ ਉਸਨੇ ਸਵਾਰਥ ਦੇ ਖਿਲਾਫ ਤੇ ਨੇਕੀ ਦੇ ਹੱਕ ਵਿਚ ਸੰਘਰਸ਼-ਸ਼ੀਲ ਹੋਣਾ ਹੈ। ਸਿਧਾਂ ਨੂੰ ਗੁਰੂ ਜੀ ਨੇ ਇਹੀ ਕਿਹਾ ਸੀ ਕਿ ਤੁਸੀਂ ਆਖਦੇ ਹੋ ਕਿ ਤੁਸਾਂ ਸੰਸਾਰ ਦਾ ਤਿਆਗ ਕਰ ਦਿਤਾ ਹੈ, ਵਾਸਤਵ ਵਿਚ ਤੁਸੀਂ ਸੰਸਾਰ ਦੀਆਂ ਜ਼ਿੰਮੇਵਾਰੀਆਂ ਤਿਆਗੀਆਂ ਹਨ। ਉਹ ਲੋਕ ਜੋ ਮਨੁਖੀ ਨਸਲ ਨੂੰ ਅੱਗੇ ਤੋਰਦੇ ਹਨ, ਹੱਡ ਭੰਨਵੀਂ ਮਿਹਨਤ ਕਰਕੇ ਆਪ ਤੇ ਆਪਣੇ ਬੱਚਿਆਂ ਨੂੰ ਤਾਂ ਖੁਆਂਦੇ ਹੀ ਹਨ, ਤੁਹਾਨੂੰ ਵੀ ਖਾਣ ਲਈ ਦਿੰਦੇ ਹਨ, ਉਨ੍ਹਾਂ ਨੂੰ ਤੁਸੀਂ ਆਖਦੇ ਹੋ ਕਿ ਨਰਕੀਂ ਜਾਣਗੇ ਤੇ ਤੁਸੀਂ, ਜੋ ਉਨ੍ਹਾਂ ਉਤੇ ਆਸਰਿਤ ਹੋ, ਮੁਕਤ ਹੋਵੋਗੇ, ਇਹ ਕਿਵੇਂ ਸੰਭਵ ਹੈ?[90] ਗੁਰਮਤਿ ਦਾ ਉਪਦੇਸ਼ ਹੈ ਜੋ ਮਨੁਖ ਸਮਾਜਕ ਜ਼ਿੰਮੇਵਾਰਾਂ ਪੂਰੀਆ ਨਹੀਂ ਕਰ ਸਕਿਆ ਉਹ ਧਾਰਮਕ ਆਗੂ ਵੀ ਨਹੀਂ ਬਣ ਸਕਦਾ। ਗੁਰਮੁਖ ਸਮਾਜ ਵਿਚ ਰਹਿ ਕੇ ਅਲਿਪਤ ਰਹਿੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥ [91]

ਗੁਰਮੁਖ ਜਗਤ ਵਿਚ ਰਹਿ ਕੇ ਵੀ ਆਪਣੀ ਚਾਲ ਸੰਸਾਰ ਵਿਚ ਰਲਣ ਨਹੀਂ ਦਿੰਦਾ। ਉਹ ਸੰਸਾਰ ਤੋਂ ਵਖਰੀ ਸੋਚ ਦਾ ਮਾਲਕ ਹੁੰਦਾ ਹੈ। ਵਿਕਾਰਾਂ ਨੂੰ ਸਰੀਰ ਵਿਚੋਂ ਮਾਰ ਕੇ ਨਿਰਮਲਤਾ ਦਾ ਜੀਵਨ ਬਤੀਤ ਕਰਦਾ ਹੈ। ਉਸ ਨੂੰ ਚਾਹੇ ਬਿਖੜੇ ਪੈਂਡਿਆਂ 'ਤੇ ਹੀ ਕਿਉਂ ਨਾ ਚਲਣਾ ਪਵੇ, ਪਰ ਰਹਿੰਦਾ ਗੁਰੂ ਦੀ ਰਜ਼ਾ ਵਿਚ ਹੀ ਹੈ:

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥

---

88 ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਨਾ 245.

89 ਪਿਆਰਾ ਸਿੰਘ ਪਦਮ, ਨਾਨਕ ਸਾਇਰ ਏਵ ਕਹਤੁ ਹੈ, ਪੰਨਾ 66

90 ਡਾ. ਅਮਰਜੀਤ ਸਿੰਘ(ਸੰਪਾ.), ਗੁਰੂ ਗ੍ਰੰਥ ਸਾਹਿਬ ਦੀ ਮਨੁਖਤਾ ਨੂੰ ਦੇਣ, ਪੰਨਾ 572

91 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 118

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥[92]

ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਨੇ ਜਿਥੇ ਆਦਰਸ਼ ਮਨੁਖ ਦੇ ਕਰਮ ਵਿਚ ਤਬਦੀਲੀ ਲੈ ਆਂਦੀ ਉਥੇ ਹੀ ਭਾਰਤੀ ਮਾਨਸਕਿਤਾ ਵਿਚ ਪਏ ਬੈਰਾਗੀਆਂ, ਉਦਾਸੀਆਂ ਦੀਆਂ ਤਸਵੀਰਾਂ ਨੂੰ ਸੰਕਲਪ ਰੂਪ ਵਿਚ ਬਦਲ ਕੇ ਰਖ ਦਿਤਾ। ਜਿਸ ਤਰ੍ਹਾਂ ਬੈਰਾਗੀ ਸਾਧੂ ਬਾਰੇ ਕਹਿੰਦੇ ਹਨ ਕਿ ਬੈਰਾਗੀ ਉਹ ਹੈ ਜਿਸ ਨੇ ਹਿਰਦੇ ਵਿਚ ਨਾਮ ਵਸਾਇਆ ਹੋਇਆ ਹੈ ਤੇ ਸੱਚੇ ਸਤਿਗੁਰੂ ਦੀ ਕਿਰਪਾ ਨਾਲ ਹਰੀ ਰਸ ਨੂੰ ਚਖਿਆ ਹੈ। ਬਾਕੀ ਘਰ ਬਾਰ ਤਿਆਗ ਕੇ ਬੈਰਾਗੀ ਬਣਨਾ ਤੇ ਤਾਮਸ ਬਿਰਤੀ ਬਣਾਈ ਰਖਣਾ ਕੋਈ ਮਨੁਖ ਲਈ ਸ਼ੋਭਦਾ ਨਹੀਂ ਤੇ ਨਾ ਹੀ ਸਮਾਜਕਤਾ ਦੀ ਭਲਾਈ ਦੇ ਹਿਤ ਵਿਚ ਹੈ:

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥

ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥

ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥[93]

**2. ਅਸਭਿਅਕ ਮਨੁਖ (ਮਨਮੁਖ):** ਜੋ ਮਨੁਖ ਮਨ ਦੀ ਮਤ ਨਾਲ ਕਾਰਜ ਕਰਦਾ ਹੈ ਉਹ ਮਨਮੁਖ ਹੈ। ਡਾ. ਹਰਪਾਲ ਸਿੰਘ ਪੰਨੂ ਮਨਮੁਖ ਦੀ ਪਰਿਭਾਸ਼ਾ ਦਿੰਦੇ ਹੋਏ ਕਹਿੰਦੇ ਹਨ, "ਵਾਸਤਵ ਵਿਚ ਮਨਮੁਖ ਉਹ ਆਦਮੀ ਹੁੰਦਾ ਹੈ ਜਿਸ ਵਿਚ ਸਦਗੁਣਾਂ ਦੀ ਥੁੜ ਹੈ।"[94] ਜੀਵਨ ਤੇ ਸਮਾਜ ਦੀਆਂ ਆਦਰਸ਼ ਕਦਰਾਂ-ਕੀਮਤਾਂ ਤੋਂ ਡਿਗੇ ਮਨੁਖ ਨੂੰ ਮਨਮੁਖ ਕਿਹਾ ਜਾਂਦਾ ਹੈ। ਗੁਰਮੁਖ ਦੇ ਵਿਪਰੀਤ ਕੰਮ ਕਰਨ ਵਾਲਾ ਜਾਂ ਉਸ ਦੇ ਸੁਭਾਅ ਤੋਂ ਉਲਟ ਵਿਅਕਤੀ ਮਨਮੁਖ ਹੈ। ਭਾਈ ਕਾਨ੍ਹ ਸਿੰਘ ਨਾਭਾ ਮਨਮੁਖ ਦੇ ਕਈ ਅਰਥ ਕਰਦੇ ਹਨ ਜਿਵੇਂ: ਮਨਮੁਖ ਅਥਵਾ ਮਨਮੁਖੁ, ਮਨ (ਨਾ) ਮੁਖ, ਵਿਮੁਖ, ਗੁਰਮਤ ਤੋਂ ਉਲਟ "ਸੇ ਮਨਮੁਖੁ ਜੋ ਸਬਦ ਨਾ ਪਛਾਣਹਿ। ਗੁਰ ਕੇ ਭੈ ਕੀ ਸਾਰ ਨ ਜਾਣਹਿ। (ਮਾਰੂ ਸੋਲਹੇ ਮ:3)। ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ, ਮਨਮਤ ਧਾਰਨ ਕਰਨ ਵਾਲਾ, "ਮਨਮੁਖੁ ਅਗਿਆਨ ਦੁਰਮਤਿ ਅਹੰਕਾਰੀ. "(ਮ:3 ਵਾਰ ਗਉੜੀ)।[95] ਡਾ. ਰਤਨ ਸਿੰਘ ਜੱਗੀ ਅਨੁਸਾਰ, "ਅਸਲ ਵਿਚ ਗੁਰਬਾਣੀ ਵਿਚ 'ਮਨਮੁਖ' ਸ਼ਬਦ ਅਜਿਹੇ ਵਿਅਕਤੀ ਲਈ ਵਰਤਿਆ ਗਿਆ ਹੈ ਜੋ ਮਨ ਅਨੁਰੂਪ ਜਾਂ ਮਨ ਵਲ ਝੁਕ ਕੇ ਜੀਵਨ ਬਿਤਾਉਂਦਾ ਹੈ। ਮਨ ਦੇ ਵੀ ਦੋ ਰੂਪ ਹਨ— ਪ੍ਰਕਾਸ਼ਮਈ ਮਨ ਅਤੇ ਅੰਧਕਾਰਮਈ ਮਨ। ਜਿਸ ਦਾ ਮਨ ਪ੍ਰਕਾਸ਼ਿਤ ਹੈ

---

92 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.

93 ਉਹੀ, ਪੰਨਾ 29.

94 ਡਾ. ਅਮਰਜੀਤ ਸਿੰਘ(ਸੰਪਾ.), ਗੁਰੂ ਗ੍ਰੰਥ ਸਾਹਿਬ ਦੀ ਮਨੁਖਤਾ ਨੂੰ ਦੇਣ, ਪੰਨਾ 571.

95 ਭਾਈ ਕਾਨ੍ਹ ਸਿੰਘ ਨਾਭਾ, ਗੁਰ ਸਬਦ ਰਤਨਾਕਰ ਮਹਾਨਕੋਸ਼ (ਭਾਗ ਦੂਜਾ), ਪੰਨਾ 711.

ਉਸ ਨੂੰ ਵਾਸਤਵਿਕਤਾ ਦਾ ਬੋਧ ਹੈ, ਇਸ ਲਈ ਉਹ 'ਗੁਰਮੁਖ' ਹੈ"।[96] ਡਾ. ਜੱਗੀ ਦੀ ਪਰਿਭਾਸ਼ਾ ਬਹੁਤ ਮਹਤਵ ਰਖਦੀ ਹੈ। ਜੋ ਗੁਰੂ ਦੇ ਗਿਆਨ ਦੀ ਰੋਸ਼ਨੀ ਵਿਚ ਨਹੀਂ ਚਲਦਾ ਉਹ ਮਨਮੁਖ ਹੈ। ਗੁਰਬਾਣੀ ਵਿਚ ਮਨਮੁਖ ਨੂੰ ਜਿਥੇ ਫਿਟਕਾਰਾਂ ਪਾਈਆਂ ਹਨ ਉਥੇ ਹੀ ਥਾਂ-ਥਾਂ 'ਤੇ ਉਸ ਦੇ ਲਛਣਾਂ ਦਾ ਚਿਤਰ ਗੁਰੂ ਸਾਹਿਬ ਖਿਚਦੇ ਹਨ। ਮਨਮੁਖ ਵਿਅਕਤੀ ਅੰਨ੍ਹੇ ਮਨੁਖ ਦੇ ਸਮਾਨ ਹੈ। ਜਿਸ ਤਰ੍ਹਾਂ ਬਿਨਾਂ ਨੇਤਰਾਂ ਵਾਲਾ ਮਨੁਖ ਚੀਜ਼ ਦੀ ਪਰਖ ਨਹੀਂ ਕਰ ਸਕਦਾ ਉਸੇ ਤਰ੍ਹਾਂ ਗੁਰੂ ਤੋਂ ਮੁਨਕਰ ਵਿਅਕਤੀ ਵੀ ਅਮੋਲਕ ਜੀਵਨ ਦੀ ਪਛਾਣ ਨਹੀਂ ਕਰ ਪਾਉਂਦਾ। ਇਸ ਲਈ ਉਹ ਆਤਮ ਘਾਤੀ ਹੈ ਤੇ ਨਿੰਦਾ ਕਰ ਕਰ ਕੇ ਲੋਕਾਂ ਦੀ ਗੰਦਗੀ ਦਾ ਵਜਨ ਢੋਂਦਾ ਫਿਰਦਾ ਹੈ:

ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥[97]

ਗੁਰਬਾਣੀ ਵਾਰ ਵਾਰ ਮਨੁਖ ਨੂੰ ਸੁਚਜੇ ਜੀਵਨ ਵਲ ਅਗਰਸਰ ਕਰਦੀ ਹੈ ਪਰ ਮਨੁਖ ਭੈੜੀ ਬਿਰਤੀ ਕਾਰਨ ਮਾਇਆ ਵਿਚੋਂ ਨਿਕਲ ਨਹੀਂ ਸਕਦਾ। ਉਹ ਭਾਵੇਂ ਸਤਸੰਗ ਵਿਚ ਵੀ ਜਾਵੇ ਪਰ ਖੋਟੇ ਹਿਰਸ ਦੇ ਕਾਰਨ ਉਸਦਾ ਭਲਾ ਨਹੀਂ ਹੁੰਦਾ। ਮਨਮੁਖ ਬਗਲਿਆਂ ਦੀ ਤਰ੍ਹਾਂ ਛਪੜ ਵਿਚ ਹੀ ਬੈਠਣ ਦਾ ਸ਼ੌਕੀਨ ਹੁੰਦਾ ਹੈ। ਜਿਸ ਕਾਰਨ ਉਹ ਸਤਸੰਗ ਵਿਚ ਘੁਟਣ ਮਹਿਸੂਸ ਕਰਦਾ ਹੈ। ਜਦੋਂ ਉਸ ਦਾ ਸਮਾਂ ਲਗੇ ਤਾ ਜ਼ਹਿਰ ਉਗਲ ਦਿੰਦਾ ਹੈ। ਇਸ ਕਰਕੇ ਗੁਰੂ ਸਾਹਿਬ ਸੁਚੇਤ ਕਰਦੇ ਹਨ ਕਿ ਸਾਕਤ ਵਿਅਕਤੀ ਦਾ ਸੰਗ ਨਾ ਕਰੋ:

ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥
ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥
……………………………………………………………
ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥
ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥੧॥[98]

### 2.3.3 ਮਨੁਖ ਦਾ ਅੰਤ:

ਮਨੁਖ ਪਰਮਾਤਮਾ ਦੁਆਰਾ ਮਿਥੀ ਆਰਜਾ ਅਨੁਸਾਰ ਜੀਵਨ ਬਿਤਾ ਕੇ ਅੰਤ ਨੂੰ ਮੌਤ ਦੇ ਮੂੰਹ ਵਿਚ ਪੈ ਜਾਂਦਾ ਹੈ। ਭੌਤਿਕਵਾਦੀ ਮੰਨਦੇ ਹਨ ਕਿ ਜਦੋਂ ਸਰੀਰ ਕੰਮ ਕਰਨਾ ਬੰਦ ਕਰ ਦੇਵੇ, ਤਾਂ ਮਨੁਖ ਦਾ

---

96 ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 355.

97 ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 118.

98 ਉਹੀ, ਪੰਨਾ 312.

ਅੰਤ ਹੋ ਜਾਂਦਾ ਹੈ ਭਾਵ ਉਸਦੇ ਭੌਤਿਕ ਸਰੀਰ ਦੇ ਰੁਕਣ ਨਾਲ ਹੀ ਸਭ ਹਿਸਾਬ ਕਿਤਾਬ ਪੂਰਾ ਹੋ ਜਾਂਦਾ ਹੈ। ਪਰ ਆਤਮਾ ਵਿਚ ਵਿਸ਼ਵਾਸ਼ ਰੱਖਣ ਵਾਲੇ ਮੰਨਦੇ ਹਨ ਕਿ ਮਨੁਖ ਦੀ ਮੌਤ ਹੋਣ ਨਾਲ ਉਸਦਾ ਅੰਤ ਨਹੀਂ ਹੁੰਦਾ ਸਗੋਂ ਆਤਮਾ ਨਾਲ ਹਿਸਾਬ ਕਿਤਾਬ ਕੀਤਾ ਜਾਂਦਾ ਹੈ। ਕਿਉਂ ਕਿ ਸੂਖਮ ਸਰੀਰ ਆਤਮਾ ਦਾ ਅੰਤ ਨਹੀਂ ਹੁੰਦਾ। ਉਹ ਨਾਸ਼ ਰਹਿਤ ਹੈ। ਇਸ ਤਥ ਨੂੰ ਆਤਮਾ ਦੀ ਅਮਰਤਾ ਕਿਹਾ ਜਾਂਦਾ ਹੈ। ਹਿੰਦੂ ਧਰਮ ਗ੍ਰੰਥਾਂ ਵਿਚ ਆਤਮਾ ਦੀ ਅਮਰਤਾ ਬਾਰੇ ਵਿਸਥਾਰਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਪਨਿਸ਼ਦਾਂ ਵਿਚ ਇਸ ਦਾ ਬਹੁਤ ਵਰਣਨ ਮਿਲਦਾ ਹੈ।

ਨਿਰਾਤਮਾਵਾਦ ਜਾਂ ਅਨਾਤਮਵਾਦ ਅਨੁਸਾਰ ਆਤਮਾ ਵੀ ਸਰੀਰ ਦੇ ਨਾਲ ਹੀ ਨਸ਼ਟ ਹੋ ਜਾਂਦੀ ਹੈ। ਸਰੀਰ ਦੀ ਹੋਂਦ ਹਮੇਸ਼ਾ ਕਾਇਮ ਰਹਿੰਦੀ ਹੈ। ਜਦੋਂ ਇਕ ਮਨੁਖ ਦੀ ਮੌਤ ਹੋ ਜਾਂਦੀ ਹੈ ਤਾਂ ਉਹ ਆਪਣੀ ਔਲਾਦ ਵਿਚ ਹਮੇਸ਼ਾ ਜਿਊਂਦਾ ਰਹਿੰਦਾ ਹੈ। ਇਸੇ ਤਰ੍ਹਾਂ ਬਾਕੀ ਜੀਵ ਵੀ ਹਮੇਸ਼ਾ ਜੀਵਿਤ ਰਹਿੰਦੇ ਹਨ। ਇਸ ਨੂੰ 'ਜੈਵਿਕ ਅਮਰਤਾ' ਦਾ ਨਾਂ ਦਿਤਾ ਜਾਂਦਾ ਹੈ। ਪਰ ਇਹ ਧਾਰਨਾ ਉਨ੍ਹਾਂ ਲਈ ਨਿਰਮੂਲ ਹੈ ਜੋ ਨਿਰਸੰਤਾਨ ਹੀ ਮਰ ਜਾਂਦੇ ਹਨ। ਦੂਸਰੀ ਗੱਲ ਜੋ ਮਨੁਖ ਮਰ ਜਾਂਦਾ ਹੈ, ਉਸਦਾ ਵਿਅਕਤੀਤਵ ਉਸ ਦੇ ਨਾਲ ਹੀ ਖ਼ਤਮ ਹੋ ਜਾਂਦਾ ਹੈ। ਉਸਦੀ ਸੰਤਾਨ ਤੇ ਉਸਦੇ ਵਿਅਕਤੀਤਵ ਵਿਚ ਅੰਤਰ ਹੁੰਦਾ ਹੈ।

ਭਾਰਤੀ ਚਿੰਤਨ ਧਾਰਾ ਅਨੁਸਾਰ ਆਤਮਾ ਦੀ ਅਮਰਤਾ ਨੂੰ ਮੰਨ ਕੇ ਜੀਵ ਦੀ ਸਰੀਰਕ ਮੌਤ ਉਪਰੰਤ ਆਤਮਾ ਦੋ ਤਰ੍ਹਾਂ ਦੇ ਚਕਰਾਂ ਵਿਚ ਪਏ ਰਹਿਣ ਦੀ ਵਿਚਾਰ ਕੀਤੀ ਹੈ-

1. ਆਵਾਗਵਨ
2. ਮੁਕਤੀ।

**1. ਆਵਾਗਵਨ:** ਆਤਮਾ ਬੁਰੇ ਕਰਮਾਂ ਅਨੁਸਾਰ ਪਰਮਾਤਮਾ ਦੀ ਅਭੇਦਤਾ ਪ੍ਰਾਪਤ ਨਾ ਕਰਦੀ ਹੋਈ ਨਖਿਧ ਜੂਨਾਂ ਦੇ ਗੇੜ ਵਿਚ ਪੈ ਜਾਂਦੀ ਹੈ। ਭਾਰਤੀ ਚਿੰਤਨ ਵਿਚ ਚੁਰਾਸੀ ਲਖ ਜੂਨਾਂ ਦਾ ਚਕਰ ਮੰਨਿਆ ਜਾਂਦਾ ਹੈ। ਆਤਮਾ ਇਹ ਜੂਨਾਂ ਭੁਗਤਦੀ ਹੋਈ ਫਿਰ ਮਨੁਖਾ ਜਨਮ ਵਿਚ ਆਉਂਦੀ ਹੈ। ਇਸ ਜਨਮ ਵਿਚ ਕੀਤੇ ਕਰਮਾਂ ਸਦਕਾ ਹੀ ਆਤਮਾ ਦਾ ਇਹ ਚਕਰ ਖ਼ਤਮ ਹੋ ਸਕਦਾ ਹੈ। ਪੁਰਾਣਾਂ ਅਨੁਸਾਰ ਯਮ ਪਹਿਲਾ ਪ੍ਰਾਣੀ ਹੈ ਜੋ ਮਰ ਕੇ ਨਰਕਾਂ ਵਿਚ ਗਿਆ ਅਤੇ ਇਥੋਂ ਦਾ ਰਾਜਾ ਬਣਿਆ। ਇਹ ਪਾਤਾਲ ਵਿਚ ਵਸਦਾ ਹੈ। ਜਮਦੂਤ ਪ੍ਰਾਣੀ ਦੀ ਰੂਹ ਇਥੇ ਲੈ ਕੇ ਜਾਂਦੇ ਹਨ। ਜਿਥੇ ਇਸਦਾ ਲੇਖਾਕਾਰ ਚਿਤ੍ਰ-ਗੁਪਤ ਇਕ ਗ੍ਰੰਥ ਵਿਚੋਂ ਜੀਵਾਂ ਦਾ ਲੇਖਾ ਕਢਦਾ ਹੈ। ਕਰਮਾਂ ਅਨੁਸਾਰ ਰੂਹ ਜਾਂ ਤਾਂ ਉਪਰ ਪਿਤਰ ਲੋਕ ਵਿਚ ਚਲੀ ਜਾਂਦੀ ਹੈ ਜਾਂ ਤਸੀਹੇ ਦੇਣ ਲਈ ਇਸਦੇ ਇਕੀ ਨਰਕਾਂ ਵਿਚੋਂ ਕਿਸੇ ਇਕ ਵਿਚ ਭੇਜ ਦਿਤੀ ਜਾਂਦੀ ਹੈ ਜਾਂ ਫਿਰ ਮੁੜ ਜਨਮ ਦੇ ਕੇ ਧਰਤੀ 'ਤੇ ਭੇਜ ਦਿਤੀ ਜਾਂਦੀ ਹੈ। ਇਸ ਦੇ ਉਲਟ ਚੰਗੇ ਕਰਮ ਕਰਨ ਵਾਲਿਆਂ ਨੂੰ ਸਵਰਗ ਵਿਚ

ਵਾਸਾ ਮਿਲਦਾ ਹੈ। ਮੌਲਾਨਾ ਰੂਮੀ ਨੇ ਆਪਣੇ ਕੁਝ ਸ਼ੇਅਰਾਂ ਵਿਚ ਚੁਰਾਸੀ ਦੀਆਂ ਜੂਨਾਂ ਵਿਚ ਆਤਮਾ ਦੇ ਭਟਕਣ ਦਾ ਦ੍ਰਿਸ਼ ਇਸ ਤਰ੍ਹਾਂ ਪੇਸ਼ ਕੀਤਾ ਹੈ:

ਮੈਂ ਪਹਿਲਾਂ ਪੱਥਰਾਂ ਤੇ ਇੱਟਾਂ ਵੱਟਿਆਂ ਦੇ ਮੰਡਲ ਵਿਚ ਸਾਂ।
ਫੇਰ ਮੈਂ ਕਈ ਰੰਗਾਂ ਰੂਪਾਂ ਵਾਲੇ ਫੁੱਲਾਂ ਦੇ ਰੂਪ ਵਿਚ ਮੁਸਕਾਇਆ।
ਫੇਰ ਜਲਾਂ ਥਲਾਂ ਵਿਚ ਪਹਾੜਾਂ ਕੰਦਰਾਂ ਵਿਚ।
ਦਰਿਆਵਾਂ ਸਮੁੰਦਰਾਂ ਵਿਚ ਹਵਾਵਾਂ ਤੇ ਅਸਮਾਨਾਂ ਵਿਚ।
ਕਦੀ ਉਡਾਰੀ ਲਾਉਂਦਾ ਕਦੀ ਟੁੱਭੀਆਂ।
ਕਦੀ ਨੱਸਦਾ ਤੇ ਕਦੀ ਰਿੜ੍ਹਦਾ ਤੇ ਘਿਸੜਦਾ।
ਏਸ ਤਰ੍ਹਾਂ ਬੇਅੰਤ ਰੂਪਾਂ ਵਿਚ ਮੈਂ ਜੀਵਿਆ।
ਸਾਰੀਆਂ ਹੋਂਦਾਂ ਤੇ ਤੱਤ ਗ੍ਰਹਿਣ ਕਰਦਾ ਕਰਦਾ।
ਇਹ ਆਖ਼ਰ ਉੱਤਮ ਰੂਪ ਮਨੁੱਖ ਦਾ ਧਾਰਿਆ।[99]

ਇਸਲਾਮ ਧਰਮ ਦਾ ਵਿਸ਼ਵਾਸ ਹੈ ਕਿ ਮਨੁਖ ਦਾ ਸਰੀਰ ਮਰਨ ਉਪਰੰਤ ਖ਼ਤਮ ਨਹੀਂ ਹੁੰਦਾ। ਇਸ ਲਈ ਉਹ ਮੁਰਦੇ ਨੂੰ ਸਾੜਦੇ ਨਹੀਂ, ਸਗੋਂ ਦਫ਼ਨਾਉਂਦੇ ਹਨ। ਮੰਨਿਆ ਜਾਂਦਾ ਹੈ ਕਿ ਕਿਆਮਤ ਦੇ ਦਿਨ ਅੱਲ੍ਹਾ ਸਾਰੇ ਮੁਰਦਿਆਂ ਨੂੰ ਉਠਾ ਕੇ ਉਨ੍ਹਾਂ ਦੇ ਕਰਮਾਂ ਦਾ ਹਿਸਾਬ ਕਰਦਾ ਹੈ। ਸਾਮੀ ਧਰਮਾਂ ਦਾ ਪਹਿਲਾਂ ਇਹ ਵਿਸ਼ਵਾਸ ਸੀ ਕਿ ਇਸ ਦਿਨ ਰਬ ਵਲੋਂ ਚੰਗਿਆਂ ਨੂੰ ਇਨਾਮ ਅਤੇ ਮਾੜਿਆਂ ਨੂੰ ਸਜਾ ਮਿਲੇਗੀ, ਪਰ ਬਾਦ ਵਿਚ ਮੰਨਿਆ ਜਾਣ ਲਗਾ ਕਿ ਇਸ ਦਿਨ ਰਬ ਮੁਰਦਿਆਂ ਨੂੰ ਫਿਰ ਜ਼ਿੰਦਾ ਕਰ ਦੇਵੇਗਾ। ਕੁਰਾਨ ਅਨੁਸਾਰ ਕਿਆਮਤ ਵਾਲੇ ਦਿਨ ਜੀਵਾਂ ਦਾ ਕਰਮਾਂ ਦੇ ਆਧਾਰ 'ਤੇ ਨਿਬੇੜਾ ਹੋਵੇਗਾ। ਬਾਈਬਲ ਅਨੁਸਾਰ ਕਿਆਮਤ ਵਾਲੇ ਦਿਨ ਸਾਰੇ ਮਨੁਖ ਪੁਨਰ-ਜੀਵਤ ਹੋਣਗੇ ਅਤੇ ਈਸਾ ਚੰਗੇ ਬੰਦਿਆਂ ਨੂੰ ਸਵਰਗ ਵਿਚ ਅਤੇ ਮਾੜਿਆਂ ਨੂੰ ਨਰਕ ਵਿਚ ਭੇਜੇਗਾ। ਇਸਲਾਮ ਵਿਚ 'ਦੋਜ਼ਖ਼' ਅਤੇ 'ਬਹਿਸ਼ਤ' ਦਾ ਸੰਕਲਪ ਹੈ। ਅਰਬੀ ਵਿਚ ਦੋਜ਼ਖ਼ ਦਾ ਸਮਾਨਾਰਥੀ ਸ਼ਬਦ 'ਜਹੰਨੁਮ' ਹੈ, ਜਿਸ ਦਾ ਅਰਥ ਹੈ ਉਹ ਥਾਂ ਜਿਥੇ ਅੱਗ ਹੀ ਅੱਗ ਹੋਵੇ। ਇਸਲਾਮ ਧਰਮ ਅਨੁਸਾਰ ਜਿਹੜੇ ਲੋਕ ਇਸਲਾਮ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਦੱਸੇ ਸਿਧਾਂਤਾਂ ਦੀ ਪਾਲਣਾ ਨਹੀਂ ਕਰਦੇ ਅਤੇ ਇਕ ਖ਼ੁਦਾ ਦੀ ਥਾਂ ਹੋਰ ਦੇਵੀ ਦੇਵਤਿਆਂ ਜਾਂ ਦੈਵੀ ਸ਼ਕਤੀਆਂ ਨੂੰ ਪੂਜਦੇ ਹਨ, ਉਨ੍ਹਾਂ ਨੂੰ ਮਰਨ ਤੋਂ ਬਾਦ ਦੋਜ਼ਖ਼ ਵਿਚ ਸੁਟਿਆ ਜਾਂਦਾ ਹੈ। ਇਨਸਾਨ ਨੂੰ ਕੀਤੇ ਕਰਮਾਂ ਅਨੁਸਾਰ ਕੁਝ ਅਵਧੀ ਤਕ ਇਥੇ ਰਖਿਆ ਜਾਂਦਾ ਹੈ ਅਤੇ ਲੇਖਾ ਖ਼ਤਮ ਹੋਣ 'ਤੇ ਮੁਕਤ ਕਰ ਦਿਤਾ ਜਾਂਦਾ ਹੈ। ਦੋਜ਼ਖ਼ ਤੋਂ ਉਲਟ ਬਹਿਸ਼ਤ ਦਾ ਸੰਕਲਪ

99 ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 353.

ਹੈ। ਇਸ ਨੂੰ ਜੰਨਤ ਵੀ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਉੱਥੇ ਖ਼ੂਬਸੂਰਤ ਹੂਰਾਂ, ਗਿਲਮਾਨ ਅਤੇ ਹੋਰ ਅਨੇਕ ਸੁਖ ਮਿਲਦੇ ਹਨ। ਇਸ ਦੀ ਪ੍ਰਾਪਤੀ ਚੰਗੇ ਕਰਮਾਂ ਨਾਲ ਹੁੰਦੀ ਹੈ। ਇਹਨਾਂ ਦੀ ਗਿਣਤੀ ਅਠ ਮੰਨੀ ਗਈ ਹੈ- ਖ਼ੁਲਦ, ਦਾਰੁੱਸਲਾਮ, ਦਾਰੁਲਕਰਾਰ, ਜੰਨਤਿਲਅਦਨ, ਜੰਨਤੁਲਮਾਵਾ, ਜੰਨਤੁਨਈਮ, ਅਲਈਅਨ ਅਤੇ ਫ਼ਿਰਦੌਸ।[100]

**ਗੁਰਮਤਿ ਅਨੁਸਾਰ ਆਵਾਗਵਨ:** ਗੁਰਮਤਿ ਵਿਚ ਮਨੁਖ ਦਾ ਅੰਤ ਉਸਦੇ ਮਰਨ 'ਤੇ ਨਹੀਂ ਸਗੋਂ ਆਤਮਾ ਨੂੰ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਕਿਉਂਕਿ ਜੀਵ(ਆਤਮਾ) ਪਰਮਾਤਮਾ ਤੋਂ ਵਿਛੜ ਕੇ ਇਸ ਜਗਤ ਵਿਚ ਆਉਂਦਾ ਹੈ। ਇਥੇ ਕੀਤੇ ਕਰਮਾਂ ਅਨੁਸਾਰ ਸਚਿਆਰ ਜੀਵ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ ਅਤੇ ਕੂੜਿਆਰ ਟਿਕਾਣਾ ਨਾ ਪਾਉਂਦੇ ਹੋਏ ਆਵਾਗਵਨ ਦੇ ਗੇੜ ਵਿਚ ਪੈ ਜਾਂਦੇ ਹਨ। ਆਵਾਗਵਨ ਵਿਚ ਭਟਕਣ ਦਾ ਕਾਰਨ ਪਰਮਾਤਮਾ ਨੂੰ ਭੁਲ ਕੇ ਮਾਇਆ ਵਿਚ ਖਚਿਤ ਹੋਣਾ ਹੈ। ਆਵਾਗਵਨ ਪਰਮਾਤਮਾ ਦੀ ਬਖਸ਼ਿਸ਼ ਅਤੇ ਗੁਰੂ ਦੇ ਦਿਤੇ ਗਿਆਨ ਦੁਆਰਾ ਮਿਟ ਸਕਦਾ ਹੈ-

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥
ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥
ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥

ਮਨੁਖੀ ਜੀਵਨ ਨੂੰ ਆਦਰਸ਼ਕ ਬਣਾ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰਮਤਿ ਅਨੁਸਾਰ ਮੁਕਤੀ ਮਨੁਖਾ ਸਰੀਰ ਵਿਚ ਰਹਿ ਕੇ ਅਤੇ ਜੀਵਨ ਨੂੰ ਵਿਕਾਰਾਂ ਵਲੋਂ ਰੋਕ ਕੇ ਇਕ ਸੰਤੁਲਿਤ ਵਹਾਅ ਦਾ ਧਾਰਨੀ ਬਣਾ ਕੇ ਹੀ ਪ੍ਰਾਪਤ ਹੋ ਸਕਦੀ ਹੈ। ਮੁਕਤੀ ਮਨੁਖ ਨੂੰ ਜਿਉਂਦੇ ਜੀਅ ਹੀ ਪ੍ਰਾਪਤ ਹੁੰਦੀ ਹੈ। ਜਿਸ ਨੂੰ ਜੀਵਨ ਮੁਕਤੀ ਕਿਹਾ ਜਾਂਦਾ ਹੈ। ਮੌਤ ਉਪਰੰਤ ਮੁਕਤੀ ਮਿਲੇ ਨਾ ਮਿਲੇ ਇਹ ਨਿਸ਼ਚਤ ਨਹੀਂ, ਪਰ ਜੀਵਨ ਵਿਚ ਰਹਿ ਕੇ ਸੰਸਾਰਕ ਮਾਇਆ ਦੇ ਮੋਹ ਅਤੇ ਵਿਕਾਰਾਂ ਦੇ ਅਸਰ ਤੋਂ ਅਜਿਤ ਹੋ ਜਾਣਾ ਅਸਲੀ ਮੁਕਤੀ ਹੈ। ਗੁਰਮਤਿ ਵਿਚ ਮੁਕਤੀ ਦਾ ਉਦੇਸ਼ ਗੌਣ ਹੈ। ਗੁਰਮਤਿ ਵਿਚ ਮਨੁਖ ਦਾ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ। ਭਗਤ ਬੇਣੀ ਜੀ ਮਨੁਖ ਦੀ ਵਜੂਦ ਵਿਚ ਆਉਣ ਤੋਂ ਲੈ ਕੇ ਮਰਨ ਤਕ ਦੀ ਹਾਲਤ ਬਿਆਨ ਕਰਦਿਆਂ ਦੱਸਦੇ ਹਨ ਕਿ ਮਨੁਖ ਮਾਤਾ ਦੇ ਗਰਭ ਵਿਚ ਪਰਮਾਤਮਾ ਨਾਲ ਲਿਵ ਜੋੜੀ ਰਖਦਾ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਉਹ ਜਗਤ ਵਿਚ ਪਰਵੇਸ਼ ਕਰਦਾ ਹੈ ਪਰ ਜਗਤ ਵਿਚ ਆ ਕੇ ਆਪਣੇ ਉਦੇਸ਼ ਨੂੰ ਭੁਲ ਕੇ ਮਾਇਆ ਵਿਚ ਗ੍ਰਸ ਜਾਂਦਾ ਹੈ। ਮਨੁਖ ਦਾ ਬਚਪਨ ਖੇਡਾਂ ਵਿਚ, ਜਵਾਨੀ ਰਸਾਂ-ਕਸਾਂ ਵਿਚ, ਅਧਖੜ੍ਹ

---

100 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ 266.

ਉਮਰ ਬੱਚਿਆਂ ਅਤੇ ਜਾਇਦਾਦ ਆਦਿਕ ਦੇ ਮੋਹ ਵਿਚ ਅਤੇ ਬੁਢਾਪਾ ਸਰੀਰਕ ਨਿਰਬਲਤਾ ਵਿਚ ਗੁਜ਼ਰ ਜਾਂਦਾ ਹੈ ਪਰ ਮਾਇਆ ਤੋਂ ਬਿਰਤੀ ਨਹੀਂ ਛੁਟਦੀ। ਫਲਸਰੂਪ ਮਨੁਖ ਜੀਵਨ ਦਾ ਉਦੇਸ਼ ਪ੍ਰਾਪਤ ਕਰਨ ਤੋਂ ਬਿਨਾਂ ਹੀ ਆਪਣੀ ਉਮਰ ਗੁਜ਼ਾਰ ਦਿੰਦਾ ਹੈ ਅਤੇ ਮੌਤ ਵੇਲੇ ਪਛਤਾਵਾ ਕਰਦਾ ਹੈ:

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥[101]

ਗੁਰਬਾਣੀ ਅਨੁਸਾਰ ਮਨੁਖਾ ਸਰੀਰ ਪਰਮਾਤਮਾ ਨੂੰ ਯਾਦ ਕਰਨ ਲਈ ਹੀ ਮਿਲਿਆ ਹੈ। ਇਹ ਤਾਂ ਹੀ ਸਫਲ ਹੈ ਜੇਕਰ ਗੁਰੂ ਦੀ ਸ਼ਰਣ ਲੈ ਕੇ ਪਰਮਾਤਮਾ ਦੀ ਬੰਦਗੀ ਕੀਤੀ ਜਾਵੇ। ਇਸ ਕਰਕੇ ਜਦੋਂ ਤਕ ਸਰੀਰ ਵਿਚ ਸੁਆਸ ਹਨ ਪਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ। ਬੁਢਾਪਾ ਅਤੇ ਰੋਗ ਸਰੀਰ ਨੂੰ ਕਮਜ਼ੋਰ ਕਰ ਦਿੰਦੇ ਹਨ। ਇਸ ਕਰਕੇ ਜਵਾਨੀ ਅਤੇ ਤੰਦਰੁਸਤੀ ਦੀ ਹਾਲਤ ਵਿਚ ਵਧ ਤੋਂ ਵਧ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਜੇਕਰ ਇਹ ਸਮਾਂ ਹੱਥੋਂ ਲੰਘ ਜਾਵੇ ਤਾਂ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ। ਜਿਸ ਉਤੇ ਗੁਰੂ ਦੀ ਕਿਰਪਾ ਹੋ ਜਾਵੇ ਉਹ ਜੀਵਨ ਉਦੇਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਪਰ ਮਨੁਖ ਆਪਣੀ ਹਉਮੈਂ ਕਾਰਨ ਇਸ ਉਦੇਸ਼ ਤੋਂ ਖੁੰਝ ਜਾਂਦਾ ਹੈ ਕਿਉਂਕਿ ਮਾਇਆਧਾਰੀ ਮਨੁਖ ਦਾ ਸਬੰਧ ਹਉਮੈਂ ਨਾਲ ਹੈ ਅਤੇ ਹੁਕਮ ਦਾ ਸੰਬੰਧ ਪਰਮਾਤਮਾ ਨਾਲ ਹੈ। ਹਉਮੈ ਤੇ ਹੁਕਮ ਇਕ ਥਾਂ ਨਹੀਂ ਵਸ ਸਕਦੇ ਕਿਉਂ ਕਿ ਪਰਮਾਤਮਾ ਦੀ ਅਸੀਮਤਾ ਦੀ ਤਰ੍ਹਾਂ ਉਸ ਦਾ ਹੁਕਮ ਵੀ ਅਸੀਮ ਹੈ। ਇਸ ਦਾ ਘੇਰਾ ਸਮੁਚਾ ਵਿਸ਼ਵ ਹੈ। ਹੁਕਮ ਸਮਝਣ ਵਾਲੇ ਮਨੁਖ ਦਾ ਸਰੋਕਾਰ ਸਮੁਚੇ ਵਿਸ਼ਵ ਨਾਲ ਹੀ ਜੁੜ ਜਾਂਦਾ ਹੈ। ਦੂਜੇ ਪਾਸੇ ਹਉਮੈਂ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਹੋਣ ਕਰ ਕੇ ਨਿਜ ਵਿਚ ਹੀ ਕੇਂਦਰਿਤ ਰਹਿੰਦੀ ਹੈ। ਹਉਮੈਂ ਗ੍ਰਸਤ ਬੰਦਾ ਆਪਣੇ ਤੋਂ ਉਪਰ ਉਠ ਕੇ ਕਿਸੇ ਹੋਰ ਬਾਰੇ ਸੋਚ ਹੀ ਨਹੀਂ ਸਕਦਾ। ਹਉਮੈ ਵਾਲਾ ਮਨੁਖ ਸਾਰੇ ਸੰਸਾਰ ਨੂੰ ਜਿਤਣ ਵਲ ਕੇਂਦਰਿਤ ਹੋਵੇਗਾ, ਜਦਕਿ ਹੁਕਮ ਮੰਨਣ ਵਾਲਾ ਮਨ ਨੂੰ ਜਿਤਣ ਵਲ ਰੁਚਿਤ ਹੋਵੇਗਾ। ਹਉਮੈਂ ਮਨੁਖ ਵਿਚ ਫਸਾਦ ਖੜ੍ਹੇ ਕਰ ਦਿੰਦੀ ਹੈ। ਇਸ ਤਰ੍ਹਾਂ ਹਉਮੈਂ ਅਤੇ ਹੁਕਮ ਦੋਵੇਂ ਇਕ ਦੂਜੇ ਦੇ ਵਿਰੋਧੀ ਸੰਕਲਪ ਹਨ। ਜਦੋਂ ਹੁਕਮ ਦੀ ਸਮਝ ਲਗ ਜਾਵੇ ਤਾਂ ਹਉਮੈਂ ਦਾ ਕੱਦ ਆਪਣੇ ਆਪ ਬੌਣਾ ਲਗਣ ਲਗ ਜਾਂਦਾ ਹੈ। ਹੁਕਮੀ ਬੰਦਾ ਹੀ ਆਪਣੇ ਨਿਜ ਤੋਂ ਉਪਰ ਉਠ ਕੇ ਸਮਾਜ ਦੇ ਕਲਿਆਣ ਹਿਤ ਕੁਝ ਕਰ ਸਕਦਾ ਹੈ। ਇਸ ਦਾ ਪ੍ਰਤਖ ਪ੍ਰਮਾਣ ਗੁਰਬਾਣੀ ਰਚੈਤਾ ਗੁਰੂ ਸਾਹਿਬਾਨ ਦੇ ਜੀਵਨ ਵਿਚੋਂ ਵੇਖੇ ਜਾ ਸਕਦੇ ਹਨ। ਹੁਕਮ ਮੰਨਣ ਜਾਂ ਜੀਵਨ

---

[101] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93

ਲਕਸ਼ ਦੀ ਪ੍ਰਾਪਤੀ ਵਿਚ ਸਭ ਤੋਂ ਵਲੀ ਅੜਚਨ ਹਉਮੈਂ ਹੀ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ:

ਸੰਗਿ ਨ ਚਾਲਸਿ ਤੇਰੈ ਧਨਾ॥ਤੂੰ ਕਿਆ ਲਪਟਾਵਹਿ ਮੂਰਖ ਮਨਾ॥
ਸੁਤ ਮੀਤ ਕੁਟੰਬ ਅਰੁ ਬਨਿਤਾ॥ਇਨ ਤੇ ਕਹਹੁ ਤੁਮ ਕਵਨ ਸਨਾਥਾ॥
ਰਾਜ ਰੰਗ ਮਾਇਆ ਬਿਸਥਾਰ॥ਇਨ ਤੇ ਕਹਹੁ ਕਵਨ ਛੁਟਕਾਰ॥
ਅਸੁ ਹਸਤੀ ਰਥ ਅਸਵਾਰੀ॥ਝੂਠਾ ਡੰਫੁ ਝੂਠੁ ਪਾਸਾਰੀ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥[102]

2. **ਮੁਕਤੀ:** ਮਨੁਖ ਦੀ ਭਗਤੀ ਅਤੇ ਚੰਗੇ ਕਰਮਾਂ ਸਦਕਾ ਆਤਮਾ ਆਪਣੇ ਲਕਸ਼ ਪ੍ਰਮਾਤਮਾ ਦੀ ਅਭੇਦਤਾ ਪ੍ਰਾਪਤ ਕਰ ਲੈਂਦੀ ਹੈ ਅਤੇ ਇਸ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ। ਮੁਕਤੀ ਬਾਰੇ ਭਾਰਤੀ ਧਰਮਾਂ ਵਿਚ ਇਹ ਧਾਰਨਾ ਹੈ ਕਿ ਮੁਕਤੀ ਮਨੁਖ ਨੂੰ ਮੌਤ ਉਪਰੰਤ ਮਿਲਦੀ ਹੈ। ਇਸ ਦਾ ਭਾਰਤੀ ਸਮਾਜ 'ਤੇ ਬਹੁਤ ਅਸਰ ਹੋਇਆ। ਮਨੁਖ ਇਸ ਸੰਸਾਰ ਨੂੰ ਭੁਲ ਕੇ ਅਗਲੇ ਲੋਕ ਦੀ ਪ੍ਰਾਪਤੀ ਵਲ ਹੀ ਰੁਚਿਤ ਹੋ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਈ ਸਮਾਜਕ ਵਿਘਟਨ ਖੜ੍ਹੇ ਹੋ ਗਏ। ਇਸੇ ਸਦਕਾ ਸੰਨਿਆਸੀ, ਉਦਾਸੀ, ਬਰਕਤ, ਜੋਗੀ, ਸਿਧ ਆਦਿਕ ਹੋਂਦ ਵਿਚ ਆਏ, ਜਿਨ੍ਹਾਂ ਨੇ ਆਪ ਵੀ ਸੰਸਾਰ ਦਾ ਤਿਆਗ ਕੀਤਾ ਅਤੇ ਲੋਕਾਂ ਨੂੰ ਵੀ ਮੁਕਤੀ ਪ੍ਰਾਪਤੀ ਲਈ ਸੰਸਾਰ ਤੋਂ ਉਪਰਾਮ ਹੋਣ ਲਈ ਪ੍ਰੇਰਿਆ। ਤਾਂ ਹੀ ਭਾਰਤੀ ਜਨਤਾ ਹਮੇਸ਼ਾ ਸ਼ੋਸ਼ਣ, ਅਧੋਗਤੀ, ਮਨੁਖੀ ਨਾ-ਬਰਾਬਰੀ, ਬਾਹਰੀ ਹਮਲਿਆਂ ਦਾ ਸ਼ਿਕਾਰ ਹੁੰਦੀ ਰਹੀ ਹੈ।

**ਗੁਰਮਤਿ ਅਨੁਸਾਰ ਮੁਕਤੀ:** ਭਾਰਤੀ ਚਿੰਤਨ ਦੀ ਮੁਕਤੀ ਮਨੁਖ ਨੂੰ ਆਪਣਾ ਵਿਅਕਤੀਤਵ ਖ਼ਤਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰਮਤਿ ਅਨੁਸਾਰ ਮਨੁਖੀ ਜੀਵਨ ਨੂੰ ਆਦਰਸ਼ਕ ਬਣਾ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰਮਤਿ ਅਨੁਸਾਰ ਮੁਕਤੀ ਮਨੁਖਾ ਸਰੀਰ ਵਿਚ ਰਹਿ ਕੇ ਅਤੇ ਜੀਵਨ ਨੂੰ ਵਿਕਾਰਾਂ ਵਲੋਂ ਰੋਕ ਕੇ ਇਕ ਸੰਤੁਲਿਤ ਵਹਾਅ ਦਾ ਧਾਰਨੀ ਬਣਾ ਕੇ ਹੀ ਪ੍ਰਾਪਤ ਹੋ ਸਕਦੀ ਹੈ। ਮੁਕਤੀ ਮਨੁਖ ਨੂੰ ਜਿਊਂਦੇ ਜੀਅ ਹੀ ਪ੍ਰਾਪਤ ਹੁੰਦੀ ਹੈ। ਜਿਸ ਨੂੰ ਜੀਵਨ-ਮੁਕਤੀ ਦਾ ਸਿਧਾਂਤ ਕਿਹਾ ਜਾਂਦਾ ਹੈ। ਮੌਤ ਉਪਰੰਤ ਮੁਕਤੀ ਮਿਲੇ ਨਾ ਮਿਲੇ ਇਹ ਨਿਸ਼ਚਤ ਨਹੀਂ, ਪਰ ਜੀਵਨ ਵਿਚ ਰਹਿ ਕੇ ਸੰਸਾਰਕ ਮਾਇਆ ਦੇ ਮੋਹ ਅਤੇ ਵਿਕਾਰਾਂ ਦੇ ਅਸਰ ਤੋਂ ਅਜਿਤ ਹੋ ਜਾਣਾ ਅਸਲੀ ਮੁਕਤੀ ਹੈ। ਸਮਾਜਕ ਅਧੋਗਤੀ ਦਾ ਸ਼ਿਕਾਰ ਹੋਏ ਭਗਤ ਨਾਮਦੇਵ ਜੀ ਪਰਮਾਤਮਾ ਨੂੰ ਕਹਿੰਦੇ ਹਨ ਕਿ ਮਰਨ ਤੋਂ ਬਾਅਦ ਮਿਲੀ ਮੁਕਤੀ ਕਿਸ ਨੇ ਦੇਖਣੀ ਹੈ, ਜੇਕਰ ਇਹ ਜੀਵਨ ਹੀ ਇੰਨਾ ਨਿਘਰਿਆ ਹੋਇਆ ਹੈ:

---

[102] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 288.

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦੀ ਰਚਨਾ ਵੇਲੇ ਭਾਰਤ ਵਿਚ ਵੇਦ ਸ਼ਾਸ਼ਤਰਾਂ ਦਾ ਬੋਲਬਾਲਾ ਸੀ। ਵੈਦਿਕ ਪਰੰਪਰਾ ਸੰਬੰਧੀ ਕਿੰਨੇ ਹੀ ਸਕੂਲ ਸਥਾਪਿਤ ਹੋ ਚੁਕੇ ਸਨ। ਸਭ ਦੇ ਆਪਣੇ ਆਪਣੇ ਨਿਯਮ ਅਤੇ ਰਾਹ ਸਨ ਜਿਸ ਸਦਕਾ ਧਰਮਾਂ ਵਿਚ ਆਏ ਫਜ਼ੂਲ ਦੇ ਕਰਮਕਾਂਡਾਂ ਅਤੇ ਪਾੜਿਆਂ ਨੇ ਮਨੁਖਤਾ ਨੂੰ ਆਪਸ ਵਿਚ ਵੰਡਿਆ ਹੋਇਆ ਸੀ ਅਤੇ ਗੁਮਰਾਹ ਕੀਤਾ ਹੋਇਆ ਸੀ। ਗੁਰਮਤਿ ਦੇ ਪ੍ਰਵਰਤਕਾਂ ਨੇ ਇਹਨਾਂ ਦਾ ਖੰਡਨ ਕੀਤਾ ਅਤੇ ਧਾਰਮਿਕ ਕਟੜਤਾ ਦਾ ਵੀ ਵਿਰੋਧ ਕੀਤਾ ਅਤੇ 'ਸਰਬ ਧਰਮ ਮਹਿ ਸ੍ਰੇਸਟ ਧਰਮ॥ ਹਰਿ ਕੋ ਨਾਮ ਜਪੁ ਨਿਰਮਲ ਕਰਮ' ਦਾ ਉਪਦੇਸ਼ ਦਿਤਾ। ਸਾਰੇ ਧਰਮਾਂ ਅਤੇ ਪੈਰੋਕਾਰਾਂ ਨੂੰ ਇਕ ਦੂਜੇ ਨਾਲ ਜੋੜਿਆ। ਹਰ ਕਿਸੇ ਨੂੰ ਆਪਣੇ ਧਰਮ ਦੇ ਸਹੀ ਉਪਦੇਸ਼ਾਂ ਨੂੰ ਪਛਾਣ ਕੇ ਉਹਨਾਂ ਵਿਚ ਪ੍ਰਪਕ ਹੋਣ ਦਾ ਟੀਚਾ ਦਿਤਾ। ਹਰ ਧਰਮ ਦਾ ਪੈਰੋਕਾਰ ਸਹੀ ਮਾਰਗ ਤੇ ਗਿਆਨ ਅਪਣਾ ਕੇ ਆਪਣਾ ਜੀਵਨ ਲਕਸ਼ ਪ੍ਰਾਪਤ ਕਰ ਸਕਦਾ ਹੈ। ਗੁਰਮਤਿ ਦੇ ਪਾਂਧੀਆਂ ਨੂੰ ਕਰਮਕਾਂਡ ਅਤੇ ਫੋਕੇ ਕਰਮ ਤਿਆਗ ਕੇ ਇਕ ਪਰਮਾਤਮਾ ਦੀ ਅਰਾਧਨਾ ਕਰਨ ਦੀ ਤਾਕੀਦ ਕੀਤੀ ਗਈ ਹੈ।

# ਅਧਿਆਇ ਤੀਜਾ

# ਪ੍ਰਤਿਮਾਨਕ ਸਭਿਆਚਾਰ

ਮਧਕਾਲ ਸਮੇਂ ਭਾਰਤ ਵਿਚ ਵਹਿਮਾਂ ਭਰਮਾਂ ਅਤੇ ਕਰਮ ਕਾਂਡਾਂ ਦਾ ਬੋਲਬਾਲਾ ਸੀ। ਵੈਸੇ ਤਾਂ ਇਹ ਸਭ ਵਰਤਾਰਾ ਆਰੀਆ ਵੇਲੇ ਹੀ ਸ਼ੁਰੂ ਹੋ ਗਿਆ ਸੀ। ਆਮ ਕਰਕੇ ਆਰੀਆ ਲੋਕ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ। ਇਹ ਦੇਵੀ-ਦੇਵਤੇ ਕੁਦਰਤ ਦੀਆਂ ਸ਼ਕਤੀਆਂ ਦੇ ਸਾਕਾਰ ਰੂਪ ਵਜੋਂ ਮਿਥੇ ਹੁੰਦੇ ਸਨ, ਜਿਵੇਂ; ਇੰਦਰ, ਵਰੁਣ, ਊਸ਼ਾ, ਸੂਰਜ, ਅਗਨੀ, ਸੋਮ, ਪ੍ਰਜਾਪਤੀ, ਰੁਦ੍ਰ ਆਦਿ। ਇਹਨਾਂ ਨੂੰ ਖੁਸ਼ ਕਰਨ ਲਈ ਯਗ ਰਚਾਏ ਜਾਂਦੇ ਸਨ, ਜਿਹਨਾਂ ਵਿਚ ਦੁਧ, ਘਿਓ, ਮਾਸ, ਅਨਾਜ ਆਦਿਕ ਦੀ ਆਹੂਤੀ ਦਿਤੀ ਜਾਂਦੀ ਸੀ। ਪਸ਼ੂਆਂ ਦੀਆਂ ਬਲੀਆਂ ਦਿਤੀਆਂ ਜਾਂਦੀਆਂ ਸਨ। ਕਈ ਵਾਰ ਤਾਂ ਮਨੁਖ ਦੀ ਵੀ ਬਲੀ ਦਿਤੀ ਜਾਂਦੀ ਸੀ। ਗ੍ਰਿਹਸਥੀ ਲੋਕ ਆਪਣੇ ਘਰਾਂ ਵਿਚ ਹਰ ਰੋਜ਼ ਦੇਵਤਿਆਂ ਦੀ ਪੂਜਾ ਕਰਦੇ ਸਨ। ਹਰ ਘਰ ਵਿਚ ਵੇਦੀ ਬਣਾਈ ਹੁੰਦੀ ਸੀ ਜਿਸ ਵਿਚ ਰੋਜ਼ ਦੇਵਤਿਆਂ ਨੂੰ ਆਹੂਤੀਆਂ ਦਿਤੀਆਂ ਜਾਦੀਆਂ ਸਨ। ਹੌਲੀ-ਹੌਲੀ ਆਰੀਆ ਲੋਕ ਆਪਣੇ ਮੁਖ ਕਰਤਵ ਵੇਦਾਂ ਦੇ ਅਧਿਐਨ ਤੋਂ ਭਟਕ ਕੇ ਯਗਾਂ ਵਰਗੇ ਫੋਕੇ ਕਰਮ-ਕਾਂਡਾਂ ਵਿਚ ਹੀ ਉਲਝ ਗਏ ਤੇ ਯਗਾਂ ਦਾ ਆਡੰਬਰ ਬਹੁਤ ਜ਼ਿਆਦਾ ਵਧ ਗਿਆ। ਯਗਾਂ ਦਾ ਰੁਝਾਨ ਦਿਨੋ-ਦਿਨ ਵਧਦਾ ਗਿਆ। ਯਗ ਕਰਨ ਲਈ ਪੁਰੋਹਿਤਾਂ ਦੀ ਜ਼ਰੂਰਤ ਪੈਂਦੀ ਸੀ। ਯਗ ਬਹੁਤ ਗਿਣਤੀ ਵਿਚ ਹੋਣ ਕਰਕੇ ਸਮਾਜ ਵਿਚ ਪੁਰੋਹਿਤਾਂ ਦੀ ਲੋੜ ਵਧ ਗਈ। ਯਗਾਂ ਨੂੰ ਪਾਪ ਹਰਤਾ, ਮਨੋਕਾਮਨਾ ਪੂਰੀ ਕਰਨ ਵਾਲੇ ਅਤੇ ਦੇਵਤਿਆਂ ਨੂੰ ਖੁਸ਼ ਕਰਨ ਦੇ ਸਾਧਨ ਵਜੋਂ ਮੰਨੇ ਜਾਣ ਲਗੇ ਤਾਂ ਪੁਰੋਹਿਤਾਂ ਦਾ ਮਾਣ ਸਭ ਤੋਂ ਜ਼ਿਆਦਾ ਵਧ ਗਿਆ। ਉਹ ਸਮਾਜ ਵਿਚ ਜਨ ਸਾਧਾਰਨ ਤੋਂ ਉਚੇ ਗਿਣੇ ਜਾਣ ਲਗੇ। ਹੌਲੀ-ਹੌਲੀ ਇਹਨਾਂ ਦਾ ਵਖਰਾ ਵਰਗ ਬਣ ਗਿਆ। ਇਹ ਵਰਗ ਸਭ ਤੋਂ ਕੁਲੀਨ ਬਣ ਗਿਆ। ਪਿਤਰਾਂ ਦੀ ਵੀ ਪੂਜਾ ਕੀਤੀ ਜਾਂਦੀ ਸੀ। ਪਿਤਰ-ਪੂਜਾ ਵਿਚ ਸ਼ਰਾਧ ਮੁਖ ਧਰਮ ਕਰਮ ਮੰਨਿਆ ਜਾਂਦਾ ਸੀ। ਇਸ ਤੋਂ ਇਲਾਵਾ ਆਰੀਆ ਲੋਕ ਪਸ਼ੂਆਂ ਅਤੇ ਬਨਸਪਤੀ ਦੀ ਵੀ ਪੂਜਾ ਕਰਦੇ ਸਨ। ਜਿਸ ਬਾਰੇ ਵੇਦਾਂ ਵਿਚ ਕੋਈ ਉਲੇਖ ਨਹੀਂ ਮਿਲਦਾ। ਉਸ ਵੇਲੇ ਮੂਰਤੀਆਂ ਦੀ ਪੂਜਾ ਨਹੀਂ ਹੁੰਦੀ ਸੀ।

ਗੁਰਮਤਿ ਸਭਿਆਚਾਰ ਦੇ ਪ੍ਰਤਿਮਾਨਕ ਪਖ ਵਿਚ ਸਾਧਨਾ ਮਾਰਗ, ਸੰਸਕਾਰ ਅਤੇ ਲੋਕ ਕਾਵਿ ਰੂਪ ਲਏ ਗਏ ਹਨ। ਜਿਹਨਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ:

## 3.1 ਸਾਧਨਾ ਮਾਰਗ :

ਸਾਧਨਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜੋ ਸੰਗਿਆ ਰੂਪ ਵਿਚ ਸਿੱਧੀ, ਅਰਾਧਨਾ, ਉਪਾਸਨਾ ਅਤੇ

ਭਗਤੀ ਦੇ ਅਰਥ ਦਿੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਸਾਧਣਾ' ਇੰਦਰਾਜ ਹੇਠ 'ਸਾਧਨਾ' ਕਈ ਅਰਥ ਕਰਦੇ ਹਨ, "1 ਕ੍ਰਿ- ਅਭਿਆਸ ਕਰਨਾ "ਕਹੂੰ ਜੋਗਸਾਧੀ" (ਅਕਾਲ) ਕਿਤੇ ਯੋਗਾ ਅਭਯਾਸੀ ਹੋ 2 ਸਾਬਤ ਕਰਨਾ 3 ਸੰਵਾਰਨਾ ਦਰੁਸਤ ਕਰਨਾ 4 ਫਤੇਹ ਕਰਨਾ 5 ਅਧੀਨ ਕਰਨਾ 6 ਅਮਲ ਵਿਚ ਲਿਆਉਣਾ "ਨਾ ਹਮ ਗੁਣ, ਨ ਸੇਵਾ ਸਾਧੀ (ਮਾਰੂ ਸੋਲਹੇ ਮ. 3) ਭਾਰਤੀ ਚਿੰਤਨ ਪਰੰਪਰਾ ਵਿਚ ਪਰਮਾਤਮਾ ਦੀ ਪ੍ਰਾਪਤੀ ਲਈ ਕੀਤੇ ਜਪ ਤਪ, ਕਰਮਕਾਂਡ, ਪੂਜਾ-ਅਰਚਾ, ਅਤੇ ਸਰੀਰਕ ਹੱਠ ਕਿਰਿਆਵਾਂ ਸਾਧਨਾ ਅਖਵਾਉਂਦੀਆਂ ਹਨ।"[1] ਸਮੁਚੀ ਵਿਚਾਰ ਤੋਂ ਅਸੀਂ ਕਹਿ ਸਕਦੇ ਹਾਂ ਕਿ ਪੈਗੰਬਰੀ ਅਜ਼ਮਤ ਦੇ ਦਰਸਾਏ ਜੀਵਨ ਆਦਰਸ਼ ਨੂੰ ਅਮਲ ਵਿਚ ਲਿਆਉਣਾ ਹੀ ਸਾਧਨਾ ਹੈ, ਜਿਸ ਨਾਲ ਜੀਵ ਅਸਲੇ ਦੀ ਪ੍ਰਾਪਤੀ ਕਰਦਾ ਹੈ।

**ਵਖ ਵਖ ਸਾਧਨਾ ਮਾਰਗ:**

ਧਰਮ ਦਾ ਉਦੇਸ਼ ਭੌਤਿਕ ਤੋਂ ਅਭੌਤਿਕ ਜਗਤ ਤੱਕ ਪਹੁੰਚਣਾ ਹੈ। ਇਥੇ ਪਹੁੰਚ ਕੇ ਜੀਵ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਸਮਸਿਆ ਇਹ ਹੈ ਕਿ ਇਹ ਲਕਸ਼ ਕਿਵੇਂ ਪ੍ਰਾਪਤ ਕੀਤਾ ਜਾਵੇ? ਇਸ ਦੀ ਪ੍ਰਾਪਤੀ ਲਈ ਧਾਰਮਿਕ ਰਹਿਬਰਾਂ ਨੇ ਮਨੁਖ ਨੂੰ ਵੱਖ ਵੱਖ ਮਾਰਗ ਸੁਝਾਏ ਹਨ। ਇਹਨਾਂ ਮਾਰਗਾਂ ਨੂੰ 'ਸਾਧਨਾ ਮਾਰਗ' ਦਾ ਨਾਂ ਦਿਤਾ ਹੈ। ਧਰਮ ਸਿਧਾਂਤ(ਇਲਮ) ਤੇ ਵਿਵਹਾਰ(ਅਮਲ) ਦਾ ਸੁਮੇਲ ਹੈ। ਸਿਧਾਂਤ ਤੋਂ ਬਿਨਾਂ ਇਕਲੇ ਅਮਲ ਨਿਰਾਰਥਕ ਕਰਮ ਬਣ ਕੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਅਮਲ ਤੋਂ ਬਿਨਾਂ ਸਿਧਾਂਤ ਕੇਵਲ ਮਾਤਰ ਕਿਤਾਬ ਬਣ ਜਾਂਦੇ ਹਨ। ਸਿਧਾਂਤ ਤੇ ਅਮਲ ਦੀ ਸੁਮੇਲਤਾ ਧਰਮ ਦੀ ਸੰਪੂਰਨਤਾ ਦਾ ਅਹਿਸਾਸ ਕਰਵਾਉਂਦੀ ਹੈ। ਇਸ ਲਈ ਅਭਿਆਸ, ਅਨੁਭਵ ਅਤੇ ਕਰਮਚਾਰ ਨੂੰ 'ਸਾਧਨਾ ਮਾਰਗ' ਦਾ ਨਾਂ ਦਿਤਾ ਗਿਆ। ਡਾ.ਰਤਨ ਸਿੰਘ ਜੱਗੀ ਅਨੁਸਾਰ, "ਮਨੁਖ ਦੀ ਯੋਗਤਾ, ਸਮਰਥਤਾ, ਮਾਨਸਿਕ ਅਵਸਥਾ ਅਤੇ ਪਰੰਪਰਾਗਤ ਸੰਸਕਾਰਾਂ ਨੂੰ ਧਿਆਨ ਵਿਚ ਰਖਦੇ ਹੋਇਆਂ ਭਿੰਨ ਭਿੰਨ ਮਾਰਗਾਂ ਦੀ ਕਲਪਨਾ ਕੀਤੀ ਗਈ ਹੈ। ਇਨ੍ਹਾਂ ਮਾਰਗਾਂ ਵਿਚੋਂ ਮੱਧ ਯੁਗ ਵਿਚ ਭਾਰਤ ਅੰਦਰ ਚਾਰ ਮਾਰਗਾਂ ਦੀ ਬਹੁਤ ਚਰਚਾ ਰਹੀ ਹੈ– ਗਿਆਨ ਮਾਰਗ, ਕਰਮ ਮਾਰਗ, ਯੋਗ ਮਾਰਗ ਅਤੇ ਭਗਤੀ ਮਾਰਗ।"[2] ਇਹਨਾਂ ਮਾਰਗਾਂ ਬਾਰੇ ਵਿਸਥਾਰਤ ਵਰਣਨ ਇਸ ਤਰ੍ਹਾਂ ਹੈ:

## 3.2 ਕਰਮ ਮਾਰਗ :

ਭਾਸ਼ਾਈ ਦ੍ਰਿਸ਼ਟੀ ਤੋਂ ਇਸ ਸ਼ਬਦ ਦੇ ਦੋ ਆਧਾਰ ਹਨ: ਸੰਸਕ੍ਰਿਤ ਅਤੇ ਅਰਬੀ। ਅਰਬੀ ਵਿਚ ਕਰਮ ਸ਼ਬਦ ਨਾਂਵ ਰੂਪ ਵਿਚ ਆਇਆ ਹੈ। ਇਥੇ ਇਸਦੇ ਅਰਥ ਕਿਰਪਾ, ਮਿਹਰ, ਬਖਸ਼ਿਸ਼ ਅਤੇ ਉਦਮ ਹਨ।

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 137.

2 ਡਾ.ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਧਨਾ ਦਾ ਸਰੂਪ, ਪੰਨਾ 1.

ਸੰਸਕ੍ਰਿਤ ਵਿਚ ਕਰਮ ਸ਼ਬਦ ਕਿਰਿਆ ਰੂਪ ਵਿਚ ਆਇਆ ਹੈ। ਇਥੇ ਇਸਦੇ ਅਰਥ ਕੰਮ, ਕਾਰਜ ਆਦਿ। ਇਥੇ ਦੋਹਾਂ ਆਧਾਰਾਂ 'ਤੇ ਕਰਮਾਂ ਦਾ ਵਰਣਨ ਕੀਤਾ ਜਾਵੇਗਾ। ਪਹਿਲਾਂ ਸੰਸਕ੍ਰਿਤਕ ਅਰਥਾਂ ਵਾਲੇ ਪਖ ਤੋਂ ਵੀਚਾਰਿਆ ਜਾਵੇਗਾ। ਇਸ ਪਖ ਤੋਂ ਧਾਰਮਿਕ ਕਰਮਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ- ਸ਼ੁਭ ਅਤੇ ਅਸ਼ੁਭ ਕਰਮ। ਸ਼ੁਭ ਕਰਮ ਜਿਹੜੇ ਸਤਿ ਦੀ ਪ੍ਰਾਪਤੀ ਵਲ ਨੂੰ ਅਗਰਸਰ ਕਰਦੇ ਹਨ ਅਤੇ ਅਸ਼ੁਭ ਕਰਮ ਅਸਤਿ ਵਲ ਨੂੰ ਲੈ ਜਾਂਦੇ ਹਨ। ਡਾ. ਰਤਨ ਸਿੰਘ ਜੱਗੀ ਇਹਨਾਂ ਨੂੰ ਤਿੰਨ ਪ੍ਰਕਾਰ ਦੇ ਮੰਨਦਾ ਹੈ: **1.** ਵਾਸਨਾ ਵਸ ਕਰਮ **2.** ਕਰਮਕਾਂਡ 3. ਤ੍ਰਿਗੁਣਾਤਮਕ ਕਰਮ।

ਕਰਮਕਾਂਡ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਕਰਮ ਅਤੇ ਕਾਂਡ**।** 'ਕਰਮ' ਦਾ ਅਰਥ ਹੈ ਕਿਰਿਆ ਅਤੇ 'ਕਾਂਡ' ਦਾ ਅਰਥ ਹੈ ਹਿੱਸਾ ਜਾਂ ਭਾਗ। ਕਰਮਕਾਂਡ ਦਾ ਮੂਲ ਸਰੋਕਾਰ ਵੈਦਿਕ ਧਰਮ ਨਾਲ ਹੈ। ਇਸ ਨੂੰ ਸ਼ਾਸਤਰਕਾਰਾਂ ਨੇ ਤਿੰਨ ਕਰਮ-ਕਾਂਡਾਂ (ਹਿੱਸਿਆਂ) ਵਿਚ ਵੰਡਿਆ ਹੈ – ਗਿਆਨ-ਕਾਂਡ, ਉਪਾਸਨਾ-ਕਾਂਡ ਅਤੇ ਕਰਮ-ਕਾਂਡ। ਕਰਮ-ਕਾਂਡ ਦਾ ਮੂਲ ਰੂਪ ਵਿਚ ਸੰਬੰਧ ਮਨੁਖ ਦੇ ਹਰ ਪ੍ਰਕਾਰ ਦੇ ਕਰਮਾਂ ਨਾਲ ਹੈ ਜਿਸ ਵਿਚ ਧਾਰਮਿਕ ਕਿਰਿਆਵਾਂ ਵੀ ਸ਼ਾਮਿਲ ਹਨ। ਪਰ ਸਥੂਲ ਰੂਪ ਵਿਚ ਧਾਰਮਿਕ ਕ੍ਰਿਆਵਾਂ ਨੂੰ ਹੀ ਕਰਮ- ਕਾਂਡ ਕਿਹਾ ਜਾਂਦਾ ਹੈ। ਇਸ ਨਾਲ ਪੁਰੋਹਿਤ ਵਰਗ ਦਾ ਡੂੰਘਾ ਸੰਬੰਧ ਹੈ ਕਿਉਂਕਿ ਇਹਨਾਂ ਨੂੰ ਪੂਰਾ ਕਰਨ ਵਿਚ ਉਨ੍ਹਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਕਰਮਕਾਂਡ ਵਿਚ ਵਿਸ਼ੇਸ਼ ਰੂਪ ਵਿਚ ਦਸਿਆ ਗਿਆ ਹੈ ਕਿ ਕਿਹੜੇ ਕਰਮ ਕਰਨੇ ਠੀਕ ਹਨ ਅਤੇ ਕਿਹੜੇ ਵਰਜਿਤ ਹਨ; ਇਨ੍ਹਾਂ ਕਰਮਾਂ ਨੂੰ ਕਰਨ ਲਈ ਕਿਹੜਾ-ਕਿਹੜਾ ਸਮਾਂ ਉਚਿਤ ਹੈ।[3]

**ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ**, "ਕਰਮਕਾਂਡ ਸ਼ਾਸਤਰ ਦਾ ਉਹ ਕਾਂਡ (ਭਾਗ) ਹੈ, ਜਿਸ ਵਿਚ ਕਰਮ ਦਾ ਵਰਣਨ ਹੈ. ਕੇਹੜੇ ਕਰਮ ਵਰਜਿਤ ਹਨ ਕੇਹੜੇ ਨਿਖਿੱਧ, ਕਿਸ ਕਿਸ ਨੂੰ ਕੇਹੜੇ ਕੇਹੜੇ ਕਰਮ ਕਿਸ ਕਿਸ ਕਰਨੇ ਚਾਹੀਏ, ਇਤਯਾਦਿਕ ਵਰਣਨ ਵਾਲਾ. ਹਿੱਸਾ." ਕਰਮ ਕਾਂਡ ਬਹੁ ਕਰਹਿ ਆਚਾਰ." (ਗਉ ਮ :3)[4]

**ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ**, ਜੀਵ ਦਾ ਸੰਬੰਧ ਕਰਮ ਨਾਲ ਹੈ। ਕਰਮ ਕਰਨਾ ਮਨੁਖ ਦੀ ਫਿਤਰਤ ਹੈ। ਜਦੋਂ ਮਨੁਖ ਵਿਹਲਾ ਹੋ ਕੇ ਬੈਠਾ ਹੁੰਦਾ ਹੈ ਅਤੇ ਕੁਝ ਵੀ ਨਹੀਂ ਕਰ ਰਿਹਾ ਹੁੰਦਾ ਤਾਂ ਉਹ ਉਸ ਵੇਲੇ ਵੀ ਕਰਮ ਕਰ ਰਿਹਾ ਹੁੰਦਾ ਹੈ। ਗੀਤਾ ਦਾ ਉਪਦੇਸ਼ ਹੈ ਕਿ "ਕੋਈ ਵੀ ਪੁਰਸ਼ ਕਿਸੇ ਕਾਲ ਵਿਚ ਛਿਣ ਮਾਤਰ ਲਈ ਵੀ ਕਰਮ ਕੀਤੇ ਬਿਨਾਂ ਨਹੀਂ ਰਹਿੰਦਾ ਕਿਉਂਕਿ ਸਾਰੇ ਮਨੁੱਖ ਕੁਦਰਤੀ ਤੌਰ ਤੇ ਪੈਦਾ ਹੋਏ ਗੁਣਾ ਰਾਹੀਂ ਵਿਵੱਸ਼ ਹੋ ਕੇ ਕਰਮ ਕਰਦੇ ਹਨ। ਪ੍ਰਕ੍ਰਿਤੀ ਅਤੇ ਪ੍ਰਕ੍ਰਿਤੀ ਤੋਂ ਉਪਜੇ ਗੁਣ ਜਦ ਤਕ ਜ਼ਿੰਦਾ ਹਨ,

---

3 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, (ਭਾਗ ਪਹਿਲਾ), ਪੰਨਾ 317.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (ਭਾਗ ਪਹਿਲਾ), ਪੰਨਾ 227.

ਤਦ ਤਕ ਕੋਈ ਵੀ ਮਨੁਖ ਕਰਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦਾ।"[5] ਭਾਰਤੀ ਦਰਸ਼ਨ ਵਿਚ ਕਰਮਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ ਸ਼ੁਭ ਤੇ ਅਸ਼ੁਭ ਕਰਮ। ਸ਼ੁਭ ਕਰਮ ਕਰਨ ਨਾਲ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਸ਼ੁਭ ਕਰਮ ਕਰਨ ਨਾਲ ਨਰਕ ਵਿਚ ਵਾਸਾ ਮਿਲਦਾ ਹੈ। ਇਸ ਲਈ ਵੈਦਿਕ ਦਰਸ਼ਨ ਦੇ ਲਗਪਗ ਸਾਰੇ ਧਰਮ ਗ੍ਰੰਥਾਂ ਵਿਚ ਮਨੁਖ ਦੇ ਸ਼ੁਭ ਕਰਮਾਂ 'ਤੇ ਜ਼ੋਰ ਦਿਤਾ ਗਿਆ ਹੈ। ਪੁਰਾਤਨ ਗ੍ਰੰਥਾਂ ਵਿਚ ਇਸ ਸੰਬੰਧੀ ਕਾਫ਼ੀ ਜ਼ਿਕਰ ਮਿਲਦਾ ਹੈ।

ਡਾ. ਹਰਪਾਲ ਸਿੰਘ ਪੰਨੂ ਅਨੁਸਾਰ, "ਵੇਦਾਂ ਵਿਚ ਇਕ ਸ਼ਬਦ ਆਉਂਦਾ ਹੈ 'ਤਰੱਈ'। ਤਰੱਈ ਵਿਦਿਆ ਦਾ ਭਾਵ ਹੈ ਤਿੰਨ ਪੱਖੀ ਗਿਆਨ ਰਿਕ, ਯਜੁਸ ਤੇ ਸਾਮ। ਸ਼ਬਦ 'ਰਿਕ' ਦਾ ਅਰਥ ਹੈ ਪੂਜਾ। ਯਜੁਸ ਦੀ ਧਾਤੂ 'ਯਜ' ਹੈ, ਅਰਥ ਇਸ ਦਾ ਵੀ ਪੂਜਾ ਹੈ ਪਰ ਰਿਕ ਨਾਲ ਇਸ ਦਾ ਵਖਰੇਵਾਂ ਇਹ ਹੈ ਕਿ ਯਜ, ਪੂਜਾ-ਸਮੱਗਰੀ, ਪੂਜਾ-ਵਿਧੀ ਦਾ ਫ਼ਾਰਮੂਲਾ ਹੈ। ਯੱਗ ਕਿਵੇਂ ਕਰਨਾ ਹੈ ਇਸ ਦਾ ਵਰਣਨ ਯਜੁਸ ਸ਼ਬਦ ਨਾਲ ਸਬੰਧਿਤ ਮੰਤਰਾਂ ਵਿਚ ਮਿਲਦਾ ਹੈ। ਸੋ ਰਿਕ ਮੰਤਰ ਹਨ, ਤੇ ਯਜੁਸ ਮੰਤਰ ਉਚਾਰਣ ਕਰਨ ਦੀਆਂ ਵਿਧੀਆਂ।"[6] ਵੇਦਾਂ ਵਿਚ ਕੇਵਲ ਯਗ ਤੇ ਪੂਜਾ ਨੂੰ ਹੀ ਉਤਮ ਦਰਸਾਇਆ ਗਿਆ ਹੈ। ਵੇਦਾਂ ਵਿਚ ਯਜੁਰਵੇਦ ਵਿਚ ਕੇਵਲ ਮਾਤਰ ਯਗ ਦੀਆਂ ਪੂਜਾ ਵਿਧੀਆਂ ਬਾਰੇ ਹੀ ਦਿਤਾ ਗਿਆ ਹੈ। ਦੇਵਤੇ ਇੰਦਰ ਵਰਗੀਆਂ ਪਦਵੀਆਂ ਯਗ ਕਰਨ ਨਾਲ ਹੀ ਪ੍ਰਾਪਤ ਹੁੰਦੀਆਂ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਪੁਰਾਣਾਂ ਵਿਚ ਐਸੇ ਪ੍ਰਸੰਗ ਵੀ ਹੈਣ ਕਿ ਇੰਦਰ ਨੇ ਲੋਕਾਂ ਨੂੰ ਯਗ ਕਰਦੇ ਦੇਖ ਕੇ ਇਸ ਲਈ ਵਿਘਨ ਕੀਤੇ ਕਿ ਮਤੇ ਇਹ ਲੋਕ ਯੱਗ ਪੂਰਣ ਹੋਣ ਕਰਕੇ ਮੇਰੀ ਪਦਵੀ ਨਾ ਲੈ ਲੈਣ।"[7] ਪ੍ਰਸਿਧ ਵਿਦਵਾਨ ਆਰ. ਡੀ. ਦਿਨਕਰ ਦਾ ਵਿਚਾਰ ਹੈ ਕਿ "ਕਰਮ, ਗਿਆਨ ਅਤੇ ਭਗਤੀ ਵਿਚੋਂ ਕਰਮ(ਕਰਮਕਾਂਡ) ਤਾਂ ਸੋਲ੍ਹਾਂ ਆਨੇ ਆਰੀਆਂ ਦੀ ਹੀ ਦੇਣ ਹਨ, ਪਰੰਤੂ ਗਿਆਨ ਅਤੇ ਭਗਤੀ ਦਾ ਵਿਕਾਸ ਪੂਰਵ ਵੈਦਿਕ ਸਭਿਆਚਾਰ ਦੇ ਪ੍ਰਭਾਵ ਤੋਂ ਹੋਇਆ।"[8] ਇਸ ਸਮੇਂ ਯਗ ਵਿਚ ਪਸ਼ੂਆਂ ਦੀਆਂ ਬਲੀਆਂ ਦਿਤੀਆਂ ਜਾਂਦੀਆਂ ਸਨ। ਉਸ ਤੋਂ ਬਾਅਦ ਮਨੁਖਾਂ ਦੀਆਂ ਬਲੀਆਂ ਵੀ ਦਿਤੀਆਂ ਜਾਣ ਲਗੀਆਂ। ਡਾ. ਹਰਪਾਲ ਸਿੰਘ ਪੰਨੂ ਅਨੁਸਾਰ, "ਯਜੁਰ ਵੇਦ, ਐਤ੍ਰੇਯ ਬ੍ਰਾਹਮਣ ਅਤੇ ਦ੍ਰੋਣਸਖ ਜਾਤਕ ਵਿਚ ਤਾਂ ਬਲੀਦਾਨ ਬਾਰੇ ਇੱਥੋਂ ਤਕ ਲਿਖਿਆ ਮਿਲਦਾ ਹੈ ਕਿ ਦੇਵੀ ਜਾਂ ਦੇਵਤੇ ਦੀ ਖ਼ੁਸ਼ੀ ਲਈ ਮਨੁਖ ਦਾ ਬਲੀਦਾਨ ਵੀ ਦੇ ਦਿੱਤਾ ਜਾਂਦਾ ਸੀ, ਦੁਰਗਾ ਦੇਵੀ ਦੀ ਖ਼ੁਸ਼ੀ ਲਈ ਚੀਨ ਯਾਤਰੀ ਹਿਊਨਸਾਂਗ **(630ਈ.)** ਬਲੀਦਾਨ ਤੋਂ ਮਸਾਂ ਨੱਸ ਕੇ ਬਚਿਆ। ਕਵੀ ਇਲਾਗੂ **(650 ਈ)** ਦੇ

---

5. ਸ੍ਰੀਮਦਭਗਵਦ ਗੀਤਾ, ਅਧਿਆਇ ਤੀਜਾ, ਸ਼ਲੋਕ 5,
6. ਡਾ. ਹਰਪਾਲ ਸਿੰਘ ਪੰਨੂ, ਭਾਰਤ ਦੇ ਪੁਰਾਤਨ ਧਰਮ:ਇਕ ਸੰਖੇਪ ਸਰਵੇਖਣ, ਪੰਨਾ 31.
7. ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਪੰਨਾ 131.
8. ਡਾ. ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਨਾ 56

ਤਾਮਿਲ ਕਲਾਸਿਕ 'ਸਿਲੱਪਦਿਗਾਰਾਮ' ਵਿਚ ਲਿਖਿਆ ਹੈ ਕਿ ਵਰਖਾ ਦੀ ਔੜ ਖ਼ਤਮ ਕਰਨ ਲਈ ਦੇਵੀ ਨੂੰ ਇਕ ਹਜ਼ਾਰ ਸੁਨਿਆਰਿਆਂ ਦਾ ਬਲੀਦਾਨ ਦਿੱਤਾ ਗਿਆ।[9] ਉਹ ਹੋਰ ਵੀ ਉਦਾਹਰਣਾਂ ਦਿੰਦੇ ਹਨ। ਬਾਅਦ ਵਿਚ ਭਾਰਤੀ ਧਰਮ ਇਤਿਹਾਸ ਵਿਚ ਧਰਮ ਕਰਮ ਦੀਆਂ ਪੂਜਾ ਵਿਧੀਆਂ ਵਿਚ ਅਨੇਕਾਂ ਤਰ੍ਹਾਂ ਦੇ ਪਰਿਵਰਤਨ ਵੀ ਦੇਖਣ ਨੂੰ ਮਿਲਦੇ ਹਨ, ਜਿਸ ਨਾਲ ਵਖੋ ਵਖਰੇ ਕਰਮਾਂ ਨੂੰ ਮਹਾਨਤਾ ਦਿਤੀ ਗਈ। ਜਿਸ ਦਾ ਜ਼ਿਕਰ ਵਖ ਵਖ ਹਿੰਦੂ ਗ੍ਰੰਥਾਂ ਵਿਚ ਮਿਲਦਾ ਹੈ। ਜਿਵੇਂ ਕਿ ਸਾਂਖ ਮਤ ਵਾਲੇ ਵਿਵੇਕ ਪੂਰਨ ਕਰਮਾਂ ਨੂੰ ਬੰਧਨ–ਰਹਿਤ ਮੰਨਦੇ ਹਨ ਅਤੇ ਯੋਗ ਮਤ ਵਾਲੇ ਯੋਗ-ਅਭਿਆਸ ਦੁਆਰਾ ਚਿੱਤ ਦੀ ਸੁਧੀ ਨੂੰ 'ਕਰਮ' ਕਹਿੰਦੇ ਹਨ। ਮੀਮਾਂਸਾ ਵਾਲੇ ਉਪਾਸਨਾ ਅਤੇ ਸੰਧਿਆ ਆਦਿ ਕਰਮਾਂ ਨੂੰ ਸ਼ੁਭ ਮੰਨਦੇ ਹਨ। ਅਦ੍ਵੈਤ ਵੇਦਾਂਤ ਵਾਲੇ ਗਿਆਨ ਅਤੇ ਵੈਰਾਗ ਦੁਆਰਾ ਕੀਤੇ ਗਏ ਕਰਮਾਂ ਨੂੰ ਸ਼ੁਭ ਕਰਮ ਸਮਝਦੇ ਹਨ। ਪੁਰਾਣ ਸਾਹਿਤ ਵਿਚ ਪੂਜਾ-ਵਿਧੀਆਂ ਦੇ ਸੰਦਰਭ ਵਿਚ ਅਨੇਕ ਪ੍ਰਕਾਰ ਦੇ ਕਰਮ-ਕਾਂਡਾਂ ਦਾ ਪੂਰੇ ਵਿਸਤਾਰ ਨਾਲ ਪ੍ਰਤਿਪਾਦਨ ਹੋਇਆ ਹੈ ਅਤੇ ਇਨ੍ਹਾਂ ਕਰਮ-ਕਾਂਡਾਂ ਦੀ ਪੁਸ਼ਟੀ ਲਈ ਬਹੁਤ ਭਾਂਤ ਦੇ ਉਪਾਖਿਆਨਾਂ, ਆਖਿਆਨਾਂ, ਚਮਤਕਾਰ ਪ੍ਰਧਾਨ ਵਾਰਤਾਵਾਂ ਦੀ ਕਾਲਪਨਿਕ ਯੋਜਨਾ ਕੀਤੀ ਗਈ ਹੈ। ਸਭ ਤੋਂ ਜ਼ਿਆਦਾ ਤੀਰਥ-ਯਾਤ੍ਰਾ ਅਤੇ ਉਸ ਨਾਲ ਸੰਬੰਧਤ ਕਰਮ-ਕਾਂਡਾਂ ਦੀ ਮਹੱਤਵ-ਸਥਾਪਨਾ ਹੋਈ ਹੈ। ਤਾਂਤ੍ਰਿਕਾਂ ਨੇ ਆਪਣੇ ਢੰਗ ਨਾਲ ਵਾਮ-ਮਾਰਗੀ ਪਹੁੰਚ ਨੂੰ 'ਕਰਮ' ਮੰਨਿਆ ਹੈ।"[10]

ਕਰਮਾਂ ਨੂੰ ਦੋ ਭਾਗਾਂ ਵਿਚ ਵੰਡਿਆਜਾ ਸਕਦਾ ਹੈ:

1. ਪਾਪ ਜਾਂ ਅਸ਼ੁਭ ਕਰਮ
2. ਪੁੰਨ ਜਾਂ ਸ਼ੁਭ ਕਰਮ

**1. ਪਾਪ ਜਾਂ ਅਸ਼ੁਭ ਕਰਮ:** ਕਰਮ ਕਰਨ ਦੀ ਭਾਵਨਾ ਵਿਚੋਂ ਦੋ ਤਰ੍ਹਾਂ ਦੇ ਸੰਕਲਪਾਂ ਦਾ ਜਨਮ ਹੋਇਆ ਪਾਪ ਤੇ ਪੁੰਨ। ਪੁੰਨ ਦਾ ਫਲ ਸੁਖ ਮੰਨਿਆ ਜਾਂਦਾ ਹੈ ਅਤੇ ਇਹਨਾਂ ਕਰਮਾਂ ਨੂੰ ਕਰਨ ਪਿਛੇ ਮੁਖ ਕਾਮਨਾ ਸਵਰਗ ਪ੍ਰਾਪਤੀ ਹੁੰਦੀ ਹੈ। ਨਿਸ਼ਕਾਮ ਭਾਵਨਾ ਨਾਲ ਕੀਤੇ ਕਰਮ ਹੀ ਸਫਲ ਅਤੇ ਸੁਖ-ਫਲਦਾਇਕ ਹੁੰਦੇ ਹਨ ਜਦਕਿ ਦਵੈਤ ਭਾਵਨਾ ਨਾਲ ਕੀਤੇ ਕਰਮ(ਭਾਵ ਪਾਪ) ਜਮਾਂ ਦੇ ਵਸ ਪਾ ਦਿੰਦੇ ਹਨ। "ਸਮਾਜ ਦੇ ਸਥਾਪਿਤ ਆਚਾਰ, ਅਖ਼ਲਾਕ ਜਾਂ ਨੈਤਿਕਤਾ, ਈਸ਼ਵਰੀ ਨਿਯਮਾਂ, ਇਸ਼ਟ ਜਾਂ ਧਰਮ ਪ੍ਰਤਿ ਪ੍ਰਵਾਨਿਤ ਕਰਤੱਵਾਂ ਆਦਿ ਦੀ ਉਲੰਘਣਾ ਆਮ ਤੌਰ 'ਤੇ 'ਪਾਪ' ਸਮਝੀ ਜਾਂਦੀ ਹੈ। ਪਾਪ ਦੀ ਕਲਪਨਾ ਜਾਂ ਮਾਨਤਾ ਦੀ ਸਥਾਪਨਾ ਸਾਰਿਆਂ ਧਰਮਾਂ, ਦੇਸ਼ਾਂ ਜਾਂ ਜਾਤੀਆਂ ਵਿਚ ਹੋਈ ਹੈ।"[11] ਪਾਪ ਅਤੇ ਪੁੰਨ ਦੀ ਮਾਨਤਾ ਵਿਸ਼ਵਾਸ

[9] ਪ੍ਰੀਤਮ ਸਿੰਘ (ਸੰਪਾ.), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨਾ 89.

[10] ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ, ਪੰਨਾ 8.

[11] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 215.

'ਤੇ ਆਧਾਰਿਤ ਹੈ। ਕਿਸੇ ਧਰਮ ਲਈ ਕੋਈ ਕਰਮ ਪੁੰਨ ਹੋ ਸਕਦਾ ਹੈ ਜਦਕਿ ਕਿਸੇ ਹੋਰ ਧਰਮ ਲਈ ਉਹੀ ਕਰਮ ਪਾਪ। ਪਾਪ ਦਾ ਮੁਖ ਸੰਬੰਧ ਧਰਮ ਸ਼ਾਸਤਰਾਂ ਨਾਲ ਹੈ।

ਵਖ-ਵਖ ਸ਼ਾਸਤਰਾਂ ਅਨੁਸਾਰ ਪਾਪਾਂ ਦੀ ਗਿਣਤੀ ਵਖ-ਵਖ ਹੈ। ਹਿੰਦੂ ਧਰਮ ਵਿਚ ਪੰਜ ਮੁਖ ਪਾਪ-ਵਰਗ ਮੰਨੇ ਗਏ ਹਨ- ਮਹਾਂ ਪਾਪ, ਅਤਿ ਪਾਪ, ਪਾਤਕ, ਪ੍ਰਸੰਗਕ ਅਤੇ ਉਪ-ਪਾਤਕ। "ਮਹਾਂ-ਭਾਰਤ' ਵਿਚ ਦਸ ਪ੍ਰਕਾਰ ਦੇ ਪਾਪ ਦੱਸੇ ਗਏ ਹਨ- ਹਿੰਸਾ, ਚੋਰੀ, ਪਰ-ਤ੍ਰਿਆ-ਗਮਨ, ਝੂਠ, ਕੌੜਾ ਬੋਲ, ਚੁਗ਼ਲੀ ਕਰਨਾ, ਪ੍ਰਣ ਤੋੜਨਾ, ਬੁਰਾ ਸੋਚਣਾ, ਨਿਰਦਈ ਹੋਣਾ ਅਤੇ ਪੁੰਨ ਕਰਮਾਂ ਤੋਂ ਫਲ ਦੀ ਇਛਾ ਰਖਣਾ।"[12] 'ਮਨੂੰ-ਸਿਮ੍ਰਿਤੀ' ਅਨੁਸਾਰ ਪੰਜ ਤਰ੍ਹਾਂ ਦੇ ਪਾਪ ਹਨ- ਬ੍ਰਾਹਮਣ ਹਤਿਆ, ਸ਼ਰਾਬ ਪੀਣੀ, ਚੋਰੀ, ਬ੍ਰਾਹਮਣ ਦਾ ਸੋਨਾ 10 ਮਾਸੇ ਜਾਂ ਵਧੀਕ ਚੁਰਾਣਾ, ਪਰ-ਮਾਤਾ (ਇਸਤਰੀ) ਨਾਲ ਭੋਗ ਕਰਨਾ ਇਹ ਚਾਰ ਵੱਡੇ ਪਾਪ ਹਨ ਤੇ ਪੰਜਵਾਂ ਪਾਪ ਇਨ੍ਹਾਂ ਨਾਲ ਮਿਲਾਪ ਦਾ ਹੈ।"[13]

ਬੁਧ ਮਤ ਅਨੁਸਾਰ ਨਿਖਿਧ ਕਰਮ ਕਰਨਾ ਅਤੇ ਕਰਨ-ਯੋਗ ਕਰਮ ਨਾ ਕਰਨਾ ਪਾਪ ਹੈ। ਵੇਦਾਂਤ ਅਨੁਸਾਰ ਧਰਮ ਤੋਂ ਉਲਟ ਵਰਜਿਤ ਕਰਮ ਕਰਨ ਨਾਲ ਅਧਰਮ ਪੈਦਾ ਹੁੰਦਾ ਹੈ ਜੋ ਜਨਮਾਂਤਰਾਂ ਤਕ ਆਤਮਾ ਨਾਲ ਜੁੜ ਕੇ ਪਾਪ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸਾਂਖ ਮਤ ਅਨੁਸਾਰ ਮਨੁਖ ਵਿਚ ਰਜੋ ਗੁਣ ਦਾ ਵਧਣਾ ਪਾਪ ਹੈ।

ਇਸਲਾਮ ਵਿਚ ਦੋ ਤਰ੍ਹਾਂ ਦੇ ਪਾਪ ਦੱਸੇ ਹਨ- ਲਘੂ-ਪਾਪ ਅਤੇ ਮਹਾਂ-ਪਾਪ। ਮਹਾਂ ਪਾਪ ਇਹ ਹਨ- ਰੱਬ ਦੇ ਬਰਾਬਰ ਕਿਸੇ ਹੋਰ ਹਸਤੀ ਨੂੰ ਮੰਨਣਾ, ਵਿਭਚਾਰ ਕਰਨਾ, ਜਾਣ ਬੁਝ ਕੇ ਕਤਲ ਕਰਨਾ, ਚੋਰੀ ਗ਼ੈਰ-ਕੁਦਰਤੀ ਸੰਭੋਗ, ਸ਼ਰਾਬਨੋਸ਼ੀ, ਝੂਠੀ ਗਵਾਹੀ, ਯਤੀਮਾਂ ਨਾਲ ਧੋਖਾ, ਜਾਦੂ-ਟੂਣਾ, ਰੋਜ਼ਾ ਰਖਣ ਜਾਂ ਨਮਾਜ਼ ਪੜ੍ਹਨ ਵਿਚ ਆਲਸ ਕਰਨਾ। ਈਸਾਈ ਧਰਮ ਵਿਚ ਦੋ ਤਰ੍ਹਾਂ ਦੇ ਪਾਪ ਮੰਨੇ ਹਨ- ਆਦਿ ਪਾਪ ਅਤੇ ਵਿਅਕਤੀਗਤ ਪਾਪ। ਆਦਿ ਪਾਪ ਉਹ ਹਨ ਜੋ ਆਦਮ ਅਤੇ ਹਵਾ ਨੇ ਕਲਯੁਗ ਦੇ ਭੜਕਾਉਣ 'ਤੇ ਕੀਤੇ ਸਨ ਅਤੇ ਵਿਅਕਤੀਗਤ ਪਾਪ ਈਸ਼ਵਰ ਦੀ ਇਛਾ ਦੇ ਵਿਰੁਧ ਆਪਣੀ ਇਛਾ ਅਨੁਸਾਰ ਕੀਤੇ ਕਰਮ ਹਨ।[14]

ਗੁਰਮਤਿ ਵਿਚ ਪਾਪ-ਪੁੰਨ ਦਾ ਪ੍ਰਸੰਗ ਕੁਝ ਵਿਲਖਣ ਹੈ। ਗੁਰਮਤਿ ਅਨੁਸਾਰ ਇਹ ਕਰਮ ਸਮਾਜ ਵਿਚ ਨੈਤਿਕਤਾ ਬਣਾਈ ਰਖਣ ਲਈ ਤਾਂ ਅਹਿਮੀਅਤ ਰਖਦੇ ਹਨ ਪਰ ਪਰਮਾਤਮਾ ਦੀ ਪ੍ਰਾਪਤੀ ਲਈ ਕਾਰਗਰ ਨਹੀਂ ਹਨ। ਮੁਕਤੀ ਪ੍ਰਾਪਤੀ ਦੇ ਪ੍ਰਸੰਗ ਵਿਚ ਪਾਪ ਪੁੰਨ ਦੀ ਵਿਚਾਰ ਕਰਨ ਵਾਲਿਆਂ ਨੇ ਲੋਕਾਈ ਨੂੰ ਉਲਝਾ ਕੇ ਰਖ ਦਿਤਾ ਪਰ ਇਸ ਤਰ੍ਹਾਂ ਉਸ ਪਰਮੇਸ਼ਰ ਦੀ ਸਾਰ ਨਹੀਂ ਜਾਣੀ ਜਾ ਸਕਦੀ। ਭਗਤ

---

12 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਦੂਜਾ), ਪੰਨਾ 572.

13 ਮਨੂੰ ਸਿਮ੍ਰਤੀ, ਅਧਿਆਇ 11, ਸਲੋਕ 54,

14 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨੇ 215-16.

ਕਬੀਰ ਸਾਹਿਬ ਕਹਿੰਦੇ ਪਾਪ ਪੁੰਨ ਤਾਂ ਦੋਵੇਂ ਇਕ ਸਮਾਨ ਹਨ। ਉਸ ਆਪਣੇ ਅੰਦਰ ਵਸਦੇ ਪ੍ਰਭੂ ਨੂੰ ਚੇਤੇ ਕਰਨਾ ਚਾਹੀਦਾ ਹੈ ਜੋ ਸਾਰੇ ਅਉਗਣਾਂ ਦਾ ਨਾਸ਼ ਕਰ ਦਿੰਦਾ ਹੈ:

ਪਾਪ ਪੁੰਨ ਦੁਇ ਏਕ ਸਮਾਨ ॥

ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥[15]

ਕਰਮਕਾਂਡੀ ਪੂਜਾ ਵਿਧੀਆਂ, ਪਾਪ-ਪੁੰਨ, ਦਾਨ-ਭਜਨ, ਹੋਮ-ਯਗ ਵੀ ਮਨੁਖ ਦੀ ਮੁਕਤੀ ਨਹੀਂ ਕਰਵਾ ਸਕਦੀਆਂ ਸਨ। ਵੈਦਿਕ ਪਰੰਪਰਾ ਵਿਚ ਤੀਰਥਾਂ ਨੂੰ ਵੀ ਕਾਫ਼ੀ ਅਹਿਮੀਅਤ ਪ੍ਰਾਪਤ ਹੈ। ਤੀਰਥਾਂ 'ਤੇ ਭਰਮਣ ਕਰਨਾ ਜੀਵਨ ਵਿਚ ਜ਼ਰੂਰ ਸਮਝਿਆ ਜਾਂਦਾ ਸੀ। ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਆਪਣਾ ਵਿਚਾਰ ਦਿੰਦੇ ਹਨ ਕਿ "ਸੰਸਾਰ ਦੇ ਸਾਰੇ ਮਤਾਂ ਨੇ ਆਪਣੇ ਆਪਣੇ ਨਿਸ਼ਚੇ ਅਨੁਸਾਰ ਅਨੇਕ ਪਵਿਤ੍ਰ ਥਾਂ ਤੀਰਥ ਮੰਨ ਰੱਖੇ ਹਨ, ਕਿਤਨਿਆਂ ਨੇ ਦਰਸ਼ਨ ਅਤੇ ਸਪਰਸ਼ ਮਾਤ੍ਰ ਤੋਂ ਹੀ ਤੀਰਥਾਂ ਨੂੰ ਮੁਕਤੀ ਦਾ ਸਾਧਨ ਨਿਸ਼ਚਿਤ ਕੀਤਾ ਹੈ. ਗੁਰਮਤਿ ਅਨੁਸਾਰ ਧਰਮ ਦੀ ਸਿਖਯਾ ਅਤੇ ਇਤਿਹਾਸ ਦੀ ਘਟਨਾ ਤੋਂ ਕੋਈ ਲਾਭ ਲੈਣ ਲਈ ਤੀਰਥਾਂ ਉਤੇ ਜਾਣਾ ਉੱਤਮ ਹੈ, ਪਰ ਤੀਰਥਾਂ ਦਾ ਮੁਕਤੀ ਨਾਲ ਸਾਕਾਰ ਨਹੀਂ ਹੈ।[16] ਹਿੰਦੂ ਧਰਮਾਂ ਵਿਚ ਪ੍ਰਮੁਖ ਤੀਰਥ ਅਸਥਾਨ ਗੰਗਾ ਤੇ ਯਮੁਨਾ ਦੇ ਇਸ਼ਨਾਨ ਦਾ ਬਹੁਤ ਮਹਤਵ ਦਸਿਆ ਹੈ। ਗੰਗਾ ਨਦੀ ਸ਼ਿਵ ਦੇ ਕੇਸਾਂ ਵਿਚੋਂ ਨਿਕਲ ਕੇ ਧਰਤੀ 'ਤੇ ਆਉਂਦੀ ਹੈ। ਜਿਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਪਾਪ ਕਟੇ ਜਾਂਦੇ ਹਨ ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਇਸੇ ਤਰ੍ਹਾਂ ਯਮੁਨਾ ਇਕ ਨਦੀ ਹੈ ਜੋ ਪੁਰਾਣਾਂ ਅਨੁਸਾਰ ਸੂਰਜ ਅਤੇ ਸੰਜਨਾ ਦੀ ਬੇਟੀ ਹੈ ਅਤੇ ਸਮ ਦੀ ਭੈਣ ਹੈ। ਇਸ ਨੂੰ ਕ੍ਰਿਸ਼ਨ ਦੀ ਪਤਨੀ ਵੀ ਕਿਹਾ ਜਾਂਦਾ ਹੈ। ਇਸ ਵਿਚੋਂ ਸਿੰਜਾਈ ਲਈ ਨਹਿਰਾਂ ਕਢਣ ਦੇ ਪਿਛੇ ਮਿਥ ਦੱਸੀ ਜਾਂਦੀ ਹੈ ਕਿ ਬਲਰਾਮ ਨੇ ਇਸ਼ਨਾਨ ਕਰਨ ਲਈ ਇਸ ਨੂੰ ਸਦਿਆ ਪਰ ਇਸਦੇ ਨਾ ਆਉਣ 'ਤੇ ਗੁਸੇ ਵਿਚ ਆ ਕੇ ਬਲਰਾਮ ਨੇ ਇਸ ਨੂੰ ਚਾਰੇ ਪਾਸੇ ਘੁਮਾ ਦਿਤਾ ਅਤੇ ਇਸ ਦੇ ਮੁਆਫ਼ੀ ਮੰਗਣ 'ਤੇ ਹੀ ਛਡਿਆ। ਵਿਆਹ ਨਾ ਕਰਵਾਉਣ ਕਰ ਕੇ ਇਸ ਨੂੰ ਗੰਗਾ ਅਤੇ ਸਰਸਵਤੀ ਦੇ ਮੁਕਾਬਲੇ ਘਟ ਪਵਿਤਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਹਿੰਦੂਆਂ ਵਿਚ ਇਲਾਹਾਬਾਦ ਵਿਚ ਤੀਰਥ ਅਸਥਾਨ ਹੈ 'ਤ੍ਰਿਬੈਣੀ ਸੰਗਮ'। ਜਿਥੇ ਤਿੰਨ ਜਲ-ਧਾਰਾਵਾਂ ਜਾਂ ਨਦੀਆਂ ਮਿਲਣ, ਉਸ ਨੂੰ ਤ੍ਰਿਬੇਣੀ-ਸੰਗਮ ਕਿਹਾ ਜਾਂਦਾ ਹੈ। ਹੁਣ ਇਸ ਦਾ ਪ੍ਰਚਲਨ ਪ੍ਰਯਾਗ ਤੀਰਥ ਲਈ ਹੋ ਗਿਆ ਹੈ, ਜਿਥੇ ਗੰਗਾ, ਜਮੁਨਾ ਅਤੇ ਸਰਸਵਤੀ ਦਾ ਮੇਲ ਹੁੰਦਾ ਹੈ। ਇਥੇ ਮਾਘੀ ਨੂੰ ਇਸ਼ਨਾਨ ਕਰਨਾ ਬੜਾ ਮਹਤਵ ਰਖਦਾ ਹੈ। ਇਥੇ ਹੀ ਬਾਰ੍ਹਾਂ ਸਾਲ ਬਾਦ ਕੁੰਭ ਦਾ ਮੇਲਾ ਲਗਦਾ ਹੈ। ਹਠ-ਯੋਗ ਵਿਚ ਤਿੰਨਾਂ ਨਾੜੀਆਂ ਇੜਾ, ਪਿੰਗਲਾ ਅਤੇ

---

15 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 325.

16 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (ਭਾਗ ਪਹਿਲਾ), ਪੰਨਾ 445.

ਸੁਖਮਨਾ ਦਾ ਮਨੁਖ ਦੇ ਅੰਦਰ ਮੇਲ ਹੋਣ ਨੂੰ ਵੀ ਤ੍ਰਿਬੇਣੀ-ਸੰਗਮ ਕਿਹਾ ਜਾਂਦਾ ਹੈ।[17]

ਮੁਸਲਮਾਨਾਂ ਵਿਚ ਹੱਜ ਦੀ ਬੜੀ ਮਹਾਨਤਾ ਹੈ। ਮੁਸਲਮਾਨਾਂ ਦੇ ਪੰਜ ਮੁਖ ਕਰਮਾਂ ਵਿਚੋਂ ਇਕ ਹੱਜ ਹੈ। ਇਹ ਅਰਬੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਯਾਤਰਾ, ਜ਼ਿਆਰਤ; ਪਰ ਹਜ਼ਰਤ ਇਬਰਾਹਿਮ ਦੇ ਸਮੇਂ ਤੋਂ ਇਹ ਸ਼ਬਦ 'ਕਾਅਬਾ' ਦੀ ਯਾਤਰਾ ਲਈ ਪ੍ਰਚਲਿਤ ਹੋ ਗਿਆ। ਹੱਜ ਹਿਜ਼ਰੀ ਸਾਲ ਦੇ ਬਾਰ੍ਹਵੇਂ ਮਹੀਨੇ ਵਿਚ ਕੀਤਾ ਜਾਂਦਾ ਹੈ। ਮੱਕੇ ਵਿਖੇ ਦਸ ਦਿਨ ਰਿਹਾ ਜਾਂਦਾ ਹੈ, ਜਿਸ ਦੌਰਾਨ ਇਸ਼ਨਾਨ ਕੀਤਾ ਜਾਂਦਾ ਹੈ, ਕਾਅਬੇ ਦੀ ਪਰਿਕਰਮਾ ਕੀਤੀ ਜਾਂਦੀ ਹੈ ਅਤੇ ਨੌਵੇਂ ਦਿਨ ਤਕ ਹੋਰ ਕਈ ਕਰਮ ਕੀਤੇ ਜਾਂਦੇ ਹਨ। ਦਸਵੇਂ ਦਿਨ ਕਿਸੇ ਪਸ਼ੂ ਦੀ ਬਲੀ ਦਿਤੀ ਜਾਂਦੀ ਹੈ। ਕੁਝ ਇਸਲਾਮਿਕ ਧਰਮ-ਸ਼ਾਸ਼ਤਰੀਆਂ ਅਨੁਸਾਰ ਮੱਕੇ ਤੋਂ ਬਾਅਦ ਮਦੀਨੇ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਉਤੇ ਜਾਣਾ ਹੱਜ ਦਾ ਆਖ਼ਰੀ ਪੜਾਅ ਹੈ। ਹੱਜ ਕਰਨ ਵਾਲਿਆਂ ਨੂੰ ਹਾਜੀ ਕਿਹਾ ਜਾਂਦਾ ਹੈ। ਇਸ ਥਾਂ 'ਤੇ ਆਉਣ ਵਾਲਿਆਂ ਲਈ ਆਦੇਸ਼ ਹੈ ਕਿ ਉਹ ਇਥੇ ਆ ਕੇ ਰੱਬ ਦੀ ਭਗਤੀ ਕਰਨ ਅਤੇ ਦੁਨੀਆਂ ਵਿਚ ਇਸਲਾਮ ਦਾ ਪ੍ਰਚਾਰ ਕਰਨ। ਹਰ ਮੁਸਲਮਾਨ ਲਈ ਆਪਣੀ ਜ਼ਿੰਦਗੀ ਵਿਚ ਇਕ ਵਾਰ ਇਥੇ ਆਉਣਾ ਕਰਨਾ ਜ਼ਰੂਰੀ ਮੰਨਿਆ ਹੈ।[18]

ਗੁਰਮਤਿ ਵਿਚ ਬੁਤ ਪੂਜਾ ਦੀ ਨਿਖੇਧੀ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਕਰਮ ਕਾਂਡਾਂ ਉਪਰ ਭਾਰੀ ਕਟਾਖਸ਼ ਕੀਤਾ। ਉਹ ਲੋਕਾਂ ਨੂੰ ਹਰ ਤਰ੍ਹਾਂ ਇਹ ਸਮਝਾਉਣਾ ਚਾਹੁੰਦੇ ਸਨ ਕਿ ਜਿਸ ਨੂੰ ਅਸੀਂ ਧਰਮ ਆਖਦੇ ਹਾਂ ਉਸ ਦਾ ਸਬੰਧ ਆਤਮਾ ਤੇ ਪਰਮਾਤਮਾ ਨਾਲ ਹੈ। ਗੁਰਮਤਿ ਅਨੁਸਾਰ ਅਸਲੀ ਯਗ ਕਿਸੇ ਲੋੜਵੰਦ ਨੂੰ ਦੇਣਾ ਅਤੇ ਆਪਸ ਵਿਚ ਮਿਲ ਕੇ ਛਕਣਾ ਹੈ। ਗਯਾਨ ਰਤਨਾਵਲੀ ਵਿਚ ਲਿਖਿਆ ਹੈ ਕਿ "ਜੱਗ ਹੋਮ ਕਲਯੁਗ ਕੇ ਇਹ ਹੈਨ ਕਿ ਅੰਮ੍ਰਿਤ ਪ੍ਰਸਾਦ ਗੁਰੁ ਭਾਈਆਂ ਅਰ ਸਿੱਖਾਂ ਕਉ ਖਲਾਉਣਾ ਅਰ ਆਪ ਕੋ ਨੀਚ ਸਦਾਵਣਾ।"[19]

ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥[20]

ਗੁਰੂ ਅਮਰਦਾਸ ਜੀ ਕਰਮਕਾਂਡ ਨੂੰ ਅਗਿਆਨਤਾ ਦੇ ਕਰਮ ਕਹਿੰਦੇ ਹਨ। ਅਗਿਆਨਤਾ ਵਸ ਕੀਤਾ ਕਰਮ ਹੰਕਾਰ ਦਾ ਕਰਮ ਹੈ ਜੋ ਮਾਇਆ ਦੇ ਜਾਲ ਫਸਾ ਦਿੰਦਾ ਹੈ। ਇਸ ਲਈ ਗੁਰੂ ਦੀ ਬਾਣੀ ਦੀ ਵੀਚਾਰ ਨਾਲ ਅਜਿਹਾ ਗਿਆਨ ਲਿਆ ਜਾਵੇ ਜੋ ਮੁਕਤੀ ਦੇ ਬੰਧਨਾਂ ਤੋਂ ਮੁਕਤ ਕਰਵਾ ਸਕੇ।

ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥

---

17 ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਨਾ 474

18 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 272

19 ਉਦਰਿਤ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ (ਭਾਗ ਪਹਿਲਾ), ਪੰਨਾ 224

20 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 18

ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥4॥[21]

ਬਾਣੀਕਾਰਾਂ ਨੇ ਝੂਠੇ ਕਰਮਕਾਂਡਾਂ ਦਾ ਢੋਂਗ ਰਚ ਕੇ ਆਮ ਲੋਕਾਂ ਨੂੰ ਠਗਣ ਵਾਲੇ ਬ੍ਰਾਹਮਣਾਂ ਤੋਂ ਸੁਚੇਤ ਕਰਨ ਲਈ ਵਿਅੰਗ ਕੀਤੇ। ਬਾਣੀ ਦੀ ਆਮ ਕਰਕੇ ਲੋਕ ਪ੍ਰਸਿਧ ਗਾਥਾਵਾਂ, ਵਾਰਾਂ, ਕਿੱਸਿਆਂ ਆਦਿ ਧੁਨੀਆਂ 'ਤੇ ਬਣੀ ਰਚੀ ਗਈ ਅਤੇ ਇਹਨਾਂ ਧੁਨੀਆਂ 'ਤੇ ਹੀ ਗਾਉਣ ਦੀ ਤਾਕੀਦ ਵੀ ਕੀਤੀ ਗਈ ਤਾਂ ਕਿ ਲੋਕ ਗੁਰਬਾਣੀ ਦਾ ਸੰਦੇਸ਼ ਸੌਖਿਆਂ ਹੀ ਗ੍ਰਹਿਣ ਕਰ ਲੈਣ। ਪ੍ਰੋ. ਪਿਆਰਾ ਸਿੰਘ ਪਦਮ ਗੁਰੂ ਅਰਜਨ ਸਾਹਿਬ ਸੰਬੰਧੀ ਕਹਿੰਦੇ ਹਨ ਕਿ ਉਹਨਾਂ ਨੇ ਇਕ ਚੇਤੰਨ ਸੁਧਾਰਕ ਵਾਂਗ ਇਹ ਸੋਚਿਆ ਕਿ ਜੋ ਧਰਮ ਦੇ ਨਾਂ ਤੇ ਵਹਿਮ ਭਰਮ ਚਲਦੇ ਹਨ ਤੇ ਜਿਨ੍ਹਾਂ ਦੇ ਕਾਰਨ ਇਹ ਦੈਵੀ ਵਿਸ਼ਵਾਸ ਤੇ ਸਦਾਚਾਰ ਦੀ ਪ੍ਰਤਿਸ਼ਠਾ ਨੂੰ ਸੱਟ ਲਗਦੀ ਹੈ, ਉਨ੍ਹਾਂ ਭਰਮ ਕਰਮਾਂ ਦਾ ਪਾਜ ਉਘਾੜਨਾ ਜ਼ਰੂਰੀ ਹੈ ਤਾਂ ਹੀ ਸੱਚੇ ਤੇ ਸ਼ੁਧ ਧਰਮ ਦੀ ਸਥਾਪਨਾ ਹੋ ਸਕਦੀ ਹੈ। ਇਸ ਆਸੇ ਨੂੰ ਲੈ ਕੇ ਸਲੋਕਾਂ ਦੀ ਚੋਣ ਕੀਤੀ ਗਈ ਤੇ ਇਨ੍ਹਾਂ ਨੂੰ ਪਉੜੀਆਂ ਨਾਲ ਸੰਬੰਧਿਤ ਕੀਤਾ ਗਿਆ । ਸੋ ਇਹ ਪੰਚਮ ਗੁਰੂ ਦੀ ਸੰਪਾਦਨਾ ਕਲਾ ਦਾ ਚਮਤਕਾਰ ਹੈ ਕਿ ਉਨ੍ਹਾਂ ਸਿੱਖ ਸਮਾਜ ਵਿਚ ਭਰਮ ਜਾਲੇ ਲਾਹੁਣ ਲਈ ਇਹ ਸਲੋਕ ਚੁਣੇ ਤੇ ਸਿਖਾਂ ਵਿਚ ਇਨ੍ਹਾਂ ਨੂੰ ਬਾਰ-ਬਾਰ ਗਾਉਣ ਦੀ ਪਿਰਤ ਪਾਈ ਇਸ ਤੋਂ ਬਗੈਰ ਭਾਰਤੀ ਆਤਮਾ ਨੂੰ ਬ੍ਰਾਹਮਣੀ ਜੰਜਾਲਾਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ।[22] ਸੁਖਮਨੀ ਸਾਹਿਬ ਦੀ ਨੌਵੀਂ ਅਸ਼ਟਪਦੀ ਵਿਚ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜਿੰਨਾ ਵੀ ਲਾਲਸਾ ਵਸ ਗਿਆਨ ਧਿਆਨ ਹੈ ਸਾਰਾ ਫ਼ਜ਼ੂਲ ਹੈ। ਮਨੁਖ ਕਾਇਆ ਨੂੰ ਸਾਧਣ ਨੂੰ ਹੀ ਨੇਕ ਕਰਮ ਸਮਝਦਾ ਹੈ। ਸਮਾਜ ਤੇ ਪਰਿਵਾਰ ਨੂੰ ਛੱਡ ਕੇ ਜੰਗਲਾਂ ਵਿਚ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਜੀ ਬ੍ਰਾਹਮਣਾਂ ਦੇ ਜਾਲ ਵਿਚ ਫਸੇ ਲੋਕਾਂ ਨੂੰ ਉਪਦੇਸ਼ ਕਰਦੇ ਹਨ ਕਿ ਸਾਰਾ ਕੁਝ ਦਾਨ ਕਰਕੇ ਆਪਣੇ ਆਪ ਨੂੰ ਆਰੇ ਨਾਲ ਚਿਰਵਾ ਲਵੇ, ਤਾਂ ਵੀ ਸਵਰਗ ਦੀ ਪ੍ਰਾਪਤੀ ਨਹੀਂ ਹੋਣੀ। ਯੋਗੀਆਂ ਤੇ ਜੈਨੀਆਂ ਨੂੰ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਤੁਹਾਡੇ ਨੌਂ ਤਰ੍ਹਾਂ ਦੇ ਕਰਮਾਂ ਨਾਲ ਮਨ ਦੀ ਮੈਲ ਨਹੀਂ ਜਾਣ ਲਗੀ। ਇਹ ਕਰਮ ਤਾਂ ਸਗੋਂ ਮਾਇਆ ਦੇ ਫਾਸ ਦਾ ਕਾਰਨ ਬਣਦੇ ਹਨ। ਕੇਵਲ ਨਾਮ ਜਪਣ ਨਾਲ ਹੀ ਮੁਕਤੀ ਪ੍ਰਾਪਤ ਹੋਣੀ ਹੈ। ਨਾਮ ਤੋਂ ਬਿਨਾਂ ਸਾਰੇ ਅਡੰਬਰ ਕੇਵਲ ਤਿਲ ਬਰਾਬਰ ਵੀ ਨਹੀਂ ਹਨ:

ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥

…………………………………………………..

---

21 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 162

22 ਪ੍ਰੋ. ਪਿਆਰਾ ਸਿੰਘ ਪਦਮ, ਨਾਨਕ ਸਾਇਰ ਏਵ ਕਹਤ ਹੈ, ਪੰਨੇ 31-32

ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥

ਗੁਰੂ ਸਾਹਿਬ ਇਕੱਲੇ ਬ੍ਰਾਹਮਣਾਂ ਜਾਂ ਜੈਨੀਆਂ ਦਾ ਖੰਡਨ ਹੀ ਨਹੀਂ ਕਰਦੇ ਸਗੋਂ ਕਾਜੀਆਂ ਨੂੰ ਵੀ ਸੰਬੋਧਿਤ ਹੁੰਦੇ ਹਨ ਕਿ ਜੇ ਪੈਸੇ ਲੈ ਕੇ ਨਿਆਂ ਕਰਦਾ ਹੈਂ ਤਾਂ ਤੂੰ ਕਿਸ ਨਾਮ ਦਾ ਕਾਜ਼ੀ ਹੈਂ। ਤੂੰ ਇਕ ਹਥ ਵਿਚ ਤਸਬੀ ਫੜੀ ਹੋਈ ਹੈ ਪਰ ਲੋਕਾਂ ਦੇ ਹਕ ਮਾਰਦਾ ਹੈਂ। ਇਸ ਲਈ ਤੇਰੀ ਮਾਲਾ ਫੇਰਨੀ ਕਰਮਕਾਂਡ ਤੋਂ ਵਧ ਹੋਰ ਕੁਝ ਵੀ ਨਹੀਂ ਹੈ:

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ॥[23]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਨਿਰੇ ਕਰਮ ਧਰਮ ਕੀ ਸਵਾਰਨਗੇ ਜੇਕਰ ਰਾਜਸੀ ਗ਼ੁਲਾਮੀ ਕਾਰਨ ਅਸੀਂ ਆਪਣੀ ਜ਼ਮੀਰ ਵੇਚ ਕੇ ਸਭਿਅਤਾ ਦਾ ਪੱਲਾ ਛਡ ਦਿਤਾ। ਇਹਨਾਂ ਊਣਤਾਈਆਂ ਉਤੇ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਉਂਗਲ ਰਖੀ ਉਸੇ ਤਰ੍ਹਾਂ ਸ਼ਾਇਦ ਹੋਰ ਕਿਸੇ ਸੰਤ ਭਗਤ ਨੇ ਨਹੀਂ ਕੀਤਾ। ਇਹਨਾਂ ਊਣਤਾਈਆਂ ਉਤੇ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਉਂਗਲ ਰਖੀ, ਉਸ ਤਰ੍ਹਾਂ ਸ਼ਾਇਦ ਹੋਰ ਕਿਸੇ ਸੰਤ ਭਗਤ ਨੇ ਨਹੀਂ ਕੀਤਾ। ਗੁਰੂ ਨਾਨਕ ਸਾਹਿਬ ਬ੍ਰਹਮ ਗਿਆਨੀ ਬਿਰਤੀ ਰਖਦੇ ਸਨ ਪਰ ਉਨ੍ਹਾਂ ਨੂੰ ਇਹ ਵੀ ਅਫ਼ਸੋਸ ਸੀ ਕਿ ਭਾਰਤੀ ਜੀਭ ਉਤੇ ਪਰਮੇਸ਼ਰ ਦੀ ਥਾਂ ਤੇ 'ਖ਼ੁਦਾ' 'ਅੱਲਾ' ਕਿਉਂ ਆ ਗਿਆ। ਇਸ ਤਰ੍ਹਾਂ ਭਾਰਤੀਆ ਦੀ ਬੋਲੀ ਪੁਸ਼ਾਕ, ਰਹਿਣੀ ਬਹਿਣੀ ਹਾਕਮ ਤੁਰਕਾਂ ਵਾਲੀ ਹੋ ਜਾਣੀ ਆਰੀਆ ਸਭਿਅਤਾ ਦੀ ਹਾਰ ਸੀ ਧਰਮੀ ਦਾ ਮਤਲਬ ਯਾ ਆਜਿਜ਼ ਹੋਣ ਦਾ ਭਾਵ ਆਪਣਾ ਸਵੈਮਾਨ ਖੋ ਲੈਣਾ ਨਹੀਂ। ਆਪਣੀ ਸੰਸਕ੍ਰਿਤੀ ਦੇ ਗੌਰਵ ਨੂੰ ਜਿਉਂਦੇ ਰੱਖਣਾ ਧਰਮ ਹੈ ਇਸੇ ਕਰ ਕੇ ਗ਼ੁਲਾਮੀ ਦੇ ਮੰਦੇ ਪ੍ਰਭਾਵਾਂ ਨੂੰ ਉਨ੍ਹਾਂ ਨੇ ਬਾਰ ਬਾਰ ਨਿਖੇੜਿਆ ਹੈ।[24]

ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਵਿਚ ਆਪਣੇ ਆਪ ਨੂੰ ਬੁਤ ਤੋੜਨ ਵਾਲਾ ਕਿਹਾ ਹੈ:

ਮਨਮ ਕੁਸ਼ਤਨਮ ਕੋਹੀਯਾਂ ਬੁਤ ਪਰਸਤ।।
ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸ਼ਤ।।94।।[25]

ਗੁਰਬਾਣੀ ਦਾ ਕਰਮਾਂ ਪ੍ਰਤਿ ਫੈਸਲਾ ਹੈ ਕਿ ਗਿਆਨ ਪ੍ਰਾਪਤੀ ਲਈ ਕੀਤੇ ਕਰਮ ਹੀ ਸਾਰਥਕ

---

[23] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 952.

[24] ਪ੍ਰੋ. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 44.

[25] ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਜ਼ਫਰਨਾਮਾ 54.1.

ਹਨ। ਭਾਵ ਉਹ ਕਰਮ ਹੀ ਸਾਰਥਕ ਹਨ ਜੋ ਪ੍ਰਭੂ ਪ੍ਰਾਪਤੀ ਲਈ ਸਹਾਇਕ ਹੋਣ। ਫਜ਼ੂਲ ਦੇ ਕਰਮਾਂ ਦਾ ਗੁਰਮਤਿ ਵਿਚ ਕੋਈ ਮੁਲ ਨਹੀਂ ਹੈ। ਇਹ ਕਰਮ ਵੀ ਉਦੋਂ ਤਕ ਕਰਨੇ ਬਣਦੇ ਹਨ ਜਿੰਨਾ ਸਮਾਂ ਗਿਆਨ ਨਹੀਂ ਹੁੰਦਾ। ਜਿਸ ਤਰ੍ਹਾਂ ਫਲ ਕਾਰਨ ਫੂਲ ਬਣਦਾ ਹੈ ਤੇ ਜਦੋਂ ਫਲ ਤਿਆਰ ਹੁੰਦਾ ਹੈ ਤਾਂ ਫੂਲ ਨਸ਼ਟ ਹੋ ਜਾਂਦਾ ਹੈ। ਘਿਓ ਪ੍ਰਾਪਤ ਕਰਨ ਲਈ ਦੁਧ ਨੂੰ ਰਿੜਕਿਆ ਜਾਂਦਾ ਹੈ। ਇਸੇ ਤਰ੍ਹਾਂ ਸੱਤ ਦੀ ਪ੍ਰਾਪਤੀ ਤੋਂ ਬਾਅਦ ਦੁਨਿਆਵੀ ਕਰਮ ਨਸ਼ਟ ਹੋ ਜਾਂਦੇ ਹਨ:

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥[26]

**2. ਗਿਆਨ ਮਾਰਗ:** ਭਾਈ ਕਾਨ੍ਹ ਸਿੰਘ ਨਾਭਾ ਗਿਆਨ ਸ਼ਬਦ ਦੇ ਅਰਥ 'ਜਾਣਨਾ, ਬੋਧ, ਸਮਝ, ਇਲਮ' ਕਰਦੇ ਹਨ।[27] ਗੀਤਾ ਵਿਚ ਸੰਸਾਰ ਦੀਆਂ ਸਾਰੀਆਂ ਵਸਤੂਆਂ ਦੁਆਰਾ ਹੋਣ ਵਾਲੇ ਯੱਗ ਨਾਲੋਂ ਗਿਆਨ ਰੂਪੀ ਯੱਗ ਨੂੰ ਸਰਬ-ਸ੍ਰੇਸ਼ਟ ਕਿਹਾ ਹੈ। ਸਾਰੇ ਕਰਮਾਂ ਦਾ ਸਿਖਰ ਵੀ ਗਿਆਨ ਵਿਚ ਦੱਸਿਆ ਹੈ।[28] ਗੀਤਾ ਅਨੁਸਾਰ ਗਿਆਨੀ ਜਾਂ ਪੰਡਿਤ ਉਹ ਹੈ ਜਿਸ ਨੇ ਕਰਮ ਗਿਆਨ ਰੂਪ ਅਗਨੀ ਨਾਲ ਸਾੜੇ ਹੋਏ ਹਨ ਅਤੇ ਅਜਿਹੀ ਸਥਿਤੀ ਪ੍ਰਾਪਤ ਕਰ ਲਈ ਹੈ ਜਿਥੇ ਕਰਮ ਕਰਨ ਦੀ ਜ਼ਰੂਰਤ ਹੀ ਨਹੀਂ ਰਹਿੰਦੀ।[29] ਮਨੁਖ ਸੰਸਿਆਂ ਨੂੰ ਖਤਮ ਕਰਕੇ ਹੀ ਕਰਮ ਕਰ ਸਕਦਾ ਹੈ। ਇਹ ਸੰਸੇ ਕੇਵਲ ਗਿਆਨ ਦੁਆਰਾ ਹੀ ਖਤਮ ਹੋ ਸਕਦੇ ਹਨ। ਕਰਮ ਕਰਨ ਲਈ ਅਰਜਨ ਨੂੰ ਪ੍ਰੇਰਿਤ ਕਰਨ ਲਈ ਕ੍ਰਿਸ਼ਨ ਕਹਿੰਦੇ ਹਨ, "ਅਰਜੁਨ ! ਤੂੰ ਯੋਗ ਸਥਿਤ ਹੋ ਅਤੇ ਅਗਿਆਨ ਤੋਂ ਪੈਦਾ ਹੋਈ ਹਿਰਦੇ ਵਿਚ ਸਥਿਤ ਆਪਣੀ ਇਸ ਸੰਸਾ ਨੂੰ ਗਿਆਨ ਰੂਪੀ ਤਲਵਾਰ ਨਾਲ ਕੱਟ। ਯੁੱਧ ਲਈ ਖੜ੍ਹਾ ਹੋ ਜਾ।"[30]

**ਗਿਆਨ ਦੇ ਸਰੋਤ:** ਪ੍ਰੀਤਮ ਸਿੰਘ ਨੇ ਗਿਆਨ ਦੇ ਸਰੋਤਾਂ ਬਾਰੇ ਜੌਨ ਲੌਕ ਦੀ ਰਚਨਾ (Essay Concerning Human Understanding) ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਉਸਨੇ ਆਪਣੀ ਰਚਨਾ ਵਿਚ ਕਿਹਾ ਹੈ ਕਿ ਗਿਆਨ ਦੇ ਸਰੋਤ ਵਾਲੇ ਸਵਾਲ ਨੂੰ ਸਭ ਤੋਂ ਪਹਿਲਾਂ ਸੁਲਝਾਉਣ ਦੀ ਜ਼ਰੂਰਤ ਹੈ। ਕਾਂਟ ਨੇ ਵੀ ਜ਼ਿੰਦਗੀ ਦੇ ਹੋਰ ਮਹਤਵ-ਪੂਰਨ ਸਵਾਲਾਂ ਤੋਂ ਪਹਿਲਾਂ ਗਿਆਨ ਵਾਲੀ ਸਮਸਿਆ ਨੂੰ ਹੱਲ ਕਰਨਾ ਹੀ ਠੀਕ ਸਮਝਿਆ ਸੀ। ਮੁਖ ਸਵਾਲ ਇਹ ਹੈ ਕਿ ਗਿਆਨ ਦਾ ਇਕ ਹੀ ਸ੍ਰੋਤ ਹੈ, ਜਾਂ ਬਹੁਤੇ? ਜੇ ਬਹੁਤੇ ਹਨ

26 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1167.

27 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼ (ਭਾਗ ਪਹਿਲਾ), ਪੰਨਾ 305.

28 ਸ੍ਰੀਮਦਭਗਵਦ ਗੀਤਾ, ਅਧਿਆਇ ਚੌਥਾ, ਸ਼ਲੋਕ 33, ਪੰਨਾ 91.

29 ਉਹੀ, ਪੰਨਾ 83.

30 ਉਹੀ, ਪੰਨਾ 94

ਤਾਂ ਕੀ ਉਨ੍ਹਾਂ ਵਿਚੋਂ ਕੁਝ ਬਾਕੀਆਂ ਨਾਲੋਂ ਵਧੇਰੇ ਮਹਤਵਪੂਰਨ ਹਨ? ਅੱਜ ਕਲ ਪੱਛਮ ਵਿਚ ਗਿਆਨ ਦੇ ਚਾਰ ਮੁਖ ਸਰੋਤ ਮੰਨੇ ਗਏ ਹਨ: (1)ਸ਼ਬਦ (2) ਗਿਆਨ-ਇੰਦਰੀਆਂ (3) ਚਿੰਤਨ (4) ਅੰਤਰ-ਬੋਧ। ਭਾਰਤੀ ਦਰਸ਼ਨ ਵਿਚ ਗਿਆਨ ਦੇ ਛੇ ਪ੍ਰਮਾਣ ਮੰਨੇ ਗਏ ਹਨ, ਪਰ ਮੁਖ ਤਿੰਨ ਹੀ ਹਨ: (1) ਪ੍ਰਤੱਖ, (2) ਅਨੁਮਾਨ ਅਤੇ (3) ਸ਼ਬਦ। ਭਾਰਤੀ ਦਰਸ਼ਨ ਵਿਚ ਕਈ ਥਾਂ ਅੰਤਰ-ਬੋਧ (intuition) ਨੂੰ ਵੀ ਪ੍ਰਤੱਖ ਦੇ ਅੰਦਰ ਸ਼ਾਮਿਲ ਕਰ ਲਿਆ ਗਿਆ ਹੈ।[31]

ਗੋਸੁਆਮੀ ਤੁਲਸੀਦਾਸ ਨੇ 'ਰਾਮਚਰਿਤਮਾਨਸ' ਦੇ ਉਤਰ ਕਾਂਡ ਦੇ 'ਵਿਗਿਆਨ-ਦੀਪਕ ਪ੍ਰਕਰਣ ਵਿਚ ਗਿਆਨ ਉਤੇ ਵਿਚਾਰ ਕਰਦਿਆਂ ਦਸਿਆ ਹੈ ਕਿ ਇਸ ਦੀ ਪ੍ਰਾਪਤੀ ਦੇ 15 ਸਾਧਨ ਹਨ, ਜਿਵੇਂ— ਸਾਤਵਿਕ ਸ਼ਰਧਾ, ਸ਼ੁਭ-ਕਰਮ, ਭਾਵ ਵਿਚ ਪਵਿਤਰਤਾ, ਮਨ ਦੀ ਨਿਰਮਲਤਾ, ਧਰਮ ਆਚਰਣ, ਨਿਸ਼ਕਾਮ-ਭਾਵ, ਸੰਤੋਸ਼ ਆਦਿ ਗੁਣਾਂ ਦੀ ਪਾਲਨਾ, ਵਿਚਾਰਸ਼ੀਲਤਾ, ਵੈਰਾਗ, ਯੋਗ, ਬੁੱਧੀ ਦੀ ਜਾਗਰੂਕਤਾ, ਚਿੱਤ ਦੀ ਦ੍ਰਿੜ੍ਹਤਾ, ਸਾਧਕ ਦਾ ਤ੍ਰਿਗੁਣ-ਅਤੀਤ ਹੋਣਾ, ਸੋਹੰ ਦਾ ਅਖੰਡ ਜਾਪ ਅਤੇ ਆਤਮ-ਅਨੁਭਵ। ਇਹ ਸਾਰੇ ਸਾਧਨ ਆਪਣੇ ਆਪ ਵਿਚ ਸੁਤੰਤਰ ਨਹੀਂ ਹਨ, ਸਗੋਂ ਮਿਲਵੇਂ ਜਾਂ ਸਾਂਝੇ ਰੂਪ ਵਿਚ ਗਿਆਨ ਦਾ ਸਾਧਨ ਹਨ। ਸ਼ੁਕਰਹਸਯ-ਉਪਨਿਸ਼ਦ(13)ਗੁਰੂ ਦੇ ਉਪਦੇਸ਼ ਦੇ ਸ੍ਰਵਣ, ਮਨਨ ਅਤੇ ਨਿਧਿਆਸਨ ਨੂੰ ਗਿਆਨ ਪ੍ਰਾਪਤੀ ਦਾ ਸਾਧਨ ਦਸਿਆ ਗਿਆ ਹੈ। ਇਸੇ ਤਰ੍ਹਾਂ ਵੇਦਾਂਤ ਨਾਲ ਸੰਬੰਧਿਤ ਕਈ ਗ੍ਰੰਥਾਂ ਵਿਚ ਗਿਆਨ ਦੇ ਕਈ ਸਾਧਨਾਂ ਦਾ ਉਲੇਖ ਮਿਲਦਾ ਹੈ।[32]

ਗੁਰਮਤਿ ਵਿਚ ਗੁਰੂ ਹੀ ਗਿਆਨ ਦਾ ਦਾਤਾ ਦੱਸਿਆ ਗਿਆ ਹੈ। 'ਗੁਰੂ' ਸ਼ਬਦ ਦਾ ਅਰਥ ਹੀ 'ਗਿਆਨ ਦੇਣ ਵਾਲਾ' ਬਣਦਾ ਹੈ। ਗੁਰੂ ਤੋਂ ਬਿਨਾਂ ਹੋਰ ਕੋਈ ਗਿਆਨ ਨਹੀਂ ਕਰਵਾ ਸਕਦਾ। ਜੋ ਸੰਸਾਰ ਵਿਚ ਮਾਇਆ ਦਾ ਜਾਲ ਪਸਰਿਆ ਹੋਇਆ ਹੈ ਉਸ ਵਿਚੋਂ ਨਿਕਲਣ ਲਈ ਗੁਰੂ ਦਾ ਸ਼ਬਦ ਮਦਦਗਾਰ ਹੁੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਬਾਰੇ ਭਾਵੇਂ ਅਵਤਾਰਾਂ ਤੋਂ ਪਤਾ ਕਰ ਲੈ:

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥[33]

## ਗਿਆਨ ਦੇ ਪ੍ਰਕਾਰ

ਉਪਨਿਸ਼ਦਾਂ ਨੇ ਉਚੇਰੇ ਅਤੇ ਨੀਵੇਂ ਗਿਆਨ ਨੂੰ ਨਿਖੇੜਿਆ ਹੈ। ਇਸ ਨੂੰ ਪਰਾਵਿਦਿਆ (higher knowledge) ਕਿਹਾ ਹੈ ਜੁ ਬ੍ਰਹਮ ਦਾ ਗਿਆਨ ਹੈ ਅਤੇ ਦੂਜਾ ਅਪਰਾ ਵਿਦਿਆ ਹੈ (lower knowledge)

---

31 ਪ੍ਰੋ. ਪ੍ਰੀਤਮ ਸਿੰਘ(ਸੰਪਾ.), ਸਿਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨੇ 125-26

32 ਉਦਰਿਤ, ਡਾ.ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ, ਪੰਨਾ 4

33 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 59

ਜਿਹੜਾ ਵੇਦਾਂ ਦਾ ਅਤੇ ਵਿਗਿਆਨਾਂ ਦਾ ਗਿਆਨ ਹੈ। ਉਪਨਿਸ਼ਦਾਂ ਅਨੁਸਾਰ ਦੂਜਾ ਵਿਸ਼ਵ ਪਦਾਰਥਾਂ ਨੂੰ ਮਾਣਦਾ, ਕਰਮਾਂ ਦਾ ਫਲ ਭੋਗਦਾ ਹੈ ਪਰ ਪਹਿਲਾ ਕੇਵਲ ਨਿਸ਼ਕਾਮ ਦਰਸ਼ਕ ਵਾਂਗ ਵੇਖਦਾ ਹੈ। ਮੁੰਡਕੋਉਪਨਿਸ਼ਦ ਵਿਚ ਇਸ ਨੂੰ ਸਪਸ਼ਟ ਕੀਤਾ ਹੈ। ਬ੍ਰਹਮ ਗਿਆਨ ਨੂੰ ਉਚੇਰਾ (ਪਰਾ) ਗਿਆਨ ਕਿਹਾ ਹੈ। ਅਤੇ ਅਪਰਾ ਰਿਗਵੇਦ, ਯਜੁਰਵੇਦ, ਸਾਮਵੇਦ, ਧੁਨੀ ਗਿਆਨ (Phonetics) ਕਰਮਕਾਂਡ ਦਾ, ਵਿਆਕਰਣ ਦਾ, ਸ਼ਬਦਬੋਧ (etymology) ਛੰਦ ਬੋਧ (metrics) ਜੋਤਸ਼ (astrology) ਹੈ।[34]

ਡਾ. ਰਾਧਾ ਕ੍ਰਿਸ਼ਨਨ ਗੀਤਾ ਵਿਚ ਦੋ ਪ੍ਰਕਾਰ ਦੇ ਗਿਆਨ ਦੀ ਗੱਲ ਕਰਦੇ ਹਨ। ਇਕ ਉਹ ਜਿਹੜਾ ਬੁੱਧੀ ਦੁਆਰਾ ਬ੍ਰਹਮ ਜਗਤ ਨੂੰ ਸਮਝਣ ਦਾ ਯਤਨ ਕਰਦਾ ਹੈ ਅਤੇ ਦੂਸਰਾ ਉਹ ਜਿਹੜਾ ਅੰਤਰ ਦ੍ਰਿਸ਼ਟੀ ਨਾਲ ਜਗਤ ਵਿਚ ਵਾਪਰਦੀਆਂ ਘਟਨਾਵਾਂ ਦੀ ਪਿੱਠ ਭੂਮੀ ਵਿਚ ਜੋ ਪਰਮਸੱਚ ਹੈ ਉਸ ਨੂੰ ਗ੍ਰਹਿਣ ਕਰਦਾ ਹੈ।[35] ਪਰ ਸੁਵਾਮੀ ਅੜਗੜਾਨੰਦ ਅਨੁਸਾਰ ਗੀਤਾ ਵਿਚ ਤਿੰਨ ਪ੍ਰਕਾਰ ਦੇ ਗਿਆਨ ਦਾ ਵਰਣਨ ਮਿਲਦਾ ਹੈ- ਸਾਤਵਿਕ ਗਿਆਨ, ਤਾਮਸ ਗਿਆਨ ਅਤੇ ਰਾਜਸ ਗਿਆਨ। ਇਹਨਾਂ ਬਾਰੇ ਗੀਤਾ ਵਿਚ ਇਸ ਤਰ੍ਹਾਂ ਦਾ ਉਲੇਖ ਮਿਲਦਾ ਹੈ:

"**ਸਾਤਵਿਕ ਗਿਆਨ:** ਹੇ ਅਰਜੁਨ! ਜਿਸ ਗਿਆਨ ਨਾਲ ਮਨੁੱਖ ਵੱਖ-ਵੱਖ ਪ੍ਰਾਣੀਆਂ ਵਿਚ ਇਕ ਅਵਿਨਾਸ਼ੀ ਪਰਮਾਤਮਾ ਨੂੰ ਅਖੰਡ, ਇਕਰਸ ਵੇਖਦਾ ਹੈ, ਉਸ ਗਿਆਨ ਨੂੰ ਤੂੰ ਸਾਤਵਿਕ ਜਾਣ। ਗਿਆਨ ਪ੍ਰਤੱਖ ਅਨੁਭੂਤੀ ਹੈ, ਜਿਸਦੇ ਨਾਲ ਹੀ ਗੁਣਾਂ ਦਾ ਅੰਤ ਹੋ ਜਾਣਾ ਹੈ। ਇਹ ਗਿਆਨ ਦੀ ਪਰਪੱਕ ਅਵਸਥਾ ਹੈ।[36]

**ਰਾਜਸ ਗਿਆਨ:** ਜੋ ਗਿਆਨ ਸਾਰੇ ਪ੍ਰਾਣੀਆਂ ਵਿਚ ਵੱਖ-ਵੱਖ ਤਰ੍ਹਾਂ ਦੇ ਅਨੇਕ ਭਾਵਾਂ ਨੂੰ ਵੱਖ-ਵੱਖ ਕਰਕੇ ਜਾਣਦਾ ਹੈ, ਕਿ ਇਹ ਅੱਛਾ ਹੈ, ਇਹ ਬੁਰਾ ਹੈ- ਉਸ ਗਿਆਨ ਨੂੰ ਤੂੰ ਰਾਜਸ ਜਾਣ। ਜੇ ਐਸੀ ਸਥਿਤੀ ਹੈ ਤਾਂ ਤੁਹਾਡਾ ਗਿਆਨ ਰਾਜਸੀ ਪੱਧਰ ਦਾ ਹੈ।[37]

**ਤਾਮਸ ਗਿਆਨ:** ਜੋ ਗਿਆਨ ਸਿਰਫ਼ ਸਰੀਰ ਦੇ ਅੰਦਰ ਹੀ ਪੂਰੀ ਤਰ੍ਹਾਂ ਲਗਾਅ ਨਾਲ ਲੱਗਿਆ ਹੋਇਆ, ਯੁਕਤੀ ਰਹਿਤ ਅਰਥਾਤ ਜਿਸਦੇ ਪਿੱਛੇ ਕੋਈ ਕਰਮ ਨਹੀਂ ਹੈ, ਤੱਤ ਦੇ ਅਰਥ ਸਵਰੂਪ ਪਰਮਾਤਮਾ ਦੀ ਜਾਣਕਾਰੀ ਤੋਂ ਅਲੱਗ ਕਰਨ ਵਾਲਾ ਅਤੇ ਤੁੱਛ ਹੈ, ਉਹ ਗਿਆਨ ਤਾਮਸ ਗਿਆਨ ਹੈ।[38]

ਗੁਰਮਤਿ ਅਨੁਸਾਰ ਗਿਆਨ 'ਬੁਧ ਵਿਵੇਕ' ਹੈ ਤੇ ਗਿਆਨ ਦਾ ਸਿਖਰ ਗੁਰਬਾਣੀ ਵਿਚ ਬ੍ਰਹਮ ਗਿਆਨ ਹੈ। ਬ੍ਰਹਮ ਗਿਆਨ ਦੀ ਅਵਸਥਾ ਗੁਰੂ ਸਾਹਿਬ ਜਪੁ ਬਾਣੀ ਵਿਚ ਗਿਆਨ ਖੰਡ ਦੀ ਪਉੜੀ ਵਿਚ

---

34 ਈਰਸ਼ਾਦਿ ਨੌ ਉਪਨਿਸ਼ਦ, (ਮੁੰਡ ਉਪ:1.1.4-5).

35 ਡਾ. ਰਾਧਾ ਕ੍ਰਿਸ਼ਨਨ, ਭਾਰਤੀ ਦਰਸ਼ਨ(ਭਾਗ ਪਹਿਲਾ), ਪੰਨਾ 454.

36 ਸ੍ਰੀਮਦਭਗਵਦ ਗੀਤਾ, ਅਧਿਆਇ 18, ਸਲੋਕ 20.

37 ਉਹੀ, ਸਲੋਕ 21.

38 ਉਹੀ, ਸਲੋਕ 22.

ਦਿੰਦੇ ਹਨ ਕਿ ਗਿਆਨ ਪ੍ਰਚੰਡ ਦੀ ਅਵਸਥਾ ਹੈ। ਜਿਥੇ ਗਿਆਨੀ ਨੂੰ ਅਨੇਕਾਂ ਹਵਾਵਾਂ, ਧਰਤੀਆਂ, ਪਾਣੀ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਾਂ ਦਾ ਗਿਆਨ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕਿੰਨੀਆਂ ਧਰਤੀਆਂ, ਚੰਦ, ਸੂਰਜ, ਸਿਧ, ਨਾਥ, ਖਾਣੀਆਂ, ਬਾਣੀਆਂ ਦਾ ਗਿਆਨ ਹੋ ਜਾਂਦਾ ਹੈ। ਗਿਆਨੀ ਦੀ ਬਿਰਤੀ ਪ੍ਰਚੰਡ ਗਿਆਨ ਨਾਲ ਲਬਰੇਜ਼ ਰਹਿੰਦੀ ਹੈ।[39]

ਧਰਮ ਖੰਡ ਕਾ ਏਹੋ ਧਰਮੁ ॥

……………………………………...

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਇਹ ਗਿਆਨ ਦਾ ਦੀਪਕ ਗੁਰੂ ਤੋਂ ਪ੍ਰਾਪਤ ਹੁੰਦਾ ਹੈ। "ਗੁਰਮਤਿ ਅਨੁਸਾਰ ਗਿਆਨ 'ਬੁੱਧ ਬਿਬੇਕ' ਹੈ। ਇਸ ਦੇ ਆਸਰੇ ਜਗਿਆਸੂ ਅਪੂਰਨ ਸਤਿ ਨੂੰ ਪੂਰਨ ਸਤਿ ਸਮਝਣ ਦੇ ਅਗਿਆਨ ਤੋਂ ਬਚ ਸਕਦਾ ਹੈ। ਇਸ ਗਲਤੀ ਦੀ ਸੰਭਾਵਨਾ ਮਨੁਖ ਦੇ ਸਭਾਅ ਵਿਚ ਕਾਇਮ ਹੈ ਕਿਉਂਕਿ ਮਨੁਖ ਦੀ ਬੁਧੀ, ਕਲਪਨਾ ਅਤੇ ਚਿੰਤਨ ਦੇ ਸਤਿ ਨੂੰ ਬਹੁਤੀ ਵਾਰੀ ਸੁਭਾਅ ਅਤੇ ਸੰਸਕਾਰਾਂ ਦੇ ਪੱਧਰ ਉਪਰ ਪਰਵਾਨ ਨਹੀਂ ਕਰਦੀ।[40] ਇਸ ਲਈ ਮਨਮਤਿ ਨੂੰ ਤਿਆਗ ਕੇ ਗੁਰਮਤਿ ਦੀ ਸਿਖਿਆ ਧਾਰਨ ਕਰਨੀ ਪਵੇਗੀ।[41] ਗੁਰੂ ਦੇ ਗਿਆਨ ਨੇ ਹੀ ਅਗਿਆਨਤਾ ਨੂੰ ਕੱਟਣਾ ਹੈ ਤੇ ਸਤਿ ਦੀ ਸੋਝੀ ਕਰਵਾਉਣੀ ਹੈ।

ਜੇਕਰ ਗਿਆਨ ਪ੍ਰਾਪਤੀ ਦੇ ਸਾਧਨਾ ਮਾਰਗ ਦੀ ਗੱਲ ਕਰੀਏ ਤਾਂ ਗੁਰੂ ਸਾਹਿਬ ਪਰੰਪਰਾਗਤ ਸਾਧਨਾ ਮਾਰਗਾਂ ਨੂੰ ਨਵੇਂ ਅਰਥਾਂ ਵਿਚ ਪ੍ਰਵਾਨ ਕਰਦੇ ਹਨ ਅਤੇ ਸਮਾਜ ਦੇ ਧਾਰਨਯੋਗ ਬਣਾਉਂਦੇ ਹਨ ਜਿਵੇਂ:

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥

ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥

ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥

---

[39] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7.

[40] ਡਾ. ਬਲਕਾਰ ਸਿੰਘ, ਸਿੱਖ ਰਹੱਸਵਾਦ, ਪੰਨਾ 62.

[41] ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥7॥ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 226.

ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥

ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥ [42]

ਉਪਰੋਕਤ ਕਥਨ ਅਨੁਸਾਰ ਵਿਖਾਵੇ ਲਈ ਕੰਨ ਪੜਵਾ ਕੇ ਪਵਾਈਆਂ ਮੁੰਦਰਾਂ ਦਾ ਕੀ ਫਾਇਦਾ ਜੇਕਰ ਮਨ ਸੰਜਮ ਵਿਚ ਨਹੀਂ ਆਇਆ। ਮਨ ਰੂਪੀ ਕੰਨ ਨੂੰ ਗੁਰੂ ਦੇ ਸ਼ਬਦ ਦੀ ਮੁੰਦਰੀ ਪਹਿਨਾਈ ਜਾਵੇ। ਪਰਮਾਤਮਾ ਦੇ ਹੁਕਮ ਵਿਚ ਚਲਣਾ ਹੀ ਅਸਲੀ ਸਹਿਜ ਯੋਗ ਹੈ। ਅਸਲੀ ਯੋਗੀ ਉਹ ਹੈ ਜਿਸਦੀ ਸਮਾਧੀ ਸਦਾ ਹੀ ਪਰਮਾਤਮਾ ਵਿਚ ਲੱਗੀ ਰਹਿੰਦੀ ਹੈ। ਜੋਗੀਆਂ ਦੀਆਂ ਜੁਗਤੀਆਂ ਤਾਂ ਝੂਠੇ ਰਸ ਦੇਣ ਵਾਲੀਆਂ ਹਨ। ਅਸਲੀ ਰਸ ਤਾਂ ਪਰਮਾਤਮਾ ਦੇ ਨਾਮ ਵਿਚੋਂ ਮਿਲਦਾ ਹੈ ਜੋ ਗਿਆਨ ਰਾਹੀਂ ਸਰੀਰ ਮਾਣਦਾ ਹੈ। ਜਗਿਆਸੂ ਦੁਨੀਆਂ ਦੇ ਕਲ ਕਲੇਸ਼ ਨੂੰ ਤਿਆਗ ਕੇ ਸਹਿਜ ਆਸਣ 'ਤੇ ਬੈਠਦਾ ਹੈ। ਸਿੰਙੀ ਵਜਾਉਣ ਦਾ ਕੀ ਫਾਇਦਾ, ਉਸ ਪਰਮਾਤਮਾ ਦਾ ਜੋ ਨਾਦ ਵਜਦਾ ਹੈ ਉਹ ਘਟਿ ਘਟਿ ਵਿਚ ਸੁਣਦਾ ਹਾਂ। ਜੋਗੀ ਖੱਪਰ ਲੈ ਕੇ ਘਰ ਘਰ ਮੰਗਦਾ ਹੈ ਪਰ ਗੁਰਮਤਿ ਵਿਚ ਕੇਵਲ ਗੁਰੂ ਦੇ ਦਰ ਤੋਂ ਚੰਗੇ ਗੁਣਾਂ ਦੀ ਮੰਗ ਕਰਨ ਦੀ ਤਾਕੀਦ ਕੀਤੀ ਗਈ ਹੈ। ਗਿਆਨ ਰੂਪੀ ਡੰਡਾ ਹੈ ਵਿਕਾਰਾਂ ਨੂੰ ਨੇੜੇ ਢੁਕਣ ਨਹੀਂ ਦਿੰਦਾ ਤੇ ਪ੍ਰਭੂ ਦੀ ਸਿਫਤ ਸਾਲਾਹ ਹੀ ਸਭ ਤੋਂ ਵਡਾ ਧਰਮ ਹੈ।

ਜਪੁਜੀ ਵਿਚ ਕਿਹਾ ਗਿਆ ਹੈ ਕਿ ਮਨੁਖ ਗਿਆਨ ਨਾ ਹੋਣ ਕਰਕੇ ਹੀ ਭਰਮਾਂ ਅਤੇ ਅੰਧਵਿਸ਼ਵਾਸਾਂ ਵਿਚ ਪਿਆ ਰਹਿੰਦਾ ਹੈ। ਗਿਆਨ ਅੰਧ ਵਿਸ਼ਵਾਸ ਨੂੰ ਦੂਰ ਕਰ ਦਿੰਦਾ ਹੈ। ਜਿਸ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਸ ਨੂੰ ਅੰਧ ਵਿਸ਼ਵਾਸ ਨਹੀਂ ਹੁੰਦਾ ਕਿ ਧਰਤੀ ਥਲੇ ਬਲਦ ਹੈ ਜਿਸ ਨੇ ਸਾਰਾ ਭਾਰ ਚੁਕਿਆ ਹੈ:

ਜੇ ਕੋ ਬੁਝੈ ਹੋਵੈ ਸਚਿਆਰ।।

ਧਵਲੈ ਉਪਰਿ ਕੇਤਾ ਭਾਰੁ।। [43]

ਦਲੀਲ ਜੇ ਦਲੀਲ ਦੇ ਤੌਰ 'ਤੇ ਵਰਤੀ ਜਾਵੇ ਤਾਂ ਬੋਝਲ ਹੋ ਜਾਂਦੀ ਹੈ, ਭਟਕਣ ਵਧਾਉਂਦੀ ਹੈ ਅਤੇ ਵਿਸ਼ਵਾਸ ਹਿਲਾਉਂਦੀ ਹੈ, ਪਰ ਜਦ ਦਲੀਲ ਗਿਆਨ ਪ੍ਰਾਪਤੀ ਦਾ ਅੰਗ ਹੁੰਦੀ ਹੈ, ਸਾਧਨ ਬਣਦੀ ਹੈ ਤਾਂ ਵਾਸਤਵਿਕ ਨਿਸ਼ਚਾ ਦ੍ਰਿੜ੍ਹ ਕਰਵਾਉਂਦੀ ਹੈ। ਜਪੁਜੀ ਵਿਚ ਵੀ ਇਹ ਇਸ ਤਰਕ ਨਾਲ ਵਿਸ਼ਵਾਸ ਪੱਕਾ ਕੀਤਾ ਗਿਆ ਹੈ:

ਧਰਤੀ ਹੋਰੁ ਪਰੈ ਹੋਰੁ ਹੋਰੁ।।

ਤਿਸਤੇ ਭਾਰੁ ਤਲੈ ਕਵਣੁ ਜੋਰੁ।।[44]

---

42 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 360.

43 ਉਹੀ, ਪੰਨਾ 16.

44 ਉਹੀ, ਪੰਨਾ 3.

ਗੁਰਮਤਿ ਵਿਚ ਗਿਆਨ ਦਾ ਮਹਤਵਪੂਰਨ ਸਥਾਨ ਹੈ। ਜਿਸ ਤਰ੍ਹਾਂ ਦੀਪਕ ਬਲਣ ਨਾਲ ਅੰਧਕਾਰ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਧਰਮ ਗ੍ਰੰਥ ਦੇ ਪਾਠ ਨਾਲ ਪਾਪ ਵਾਲੀ ਬੁੱਧੀ ਨਸ਼ਟ ਹੋ ਜਾਂਦੀ ਹੈ। ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਚੰਦਰਮਾ ਨਹੀਂ ਇਸਦਾ, ਉਸੇ ਤਰ੍ਹਾਂ ਗਿਆਨ ਦੇ ਪ੍ਰਕਾਸ਼ ਨਾਲ ਅਗਿਆਨ ਮਿਟ ਜਾਂਦਾ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ:

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥

ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥[45]

ਬ੍ਰਹਮ ਦੇ ਨਿਰਗੁਣ ਸਰੂਪ ਵਿਚ ਉਹ ਕੇਵਲ ਇਕੋ ਇਕ ਹਸਤੀ ਹੈ। ਉਸ ਨੂੰ ਗੁਣਾਂ ਤੋਂ ਅਤੀਤ ਅਤੇ ਅਕੱਥ ਮੰਨਿਆ ਗਿਆ ਹੈ। ਪਰ ਸਰਗੁਣ ਰੂਪ ਵਿਚ ਅਨੇਕਾਂ ਖੰਡ ਬ੍ਰਹਮੰਡ, ਖਾਣੀਆਂ ਬਾਣੀਆਂ ਤੇ ਕੁਦਰਤਾਂ ਉਸੇ ਦਾ ਹੀ ਰੂਪ ਹਨ। ਪਰ ਜਦੋਂ ਬ੍ਰਹਮ ਅਨੰਤ ਅਤੇ ਨਿਰਾਕਾਰ ਹੈ ਤਾਂ ਉਸ ਬਾਰੇ ਸਭ ਦਾ ਗਿਆਨ ਇਕੋ ਜਿਹਾ ਕਿਵੇਂ ਹੋ ਸਕਦਾ ਹੈ? ਕੋਈ ਵੀ ਉਸ ਦਾ ਪੂਰਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਉਸ ਦੇ ਵਾਸਤਵਿਕ ਰੂਪ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਬ੍ਰਹਮ ਵੱਡੇ ਤੋਂ ਵੱਡਾ ਅਤੇ ਉਚੇ ਤੋਂ ਉਚਾ ਹੈ। ਉਸ ਬ੍ਰਹਮ ਨੂੰ ਉਹੀ ਜਾਣ ਸਕਦਾ ਹੈ, ਜੋ ਉਸ ਜਿਤਨਾ ਵੱਡਾ ਹੋ ਜਾਵੇ। ਪਰ ਉਸ ਜਿਤਨਾ ਵੱਡਾ ਕੋਈ ਨਹੀਂ। ਇਸ ਕਰਕੇ ਉਸ ਨੂੰ ਕੋਈ ਨਹੀਂ ਜਾਣ ਸਕਦਾ। ਹਾਂ ਸਰਗੁਣ ਰੂਪ ਵਿਚ ਉਸ ਦੀਆਂ ਕਿਰਤਾਂ ਦਾ ਗਿਆਨ ਹੋ ਜਾਂਦਾ ਹੈ। ਕਿਉਂਕਿ ਗਿਆਨ ਵਿਚ ਦੈਵੀਪੁਣੇ ਦੀ ਸੋਝੀ ਹੈ, ਪਰਮ ਚੇਤਨਾ ਦਾ ਪ੍ਰਕਾਸ਼ ਹੈ। ਜਿਥੇ ਕਿਲਵਿਖ ਕੱਟੇ ਜਾਂਦੇ ਹਨ। ਬਿਬੇਕ ਪ੍ਰਵੇਸ਼ ਕਰ ਜਾਂਦਾ ਹੈ ਤੇ ਬਿਬੇਕੀ ਬਣਾਉਣਾ ਹੀ ਗੁਰਮਤਿ ਦਾ ਆਦਰਸ਼ ਹੈ।

### 3.3 ਯੋਗ ਮਾਰਗ :

ਯੋਗ ਸਾਧਨਾ ਮਾਰਗ ਭਾਰਤ ਦਾ ਅਤਿ ਪ੍ਰਾਚੀਨ ਤੇ ਮਹਤਵਪੂਰਨ ਸਾਧਨਾ ਵਿਚੋਂ ਮੰਨਿਆ ਗਿਆ ਹੈ। ਇਹ ਹਿੰਦੁਸਤਾਨ ਦੇ ਵਡੇ ਫ਼ਿਰਕਿਆਂ ਵਿਚੋਂ ਅਪਣਾਇਆ ਜਾਣ ਵਾਲਾ ਇਕ ਮਾਤਰ ਸਾਧਨ ਸੀ। ਗੁਰੂ ਨਾਨਕ ਸਾਹਿਬ ਸਮੇਂ ਜਾਂ ਉਸ ਕਾਲ ਵਿਚ ਇਸ ਦਾ ਬਹੁਤ ਪ੍ਰਭਾਵ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਯੋਗੀਆਂ ਨਾਲ ਸੰਬੰਧਿਤ ਸ਼ਬਦਾਵਲੀ ਜਾਂ ਉਨ੍ਹਾਂ ਨਾਲ ਸੰਬੰਧਿਤ ਬਾਣੀਆਂ ਵੀ ਦਰਜ ਹਨ; ਸਿਧ ਗੋਸਟਿ ਬਾਣੀ ਇਸ ਦੀ ਇਕ ਉਦਾਹਰਨ ਹੈ। ਗੁਰਮਤਿ ਨੇ ਇਸ ਮਾਰਗ ਦਾ ਬਹੁਤ ਖੰਡਨ ਕੀਤਾ ਹੈ ਇਸ ਦਾ ਕਾਰਨ ਹੈ ਕਿ ਇਹ ਸੰਨਿਆਸ ਦਾ ਮਾਰਗ ਅਪਣਾਉਂਦਾ ਹੈ ਤੇ ਗੁਰਮਤਿ ਗ੍ਰਿਹਸਥ ਦਾ। ਜੋਗ ਮਤ ਦੀ ਵਡੀ ਭੁਲ ਸਮਾਜਕ ਜੀਵਨ ਨੂੰ ਨਜ਼ਰ ਅੰਦਾਜ਼ ਕਰਨਾ ਸੀ। ਇਸੇ ਕਰ ਕੇ ਹਠ ਯੋਗ ਦੇ ਧਰਮ ਕਰਮ ਬਹੁਤੇ ਸਾਰਥਕ ਸਿੱਧ ਨਹੀਂ ਹੋਏ। ਇਨ੍ਹਾਂ ਗ਼ਲਤ ਜੀਵਨ ਢੰਗਾਂ ਦਾ ਸਿਟਾ ਸੀ ਕਿ ਜੋਗੀ ਕਰਮਯੋਗ ਤੋਂ ਸਖਣੇ ਹੋ

45 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791.

ਗਏ। ਉਹ ਆਪਣੇ ਰੋਟੀ ਕਪੜੇ ਲਈ ਵੀ ਦੂਜਿਆਂ ਦੇ ਮੁਥਾਜ ਸਨ। ਲੋਕਾਈ ਦਾ ਭਲਾ ਕਰਨਾ ਉਹਨਾਂ ਦੇ ਵਸ ਦੀ ਗਲ ਨਹੀਂ ਸੀ। ਗੁਰੂ ਨਾਨਕ ਸਾਹਿਬ ਦਾ ਇਤਰਾਜ਼ ਬਿਲਕੁਲ ਠੀਕ ਸੀ:

ਸਿਧ ਛਪਿ ਬੈਠੇ ਪਰਬਤੀ ਕਉਣ ਜਗਤ ਕਉ ਪਾਰ ਉਤਾਰਾ,
ਜੋਗੀ ਗਿਆਨ ਵਿਹੂਣਿਆ ਨਿਸ ਦਿਨ ਅੰਗਿ ਲਗਾਇਨਿ ਛਾਰਾ।29।[46]

ਯੋਗ ਮਤ ਦਾ ਮੋਢੀ ਭਾਵੇਂ ਮਾਰਕੰਡੇ ਰਿਸ਼ੀ ਨੂੰ ਮੰਨਿਆ ਜਾਂਦਾ ਹੈ ਪਰ ਪਤੰਜਲੀ ਰਿਸ਼ੀ ਨੇ ਇਸ ਦੇ ਵਿਸਥਾਰ ਵਿਚ ਵਡਾ ਯੋਗਦਾਨ ਪਾਇਆ ਹੈ। ਇਸ ਨੂੰ ਹਠ ਯੋਗ ਵੀ ਕਿਹਾ ਜਾਂਦਾ ਹੈ। ਇਹ ਅਜਿਹੀ ਯੋਗ ਸਾਧਨਾ ਹੈ ਜਿਸ ਰਾਹੀਂ ਮਨੁਖ ਆਪਣੇ ਸਰੀਰਕ ਅੰਗਾਂ ਨੂੰ ਕਾਬੂ ਕਰਕੇ ਸਹੀ ਸੰਚਾਲਨ ਕਰਦਾ ਹੈ। ਇਸ ਵਿਚ ਸੁਤੀ ਹੋਈ ਕੁੰਡਲਨੀ ਨੂੰ ਜਗਾ ਕੇ ਨਾੜੀ-ਮਾਰਗ ਰਾਹੀਂ ਛੇ ਚਕਰਾਂ ਵਿਚੋਂ ਲੰਘਾਉਂਦੇ ਹੋਏ ਬ੍ਰਹਮਰੰਧ੍ਰ ਤਕ ਲੈ ਜਾਇਆ ਜਾਂਦਾ ਹੈ। ਜੈਰਾਮ ਮਿਸ਼ਰਾ ਅਨੁਸਾਰ, "ਸ਼ੁਕਲ, ਯਜੁਰਵੇਦ, ਉਪਨਿਸ਼ਦਾਂ, ਸ੍ਰੀਮਦਭਾਗਵਦਗੀਤਾ, ਯੋਗਾਵਿਸ਼ਿਸ਼ਟ, ਆਦਿ ਪ੍ਰਾਚੀਨ ਗ੍ਰੰਥਾਂ ਵਿਚ ਇਸ ਦਾ ਉੱਲੇਖ ਮਿਲਦਾ ਹੈ। ਪਤੰਜਲ ਜੋਗ ਦਰਸ਼ਨ ਤਾਂ ਜੋਗ ਦਾ ਗ੍ਰੰਥ ਹੈ ਹੀ ਇਸ ਵਿਚ ਹਠ-ਯੋਗ ਦੇ ਅਸ਼ਟਾਂਗ ਸਾਧਨਾ ਦੀ ਵਿਸਤਾਰ ਸਹਿਤ ਚਰਚਾ ਕੀਤੀ ਗਈ ਹੈ।"[47] ਇਸ ਨੂੰ ਹਠ-ਯੋਗ ਵੀ ਕਿਹਾ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਹਠ-ਯੋਗ ਦਾ ਮੋਢੀ ਭਾਵੇਂ ਮਾਰਕੰਡਾ ਰਿਸ਼ੀ ਹੈ ਪਰ ਇਸ ਦੀ ਵਾਸਤਵਿਕ ਸਥਾਪਨਾ ਮੱਧ-ਯੁਗ ਵਿਚ ਮਛੰਦ੍ਰ ਨਾਥ ਅਤੇ ਗੋਰਖ ਨਾਥ ਨੇ ਕੀਤੀ। 'ਸਿਧ ਸਿਧਾਂਤ ਪੱਧਤਿ' ਅਨੁਸਾਰ 'ਹਠ' ਦਾ ਪਰਿਭਾਸ਼ਿਕ ਅਰਥ ਸੂਰਜ ਅਤੇ ਚੰਦ੍ਰ ਦਾ ਮੇਲ ਹੈ। 'ਹ' ਸੂਰਜ ਅਤੇ 'ਠ' ਚੰਦ੍ਰ ਦਾ ਪ੍ਰਤੀਕ ਹੈ। ਇਸ ਲਈ ਹਠ ਯੋਗ ਉਸ ਸਾਧਨਾ ਦਾ ਨਾਂ ਹੈ ਜਿਸ ਵਿਚ ਸੂਰਜ ਅਤੇ ਚੰਦ੍ਰ ਦਾ ਸੰਯੋਗ ਕੀਤਾ ਜਾਏ। ਇਨ੍ਹਾਂ ਦੋਹਾਂ ਪ੍ਰਤੀਕਾਂ ਦੇ ਹੋਰ ਕਈ ਨਾਮਾਂਤਰ ਵੀ ਹਠ ਯੋਗ ਵਿਚ ਪ੍ਰਚਲਿਤ ਹਨ, ਜਿਵੇਂ ਸੂਰਜ ਨੂੰ 'ਪ੍ਰਾਣ' ਅਤੇ ਚੰਦ੍ਰ ਨੂੰ 'ਅਪਾਨ' ਦਾ ਵਾਚਕ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਕ੍ਰਮਵਾਰ ਪਿੰਗਲਾ ਅਤੇ ਇੜਾ ਨਾੜੀਆਂ ਲਈ ਵੀ ਪ੍ਰਯੁਕਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹਠ ਯੋਗ ਉਸ ਸਾਧਨਾ ਦਾ ਨਾਂ ਹੈ ਜਿਸ ਵਿਚ ਇਨ੍ਹਾਂ ਦੋਹਾਂ ਨਾੜੀਆਂ ਨੂੰ ਰੋਕ ਕੇ ਸੁਖਮਨਾ ਨਾੜੀ-ਮਾਰਗ ਤੋਂ ਪ੍ਰਾਣ-ਵਾਯੂ ਨੂੰ ਸੰਚਾਰਿਤ ਕੀਤਾ ਜਾਏ। ਇਸ ਤਰ੍ਹਾਂ ਸੂਰਜ ਅਤੇ ਚੰਦ੍ਰ ਨਾੜੀਆਂ ਦੀ ਸਾਧਨਾ ਹੀ ਹਠ ਯੋਗ ਹੈ। ਵਿਦਵਾਨਾਂ ਨੇ ਹਠ ਯੋਗ ਦੇ ਸਾਧਨਾ ਬਾਰੇ ਵੱਖ-ਵੱਖ ਵਿਚਾਰ ਪ੍ਰਗਟਾਏ ਹਨ ਜਿਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਹ (ਪਹਿਲੇ) ਵਰਗ ਅਨੁਸਾਰ ਇਸ ਦੇ ਚਾਰ ਸਾਧਨ ਹਨ–ਆਸਣ, ਪ੍ਰਾਣਾਯਾਮ, ਮੁਦ੍ਰਾ ਅਤੇ ਨਾਦਾਨੁਸੰਧਾਨ। ਦੂਜੇ ਵਰਗ ਅਨੁਸਾਰ ਇਸ ਦੇ ਸੱਤ ਅੰਗ ਹਨ– ਛੇ ਚਕ੍ਰ, ਆਸਣ, ਮੁਦ੍ਰਾ, ਪ੍ਰਤਿਆਹਾਰ, ਪ੍ਰਾਣਾਯਾਮ, ਧਿਆਨ ਅਤੇ ਸਮਾਧਿ। ਪਰ ਸਮੁਚੇ ਤੌਰ 'ਤੇ ਸੂਰਜ ਅਤੇ ਚੰਦ੍ਰਮਾ ਨੂੰ ਹਠ ਪੂਰਵਕ ਮਿਲਾਉਣ

---

46 ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਨਾਨਕ ਸਾਗਰ, ਪੰਨਾ 102.

47 ਡਾ.ਸਰਬਜਿੰਦਰ ਸਿੰਘ (ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-ਦਸੰਬਰ 2010, ਪੰਨਾ 157.

ਵਾਲੇ ਸਾਰੇ ਸਾਧਨ ਹਠ ਯੋਗ ਦੇ ਅੰਤਰਗਤ ਹਨ। ਆਮ ਤੌਰ 'ਤੇ ਹਠ ਯੋਗ ਨੂੰ ਰਾਜਯੋਗ ਦੀ ਪਹਿਲੀ ਪੌੜੀ ਕਿਹਾ ਜਾਂਦਾ ਹੈ। ਜਿਥੇ ਹਠ ਯੋਗ ਦੀ ਕ੍ਰਿਆ ਸਮਾਪਤ ਹੁੰਦੀ ਹੈ ਉਥੋਂ ਰਾਜਯੋਗ ਦੀ ਸਾਧਨਾ ਆਰੰਭ ਹੁੰਦੀ ਹੈ। ਇਨ੍ਹਾਂ ਦੋਹਾਂ ਦਾ ਪਰਸਪਰ ਤਾਲਮੇਲ ਕਾਇਮ ਹੋ ਜਾਣ ਤੋਂ ਬਾਦ ਹੀ ਯੋਗ ਸਾਧਨਾ ਫਲੀਭੂਤ ਹੁੰਦੀ ਹੈ।[48]

ਹਠ-ਯੋਗ ਸਾਧਨਾ ਦੇ ਚਾਰ ਪੜਾਅ-

- ਮਨ ਨੂੰ ਸਾਧਣਾ
- ਪੰਜ ਵਿਕਾਰਾਂ ਤੋ ਬਚਾਉਣਾ
- 84 ਆਸਣ ਕਰਨੇ
- ਸੁਆਸਾਂ ਨੂੰ ਸਾਧਣਾ ਤੇ ਮਨ ਨੂੰ ਪੂਰਨ ਟਿਕਾਓ ਵਿਚ ਲੈ ਕੇ ਜਾਣਾ

ਯੋਗ ਸਾਧਨਾ ਅਧੀਨ ਕਈ ਮਤ ਹੋਂਦ ਵਿਚ ਆਏ, ਜੋ ਇਸ ਤਰ੍ਹਾਂ ਹਨ:

1. **ਸਿਧ**: "ਸਿਧਾਂ ਨੇ ਇਕ ਪਾਸੇ ਜੀਵਨ ਦੇ ਸੰਘਰਸ਼ ਨੂੰ ਤਿਆਗਿਆ ਹੋਇਆ ਸੀ ਅਤੇ ਦੂਜੇ ਪਾਸੇ ਕਈ ਰਾਜਿਆਂ ਨੂੰ ਰਾਜਭਾਗ ਛੱਡ ਕੇ ਭਗਵੇਂ ਕਪੜੇ ਪਾਉਣ ਲਈ ਪ੍ਰੇਰਿਆ ਹੋਇਆ ਸੀ। ਬੰਗਾਲ ਦਾ ਰਾਜਾ ਗੋਪੀ ਚੰਦ ਅਤੇ ਰਾਣੀ ਮੈਨਾਮਤੀ, ਉਜੈਨ ਦਾ ਭਰਥਰੀ ਹਰੀ, ਸਿਆਲਕੋਟ ਦਾ ਪੂਰਨ ਭਗਤ (ਚੌਰੰਗੀ ਨਾਥ) ਅਤੇ ਰਾਜਾ ਰਸਾਲੂ ਆਦਿ ਅਜਿਹੇ ਉਦਾਹਰਨ ਹਨ ਜਿਨ੍ਹਾਂ ਨੇ ਰਾਜ ਭਾਗ ਦੇ ਸਾਰੇ ਸੁਖਾਂ ਨੂੰ ਛੱਡ ਕੇ ਯੋਗ ਮਾਰਗ ਧਾਰਨ ਕਰ ਲਿਆ ਸੀ। ਗੋਰਖ ਨਾਥ, ਜਲੰਧਰ ਨਾਥ, ਆਦਿ ਇਨ੍ਹਾਂ ਨੂੰ ਦੀਖਿਆ ਦੇਣ ਵਾਲੇ ਸਨ। ਬੰਗਾਲ ਦੇ ਰਾਜੇ ਗੋਪੀਚੰਦ ਦੇ ਸਿੰਘਾਸਣ ਛੱਡਣ ਨੇ ਤਾਂ ਸਾਰੇ ਭਾਰਤ ਵਿਚ ਸਨਸ਼ਨੀ ਫੈਲਾ ਦਿੱਤੀ ਸੀ।"[49]

2. **ਉਦਾਸੀ:** ਉਦਾਸੀ (ਉਦਾਸਿ) ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਵਿਰਕਤ, ਜੋ ਵਿਅਕਤੀ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਵੇ। ਪ੍ਰਾਚੀਨ ਕਾਲ ਵਿਚ ਆਸ਼ਰਮ-ਵਿਵਸਥਾ ਦੇ ਚਾਰ ਵਿਕਾਸ-ਕਰਮਾਂ ਵਿਚੋਂ ਤੀਜਾ ਵਾਨਪ੍ਰਸਥ ਸੀ। ਮਨੂ ਸਿਮ੍ਰਿਤੀ(6/1-2) ਅਨੁਸਾਰ ਵਿਅਕਤੀ ਨੂੰ ਸੰਸਾਰਿਕ ਕਾਰਜਾਂ ਤੋਂ ਉਦਾਸੀਨ ਹੋ ਕੇ ਤਪ, ਵੇਦ-ਅਧਿਐਨ, ਯੱਗ, ਦਾਨ, ਆਦਿ ਕਰਕੇ ਬਨ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਵਾਨਪ੍ਰਸਥ ਦੀ ਅਵਧ ਸਮਾਪਤ ਹੋਣ ਤੋਂ ਬਾਦ ਸੰਨਿਆਸ ਆਸ਼ਰਮ ਵਿਚ ਪ੍ਰਵੇਸ਼ ਕਰਨਾ ਹੁੰਦਾ ਹੈ।'ਮਨੂ-ਸਿਮ੍ਰਿਤੀ'(6/33) ਅਨੁਸਾਰ ਇਸ ਵਿਚ ਵਿਅਕਤੀ ਨੂੰ ਸੰਸਾਰਿਕ ਸੰਬੰਧਾਂ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਅਤੇ ਅ-ਨਾਗਰਿਕ ਹੋ ਕੇ ਇਕ ਥਾਂ ਤੋਂ ਦੂਜੀ ਥਾਂ ਤੇ ਘੁੰਮਦੇ ਰਹਿਣਾ ਚਾਹੀਦਾ ਹੈ। ਕਾਲਾਂਤਰ ਵਿਚ, ਸੰਨਿਆਸ-ਆਸ਼ਰਮ ਦੀ ਅਵਸਥਾ ਵਿਚ ਪਹੁੰਚਣ ਤੋਂ ਇਲਾਵਾ ਵੀ ਕਈ ਲੋਕ ਸੰਨਿਆਸੀ ਬਣ ਜਾਂਦੇ ਹਨ। ਇਸ ਤਰ੍ਹਾਂ ਦੇ ਕਈ ਸੰਨਿਆਸੀ ਦਲ ਭਾਰਤ ਵਿਚ ਪ੍ਰਾਚੀਨ ਦਲ ਤੋਂ ਮੌਜੂਦ ਸਨ। ਉਨ੍ਹਾਂ ਤੋਂ ਬੈਰਾਗੀ,

---

48 ਡਾ.ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨ ਦਾ ਸਰੂਪ, ਪੰਨਾ 24

49 ਡਾ. ਅਮਰਜੀਤ ਸਿੰਘ ਗਰੇਵਾਲ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ 154.

ਕਾਪੜੀ, ਨਾਗ਼ੇ, ਉਦਾਸੀ, ਮੋਨੀ ਆਦਿ ਨਾਂ ਵਾਲੇ ਕਈ ਵਰਗ-ਉਪਵਰਗ ਪ੍ਰਚਲਿਤ ਹੋ ਗਏ। ਇਨ੍ਹਾਂ ਵਲ ਹੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ।[50] ਗੁਰਬਾਣੀ ਉਦਾਸੀਆਂ ਦੇ ਮਾਰਗ ਦਾ ਖੰਡਨ ਕਰਦੀ ਹੈ। ਗੁਰੂ ਅਰਜਨ ਸਾਹਿਬ ਵਿਚਾਰ ਦਿੰਦੇ ਹਨ ਕਿ ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁਖ ਕਾਰ ਕਰਦੇ ਹਨ, ਇਕ ਜਿਹੜੇ ਘਰ-ਬਾਰ ਤਿਆਗ ਕੇ ਬੈਰਾਗੀ ਬਣੇ ਫਿਰਦੇ ਹਨ। ਦੂਸਰੇ ਘਰ ਬਾਰ ਵਿਚ ਰਹਿ ਜੀਵਨ ਬਤੀਤ ਕਰਦੇ ਹਨ ਉਹ ਗ੍ਰਿਹਸਥੀ ਕਹਾਉਂਦੇ ਹਨ। ਘਰ ਬਾਰ ਵਾਲੇ ਮਿਹਨਤ ਕਰਕੇ ਰਜੇ ਹੋਏ ਹਨ ਪਰ ਉਦਾਸੀ ਇਹਨਾਂ ਦੇ ਘਰ ਜਾ ਕੇ ਮੰਗਦੇ ਫਿਰਦੇ ਪਰ ਫਿਰ ਵੀ ਤ੍ਰਿਪਤ ਨਹੀਂ ਹੁੰਦੇ। ਇਸ ਕਰਕੇ ਉਦਾਸੀ ਤੋਂ ਵਡਾ ਧਰਮੀ ਗ੍ਰਿਹਸਥ ਵਾਲਾ ਹੀ ਹੈ ਜੋ ਇਹਨਾਂ ਦਾ ਵੀ ਪੇਟ ਭਰਦਾ ਹੈ:

ਇਕਿ ਉਪਾਏ ਵਡ ਦਰਵਾਰੀ ॥ਇਕਿ ਉਦਾਸੀ ਇਕਿ ਘਰ ਬਾਰੀ ॥

ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥੩॥[51]

3. **ਬੈਰਾਗੀ:** "ਬੈਰਾਗੀ ਸ਼ਬਦ ਸੰਸਕ੍ਰਿਤ ਦੇ 'ਵੈਰਾਗਿਨ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਅਰਥ ਹੈ ਜਿਸ ਨੇ ਜਾਗਤਿਕ ਪਦਾਰਥਾਂ ਪ੍ਰਤਿ ਉਦਾਸੀਨਤਾ ਦੀ ਭਾਵਨਾ ਵਿਕਸਤ ਕੀਤੀ ਹੋਏ।"[52] ਇਹ ਵੈਸ਼ਨੋ ਸਾਧੂਆਂ ਦਾ ਇਕ ਫ਼ਿਰਕਾ ਹੈ। ਭਾਵੇਂ ਇਸ ਸੰਪਰਦਾਇ ਦਾ ਮੁੱਢ ਰਾਮਾਨੁਜ ਦੇ ਸਮੇਂ, ਗਿਆਰ੍ਹਵੀਂ ਬਾਰ੍ਹਵੀਂ ਸਦੀ ਵਿਚ ਬਝ ਗਿਆ ਸੀ ਪਰ ਉਤਰ ਭਾਰਤ ਵਿਚ ਇਸ ਸੰਪਰਦਾਇ ਦਾ ਮੋਢੀ ਰਾਮਾਨੰਦ ਨੂੰ ਮੰਨਿਆ ਜਾਂਦਾ ਹੈ, ਜੋ ਚੌਦ੍ਹਵੀਂ ਸਦੀ ਵਿਚ ਹੋਇਆ।

4. **ਬਿਹੰਗਮ:** ਬਿਹੰਗਮ ਤੋਂ ਭਾਵ ਅਜਿਹਾ ਮਨੁਖ ਹੈ ਜੋ ਪੰਛੀਆਂ ਵਾਂਗ ਬਿਰਤੀ ਰਖੇ। ਇਸ ਜਗਤ ਨੂੰ ਇਸ ਤਰ੍ਹਾਂ ਸਮਝੇ ਜਿਸ ਤਰ੍ਹਾਂ ਰਾਤ ਕੱਟਣ ਦਾ ਟਿਕਾਣਾ ਹੁੰਦਾ ਹੈ। ਬਿਹੰਗਮ ਦੀ ਬਿਰਤੀ ਮੋਹ ਮਾਇਆ ਤੋਂ ਉਚੀ ਹੋਵੇ ਅਤੇ ਜੋ ਪੰਛੀ ਦੀ ਤਰ੍ਹਾਂ ਕਿਸੇ ਥਾਂ ਟਿਕਾਣੇ, ਘਰ ਪਰਿਵਾਰ, ਜੀਵਨ ਦੀਆਂ ਜ਼ਰੂਰਤਾਂ ਆਦਿਕ ਤੋਂ ਵਿਰਕਤ ਹੋਵੇ। ਇਹ ਆਪਣੀਆਂ ਲੋੜਾਂ ਨੂੰ ਸੀਮਤ ਕਰ ਕੇ ਸਮਾਜ ਤੋਂ ਉਪਰਾਮ ਰਹਿੰਦੇ ਹਨ।

ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ ॥

ਰਹੈ ਬਿਹੰਗਮ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥੯॥[53]

ਗੁਰਬਾਣੀ ਅਨੁਸਾਰ ਬਿਹੰਗਮ ਉਹ ਹੈ ਜੋ ਗੁਰੂ ਦੇ ਗਿਆਨ ਰਾਹੀਂ ਪਰਮਾਤਮਾ ਨਾਲ ਜੁੜ ਜਾਵੇ। ਉਸ ਤੋਂ ਬਿਨਾਂ ਹੋਰ ਕਿਤੇ ਨਾ ਭਟਕੇ ਅਤੇ ਉਸ ਨੂੰ ਹਿਰਦੇ ਵਿਚ ਟਿਕਾ ਕੇ ਰਖੇ।

---

50 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼(ਪਹਿਲਾ ਭਾਗ), ਪੰਨਾ 86.

51 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1077.

52 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ 302.

53 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 340.

ਉਪਰੋਕਤ ਵਰਣਨ ਤੋਂ ਸਪਸ਼ਟ ਹੁੰਦਾ ਹੈ ਕਿ ਯੋਗੀ ਸਮਾਜ ਤੇ ਸਭਿਆਚਾਰ ਤੋਂ ਟੁਟੇ ਹੋਏ ਸਨ। ਬਾਹਰ ਜੰਗਲਾਂ ਵਿਚ ਰਹਿਣਾ ਤੇ ਘੋਰ ਤਪਸਿਆ ਕਰਨਾ ਹੀ ਇਹਨਾਂ ਦੇ ਜੀਵਨ ਦਾ ਉਦੇਸ਼ ਬਣ ਕੇ ਰਹਿ ਗਿਆ ਸੀ। ਗੁਰਬਾਣੀ ਇਹਨਾਂ ਦੇ ਫ਼ਲਸਫ਼ੇ ਤੇ ਸਾਧਨਾ ਦੀ ਕਰੜੀ ਨਿੰਦਿਆ ਕਰਦੀ ਹੈ। ਗੁਰੂ ਅਰਜਨ ਸਾਹਿਬ ਪਰਮਾਤਮਾ ਨੂੰ ਹਰ ਥਾਂ ਵਿਆਪਕ ਦਸਦੇ ਹਨ। ਜਿਹੜਾ ਸੰਸਾਰ ਵਿਚ ਵਿਚਰ ਰਿਹਾ ਹੈ ਅਤੇ ਸੰਸਾਰ ਦੇ ਕਾਰ ਵਿਹਾਰ ਕਰ ਰਿਹਾ। ਉਹ ਜੋਗੀਆਂ ਵਿਚ ਪੂਰਨ ਜੋਗੀ ਹੈ ਪਰ ਸੰਸਾਰ ਤੋਂ ਵਖ ਨਹੀਂ ਹੈ ਸਗੋਂ ਜੋਗੀ ਹੋ ਕੇ ਵੀ ਸੰਸਾਰ ਨੂੰ ਭੋਗ ਰਿਹਾ ਹੈ:

ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥
ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥੩॥ [54]

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਤੁਸੀਂ ਗ੍ਰਿਹਸਥੀਆਂ ਦੀ ਨਿੰਦਿਆ ਕਰਦੇ ਹੋ ਕਿ ਇਹ ਨਰਕ ਦੇ ਦਰਵਾਜ਼ੇ 'ਤੇ ਜਾਣਗੇ ਪਰ ਤੁਸੀਂ ਉਹਨਾਂ ਦੇ ਹੀ ਘਰ ਮੰਗਣ ਤੁਰ ਪੈਂਦੇ ਹੋ। ਇਸ ਲਈ ਤੁਸੀਂ ਵੀ ਉਹਨਾਂ ਦੇ ਨਰਕ ਦਾ ਹਿਸਾ ਹੋ। ਕੰਨ ਪੜਵਾ ਕੇ ਫਿਰਨ ਨਾਲ ਕੋਈ ਆਤਮਕ ਲਾਭ ਨਹੀਂ ਮਿਲਣਾ। ਅਜਿਹੀ ਜੁਗਤ ਨਾਲ ਭਟਕਣਾ ਤੋਂ ਬਿਨਾਂ ਹੋਰ ਕੁਝ ਨਹੀਂ ਹੋਣ ਵਾਲਾ ਧੁਪ ਤੇ ਛਾਂ ਬਰਾਬਰ ਹੀ ਹਨ। ਇਸ ਲਈ ਜੋ ਪਰਮਾਤਮਾ ਵਰਤਾਅ ਰਿਹਾ ਹੈ ਉਹੀ ਸਚ ਹੈ। ਉਸ ਤੋਂ ਬਿਨਾਂ ਨਾ ਕੋਈ ਸੰਸਾਰੀ ਹੈ ਨਾ ਅਵਧੂਤ। ਕਿਰਤ ਕਰਨ ਨਾਲ ਹੀ ਜੀਵਨ ਜੁਗਤ ਦੀ ਸੋਝੀ ਪ੍ਰਾਪਤ ਹੁੰਦੀ ਹੈ ਅਤੇ ਵਿਕਾਰਾਂ ਦੀ ਮੈਲ ਖ਼ਤਮ ਹੋਣੀ ਹੈ:

ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ਕੰਨ ਪੜਾਇ ਕਿਆ ਖਾਜੈ ਭੁਗਤਿ ॥
ਆਸਤਿ ਨਾਸਤਿ ਏਕੋ ਨਾਉ ॥ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥
ਛਿਅ ਵਰਤਾਰੇ ਵਰਤਹਿ ਪੂਤ ॥ਨਾ ਸੰਸਾਰੀ ਨਾ ਅਉਧੂਤ ॥
ਨਿਰੰਕਾਰਿ ਜੋ ਰਹੈ ਸਮਾਇ ॥ਕਾਹੇ ਭੀਖਿਆ ਮੰਗਣਿ ਜਾਇ ॥੨॥[55]

ਸੰਸਾਰ ਤੋਂ ਦੂਰ ਜੰਗਲਾਂ ਵਿਚ ਚਲੇ ਜਾਣਾ, ਪਾਟੀ ਗੋਦੜੀ ਪਹਿਨਣੀ, ਹਥ ਵਿਚ ਡੰਡਾ ਫੜ ਲੈਣਾ ਅਤੇ ਸਰੀਰ 'ਤੇ ਸੁਆਹ ਮਲ ਲੈਣੀ ਯੋਗ ਨਹੀਂ ਹੈ। ਸਗੋਂ ਸੰਸਾਰ ਵਿਚ ਮਾਇਆ ਤੋਂ ਨਿਰਲੇਪ ਰਹਿੰਦਿਆਂ ਤੇ ਜੀਵਨ ਜਿਊਣਾ ਹੀ ਯੋਗ ਹੈ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥

---

[54] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 507.

[55] ਉਹੀ, ਪੰਨਾ 953.

……………………………………………

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ [56]

## 3.4 ਭਗਤੀ ਮਾਰਗ :

ਭਗਤੀ ਸ਼ਬਦ ਦੇ ਕੋਸ਼ਗਤ ਅਰਥ ਹਨ ਵਿਭਾਗ, ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ, ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸਨਾ ਆਦਿ। ਪਰ ਅਜਿਹੇ ਸ਼ਾਬਦਿਕ ਅਰਥਾਂ ਨਾਲ ਭਗਤੀ ਦੀ ਵਾਸਤਵਿਕ ਪ੍ਰਕ੍ਰਿਤੀ ਨਹੀਂ ਜਾਣੀ ਜਾ ਸਕਦੀ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਭਗਤੀ ਦੇ ਆਚਾਰੀਆ ਦੁਆਰਾ ਦਿਤੀ ਗਈ ਭਗਤੀ ਦੀ ਪਰਿਭਾਸ਼ਾ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ ਪਰ ਉਸ ਤੋਂ ਪਹਿਲਾਂ ਭਗਤੀ ਸ਼ਬਦ ਦੀ ਉਤਪਤੀ ਵੇਖ ਲੈਣੀ ਜ਼ਰੂਰੀ ਹੈ।

ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਯਸੇਵਾਯਾਮ' ਤੋਂ ਪਾਣਿਨੀ ਦੇ ਸੂਤਰ 'ਇਸਤਰੀਆਂ ਕਤਿਨ' (ਨੰ.3/3/94)ਦੇ ਅਨੁਸਾਰ 'ਕਤਿਨ' ਪ੍ਰਤਿਯੈ ਜੋੜਨ ਨਾਲ ਬਣਿਆ ਹੈ। ਪ੍ਰਤਿਯੈ ਦਾ ਅਰਥ 'ਪ੍ਰੇਮ' ਅਤੇ ਧਾਤੂ ਦਾ ਅਰਥ 'ਸੇਵਾ' ਕਰਨਾ ਹੈ। ਸਾਧਾਰਨ ਨਿਯਮ ਇਹ ਹੈ ਕਿ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ ਇਕ ਸੰਪੂਰਨ ਅਰਥ ਉਜਾਗਰ ਹੁੰਦਾ ਹੈ। ਇੰਜ ਭਗਤੀ ਦਾ ਅਰਥ ਹੋਇਆ 'ਪ੍ਰੇਮ ਭਾਵ ਨਾਲ ਸੇਵਾ ਕਰਨਾ'।[57] ਸੂਰਜ ਦੀ ਪੂਜਾ ਆਦਿ ਕਾਲ ਵਿਚ ਹੀ ਸ਼ੁਰੂ ਹੋ ਗਈ ਸੀ। ਵੇਦਾਂ ਵਿਚ ਸੂਰਜ ਪ੍ਰਤੀ ਮਿਲਦੇ ਉਲੇਖਾਂ ਤੋਂ ਪਤਾ ਚਲਦਾ ਹੈ ਕਿ ਵੈਦਿਕ ਕਾਲ ਵਿਚ ਇਸ ਦੇਵਤਾ ਦੀ ਕਾਫ਼ੀ ਮਨੌਤ ਸੀ। ਸੂਰਜ ਦੇਵਤੇ ਦੇ ਕਈ ਮੰਦਿਰ ਭਾਰਤ ਵਿਚ ਮਿਲਦੇ ਹਨ। ਮਧਕਾਲ ਵਿਚ ਵੀ ਇਸ ਦੀ ਪੂਜਾ ਕਾਫ਼ੀ ਪ੍ਰਚਲਿਤ ਰਹੀ। ਸੂਰਜ ਬਾਰੇ ਲੋਕਾਂ ਵਿਚ ਕਈ ਵਹਿਮ-ਭਰਮ ਪਾਏ ਜਾਂਦੇ ਹਨ; ਜਿਵੇਂ ਸੂਰਜ ਸ੍ਰਿਸ਼ਟੀ ਵਿਚ ਸਭ ਤੋਂ ਵਧ ਪ੍ਰਚਲਿਤ ਤੇ ਤੇਜਸਵੀ ਹੈ ਤਾਂ ਹੀ ਲੋਕ ਆਪਣਾ ਪ੍ਰਤਾਪ ਵਧਾਉਣ ਲਈ ਇਸ ਦੀ ਉਪਾਸਨਾ ਕਰਦੇ ਹਨ। ਔਰਤਾਂ ਵਲੋਂ ਇਸ ਨੂੰ ਔਲਾਦ ਲੈਣ ਲਈ ਵੀ ਪੂਜਿਆ ਜਾਂਦਾ ਹੈ। ਸੂਰਜ ਕਈ ਰੋਗਾਂ ਨੂੰ ਠੀਕ ਕਰ ਦਿੰਦਾ ਹੈ। ਆਮ ਕਰ ਕੇ ਸੰਗਰਾਂਦ ਨੂੰ ਇਸ ਦੀ ਪੂਜਾ ਕੀਤੀ ਜਾਂਦੀ ਹੈ। ਸੂਰਜ ਦੇ ਚਕਰ ਦਾ ਰੁਖ ਪੂਰਬ ਤੋਂ ਸ਼ੁਰੂ ਹੋ ਕੇ ਪਛਮ ਵਿਚ ਪੂਰਾ ਹੁੰਦਾ ਹੈ। ਇਸੇ ਅਧਾਰ 'ਤੇ ਧਰਮ ਅਸਥਾਨਾਂ ਦੀ ਪਰਿਕਰਮਾ, ਵਿਆਹ ਵੇਲੇ ਫੇਰੇ ਤੇ ਮਾਲਾ ਦੇ ਮਣਕੇ ਵੀ ਇਸੇ ਅਨੁਸਾਰ ਫੇਰੇ ਜਾਂਦੇ ਹਨ। ਇਸੇ ਦਿਸ਼ਾ ਵਲ ਮੂੰਹ ਕਰ ਕੇ ਹਿੰਦੂ ਪੂਜਾ ਅਰਚਾ ਜਾਂ ਕੋਈ ਵੀ ਸ਼ੁਭ ਕੰਮ ਕਰਦੇ ਹਨ।

### 3.4.1 ਭਗਤੀ ਦੇ ਪ੍ਰਕਾਰ :

ਪ੍ਰਾਚੀਨ ਭਾਰਤੀ ਵਿਦਵਾਨਾਂ ਅਨੁਸਾਰ ਭਗਤੀ ਕਈ ਪ੍ਰਕਾਰ ਦੀ ਮੰਨੀ ਗਈ ਹੈ, ਪਰ ਇਹਨਾਂ ਸਭ

---

[56] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730

[57] ਉਦਰਿਤ, ਮਨਮੋਹਨ ਸਿੰਘ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ 1

ਵਿਚ 'ਨਵਧਾ ਭਗਤੀ' ਸਭ ਤੋਂ ਵਧ ਪ੍ਰਚਲਿਤ ਹੈ ਜਿਸ ਤੋਂ ਭਾਵ ਹੈ ਨੌਂ ਤਰ੍ਹਾਂ ਦੀ ਭਗਤੀ। ਭਾਗਵਤ ਪੁਰਾਣ ਵਿਚ (7/5/23) ਨਵਧਾ ਭਗਤੀ ਹੇਠਾਂ ਦਿਤੀ ਗਈ ਹੈ, ਜਿਸ ਦੀ ਵਿਆਖਿਆ ਰੂਪ-ਗੋਸੁਆਮੀ ਨੇ ਇਸ ਤਰ੍ਹਾਂ ਕੀਤੀ ਹੈ:

1. ਸ੍ਰਵਣ- ਭਗਵਾਨ ਦੇ ਨਾਮ, ਚਰਿਤਰ ਅਤੇ ਗੁਣਾਂ ਨੂੰ ਸੁਣਨਾ।
2. ਕੀਰਤਨ- ਭਗਵਾਨ ਦੇ ਨਾਮ, ਲੀਲ੍ਹਾ ਅਤੇ ਗੁਣਾਂ ਨੂੰ ਉਚੇ ਸੁਰਾਂ ਵਿਚ ਕਥਨ ਕਰਨਾ।
3. ਸ੍ਮਰਣ- ਭਗਵਾਨ ਦਾ ਮਨ ਨਾਲ ਜਿਵੇਂ ਕਿਵੇਂ ਸੰਬੰਧ ਸਥਾਪਿਤ ਕਰਨਾ।
4. ਪਦ-ਸੇਵਨ- ਭਗਵਾਨ ਦੇ ਸਰੀਰ(ਮੂਰਤੀ) ਦੀ ਚਰਨ ਸੇਵਾ।
5. ਪੂਜਾ-ਅਰਚਾ- ਭਗਵਾਨ ਦੇ ਸਰੀਰ(ਮੂਰਤੀ) ਦੀ ਪੂਜਾ।
6. ਵੰਦਨ- ਸਤੋਤ੍ਰ ਨਾਲ ਭਗਵਾਨ ਦੀ ਉਸਤਤੀ ਕਰਨੀ।
7. ਦਾਸਜ- ਭਗਵਾਨ ਨੂੰ ਸਭ ਤਰ੍ਹਾਂ ਦੇ ਕਰਮ ਅਰਪਿਤ ਕਰਨੇ।
8. ਸਖਜ- ਭਗਵਾਨ ਵਿਚ ਅਟਲ ਵਿਸ਼ਵਾਸ ਅਤੇ ਉਸ ਪ੍ਰਤਿ ਮਿਤਰਤਾ ਭਾਵ ਸਥਾਪਿਤ ਕਰਨਾ ਅਤੇ
9. ਆਤਮ-ਨਿਵੇਦਨ- ਭਗਵਾਨ ਦੀ ਸੇਵਾ ਵਿਚ ਆਪਣੀ ਆਤਮਾ ਅਰਪਿਤ ਕਰਨੀ।[58]

"ਗੀਤਾ ਵਿਚ ਚਾਰ ਪ੍ਰਕਾਰ ਦੇ ਭਗਤਾਂ ਦਾ ਜ਼ਿਕਰ ਹੈ । ਆਰਤ ਭਗਤ— ਆਰਤ ਭਗਤ ਹਨ ਜੋ ਦੁਨੀਆ ਦੇ ਦੁੱਖਾਂ ਕਲੇਸ਼ਾਂ ਤੇ ਸੋਗ ਦਵੈਸ਼ ਤੋਂ ਬਚਣ ਲਈ ਪਰਮਾਤਮਾ ਦੀ ਓਟ ਲੈਂਦੇ ਹਨ। ਅਰਥੀ— ਅਰਥੀ ਉਹ ਭਗਤ ਹਨ ਜੋ ਜਗ ਦੇ ਆਰਥਿਕ ਲਾਭ ਲਈ ਉਸ ਦੀ ਸ਼ਰਨ ਲੈਂਦੇ ਹਨ। ਜਗਿਆਸੂ— ਜਗਿਆਸੂ ਉਹ ਭਗਤ ਹਨ ਜੋ ਗਿਆਨ ਦੀ ਇਛਾ ਕਰਕੇ ਉਸ ਦੀ ਸ਼ਰਨ ਲੈਂਦੇ ਹਨ। ਗਿਆਨੀ— ਗਿਆਨੀ ਉਹ ਹਨ ਜੋ ਗਿਆਨ ਦੇ ਚਾਨਣ ਦੁਆਰਾ ਪਰਮਾਤਮਾ ਦੇ ਚਰਨ ਕੰਵਲ ਸੇਵਦੇ ਹਨ।" [59]

ਭਗਤ ਰਤਨਾਵਲੀ ਵਿਚ ਭਾਈ ਮਨੀ ਨੇ ਭਗਤੀ ਯੋਗ ਹੇਠ ਲਿਖੇ ਅਠ ਅੰਗ ਦੱਸੇ ਹਨ:

"ਪ੍ਰਿਥਮੇ ਯਮ ਜੋ ਆਪਣੇ ਮਨ ਨੂੰ ਨੀਵਾਂ ਰੱਖਣਾ, ਕਿਸੇ ਗੁਣ ਦੇ ਅਭਿਮਾਨ ਕਰ ਕੈ ਗਰਭ ਨਾ ਲਿਆਵਣਾ, ਦੂਸਰਾ ਨੇਮ, ਜੋ ਸਾਧੁ ਸੰਗਤਿ ਵਿਖੇ ਕਥਾ ਕੀਰਤਨ ਵਿਚ ਮਨ ਨੂੰ ਠਹਿਰਾਵਣਾ, ਜੇ ਪੜ੍ਹਨ ਦੀ ਸ਼ਕਤਿ ਹੋਵੈ ਤਾਂ ਨੇਮ ਨਾਲ ਪੜ੍ਹਨਾ ਯਾ ਨੇਮ ਨਾਲ ਸੁਣਨਾ, ਤੀਸਰਾ ਏਕਾਂਤ ਦੇਸ਼ ਏਹੁ ਹੈ, ਜੋ ਸਰਬ ਵਿਖੈ ਇਕ ਗੋਬਿੰਦ ਜਾਣਨਾ। ਚੌਥਾ ਆਸਣ ਏਹੁ ਹੈ, ਜੋ ਕਰਤਾਰ ਵਿਖੈ ਇਕ ਵ੍ਰਿੱਤਿ ਨੂੰ ਇਸਥਿਤ ਕਰਨਾ, ਪੰਚਵਾਂ ਪ੍ਰਾਣਾਯਾਮ ਇਹੁ ਹੈ, ਜੋ ਗੁਰਾਂ ਦੇ ਬਚਨਾਂ ਨੇ ਸੁਣ ਕੇ ਮਨ ਵਿਖੈ ਇਕੱਤ੍ਰ ਸਮਝਣੇ ਪੂਰਕ, ਗੁਰਾਂ ਦੇ ਬਚਨਾਂ ਨੂੰ

---

58 ਉਦਰਿਤ, ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਨੇ 525-526

59 ਸ੍ਰੀਮਦਭਗਵਦ ਗੀਤਾ, ਅਧਿਆਇ 7, ਸਲੋਕ 16.

ਸਦਾ ਰਿਦੇ ਵਿਖੈ ਵਸਾਉਣਾ ਕਦੇ ਤਿਆਗ ਨਾ ਕਰਨਾ ਕੁੰਭਕ, ਗੁਰਾਂ ਦੇ ਬਚਨਾਂ ਕਰ ਕੈ ਜੋ ਪਦਾਰਥ ਤਿਆਗਣੇ ਕਹੇ ਹਨ, ਤਿੰਨ ਕਾ ਤਯਾਗ ਕਰਨਾ, ਰੇਚਕ ਹੈ। ਛਠਵਾਂ ਧਯਾਨ ਇਹੁ ਹੈ, ਜੋ ਗੁਰਾਂ ਦੇ ਬਚਨ ਸੁਣਨ ਪੜ੍ਹਨ ਬੈਠੇ ਧਯਾਨ ਉਨ੍ਹਾਂ ਦੇ ਅਰਥ ਵਿਖੈ ਰੱਖੇ ,ਕੋਈ ਸੰਕਲਪ ਮਨ ਵਿਚ ਫੁਰਣ ਨਾ ਦੇਵੇ। ਸੱਤਵਾਂ ਧਾਰਣਾ ਇਹੁ ਹੈ, ਜੋ ਮਨ ਕਿਸੇ ਸੰਕਲਪ ਨੂੰ ਧਾਵੇ ਭੀ, ਫੇਰ ਮਨ ਨੂੰ ਆਣ ਕੈ ਸ਼ਬਦ ਵਿਖੈ ਜੋੜੇ। ਅਸ਼ਟਮ ਸਮਾਧਿ ਏਹੁ ਹੈ, ਜੋ ਦੁਇ ਚਾਰ ਘੜੀਆਂ ਜਿਤ ਵੇਲੇ ਮਨ ਸ਼ਬਦ ਵਿਚ ਠਹਿਰਿਆ। ਇਸ ਸਮਾਧਿ ਨੂੰ ਅਭਯਾਸ ਕਰਕੇ ਰੋਜ਼ ਵਧਾਏ। ਸਵਿਕਲਪਕ ਸਮਾਧਿ ਇਹੁ ਹੈ, ਜੋ ਜਾਣੇ ਮੈਂ ਸ਼ਬਦ ਦੇ ਸੁਣਨੇ ਵਾਲਾ ਹੈ ਤੇ ਸ਼ਬਦ ਦੇ ਅਰਥ ਭੀ ਸਮਝੀਐ, ਨਿਰਵਿਕਲਪ ਸਮਾਧਿ ਇਹੁ ਹੈ, ਜੋ ਸ਼ਬਦ ਦੇ ਤਾਤਪਰਯ ਵਿਖੈ ਮਨ ਠਹਿਰਾਵੇ, ਇਹੁ ਭਗਤਿ ਜੋਗ ਹੈ।" [60]

ਇਸਲਾਮ ਧਰਮ ਵੀ ਭਗਤੀ ਮਾਰਗ ਦੀ ਹਾਮੀ ਭਰਦਾ ਹੈ। 'ਲਾ ਇਲਾਹ ਇਲੱਲਾਹ ਮੁਹੰਮਦ ਰਸੂਲ ਅੱਲਾਹ' ਇਸਲਾਮ ਦਾ ਮੂਲ ਮੰਤਰ ਹੈ ਜਿਸ ਦਾ ਅਰਥ ਹੈ, 'ਅੱਲਾ ਤੋਂ ਸਿਵਾਇ ਹੋਰ ਕੋਈ ਪੂਜਣਯੋਗ ਨਹੀਂ ਅਤੇ ਮੁਹੰਮਦ ਉਸ ਦੇ ਰਸੂਲ ਹਨ। ਕੇਵਲ ਗੱਲਾਂ ਨੂੰ ਮੰਨਣ ਨਾਲ ਕੋਈ ਆਦਮੀ ਪੱਕਾ ਮੁਸਲਮਾਨ ਨਹੀਂ ਹੋ ਜਾਂਦਾ, ਉਸ ਨੂੰ ਇਹ ਮੰਨਣਾ ਪੈਂਦਾ ਹੈ ਕਿ ਮੁਹੰਮਦ ਅੱਲ੍ਹਾ ਦੇ ਨਬੀ, ਰਸੂਲ ਅਤੇ ਪੈਗ਼ੰਬਰ ਹਨ। ਇਸ ਤੋਂ ਬਾਅਦ ਕੁਰਾਨ ਹਰ ਮੁਸਲਮਾਨ ਲਈ ਪੰਜ ਧਾਰਮਿਕ ਕਰਮ ਨਿਰਧਾਰਿਤ ਕਰਦਾ ਹੈ। ਇਹ ਕਰਮ ਹਨ:

> "(1) **ਕਲਮਾ ਪੜ੍ਹਨਾ**: ਅਰਥਾਤ ਇਸ ਮੰਤਰ ਨੂੰ ਪੱਕਾ ਕਰਨਾ ਕਿ ਈਸ਼ਵਰ ਇਕ ਹੈ ਅਤੇ ਮੁਹੰਮਦ ਉਸ ਦੇ ਰਸੂਲ ਹਨ (ਲਾ ਇਲਾਹ ਇਲੱਲਾਹ ਮੁਹੰਮਦ ਰਸੂਲ ਅੱਲਾਹ) ਇਸਲਾਮ ਦਾ ਇੱਕਈਸ਼ਵਰਵਾਦ (ਤੌਹੀਦ) ਇਸੇ ਮੰਤਰ ਤੇ ਅਧਾਰਿਤ ਹੈ, ਇਸ ਲਈ ਇਸ ਦੇ ਸਿਮਰਨ ਦੀ ਇਸਲਾਮ ਵਿਚ ਬਹੁਤ ਮਹਿਮਾ ਹੈ।
>
> (2) **ਨਮਾਜ਼ ਪੜ੍ਹਨਾ** : ਅਰਥਾਤ ਹਰ ਰੋਜ਼ ਪੰਜ ਵਾਰ ਭਗਵਾਨ ਕੋਲ ਪ੍ਰਾਰਥਨਾ ਕਰਨਾ। ਇਸ ਨੂੰ ਸਲਾਤ ਵੀ ਕਹਿੰਦੇ ਹਨ।
>
> (3) **ਰੋਜ਼ਾ ਰੱਖਣਾ**: ਅਰਥਾਤ ਰਮਜ਼ਾਨ ਦਾ ਮਹੀਨਾ ਭਰ ਕੁਵਲ ਇਕ ਵਾਰ ਸ਼ਾਮ ਨੂੰ ਖਾਣਾ ਖਾਣਾ ਅਤੇ ਉਹ ਵੀ ਸੂਰਜ ਛਿਪਣ ਤੋਂ ਬਾਅਦ। ਰਮਜ਼ਾਨ ਮਹੀਨਾ ਇਸ ਲਈ ਚੁਣਿਆ ਗਿਆ ਕਿ ਇਸੇ ਮਹੀਨੇ ਵਿਚ ਪਹਿਲੇ-ਪਹਿਲ ਕੁਰਾਨ ਉਤਰਿਆ ਸੀ।
>
> (4) **ਜ਼ਕਾਤ** : ਅਰਥਾਤ ਆਪਣੀ ਵਾਰਸ਼ਿਕ ਆਮਦਨ ਦਾ ਚਾਲੀਵਾਂ ਹਿੱਸਾ (ਢਾਈ

---

[60] ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ (ਭਾਗ ਦੂਜਾ), ਪੰਨੇ 531-32.

ਪ੍ਰਤੀਸ਼ਤ) ਦਾਨ ਵਿਚ ਦੇਣਾ।

(5) **ਹੱਜ** : ਅਰਥਾਤ ਤੀਰਥਾਂ ਤੇ ਜਾਣਾ। ਪਹਿਲਾਂ ਇਹ ਤੀਰਥ ਕੇਵਲ ਮੱਕੇ ਅਤੇ ਮਦੀਨੇ ਵਿਚ ਸਨ ਹੁਣ ਸੰਤਾਂ ਦੀਆਂ ਸਮਾਧੀਆਂ ਨੂੰ ਵੀ ਮੁਸਲਮਾਨ ਤੀਰਥ ਮੰਨਦੇ ਹਨ।"[61]

**ਗੁਰਮਤਿ ਦਾ ਸਾਧਨਾ ਮਾਰਗ:** ਗੁਰਮਤਿ ਵਿਚ ਪ੍ਰੇਮਾ ਭਗਤੀ ਨੂੰ ਪ੍ਰਮੁਖ ਮੰਨਿਆ ਗਿਆ ਹੈ। ਜੰਗਲਾਂ ਜਾਂ ਸਮਾਜ ਤੋਂ ਉਪਰਾਮ ਹੋ ਕੇ ਤਪ ਸਾਧਨਾ ਕਰਨੀ ਨਹੀਂ ਸਿਖਾਉਂਦੀ, ਸਗੋਂ ਸਮਾਜ ਵਿਚ ਵਿਚਰਦਿਆਂ ਹੋਇਆਂ ਸਤ, ਸੰਤੋਖ ਤੇ ਵੀਚਾਰ ਨਾਲ ਜੀਵਨ ਤੇ ਮਨ ਨੂੰ ਸਾਧਣ ਦਾ ਵਲ ਸਿਖਾਉਂਦੀ ਹੈ। ਗੁਰਮਤਿ ਦੀ ਵਿਚਾਰਧਾਰਾ ਹੈ ਕਿ ਜੇਕਰ ਜਗਤ ਰੂਪੀ ਕਜਲ ਦੀ ਕੋਠੀ ਵਿਚ ਵਾਸਾ ਹੈ ਤਾਂ ਨਾਮ ਮਨੁਖੀ ਮਨ ਨੂੰ ਕਾਲਖ ਨਹੀਂ ਲਗਣ ਦੇਵੇਗਾ। ਪਰਮਾਤਮਾ ਦੀ ਕ੍ਰਿਪਾ ਨਾਲ ਪ੍ਰੇਮਾ ਭਗਤੀ ਦਾ ਰਸ ਮਿਲਦਾ ਹੈ ਅਤੇ ਸਤਸੰਗਤ ਵਿਚ ਮਿਲ ਕੇ ਉਸਦਾ ਆਨੰਦ ਮਾਣਿਆ ਜਾਂਦਾ ਹੈ:

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥
ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥ [62]

ਭਗਤ ਰਵੀਦਾਸ ਜੀ ਪਰਮਾਤਮਾ ਅਗੇ ਪ੍ਰੇਮ ਭਗਤੀ ਦਾ ਵਾਸਤਾ ਦੇ ਕੇ ਬੇਨਤੀ ਕਰਦੇ ਹਨ ਕਿ ਮੇਰੀ ਮਤ ਥੋੜ੍ਹੀ ਹੈ ਜੋ ਵਿਸ਼ੇ ਵਿਕਾਰਾਂ ਵਿਚ ਫਸੀ ਹੋਈ ਇਕ ਖੂਹ ਦੇ ਡਡੂ ਤੋਂ ਜ਼ਿਆਦਾ ਨਹੀਂ ਸੋਚ ਸਕਦੀ ਅਤੇ ਤੇਰੇ ਗੁਣ ਅਪਾਰ ਹਨ। ਜਿਹਨਾਂ ਦਾ ਕਥਨ ਜੋਗੀ ਵੀ ਨਹੀਂ ਕਰ ਸਕਦੇ। ਮੇਰੀ ਮਤ ਤਾਂ ਵਿਕਾਰਾਂ ਦੀ ਮੈਲ ਨਾਲ ਮੈਲੀ ਹੋਈ ਪਈ ਹੈ। ਇਸ ਲਈ ਮੇਰੇ ਤੇ ਕਿਰਪਾ ਕਰਕੇ ਮੇਰਾ ਪਰਮ ਕਟ ਦਿਓ ਅਤੇ ਮੈਨੂੰ ਆਪਣਾ ਦਰਸ਼ਨ ਦਿਖਾਓ ਤਾਂ ਕਿ ਮੇਰਾ ਜੀਵਨ ਸਫਲ ਹੋ ਜਾਵੇ:

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥
ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨੁ ਅਪਾਰ ॥

---

[61] ਡਾ. ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਨਾ 318.

[62] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 384.

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥[63]

'ਪ੍ਰੇਮ' ਦਾ ਸਥਾਈ ਭਾਵ ਸ਼ਰਧਾ ਤੇ ਵਿਸ਼ਵਾਸ ਹੈ। ਆਪਣੇ ਆਦਰਸ਼ ਨਮਿੱਤ ਪੂਰਨ ਸ਼ਰਧਾ ਵਿਸ਼ਵਾਸ ਰੱਖਣਾ, ਇਹ ਪ੍ਰੇਮ ਦੀ ਅਵਸਥਾ ਵਿਚ ਜਿਊਣਾ ਹੈ। 'ਸ਼ਰਧਾ' ਦਾ ਸੰਬੰਧ ਆਤਮਾ ਨਾਲ ਹੈ। 'ਆਤਮਾ' ਨੂੰ ਆਪਣੇ ਆਦਰਸ਼ ਪ੍ਰਤੀ ਪੂਰਨ ਤੌਰ ਤੇ ਸਮਰਪਣ ਕਰ ਦੇਣਾ ਹੀ 'ਸ਼ਰਧਾਲੂ' ਦੀ ਅਸਲੀ ਪਹਿਚਾਣ ਹੈ 'ਸ਼ਰਧਾਲੂ' ਆਪਣੇ ਆਪਣੇ ਆਦਰਸ਼ -ਨਮਿੱਤ ਆਤਮਾ ਦਾ ਦਾਨ ਕਰਦਾ ਹੈ। 'ਵਿਸ਼ਵਾਸ' ਆਤਮਿਕ ਤੌਰ ਤੇ ਦ੍ਰਿੜ੍ਹ ਹੋਣ ਦੀ ਅਵਸਥਾ ਤੋਂ ਉਪਜਦਾ ਹੈ। ਵਿਸ਼ਵਾਸ ਅਧੀਨ, ਆਤਮਾ ਆਪਣੇ ਆਦਰਸ਼ ਵਿਚ ਆਪਣੇ ਆਪ ਨੂੰ ਮਿਟਾ ਲੈਂਦੀ ਹੈ। ਸਵੈ ਆਪੇ ਦੇ ਹੰਕਾਰ ਤੋਂ ਮੁਕਤ ਹੋ ਕੇ ਹੀ 'ਪ੍ਰੇਮ' ਦੀ ਅਵਸਥਾ ਵਿਚ ਜੀਵਿਆ ਜਾ ਸਕਦਾ ਹੈ। 'ਪ੍ਰੇਮ' ਦੀ ਅਵਸਥਾ ਵਿਚ ਨਾ ਕੋਈ ਚੱਕਰ-ਚਿਹਨ ਹੁੰਦਾ ਹੈ, ਨਾ ਕੋਈ ਬਰਨ ਜਾਤਿ, ਨਾ ਕੋਈ ਰੂਪ-ਰੰਗ ਤੇ ਨਾ ਕੋਈ ਰੇਖ-ਭੇਖ। ਸਰਬ ਪਾਸੇ ਪਰਮਾਤਮਾ ਦਾ ਅਦਵੈਤ ਸਰੂਪ ਹੀ ਪਸਰਿਆ ਹੋਇਆ ਨਜ਼ਰ ਆਉਂਦਾ ਹੈ। ਪ੍ਰੇਮ ਦੀ ਅਵਸਥਾ ਵਿਚ ਹੀ ਹਰ ਕੋਈ ਕੌਮੀ ਗੁਰੂ, ਗ੍ਰੰਥ, ਬੋਲੀ, ਜਾਤੀ, ਸਭਿਅਤਾ, ਸੰਸਕ੍ਰਿਤੀ ਤੇ ਸਾਹਿਤ ਦਾ ਸਤਿਕਾਰ ਕੀਤਾ ਜਾਂਦਾ ਹੈ।[64]

ਗੁਰਮਤਿ ਵਿਚ ਵੀ ਬਾਕੀ ਮਤਾਂ ਦੀ ਤਰ੍ਹਾਂ ਬੁਨਿਆਦੀ ਸਮਸਿਆ 'ਛੁਟਣ'(ਭਾਵ ਮੁਕਤੀ) ਦੀ ਹੈ, ਭਗਤ ਰਵੀਦਾਸ ਜੀ ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ 'ਕਵਨ ਕਰਮ ਤੇ ਛੁਟੀਐ ਜਿਹ ਸਾਧੇ ਸਭ ਸਿਧਿ ਹੋਇ'[65] ਹੋਣ ਦੀ ਹੈ ਕਿਉਂਕਿ ਪਰੰਪਰਾਈ ਮਾਰਗਾਂ ਨੇ ਸਮਾਜ ਨੂੰ ਸੇਧ ਦੇਣ ਦੀ ਬਜਾਏ ਧਰਮ ਦਾ ਮਾਰਗ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਸੀ। ਇਸ ਲਈ ਗੁਰੂ ਨਾਨਕ ਜੀ ਦੇ ਸੰਸਾਰ ਦੇ ਵਿਚ ਆਉਣ ਬਾਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਸਤਿਗੁਰ ਨਾਨਕ ਸੰਸਾਰ ਵਿਚ ਪ੍ਰਗਟ ਹੋ ਗਿਆ ਭਾਵ ਗੁਰੂ ਸਾਹਿਬ ਨੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕਰ ਦਿਤਾ ਤਾਂ ਹਨੇਰਗਰਦੀ ਦੀ ਧੁੰਦ ਲਹਿ ਗਈ ਤੇ ਜਿਵੇਂ ਸੂਰਜ ਦੇ ਨਿਕਲਣ ਨਾਲ ਚਾਰੇ ਚਾਨਣਾ ਹੋ ਜਾਂਦਾ ਹੈ। ਜਿਥੇ ਵੀ ਬਾਬੇ ਨੇ ਜਾ ਕੇ ਪੈਰ ਪਾਇਆ ਉਥੋਂ ਹੀ ਦੰਭੀ, ਪਖੰਡੀਆਂ ਦੀ ਫੌਜ ਭੱਜ ਗਈ। ਜਿਥੇ ਵੀ ਉਸ ਸਮੇਂ ਧਰਮ ਦੇ ਮਾਰਗ ਦਾ ਕੋਈ ਉਪਦੇਸ਼ਕ ਬੈਠਾ ਸੀ ਗੁਰੂ ਨਾਨਕ ਉਹਨਾਂ ਕੋਲ ਗਿਆ ਤੇ ਸੱਚੇ ਮਾਰਗ ਦਾ ਉਪਦੇਸ਼ ਦਿਤਾ। ਜਿਸ ਕਰਕੇ ਉਹਨਾਂ ਨੇ ਗੁਰੂ ਨਾਨਕ ਦੇ ਪ੍ਰਭਾਵ ਨੂੰ ਕਬੂਲਿਆ ਤੇ ਗੁਰੂ ਬਾਬੇ ਦੇ ਵਿਚਾਰਾਂ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਗੁਰੂ ਬਾਬੇ ਨੇ ਚਾਰੇ ਚੱਕਾਂ ਨੂੰ ਤਾਰ ਦਿਤਾ ਹੈ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

---

63 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 386.

64 ਸ.ਸ. ਅਮੋਲ ਪ੍ਰੋਫ਼ੈਸਰ (ਸੰਪਾ.), 'ਏਕ ਮੂਰਤ ਅਨੇਕ ਦਰਸ਼ਨ', ਪੰਨਾ 47.

65 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 386.

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।

ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।

ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।

ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ। .

ਗੁਰਮਖਿ ਕਲਿ ਵਿਚ ਪਰਗਟੁ ਹੋਆ ॥[66]

ਭਾਈ ਗੁਰਦਾਸ ਜੀ ਦੀ ਇਸ ਪਉੜੀ ਵਿਚੋਂ ਪ੍ਰਮੁਖ ਰੂਪ ਵਿਚ ਤਿੰਨ ਗੱਲਾਂ ਉਭਰ ਰਹੀਆਂ ਹਨ- ਇਕ ਗੁਰੂ ਨਾਨਕ ਸਾਹਿਬ ਦੇ ਸਮਕਾਲ ਦੀ ਸਥਿਤੀ ਤੇ ਗੁਰੂ ਜੀ ਦਾ ਸਮਕਾਲ ਵਿਚ ਮਹਤਵ। ਦੂਜਾ ਗੁਰਮਤਿ ਦੇ ਮਾਰਗ ਦਾ ਉਪਦੇਸ਼ ਸਭ ਲਈ ਸਾਂਝਾ ਹੋਣਾ ਤੇ ਬਿਨਾਂ ਭੇਦਭਾਵ ਦੇ ਨਵੇਂ ਪ੍ਰਚਾਰ ਕੇਂਦਰ ਖੁਲ੍ਹ ਜਾਣੇ। ਤੀਜਾ ਸੰਸਾਰ ਨੂੰ ਮਿਥਿਆ ਦੱਸ ਕੇ ਲੋਕਾਂ ਨੂੰ ਸੰਨਿਆਸ ਦੇ ਮਾਰਗ 'ਤੇ ਚਲਣ ਦਾ ਹੋਕਾ ਦੇਣ ਵਾਲੇ ਦੰਭੀ, ਪਖੰਡੀਆਂ ਦਾ ਖੰਡਨ ਕਰਕੇ ਗੁਰੂ ਨਾਨਕ ਸਾਹਿਬ ਨੇ ਘਰ ਘਰ ਅੰਦਰ ਧਰਮਸ਼ਾਲ ਕਾਇਮ ਕਰ ਦਿਤੀ ਜਿਸ ਕਰਕੇ ਗੁਰਮਤਿ ਦੇ ਨਵੇਂ ਮਾਰਗ ਦਾ ਆਰੰਭ ਹੋਣਾ। ਗੁਰਬਾਣੀ ਵਿਚ ਭਾਵੇਂ ਪਰੰਪਰਾਗਤ ਮਾਰਗਾਂ ਦਾ ਵਰਣਨ ਅਲੋਚਨਾਤਮਕ ਰੂਪ ਵਿਚ ਜ਼ਿਆਦਾ ਮਿਲਦਾ ਹੈ, ਪਰ ਗੁਰੂ ਸਾਹਿਬ ਨੇ ਇਹਨਾਂ ਮਾਰਗਾਂ ਨੂੰ ਕਟਿਆ ਨਹੀਂ, ਸਗੋਂ ਇਹਨਾਂ ਵਿਚ ਆਈਆਂ ਗਿਰਾਵਟਾਂ ਨੂੰ ਰੱਦਿਆ ਹੈ। ਗੁਰੂ ਸਾਹਿਬ ਨੇ ਇਹਨਾਂ ਮਾਰਗਾਂ ਦੀਆਂ ਉਸਾਰੂ ਤੇ ਉਦੇਸ਼ਤਾਮਕ ਕੀਮਤਾਂ ਨੂੰ ਲੋਕਾਂ ਵਿਚ ਪ੍ਰਚੰਡ ਕੀਤਾ। ਇਥੇ ਡਾ. ਗੁਰਮੇਲ ਸਿੰਘ ਦੀ ਟਿਪਣੀ ਦੇਣੀ ਵਾਜਬ ਹੈ "ਜਿਹੜਾ ਮਾਨਵ ਵੀ ਆਪਣੇ ਜੀਵਨ ਮਨੋਰਥ ਨੂੰ ਪੂਰਾ ਕਰ ਲੈਂਦਾ ਹੈ, ਉਹ ਆਦਰਸ਼ ਵਿਅਕਤੀ ਹੀ ਹੈ, ਉਸ ਨੂੰ ਦਿਤੇ ਗਏ ਨਾਵਾਂ ਨਾਲ ਕੋਈ ਫਰਕ ਨਹੀਂ ਪੈਂਦਾ। ਉਸ ਨੇ ਕਿਸ ਮਾਰਗ ਰਾਹੀਂ ਆਦਰਸ਼ ਦੀ ਪ੍ਰਾਪਤੀ ਕੀਤੀ ਹੈ, ਇਸ ਦਾ ਵੀ ਬਹੁਤਾ ਮਤਲਬ ਨਹੀਂ। ਇਸੇ ਕਰਕੇ ਹੀ ਗੁਰਬਾਣੀ ਮੁਸਲਮਾਨ ਨੂੰ ਅਸਲ 'ਮੁਸਲਮਾਨ', ਬ੍ਰਾਹਮਣ ਨੂੰ 'ਸਚਾ ਬ੍ਰਾਹਮਣ', ਜੋਗੀ ਨੂੰ ਅਸਲ 'ਜੋਗੀ', ਗਿਆਨੀ ਨੂੰ ਅਸਲੀ ਗਿਆਨਵਾਨ ਬਣਨ ਦਾ ਉਪਦੇਸ਼ ਕਰਦੀ ਹੈ। ਗੁਰਬਾਣੀ ਦ੍ਰਿਸ਼ਟੀ ਤੋਂ ਇਹ ਸਾਰੇ ਆਦਰਸ਼ਕ ਹਨ।"[67] ਪਰ ਗੁਰੂ ਸਾਹਿਬ ਨੇ ਗੁਰਮਤਿ ਦੇ ਸਾਧਨਾ ਮਾਰਗਾਂ ਵਿਚ ਨਾਮ ਮਾਰਗ ਦਾ ਸਿਧਾਂਤ ਦਿਤਾ ਹੈ। ਇਸ ਬਾਰੇ ਗੁਰੂ ਅਰਜਨ ਦੇਵ ਸਾਹਿਬ ਲਿਖਦੇ ਹਨ:

ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥੧॥ ਰਹਾਉ ॥

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥

---

66 ਵਾਰਾਂ ਭਾਈ ਗੁਰਦਾਸ ਜੀ, ਵਾਰ 1 ਪਉੜੀ 27.

67 ਡਾ. ਗੁਰਮੇਲ ਸਿੰਘ ਐਮ. ਏ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ, ਪੰਨਾ 185.

ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥

ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥[68]

ਅਨੇਕ ਪ੍ਰਕਾਰ ਦੇ ਮੁਕਤੀ ਦੇ ਮਾਰਗ ਸੰਸਾਰ ਵਿਚ ਪ੍ਰਚਲਿਤ ਸਨ, ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਸਾਰੇ ਵਰਤ ਕੇ ਦੇਖ ਲਏ ਹਨ ਕਿ ਪਰ ਇਹਨਾ ਵਿਚੋਂ ਨਾਮ ਹੀ ਸਭ ਤੋਂ ਉਤਮ ਹੈ। ਨਾਮ ਨਾਲ ਹੀ ਸੰਸਾਰ ਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ। ਗੁਰਬਾਣੀ ਥਾਂ ਥਾਂ ਨਾਮ ਦੀ ਮਹਿਮਾ ਤੇ ਨਾਮ ਦੀ ਯਾਦ ਨੂੰ ਦ੍ਰਿੜ੍ਹਾਉਂਦੀ ਹੈ। ਗੁਰਮਤਿ ਦਾ ਉਪਦੇਸ਼ ਹੈ ਕਿ ਪਹਿਲੇ ਤਿੰਨੇ ਜੁਗਾਂ ਵਿਚ ਮੁਕਤੀ ਦੇ ਵਖੋ ਵਖਰੇ ਸਾਧਨ ਸਨ ਪਰ ਕਲਯੁਗ ਵਿਚ ਕੇਵਲ ਨਾਮ ਨਾਲ ਹੀ ਉਧਾਰ ਹੈ:

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥[69]

ਨਾਮ ਕਈ ਅਰਥਾਂ ਦਾ ਧਾਰਨੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "1. ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ, ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ 2. ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸਦਾ ਹੁਕਮ ਬੋਧਕ ਸ਼ਬਦ ਵੀ ਹੈ 3. ਅੰਗੀਕਾਰ 4. ਸਮਰਣਨ, ਚੇਤਾ 5. ਪ੍ਰਸਿਧੀ, ਮਸ਼ਹੂਰੀ ਆਦਿ।[70]

ਗੁਰਬਾਣੀ ਵਿਚ ਨਾਮ ਕਈ ਅਰਥਾਂ ਵਿਚ ਆਇਆ ਹੈ। ਵਧਾਵਾ ਸਿੰਘ ਇਸ ਨੂੰ ਛੇ ਭਾਗਾਂ ਵਿਚ ਵੰਡਦਾ ਹੈ:

1. ਸਤਿਗੁਰ ਦੀ ਯਾਦ 2. ਛਾਵ ਰੂਪ 3. ਸਹਾਰਾ ਰੂਪ 4. ਅੰਮ੍ਰਿਤ ਰੂਪ (ਰਸ ਤੇ ਭੋਜਨ ਰੂਪ) 5. ਸੁਗੰਧੀ ਰੂਪ 6. ਖੇੜਾ ਤੇ ਵਿਸਮਾਦ।[71]

ਗੁਰਬਾਣੀ ਵਿਚ ਭਾਵੇਂ ਨਾਮ ਅਨੇਕਾਂ ਅਰਥਾਂ ਵਿਚ ਆਇਆ ਹੈ ਪਰ ਪ੍ਰਮੁਖ ਰੂਪ ਵਿਚ ਸਾਧਨਾ ਦੇ ਪੱਖ ਤੋਂ ਹੀ ਗੁਰਬਾਣੀ ਵਿਚ ਵਿਦਮਾਨ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਬਹੁਤ ਸੌਖੇ ਤੇ ਆਮ ਜੀਵਨ 'ਚੋਂ ਵਿਭਿੰਨ ਪ੍ਰਕਾਰ ਦੇ ਦ੍ਰਿਸ਼ਟਾਂਤ ਦੇ ਕੇ ਮਨੁਖ ਨੂੰ ਆਤਮਕ ਸੋਝੀ ਕਰਵਾਉਣ ਦਾ ਯਤਨ ਕਰਦੇ ਹਨ। ਜਿਵੇਂ ਦੁਧ ਦਾ ਉਦਾਹਰਣ ਹੈ। ਪਹਿਲਾਂ ਭਾਂਡਾ ਸਾਫ਼ ਕਰਕੇ ਉਸ ਵਿਚ ਦੁਧ ਪਾਇਆ ਜਾਂਦਾ ਹੈ। ਦੁਧ 'ਚੋਂ ਘਿਓ ਪ੍ਰਾਪਤ ਕਰਨ ਲਈ ਦੁਧ ਨੂੰ ਜਾਗ ਲਗਾ ਕੇ ਟਿਕਾ ਕੇ ਰਖੀਦਾ ਹੈ। ਫਿਰ ਜੰਮਣ ਤੇ ਇਸ ਵਿਚ ਮਧਾਣੀ ਪਾ

---

68 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1306.

69 ਉਹੀ, ਪੰਨਾ 346.

70 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼(ਭਾਗ ਦੂਜਾ), ਪੰਨਾ 522.

71 ਵਧਾਵਾ ਸਿੰਘ ਐਮ.ਏ, ਨਾਮ ਕੀ ਹੈ ?, ਪੰਨਾ 51.

ਕੇ ਈਟੀਆਂ ਹਥ ਵਿਚ ਫੜ ਕੇ ਦੁਧ ਰਿੜਕਿਆ ਜਾਂਦਾ ਹੈ। ਉਸੇ ਤਰ੍ਹਾਂ ਹਿਰਦੇ ਰੂਪੀ ਭਾਂਡੇ ਨੂੰ ਸਾਫ਼ ਕਰਕੇ ਇਸ ਨੂੰ ਸ਼ੁਭ ਕਰਮਾਂ ਦੀ ਜਾਗ ਲਗਾਈ ਜਾਵੇ। ਫਿਰ ਮਨ ਨੂੰ ਟਿਕਾਇਆ ਜਾਵੇ। ਮਨ ਦੀਆਂ ਈਟੀਆਂ ਫੜ ਕੇ ਇਸ ਨੂੰ ਸੰਜਮ ਵਿਚ ਰਖਿਆ ਜਾਵੇ ਤਾਂ ਕਿ ਵਿਕਾਰ ਮਨ 'ਤੇ ਭਾਰੂ ਨਾ ਹੋ ਜਾਣ। ਰਸਨਾ ਨਾਲ ਵਾਹਿਗੁਰੂ ਦਾ ਨਾਮ ਜਪਣ ਨਾਲ ਮਨ ਰਿੜਕਿਆ ਜਾਵੇਗਾ। ਇਸ ਤਰ੍ਹਾਂ ਨਾਮ ਰੂਪੀ ਦੁਧ ਦੀ ਪ੍ਰਾਪਤੀ ਹੋ ਜਾਵੇਗੀ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥
ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥[72]

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਤਾਂ ਸਭ ਕਿਤੇ ਰਮਿਆ ਹੋਇਆ ਹੈ ਪਰ ਮਨੁਖ ਨੂੰ ਤ੍ਰਿਸ਼ਨਾ ਵਿਚ ਲਗ ਕੇ ਸਭ ਕੂੜ ਹੀ ਨਜ਼ਰ ਆ ਰਿਹਾ ਹੈ, ਕਿਉਂਕਿ ਮਨੁਖ ਤਾਂ ਪਰਮਾਤਮਾ ਦੇ ਨਾਮ ਤੋਂ ਵਿਹੂਣਾ ਹੈ, ਜਿਸ ਕਰਕੇ ਉਹ ਪਰਮਾਤਮਾ ਨੂੰ ਨਹੀਂ ਪਛਾਣਦਾ। ਇਸ ਕਰਕੇ ਉਸ ਨੂੰ ਪਛਾਨਣ ਤੋਂ ਬਿਨਾਂ ਆਤਮਾ ਦਾ ਆਵਾਗਵਨ ਬਣਿਆ ਹੋਇਆ ਹੈ। ਰਾਮ ਦੀ ਅੰਸ਼ ਆਪਣੇ ਉਦੇਸ਼ ਤੋਂ ਹਮੇਸ਼ਾ ਹੀ ਖੁੰਝ ਜਾਂਦੀ ਹੈ:

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥
ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥
ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥[73]

ਮਨੁਖ ਨੂੰ ਜੀਵਨ ਗੋਬਿੰਦ(ਪਰਮਾਤਮਾ) ਨੂੰ ਮਿਲਣ ਲਈ ਹੀ ਮਿਲਿਆ ਹੈ। ਪਰ ਮਨੁਖ 'ਅਵਰ ਕਾਜਿ' ਵਿਚ ਉਲਝਣ ਕਾਰਨ ਆਪਣਾ ਉਦੇਸ਼ ਹੀ ਭੁਲ ਬੈਠਾ ਹੈ। ਇਸ ਕਰਕੇ ਸਾਧ ਸੰਗਤਿ ਵਿਚ ਬੈਠ ਕੇ ਨਾਮ ਨੂੰ ਜਪਿਆ ਜਾਵੇ ਤੇ ਜੀਵਨ ਨੂੰ ਸਾਰਥਕ ਬਣਇਆ ਜਾਵੇ। ਪ੍ਰਭੂ ਮਿਲਣ ਦਾ ਮਨੁਖਾ ਜਨਮ ਹੀ ਮੌਕਾ ਹੈ ਇਸ ਕਰਕੇ ਇਸ ਨੂੰ ਫਾਲਤੂ ਕੰਮਾਂ ਵਿਚ ਖਰਾਬ ਕਰਨ ਦੀ ਵਜਾਇ ਸਾਧਸੰਗਤ ਵਿਚ ਮਿਲ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ ਤਾਂਕਿ ਜੀਵ ਦਾ ਆਉਣਾ ਜਾਣਾ ਮਿਟ ਜਾਵੇ:

ਭਈ ਪਰਾਪਤਿ ਮਾਨੁਖ ਦੇਹੁਰੀਆ ॥

---

72 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 728.

73 ਉਹੀ, ਪੰਨਾ 47.

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ [74]

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰਮਤਿ ਵਿਚ ਨਾਮ ਦੀ ਕਿੰਨੀ ਮਹਾਨਤਾ ਹੈ। ਗੁਰੂ ਸਾਹਿਬ ਗਿਆਨ, ਧਿਆਨ ਤੇ ਇਸ਼ਨਾਨ ਨਾਮ ਨੂੰ ਹੀ ਮੰਨਦੇ ਹਨ। ਇਸ ਤੋਂ ਵੀ ਅੱਗੇ ਸਮੁਚਾ ਪਸਾਰਾ ਹੀ ਪਰਮਾਤਮਾ ਦੇ ਨਾਮ ਦਾ ਦਸਦੇ ਹਨ। ਗੁਰਮਤਿ ਵਿਚ ਨਾਮ ਦੀ ਕਮਾਈ ਹੀ ਸਾਧਨਾ ਹੈ। ਇਸ ਕਰਕੇ ਇਸ ਨੂੰ ਨਾਮ ਦਾ ਮਾਰਗ ਕਹਿੰਦੇ ਹਨ। ਜੋ ਮਨੁਖੀ ਜੀਵਨ ਦੇ ਸਮੁਚੇ ਕਾਰ ਵਿਹਾਰ ਤੋਂ ਉਤਮ ਹੈ ਤੇ ਸਰਬ ਸੁਖਾਂ ਦੀ ਪ੍ਰਾਪਤੀ ਵਿਚ ਵੀ ਨਾਮ ਹੀ ਸਹਾਈ ਹੁੰਦਾ ਹੈ। ਕੇਵਲ ਨਾਮ ਹੀ ਹੈ, ਜਿਸ ਨਾਲ ਮਨੁਖ ਨੇ ਕਾਮਾਦਿਕ ਵੈਰੀਆਂ ਨਾਲ ਯੁਧ ਲੜਨਾ ਹੈ ਤੇ ਵਿਕਾਰਾਂ ਦਾ ਸ਼ਿਕਾਰ ਕਰਨਾ ਹੈ। ਨਾਮ ਤੋਂ ਬਿਨਾਂ ਗੁਰਮਤਿ ਵਿਚ ਹੋਰ ਸਹਾਇਕ ਸਾਧਨਾਂ ਦਾ ਵੀ ਜ਼ਿਕਰ ਹੈ, ਜੋ ਇਸ ਤਰ੍ਹਾਂ ਹਨ:

**ਗੁਰੂ:** ਪ੍ਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦਾ ਰੋਲ ਸਭ ਤੋਂ ਅਹਿਮ ਹੈ। ਵੈਦਿਕ ਅਤੇ ਸਾਮੀ ਧਰਮ ਗੁਰੂ ਪਰੰਪਰਾ ਨੇ ਅਧਿਆਤਮਕਤਾ ਅਤੇ ਸਮਾਜਕਤਾ ਵਿਚ ਅਜਿਹੀਆਂ ਸਮਾਨਾਂਤਰ ਰੇਖਾਵਾਂ ਖਿਚ ਦਿਤੀਆਂ ਸਨ, ਜਿਨ੍ਹਾਂ ਦੀ ਇਹਨਾਂ ਪਰੰਪਰਾਵਾਂ ਵਿਚ ਕਿਤੇ ਵੀ ਸੁਮੇਲ ਹੋਣ ਦੀ ਗੁੰਜਾਇਸ਼ ਨਹੀਂ ਰਹੀ ਸੀ। ਇਕ ਪਾਸੇ ਸੰਸਾਰ ਤੋਂ ਉਪਰਾਮ ਜੀਉਣ ਵਾਲੇ ਵਿਰਕਤ ਸਾਧੂ, ਨਾਥ ਜੋਗੀ ਆਦਿਕ ਲੋਕਾਂ ਨੂੰ ਧਾਰਮਕ ਆਗਵਾਈ ਤਾਂ ਦਿੰਦੇ ਸਨ ਪਰ ਸਮਾਜ ਇਹਨਾਂ ਦੀ ਅਗਵਾਈ ਤੋਂ ਬਿਲਕੁਲ ਹੀ ਸਖਣਾ ਸੀ। ਜੇਕਰ ਸਮਾਜ ਵਿਚ ਇਹ ਆਗੂ ਵਿਚਰਦੇ ਵੀ ਸਨ ਤਾਂ ਲੋਕਾਂ ਨੂੰ ਕਰਮ ਕਾਡਾਂ ਵਿਚ ਫਸਾ ਕੇ ਫਜ਼ੂਲ ਦੇ ਅਡੰਬਰਾਂ ਵਿਚ ਪਾ ਦਿਤਾ। ਗੁਰੂ ਨਾਨਕ ਸਾਹਿਬ ਨੇ ਇਸ ਸਭ ਤੋਂ ਲੋਕਾਂ ਨੂੰ ਨਿਜ਼ਾਤ ਦਿਵਾਈ ਅਤੇ ਫਾਲਤੂ ਦੇ ਅਡੰਬਰਾਂ ਵਿਚੋਂ ਕਢ ਦਿਤਾ। ਗੁਰਮਤਿ ਵਿਚ ਗੁਰੂ ਅਧਿਆਤਮਕਤਾ ਅਤੇ ਸਮਾਜਿਕਤਾ ਦਾ ਸੁਮੇਲ ਕਰਦਾ ਹੈ। ਗੁਰਮਤਿ ਵਿਚ ਗੁਰੂ ਦਾ ਸੰਕਲਪ ਬਹੁਤ ਅਹਿਮ ਹੈ। ਭਾਰਤੀ ਸਭਿਆਚਾਰ ਵਿਚ ਮਨੁਖ ਨੂੰ ਸਮਾਜ ਨਾਲੋਂ ਤੋੜ ਕੇ ਜ਼ਿਆਦਾ ਜ਼ੋਰ ਰਬ ਦੀ ਪ੍ਰਾਪਤੀ 'ਤੇ ਹੀ ਦਿਤਾ ਜਾਂਦਾ ਸੀ। ਮਨੁਖ ਦੀ ਸਮਾਜ ਨਾਲ ਜਾਂ ਦੂਜੇ ਮਨੁਖਾਂ ਨਾਲ ਸਾਂਝ ਨਹੀਂ ਪੁਆਈ ਜਾਂਦੀ ਸੀ। ਸਾਧਨਾ ਵਿਚ ਵੀ ਵਿਅਕਤੀਗਤ ਯਤਨਾਂ ਨੂੰ ਹੀ ਤਰਜੀਹ ਦਿਤੀ ਜਾਂਦੀ ਸੀ। ਕੋਈ ਵੀ ਅਜਿਹੀ ਸੰਸਥਾ ਜਾਂ ਵਿਵਸਥਾ ਨਹੀਂ ਸੀ, ਜਿਸ ਜ਼ਰੀਏ ਮਨੁਖ ਦੀ ਮਨੁਖ ਨਾਲ ਸਾਂਝ ਪੈ ਸਕੇ। ਗੁਰੂ ਸਾਹਿਬਾਨ ਨੇ ਵਿਅਕਤੀਗਤ ਹਿਤਾਂ ਤੋਂ ਪਰ੍ਹੇ ਸਾਂਝੇ ਹਿਤਾਂ ਦੀ ਗੱਲ ਕਰਕੇ ਮਨੁਖ ਨੂੰ ਅਧਿਆਤਮਕ ਦੇ ਨਾਲ ਸਮਾਜਕ ਪ੍ਰਾਣੀ ਵੀ ਬਣਾਇਆ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਗੁਰਮਤਿ ਤੇ ਭਾਰਤੀ ਸਿਧਾਂਤ

---

[74] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 12

ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ

ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।

ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ।

ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰ।

ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।

ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨਿ ਛਾਰਾ।

ਬਾਝੁ ਗੁਰੂ ਡੁਬਾ ਜਗੁ ਸਾਰਾ ॥੨੯॥[75]

ਗੁਰਮਤਿ ਦੀ ਵਿਚਾਰਧਾਰਾ ਹੈ ਕਿ ਮਨੁਖਾ ਦੇਹੀ ਬਹੁਤ ਜਨਮ ਬਤੀਤ ਕਰਨ ਉਪਰੰਤ ਮਿਲੀ ਹੈ। ਇਸ ਕਰਕੇ ਇਸ ਨੂੰ ਅਜਾਈਂ ਨਾ ਗਵਾਇਆ ਜਾਵੇ। ਇਹ ਵੇਲਾ ਰਬ ਨੂੰ ਯਾਦ ਕਰਨ ਦਾ ਹੈ ਪਰ ਮਨੁਖ ਬੇਕਾਰ ਦੇ ਧੰਧਿਆਂ ਵਿਚ ਇਸ ਨੂੰ ਖਰਾਬ ਕਰ ਦਿੰਦਾ ਹੈ, ਇਹਨਾਂ ਵਲੋਂ ਮਨ ਨੂੰ ਸੰਕੋਚ ਕੇ ਜੀਵਨ ਦੇ ਲਕਸ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ:

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥

ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥

ਭਜਹੁ ਗੋਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥[76]

ਗੁਰਮਤਿ ਵਿਚ ਜੀਵਨ ਲਕਸ਼ ਦੀ ਪ੍ਰਾਪਤੀ ਹਿਤ ਅਗਵਾਈ ਦੇਣ ਵਾਲੀ ਸਖਸ਼ੀਅਤ ਲਈ 'ਗੁਰੂ' ਸ਼ਬਦ ਵਰਤਿਆ ਜਾਂਦਾ ਹੈ। ਜਿਸ ਚੀਜ਼ ਨੇ ਮਨੁਖੀ ਜੀਵਨ ਦਾ ਆਧਾਰ ਤੇ ਆਦਰਸ਼ ਬਣਨਾ ਹੈ, ਉਹ ਨਾਮ ਰੂਪ ਵਸਤੂ ਗੁਰੂ ਕੋਲ ਹੈ। ਮਨੁਖੀ ਆਸ਼ੇ ਦੀ ਪ੍ਰਾਪਤੀ ਬਾਹਰੀ ਅਡੰਬਰਾਂ, ਬਾਹਰੀ ਭੇਖ, ਚਲਾਕੀਆਂ ਅਤੇ ਦੁਬਿਧਾ ਨਾਲ ਨਹੀਂ ਸਗੋਂ ਗੁਰੂ ਕੋਲੋਂ ਹੀ ਹੋ ਸਕਦੀ ਹੈ :

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥[77]

---

75 ਵਾਰਾਂ ਭਾਈ ਗੁਰਦਾਸ ਜੀ, ਵਾਰ 1 ਪਉੜੀ 29.

76 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1159.

77 ਉਹੀ, ਪੰਨਾ 598.

ਗੁਰਮਤਿ ਵਿਚ ਜਿਥੇ ਗੁਰੂ ਜੀਵਨ ਦਾ ਆਦਰਸ਼ ਬੰਨ੍ਹਦਾ ਹੈ ਉਥੇ ਹੀ ਮੰਜ਼ਿਲ ਵੀ ਤੈਅ ਕਰਦਾ ਹੈ। ਜੀਵਨ ਦੇ ਬਿਖੜੇ ਪੈਂਡੇ ਵਿਚ ਜਿਸ ਜਾਗਰਿਤ ਚੇਤਨਤਾ ਦੀ ਲੋੜ ਹੁੰਦੀ ਹੈ ਉਹ ਗੁਰੂ ਹੀ ਬਖਸ਼ਿਸ਼ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥[78]

ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, "ਗੁਰੂ ਜੀ ਵਿਚ ਮੁੱਢ ਤੋਂ ਹੀ ਦੋ ਚੀਜ਼ਾਂ ਕੰਮ ਕਰਦੀਆਂ ਆਈਆਂ ਸਨ। ਇਕ ਬਾਣੀ, ਦੂਜੀ ਸੰਗਤ; ਇਕ ਜੋਤਿ ਦੂਜੀ ਜੁਗਤਿ ਜਾਂ ਸ਼ਖ਼ਸੀਅਤ। ਦਸ ਗੁਰੂ ਸਹਿਬਾਨ ਤਕ ਇਹ ਦੋਵੇਂ ਚੀਜ਼ਾਂ ਇਕੋ ਹਸਤੀ(ਗੁਰੂ) ਵਿਚ ਰਹਿੰਦੀਆਂ ਸਨ। ਹੁਣ ਬਾਣੀ ਜਥੇਬੰਦ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਕਲ ਵਿਚ ਸਥਾਪਨ ਕੀਤੀ ਗਈ ਅਤੇ ਸੰਗਤ ਜਥੇਬੰਦ ਹੋ ਕੇ ਗੁਰੂ ਪੰਥ ਬਣ ਗਈ। ਜਿਤਨਾ ਤੇਜ ਪਰਤਾਪ ਗੁਰੂ ਜੀ ਦੀ ਅਦੁੱਤੀ ਸ਼ਖ਼ਸੀਅਤ ਵਿਚ ਸੀ, ਉਹ ਸਾਰਾ ਗੁਰੂ ਪੰਥ ਨੂੰ ਦੇ ਦਿਤਾ ਗਿਆ।"[79] ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ 'ਬਾਣੀ-ਗੁਰੂ' ਦੇ ਸਿਧਾਂਤ ਨੂੰ ਪ੍ਰਗਟ ਰੂਪ ਵਿਚ ਉਜਾਗਰ ਕਰ ਦਿਤਾ। ਇਹ ਗ੍ਰੰਥ ਕੇਵਲ ਗੁਰੂ ਸਾਹਿਬਾਨ ਹੀ ਨਹੀਂ, ਸਗੋਂ ਹੋਰ ਭਗਤਾਂ, ਭਟਾਂ ਅਤੇ ਗੁਰਸਿਖਾਂ ਦੀ ਬਾਣੀ ਵੀ ਹੈ।

ਗੁਰਮਤਿ ਵਿਚ ਗੁਰੂ ਦੀ ਭੂਮਿਕਾ ਭਾਵੇਂ ਕਈ ਰੂਪਾਂ ਵਿਚ ਪ੍ਰਾਪਤ ਹੈ ਪਰ ਸਭ ਤੋਂ ਅਹਿਮ ਰੋਲ ਵਿਚੋਲੇ ਦਾ ਹੈ। ਗੁਰੂ ਗਿਆਨ ਦੇ ਕੇ ਵਿਚੋਲੇ ਦੀ ਤਰ੍ਹਾਂ ਪਰਮਾਤਮਾ ਤੇ ਜੀਵ ਨੂੰ ਜੋੜਨ ਲਈ ਕੜੀ ਦਾ ਕੰਮ ਕਰਦਾ ਹੈ।[80] ਗੁਰੂ ਜਿਥੇ ਸਮਾਜ ਵਿਚ ਰਹਿੰਦੇ ਮਨੁਖ ਨੂੰ ਬੇਗਮਪੁਰੇ ਸ਼ਹਿਰ ਦਾ ਵਾਸੀ ਬਣਾਉਣਾ ਲੋਚਦਾ ਹੈ ਉਥੇ ਹੀ ਮਨੁਖ ਦੇ ਪ੍ਰਮਾਤਮਾ ਨਾਲ ਇਕ-ਮਿਕ ਹੋਣ ਵਿਚ ਸਹਾਈ ਹੁੰਦਾ ਹੈ। ਡਾ. ਦਰਸ਼ਨ ਸਿੰਘ ਅਨੁਸਾਰ ਗੁਰਬਾਣੀ ਵਿਚ ਗੁਰੂ ਦੇ ਤਿੰਨ ਰੂਪ ਮਿਲਦੇ ਹਨ:

(ੳ) ਗੁਰੂ ਦਾ ਪਰਮਾਤਮਾ ਰੂਪ।
(ਅ) ਗੁਰੂ ਦਾ ਮਨੁਖੀ ਰੂਪ।
(ੲ) ਗੁਰੂ ਦਾ ਸ਼ਬਦ ਰੂਪ।[81]

---

78 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 55.

79 ਪ੍ਰਿੰਸੀਪਲ ਤੇਜਾ ਸਿੰਘ (ਐਮ. ਏ.), ਸਿੱਖ ਧਰਮ, ਪੰਨਾ 24.

80 ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥੧॥ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 964.

81 ਡਾ. ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 42.

ਇਹਨਾਂ ਤਿੰਨਾਂ ਰੂਪਾਂ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ:

**(ੳ) ਗੁਰੂ ਦਾ ਪਰਮਾਤਮਾ ਰੂਪ:** ਪਰਮਾਤਮਾ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ। ਗੁਰਮਤਿ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਕਿਤੇ ਦੂਰ ਨਹੀਂ ਜਾ ਬੈਠਾ। ਉਹ ਇਸ ਸ੍ਰਿਸ਼ਟੀ ਦੀ ਸੰਭਾਲ ਵੀ ਕਰ ਰਿਹਾ ਹੈ। ਸ੍ਰਿਸ਼ਟੀ ਵਿਚ ਉਸ ਨੇ ਮਨੁਖ ਨੂੰ ਸਭ ਤੋਂ ਸ਼੍ਰੋਮਣੀ ਅਤੇ ਸਿਆਣਾ ਜੀਵ ਪੈਦਾ ਕੀਤਾ। ਇਸ ਨੂੰ ਆਪਣੀ ਅਤੇ ਸ੍ਰਿਸ਼ਟੀ ਦੀ ਕੁਝ ਸਮਝ ਦੇਣ ਵਾਸਤੇ ਪਰਮਾਤਮਾ ਆਪਣਾ ਆਪਾ ਜਗਤ ਵਿਚ ਪ੍ਰਕਾਸ਼ਿਤ ਕਰਦਾ ਹੈ। ਉਸਦੇ ਇਸ ਰੂਪ ਨੂੰ 'ਗੁਰੂ' ਕਿਹਾ ਜਾਂਦਾ ਹੈ। "ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਦੇ ਅਨੰਤ ਗੁਣਾਂ ਵਿਚੋਂ ਉਸ ਦਾ ਇਕ ਗੁਣ ਇਹ ਵੀ ਹੈ ਕਿ ਉਹ ਆਪਣੀ ਸਿਰਜੀ ਸ੍ਰਿਸ਼ਟੀ ਵਿਚ ਗਿਆਨ ਦਾ ਪ੍ਰਕਾਸ਼ ਕਰਨ ਲਈ ਆਪਣੇ ਆਪ ਨੂੰ ਕਈ ਰੂਪਾਂ ਵਿਚ ਪ੍ਰਕਾਸ਼ਿਤ ਕਰਦਾ ਹੈ।"[82] ਮਾਨਵਤਾ ਪ੍ਰਤੀ ਪਰਮ ਸੱਤਾ ਦੇ ਪ੍ਰਸਾਦਿ ਗੁਣ ਕਾਰਣ ਹੀ ਉਸ ਨੂੰ ਗੁਰੂ ਕਿਹਾ ਗਿਆ ਹੈ। [83]

**(ਅ) ਗੁਰੂ ਦਾ ਸ਼ਬਦ ਰੂਪ**: ਡਾ. ਗੁਲਜ਼ਾਰ ਸਿੰਘ ਕੰਗ ਅਨੁਸਾਰ, "ਗੁਰਮਤਿ ਵਿਚ ਸ਼ਬਦ ਨੂੰ 'ਜੋਤਿ ਸਰੂਪ' ਪ੍ਰਸੰਗ ਵਿਚ ਵਿਚਾਰਿਆ ਗਿਆ ਹੈ। ਜੋਤਿ ਜਦੋਂ ਨਿਸ਼ਚਿਤ 'ਜੁਗਤਿ' ਵਿਚ ਪਰਗਟ ਹੁੰਦੀ ਹੈ ਤਾਂ 'ਪ੍ਰਤੱਖ ਹਰਿ' ਜਾਂ 'ਸ਼ਬਦ ਗੁਰੂ' ਦੇ ਰੂਪ ਵਿਚ ਪਰਵਾਨ ਹੁੰਦੀ ਹੈ।[84] ਪਰ ਡਾ. ਰਤਨ ਸਿੰਘ ਜੱਗੀ ਸ਼ਬਦ ਗੁਰੂ ਤੋਂ ਭਾਵ "ਗੁਰੂ ਦਾ ਸ਼ਬਦ, ਗੁਰੂ ਦੇ ਬੋਲ, ਗੁਰੂ ਦੀ ਬਾਣੀ ਲੈਂਦੇ ਹਨ। ਗੁਰੂ–ਸ਼ਬਦ ਗੁਰੂ ਦੇ ਰਹੱਸਾਨੁਭਵ ਦੀ ਅਭਿਵਿਅਕਤੀ ਹੈ............ ਗੁਰੂ ਦੇ ਸਬਦ ਤੋਂ ਭਾਵ ਹੈ ਗੁਰੂ ਦੀ ਬਾਣੀ, ਗੁਰੂ ਦੀ ਮਤਿ, ਗੁਰੂ ਦੀ ਸਿਖਿਆ।[85] ਦੂਸਰੇ ਰੂਪ ਵਿਚ ਸ਼ਬਦ ਹੀ ਪੂਰੀ ਕਾਇਨਾਤ ਦਾ ਰਚੈਤਾ ਹੈ। ਗੁਰੂ ਕੁਦਰਤ ਵਿਚ ਜ਼ਾਹਰਾ-ਜ਼ਹੂਰ ਪ੍ਰਗਟ ਸ਼ਬਦ ਗਿਆਨਵੇਤਾ ਬਣ ਕੇ ਪ੍ਰਮੇਸ਼ਰ ਦੀ ਹੋਂਦ ਦਾ ਪ੍ਰਤੀਕ ਬਣਦਾ ਹੈ। ਮਾਨਵੀ ਜੀਵਨ ਵਿਚ ਦੁਨਿਆਵੀ ਗਿਆਨ ਤੇ ਅਧਿਆਤਮਕ ਗਿਆਨ ਪ੍ਰਾਪਤੀ ਵੀ ਸ਼ਬਦ ਰਾਹੀਂ ਹੀ ਸੰਭਵ ਹੋ ਸਕਦੀ ਹੈ। ਗੁਰੂ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ। ਗੁਰੂ ਦੇ ਵਾਸਤਵਿਕ ਲੱਛਣਾਂ ਅਤੇ ਗੁਣਾਂ ਤੋਂ ਸੁੰਨੇ ਵਿਅਕਤੀ ਜਾਂ ਪਾਖੰਡੀ ਗੁਰੂ ਤੋਂ ਬਚਣਾ ਚਾਹੀਦਾ ਹੈ। ਗੁਰੂ ਅਤੇ ਗੁਰੂ-ਸ਼ਬਦ ਵਿਚ ਵੀ ਕੋਈ ਅੰਤਰ ਨਹੀਂ ਹੈ ਕਿਉਂਕਿ ਸ਼ਬਦ ਗੁਰੂ ਦਾ ਵਾਚਿਕ ਸਰੂਪ ਹੈ। ਸੱਚੇ ਗੁਰੂ ਤੋਂ ਬਿਨਾਂ ਭਵਸਾਗਰ ਨੂੰ ਤਰ ਸਕਣਾ ਸਰਲ ਨਹੀਂ ਹੈ, ਕਿਉਂਕਿ ਮਾਇਕ ਪ੍ਰਪੰਚ ਕਰਕੇ ਹਰ ਪਾਸੇ ਅੰਧਕਾਰ ਹੀ ਅੰਧਕਾਰ ਵਿਆਪਤ ਹੈ। ਇਸ ਅੰਧਕਾਰ ਨੂੰ ਪ੍ਰਕਾਸ਼ ਦੇ ਕਿਸੇ ਸੰਸਾਰਿਕ ਸਾਧਨ ਰਾਹੀਂ ਦੂਰ ਨਹੀਂ ਕੀਤਾ ਜਾ ਸਕਦਾ । ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ

---

82 ਪ੍ਰੋ. ਪ੍ਰੀਤਮ ਸਿੰਘ(ਸੰਪਾ.), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨਾ 49.

83 ਡਾ. ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 42.

84 ਗੁਲਜਾਰ ਸਿੰਘ ਕੰਗ, ਸ਼ਬਦ ਅਨੁਭਵ ਤੇ ਦਰਸ਼ਨ, ਪੰਨੇ 73-74.

85 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼(ਭਾਗ ਪਹਿਲਾ), ਪੰਨਾ 146.

ਵਿਚ ਫ਼ੁਰਮਾਨ ਕਰਦੇ ਹਨ ਜੇ ਸੈਂਕੜੇ ਚੰਨ ਚੜ੍ਹ ਪੈਣ ਅਤੇ ਹਜ਼ਾਰਾਂ ਸੂਰਜ ਉਦੈ ਹੋ ਜਾਣ, ਇਤਨਾ ਚਾਨਣ ਹੋਣ ਦੇ ਬਾਵਜੂਦ ਅਧਿਆਤਮਿਕ ਲਾਭ ਤੋਂ ਬਿਨਾਂ ਹਨੇਰਾ ਹੈ।[86] ਇਸੇ ਤਰ੍ਹਾਂ ਭਾਈ ਗੁਰਦਾਸ ਜੀ ਗੁਰੂ ਬਾਬਤ ਕਹਿੰਦੇ ਹਨ :

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।
ਸਤਿਗੁਰੁ ਸਚੁ ਦਾਤਾਰ ਹੈ ਹੋਰੁ ਦਾਤੇ ਫਿਰਦੇ ਪਾਛਾਵੇ।
ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਨਾਵਨਿ ਨਾਵੇ।
ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਵੇਸਾਹ ਉਚਾਵੇ।
ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ।
ਵਿਣੁ ਸਤਿਗੁਰੁ ਸਭਿ ਨਿਗੋਸਾਵੈ ॥1॥ [87]

**(ਅ) ਗੁਰੂ ਦਾ ਮਨੁਖੀ ਰੂਪ:** ਸਿਖ ਸ਼ਬਦ ਵਿਚ ਤੀਸਰੇ ਰਾਹ ਦੀ ਅਕਾਲ ਫ਼ਤਹਿ ਦੇ ਸਾਰੇ ਨਿਸ਼ਾਨ ਮੌਜੂਦ ਹਨ।ਇਸ ਵਿਚ ਤੀਸਰੇ ਰਾਹ ਦੇ ਸੰਪੂਰਣ ਜਜ਼ਬੇ ਦੀ ਨੁਹਾਰ ਇੰਨ ਬਿੰਨ ਸਮਾਈ ਹੋਈ ਹੈ।ਜਦ ਸ਼ਬਦ ਅਕਾਲ ਪੁਰਖ ਦੀ ਬੇਮਿਸਾਲ ਬਖ਼ਸ਼ਿਸ਼ ਨੂੰ ਮਨੁਖੀ ਜਜ਼ਬੇ ਵਿਚ ਇਕ ਪੂਰਣ ਦ੍ਰਿਸ਼ ਬਣਾ ਦਿੰਦਾ ਹੈ, ਤਾਂ ਹਨੇਰਿਆਂ ਵਿਚ ਗੁੰਮ ਹੋਈਆਂ ਅਤੇ ਅਧੂਰੇ ਚਾਨਣਾਂ ਵਿਚ ਭਟਕਦੀਆਂ ਅਨੇਕਾਂ ਨਸਲਾਂ, ਕੌਮਾਂ ਅਤੇ ਮਜ਼ਬਾਂ ਦੇ ਦਰਮਿਆਨ ਗੁਰੂ ਦਾ ਜ਼ਹੂਰ ਹੁੰਦਾ ਹੈ ਅਤੇ ਅਜਿਹਾ ਗੁਰੂ ਆਪਣੀ ਅਦ੍ਰਿਸ਼ਟ ਵਰਦਾਨੀ ਛੋਹ ਲੈ ਕੇ ਆਪਣੇ ਮਾਰਗ ਉਤੇ ਚਲਣ ਵਾਲੀਆਂ ਪੁਸ਼ਤਾਂ ਨਾਲ ਸਦੀਵੀ ਤੌਰ ਉਤੇ ਰਿਸ਼ਤਾ ਜੋੜ ਲੈਂਦਾ ਹੈ। ਪਰ ਮਨੁਖਤਾ ਦੀ ਪੂਰਨਤਾ ਦੇ ਅਜਿਹੇ ਉਦੈ-ਛਿਣ ਉਤੇ ਵੀ 'ਸ਼ਬਦ' ਦਾ ਲਤੀਫ ਪਾਸਾਰ ਜੀਵਨ ਦੀਆਂ ਅਨੇਕਾਂ ਚੜ੍ਹਤਲਾਂ ਅਤੇ ਅਸਤ ਬਿੰਦੂਆਂ ਵਿਚ ਰਹੱਸਮਈ ਪ੍ਰੇਰਣਾ ਜਗਾਉਦਾ ਰਹਿੰਦਾ ਹੈ।[88]

ਗੁਰੂ ਦੇ ਸਰੀਰ ਵਿਚ ਵਸ ਰਹੀ ਪਰਮਾਤਮਾ ਨਾਲ ਇਕਰੂਪਤਾ ਗ੍ਰਿਹਣ ਕਰ ਚੁੱਕੀ ਉਸ ਦੀ ਆਤਮਾ ਜੋਤੀ ਹੀ ਹੈ ਜੋ ਉਸ ਦੇ ਸਰੀਰ ਰਾਹੀਂ ਵਿਸ਼ਵ ਕਲਿਆਣ ਲਈ ਕੰਮ ਕਰਦੀ ਹੈ ਪਰ ਆਮ ਮਨੁਖਾ ਨੂੰ ਸਮਾਜ ਵਿਚ ਰਾਜਸੀ, ਸਮਾਜਿਕ, ਆਤਮਿਕ ਅਤੇ ਆਰਥਿਕ ਖੇਤਰਾਂ ਵਿਚ ਅਗਵਾਈ ਦੀ ਲੋੜ ਪੈਂਦੀ ਹੈ ਅਤੇ ਗੁਰੂ ਇਸ ਦੀ ਅਗਵਾਈ ਲਈ ਇਨ੍ਹਾਂ ਖੇਤਰਾਂ ਵਿਚ ਅਮਲੀ ਜੀਵਨ ਦੇ ਰੂਪ ਵਿਚ ਇਕ ਮਿਸਾਲ ਕਾਇਮ ਕਰਦਾ ਹੈ। ਇਸ ਲਈ ਉਸ ਦੇ ਸਰੀਰਕ ਰੂਪ ਦੀ ਮਹਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ

---

86 ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।। ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ॥

87 ਵਾਰਾਂ ਭਾਈ ਗੁਰਦਾਸ ਜੀ, ਵਾਰ 15, ਪਉੜੀ 1

88 ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਪੰਨੇ 296-97

ਸਕਦਾ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਵਿਵਹਾਰਿਕ ਅਤੇ ਸੰਸਾਥਾਗਤ ਸਰੂਪ ਇਸੇ ਲਈ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਕਾਇਮ ਰਿਹਾ। ਪਰ ਸਿਧਾਂਤਕ ਤੌਰ ਤੇ ਗੁਰੂ ਦੇ ਅਸੀਰੀਰੀ ਰੂਪ ਵਿਚ ਕਦੇ ਵੀ ਫ਼ਰਕ ਨਹੀਂ ਪਿਆ, ਬਲਕਿ ਗੁਰੂ ਸਾਹਿਬਾਨ ਦੀਆਂ ਆਪਣੀਆਂ ਰਚਨਾਵਾਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੀਆ ਹਨ ਕਿ ਉਨ੍ਹਾਂ ਨੇ ਸਦਾ ਹੀ ਲੋਕਾਂ ਨੂੰ ਸਰੀਰਕ ਅਨੁਰਾਗ ਤੋਂ ਸੁਤੰਤਰ ਕਰਾ ਕੇ ਅਸੀਰੀਰੀ ਪਰਮਾਤਮਾ ਸੱਤਾ ਸਰੂਪ ਗੁਰੂ ਵੱਲ ਅਗ੍ਰਸਰ ਹੋਣ ਦੀ ਪ੍ਰੇਰਣਾ ਦਿੱਤੀ ਹੈ।

ਨਿਰਗੁਨ ਸਰਗੁਨ ਕੈ ਅਲਖ ਅਬਿਗਤ ਗਤਿ ਪੂਰਨ ਬ੍ਰਹਮ ਗੁਰ ਰੂਪ ਪ੍ਰਗਟਾਏ ਹੈ।
ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ ਅਕੁਲ ਅਕਾਲ ਗੁਰਸਿਖਨੁ ਦਿਖਾਏ ਹੈ।
ਨਿਰਗੁਨ ਸ੍ਰੀ ਗੁਰ ਸਬਦ ਅਨਹਦ ਧੁਨਿ ਸਬਦ ਬੇਧੀ ਗੁਰ ਸਿਖਨੁ ਸੁਨਾਏ ਹੈ।
ਚਰਨ ਕਮਲ ਮਕਰੰਦ ਨਿਹਕਾਮ ਧਾਮ ਗੁਰੁਸਿਖ ਮਧੁਕਰ ਗਤਿ ਲਪਟਾਏ ਹੈ॥੩੬॥[89]

ਭਾਈ ਜੋਧ ਸਿੰਘ ਅਨੁਸਾਰ ਨਿਰੰਕਾਰ ਦੀ ਕੋਈ ਦੇਹ ਨਹੀਂ ਨਾ ਹੀ ਉਸਦੀ ਕੋਈ ਮੂਰਤ ਹੈ ਪਰ ਇਹ ਸਿੱਖੀ ਦਾ ਅਸੂਲ ਹੈ ਕਿ ਸਤਿਗੁਰੂ ਅੰਤਰ ਆਤਮੇ ਨਿਰੰਕਾਰ ਨਾਲ ਅਭੇਦ ਹੈ ਤੇ ਸਤਿਗੁਰੂ ਦਾ ਉਪਦੇਸ਼ ਨਿਰੰਕਾਰੀ ਹੈ।[90]

**ਸਾਧਸੰਗਤਿ**: ਗੁਰੂ ਸਾਹਿਬ ਨੇ ਇਸ ਤੋਂ ਇਲਾਵਾ ਮੁਕਤੀ ਪ੍ਰਾਪਤੀ ਲਈ ਵੀ ਸਮੂਹਿਕ(ਸੰਗਤ) ਯਤਨਾਂ ਨੂੰ ਤਰਜੀਹ ਦਿਤੀ। ਲਗਪਗ ਸਾਰੇ ਭਾਰਤੀ ਧਰਮਾਂ ਵਿਚ ਇਕ ਗੱਲ ਪਾਈ ਜਾਂਦੀ ਹੈ ਕਿ ਧਰਮ ਦੇ ਬਾਨੀ ਜਾਂ ਪ੍ਰਵਰਤਕ ਹੀ ਉਸ ਧਰਮ ਦੇ ਅਨੁਯਾਈਆਂ ਦੇ ਪੂਜਯ ਬਣ ਗਏ ਭਾਵ ਗੁਰੂ ਤੋਂ ਲਕਸ਼(ਪਰਮਾਤਮਾ) ਬਣ ਗਏ, ਜਦਕਿ ਗੁਰੂ ਲਕਸ਼ ਪ੍ਰਾਪਤੀ ਦਾ ਮਾਰਗ-ਦਰਸ਼ਕ ਸਨ। ਧਰਮ ਪ੍ਰਵਰਤਕ ਅਤੇ ਉਹਨਾਂ ਦੇ ਅਨੁਯਾਈ ਇਕ ਪਰਮਾਤਮਾ ਤਕ ਪਹੁੰਚਣ ਦੀ ਗੱਲ ਸੋਚ ਹੀ ਨਾ ਸਕੇ। ਪਰ ਗੁਰਮਤਿ ਦੇ ਸਾਰੇ ਪ੍ਰਵਰਤਕਾਂ ਨੇ ਆਪਣੇ ਅਨੁਯਾਈਆਂ ਨੂੰ ਇਕ ਪਰਮਾਤਮਾ ਦੀ ਆਰਾਧਨਾ ਕਰਨ ਦਾ ਉਪਦੇਸ਼ ਦਿਤਾ। ਦੂਜੇ ਪਾਸੇ ਦਸ ਗੁਰੂ ਸਾਹਿਬਾਨ ਨੇ ਮਨੁਖ ਨੂੰ ਆਪਣੀ ਅਗਵਾਈ ਦਿੰਦੇ ਹੋਏ ਸ਼ਰਸਾਰ ਮਨੁਖੀ ਸਰੂਪ ਨਾਲ ਗੁਰੂ ਦੇ ਤੌਰ 'ਤੇ ਵੀ ਨਹੀਂ ਜੋੜਿਆ, ਸਗੋਂ ਸ਼ਬਦ ਨਾਲ ਹੀ ਜੋੜਿਆ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਹਰਿਮੰਦਰ ਸਾਹਿਬ ਵਿਚ 'ਆਦਿ ਗ੍ਰੰਥ' ਦਾ ਪ੍ਰਕਾਸ਼ ਕੀਤਾ। ਆਪਣੇ ਪੈਰੋਕਾਰਾਂ ਨੂੰ ਇਸ ਤੋਂ ਅਗਵਾਈ ਲੈਣ ਲਈ ਕਿਹਾ। 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ ਗੁਰਤਾਗੱਦੀ ਬਖਸ਼ ਦਿਤੀ ਤੇ ਸਿੱਖਾਂ ਨੂੰ ਗੁਰੂ ਮੰਨਣ ਦਾ ਆਦੇਸ਼ ਕਰ ਦਿਤਾ ਜੋ ਦਸ ਗੁਰਾਂ ਤੋਂ ਚਲੇ ਆ ਰਹੇ ਸਿਧਾਂਤ ਦਾ ਵਿਵਹਾਰਕ ਰੂਪ

---

89 ਕਬਿਤ ਭਾਈ ਗੁਰਦਾਸ ਜੀ, ਕਬਿਤ 36

90 ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 115

ਸੀ। ਗੁਰਮੀਤ ਪਰੰਪਰਾ ਵਿਚ ਨਿਵੇਕਲੀ ਗਲ ਇਹ ਵੀ ਹੋਈ ਕਿ ਗੁਰੂ ਅਤੇ ਚੇਲਾ ਸਦੀਵ ਲਈ ਗੁਰੂ ਚੇਲਾ ਹੀ ਨਹੀਂ ਰਹੇ ਸਗੋਂ ਗੁਰੂ ਦਾ ਸਿੱਖ ਗੁਰੂ ਦੀ ਸੇਵਾ ਕਰਕੇ ਕੇ ਪੂਰਨਤਾ ਪ੍ਰਾਪਤ ਕਰਦਾ ਹੋਇਆ ਗੁਰੂ ਰੂਪ ਹੀ ਹੋ ਗਿਆ। ਇਹ ਪਰੰਪਰਾ ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਬਖਸ਼ ਕੇ ਚਲਾ ਦਿੱਤੀ। ਇਸ ਤਰਾਂ ਗੁਰੂ ਚੇਲੇ ਵਿਚ ਅਭੇਦਤਾ ਹੋ ਗਈ -

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥

ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥[91]

ਇਸ ਤੋਂ ਇਲਾਵਾ ਕੀਰਤਨ, ਸੇਵਾ ਆਦਿਕ ਵੀ ਭਗਤੀ ਵਿਚ ਸਹਾਇਕ ਹਨ।

## 3.2 ਸੰਸਕਾਰ :

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਸਕਾਰ ਧਰਮਰੀਤਿ ਨਾਲ ਕੀਤਾ ਹੋਇਆ ਉਹ ਕਰਮ ਹੈ, ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ।"[92] ਸੋਹਿੰਦਰ ਸਿੰਘ ਵਣਜਾਰਾ ਬੇਦੀ ਸੰਸਕਾਰ ਦੀ ਪਰਿਭਾਸ਼ਾ ਦਿੰਦੇ ਹਨ, "ਸੰਸਕਾਰ, ਜੀਵਨ ਨਾਲ ਸੰਬੰਧਤ ਪਰੰਪਰਾ ਤੋਂ ਚਲੇ ਆ ਰਹੇ ਉਹ ਕਰਮ ਕਾਂਡ ਤੇ ਰਹੁ ਰੀਤਾਂ ਹਨ, ਜਿਹਨਾਂ ਨਾਲ ਜਨ-ਸਾਧਾਰਨ ਦੀ ਧਾਰਮਿਕ ਭਾਵਨਾ ਜੁੜੀ ਹੁੰਦੀ ਹੈ।"[93] ਬੇਦੀ ਅੱਗੇ ਸੰਸਕਾਰ ਤੇ ਰਹੁ ਰੀਤਾਂ ਵਿਚ ਅੰਤਰ ਬਾਰੇ ਵਿਚਾਰ ਦਿੰਦਾ ਹੈ ਕਿ ਸੰਸਕਾਰ ਤੇ ਰੀਤਾਂ ਸੁਭਾਵ ਵਿਚ ਸਮਰੂਪ ਹਨ, ਪਰ ਭਾਵਨਾ ਵਿਚ ਵੱਖ ਹਨ। ਰੀਤਾਂ ਟੂਣਾ ਚਿੰਤਨ ਦਾ ਪ੍ਰਵਾਹ ਹਨ, ਪਰ ਸੰਸਕਾਰ ਧਰਮ-ਚਿੰਤਨ ਦਾ।[94] ਮਨੁਖ ਜਾਤੀ ਦੀਆਂ ਵਿਭਿੰਨ ਧਾਰਮਕ ਮਨੌਤਾਂ ਦੇ ਕਾਰਨ ਸੰਸਕਾਰਾਂ ਵਿਚ ਬਹੁਤ ਵਖਰੇਵਾਂ ਹੈ। ਸੰਸਕਾਰ ਜਿਥੇ ਕਿਸੇ ਜਾਤੀ ਨੂੰ ਭਾਵਨਾਤਮਕ ਤੇ ਮਾਨਸਿਕ ਤੌਰ 'ਤੇ ਜੋੜਦੇ ਹਨ ਉਥੇ ਹੀ ਚਰਿਤਰ ਦੇ ਤੌਰ ਉਸ ਪੇਸ਼ ਵੀ ਕਰਦੇ ਹਨ।

### 3.2.1 ਸੰਸਕਾਰਾਂ ਦੇ ਪ੍ਰਕਾਰ

ਮਹਾਨਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਸਕਾਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ:

1. "**ਉਤਮ ਸੰਸਕਾਰ**: ਉਤਮ ਸੰਸਕਾਰ ਉਹ ਹਨ, ਜਿਨ੍ਹਾਂ ਕਰਕੇ ਕਰਤਾਰ ਦੀ ਰਚਨਾ ਦੇ ਵਿਰੁੱਧ ਕੁਝ ਨਾ ਕੀਤਾ ਜਾਵੇ ਤੇ ਚਿੰਨ੍ਹ ਧਾਰਨ ਕੀਤੇ ਜਾਣ ਓਹ ਸ਼ਰੀਰ ਤਥਾ ਦੇਸ਼ ਦੀ ਰੱਖਯਾ ਦਾ ਕਾਰਣ ਹੋਣ. ਜੈਸੇ— ਅੰਮ੍ਰਿਤ ਸੰਸਕਾਰ ਸਮੇਂ ਸਿੱਖ ਕੱਛ ਕ੍ਰਿਪਾਣ ਧਾਰਨ ਕਰਦੇ ਹਨ.

---

91 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 444.

92 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 177.

93 ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਪਹਿਲੀ ਤੇ ਦੂਜੀ), ਪੰਨਾ 210.

94 ਉਹੀ, ਪੰਨਾ 210.

2. **ਮੱਧਮ ਸੰਸਕਾਰ:** ਮਧਮ ਸੰਸਕਾਰ ਉਹ ਹਨ ਜਿਨ੍ਹਾਂ ਦ੍ਵਾਰਾ ਵਾਹਗੁਰੂ ਦੀ ਰਚਨਾ ਬੁਰੀ ਸ਼ਕਲ ਵਿੱਚ ਕੀਤੀ ਜਾਵੇ, ਅਤੇ ਚਿੰਨ੍ਹ ਐਸੇ ਚਿੰਨ੍ਹ ਧਾਰੇ ਜਾਣ, ਜਿਨ੍ਹਾਂ ਤੋਂ ਸ਼ਰੀਰ ਅਰ ਦੇਸ਼ ਨੂੰ ਕੋਈ ਲਾਭ ਨਾ ਪਹੁੰਚੇ. ਜੇਸੈ—ਜਟਾ ਭਸਮ ਜਨੇਉ ਕੰਠੀ ਆਦਿਕ ਲੋਕ ਧਾਰਨ ਕਰਦੇ ਹਨ.

3. **ਨਿਸਿੱਧ (ਨਿਕ੍ਰਿਸਟ) ਸੰਸਕਾਰ:** ਨਿਸਿੱਧ (ਨਿਕ੍ਰਿਸਟ)ਸੰਸਕਾਰ ਉਹ ਹਨ ਜਿਨ੍ਹਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ ਅਰ ਦੇਹ ਤਥਾ ਦੇਸ਼ ਦਾ ਕੋਈ ਹਿਤ ਨਾ ਹੋ ਸਕੇ. ਜੈਸੇ—ਯੋਗੀਆਂ ਦਾ ਕਰਣਵੇਧ, ਸੁੰਨਤ(ਖਤਨਾ) ਮੁੰਡਨ ਆਦਿਕ."[95]

ਸੰਸਕਾਰ ਸ਼ਬਦ ਇਕ ਹੋਰ ਮਹਤਵਪੂਰਨ ਅਰਥਾਂ ਵਿਚ ਵੀ ਲਿਆ ਜਾਂਦਾ ਹੈ ਜਿਸ ਦਾ ਭਾਵ ਹੈ ਪਿਛਲੇ ਜਨਮਾਂ ਦੀ ਵਾਸ਼ਨਾ। ਜਦੋਂ ਵਿਅਕਤੀ ਸੰਸਾਰ ਵਿਚ ਰਹਿ ਕੇ ਕਰਮ ਕਰਦਾ ਹੈ ਤੇ ਕਰਮਾਂ ਦਾ ਪ੍ਰਭਾਵ ਉਸ ਦੇ ਚਿੱਤ ਉਪਰ ਬਣੀ ਜਾਂਦਾ ਹੈ ਤੇ ਮਰਨ ਉਪਰੰਤ ਵੀ ਨਹੀਂ ਛੁਟਦਾ। ਉਸ ਨੂੰ ਸੰਸਕਾਰ ਕਹਿੰਦੇ ਹਨ।

ਵੈਦਿਕ ਧਰਮ ਵਿਚ ਸੰਸਕਾਰ ਬਹੁਤ ਸ਼ਰਧਾ ਤੇ ਆਸਥਾ ਨਾਲ ਨਿਭਾਏ ਜਾਂਦੇ ਹਨ ਪਰ ਇਸ ਧਰਮ ਵਿਚ ਸੰਸਕਾਰਾਂ ਸੰਬੰਧੀ ਇਕਸਾਰਤਾ ਨਹੀਂ ਹੈ, ਸਗੋਂ ਗਿਣਤੀ ਪਖ ਤੋਂ ਘਟ ਵਧ ਹਨ। ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸੰਸਕਾਰ ਸ਼ੁਰੂ ਹੋ ਜਾਂਦੇ ਹਨ ਤੇ ਮਰਨ ਤੋਂ ਬਾਅਦ ਤੱਕ ਚਲਦੇ ਰਹਿੰਦੇ ਹਨ। ਵੈਦਿਕ ਧਰਮ ਵਿਚ ਹਰ ਸੰਸਕਾਰ ਨਾਲ ਕਈ ਕਈ ਰੀਤਾਂ ਜੁੜੀਆਂ ਹੋਈਆਂ ਹਨ, ਜੋ ਹਿੰਦੂ ਸ਼ਾਸ਼ਤਰਾਂ ਦੇ ਵਿਧੀ ਵਿਧਾਨ ਅਨੁਸਾਰ ਕੀਤੀਆਂ ਜਾਂਦੀਆਂ ਹਨ। ਮਨੁਖ ਦਾ ਸਰੋਕਾਰ ਸਮਾਜ ਨਾਲ ਹੈ। ਮਨੁਖੀ ਜਿੰਦਗੀ ਦੀਆਂ ਸਾਰੀਆਂ ਕਿਰਿਆਵਾਂ ਸਮਾਜ ਵਿਚ ਹੀ ਸੰਭਵ ਹੋ ਸਕਦੀਆਂ ਹਨ। ਸਮਾਜ ਕਰਕੇ ਹੀ ਮਨੁਖ ਦਾ ਨਿਰਬਾਹ ਹੁੰਦਾ ਹੈ। ਜੇਕਰ ਮਨੁਖ ਇਕਲਾ ਹੀ ਜੀਵਨ ਬਸਰ ਕਰੇ ਤਾਂ ਉਸਦੇ ਤੇ ਪਸ਼ੂਆਂ ਦੇ ਜੀਵਨ ਵਿਚ ਕੋਈ ਬਹੁਤਾ ਫਰਕ ਨਹੀਂ ਰਹਿ ਜਾਵੇਗਾ। ਜੇਕਰ ਮਨੁਖ ਸ੍ਵੈ ਨਿਰਭਰ ਹੁੰਦਾ ਤਾਂ ਸਮਾਜ ਦੀ ਹੋਂਦ ਹੀ ਨਾ ਹੁੰਦੀ ਅਤੇ ਨਾ ਹੀ ਸਮਾਜ ਵਿਚੋਂ ਸਭਿਆਚਾਰ ਉਤਪੰਨ ਹੁੰਦਾ ਪਰ ਅਜਿਹਾ ਅਸੰਭਵ ਹੈ, ਕਿਉਂਕਿ ਮਨੁਖ ਤਾਂ ਕੀ ਪਸ਼ੂ, ਪੰਛੀ, ਜਾਨਵਰ ਆਦਿਕ ਭੀ ਇਕ ਦੂਸਰੇ ਜੀਵਾਂ 'ਤੇ ਨਿਰਭਰ ਕਰਦੇ ਹਨ। ਸਮਾਜਿਕ ਅਤੇ ਸੰਵੇਦਨਸ਼ੀਲ ਜੀਵ ਹੋਣ ਕਰਕੇ ਦੂਜੇ ਜੀਵਾਂ ਦੇ ਮੁਕਾਬਲੇ ਮਨੁਖ ਆਪਣੇ ਜੀਵਨ ਦੇ ਹਾਲਾਤਾਂ ਵਿਚ ਦੂਜੇ ਮਨੁਖਾਂ ਦਾ ਸਹਿਯੋਗ ਲੋੜਦਾ ਹੈ। ਮਨੁਖੀ ਜ਼ਿੰਦਗੀ ਵਿਚ ਦੁਖ ਸੁਖ ਆਉਂਦੇ ਰਹਿੰਦੇ ਹਨ। ਇਹਨਾਂ ਮੌਕਿਆਂ ਦਾ ਸਾਹਮਣਾ ਮਨੁਖ ਦੂਜੇ ਮਨੁਖਾਂ ਨਾਲ ਮਿਲ ਕੇ ਹੀ ਕਰਦਾ ਹੈ। ਜੇਕਰ ਅਜਿਹਾ ਨਾ ਹੋਵੇ ਤਾਂ ਸੁਖ ਮਨੁਖ ਨੂੰ ਭਰਮਾ ਕੇ ਹੰਕਾਰੀ ਬਣਾ ਦੇਣਗੇ ਅਤੇ ਬੀਮਾਰੀਆਂ ਤੇ ਦੁਖ ਜ਼ਿੰਦਗੀ ਜੀਊਣ ਯੋਗ ਹੀ ਨਹੀਂ ਛਡਣਗੇ। ਸੋ ਜ਼ਿੰਦਗੀ ਦੇ ਸਫ਼ਰ ਵਿਚ ਮਨੁਖ ਦੀ ਦੂਜੇ ਮਨੁਖਾਂ ਨਾਲ ਸਾਂਝ ਪਵਾਉਣ ਲਈ ਸੰਸਕਾਰਾਂ ਦੀ ਘਾੜਤ ਘੜੀ ਗਈ। ਇਹ ਸੰਸਕਾਰ

[95] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 177.

ਮਨੁਖ ਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਮਰਨ ਤੋਂ ਬਾਅਦ ਤਕ ਵੀ ਨਿਭਾਏ ਜਾਂਦੇ ਹਨ। ਇਹਨਾਂ ਰਾਹੀਂ ਮਨੁਖ ਦਾ ਜਨਮ ਤੋਂ ਹੀ ਸਮਾਜ ਨਾਲ ਵਾਹ ਪੁਆਇਆ ਜਾਂਦਾ ਹੈ। ਮਨੁਖ ਭਾਵੇਂ ਜੰਮਣ ਵੇਲੇ ਇਕਹਿਰੀ ਜ਼ਿੰਦਗੀ ਦਾ ਧਾਰਨੀ ਹੁੰਦਾ ਹੈ ਪਰ ਜਿਵੇਂ ਜਿਵੇਂ ਸਮਾਜ ਵਿਚ ਵਿਚਰਦਾ ਹੋਇਆ ਹੋਸ਼ ਸੰਭਾਲਦਾ ਹੈ ਸਮਾਜ ਦਾ ਅੰਗ ਬਣਦਾ ਜਾਂਦਾ ਹੈ। ਪ੍ਰੋੜ੍ਹ ਮਨੁਖ ਬਣਨ ਤਕ ਪੂਰਨ ਤੌਰ'ਤੇ ਸਮਾਜਿਕ ਪ੍ਰਾਣੀ ਬਣ ਜਾਂਦਾ ਹੈ। ਸਮਾਜ ਵਖ ਵਖ ਹਿਸਿਆਂ ਵਿਚ ਵੰਡਿਆ ਹੋਇਆ ਹੈ। ਹਰ ਸਮਾਜ ਦਾ ਆਪਣਾ ਸਭਿਆਚਾਰ ਹੈ। ਮਨੁਖ ਜਿਸ ਸਭਿਅਚਾਰਕ ਹਿਸੇ ਵਿਚ ਜੰਮਦਾ ਤੇ ਪਲਦਾ ਹੈ ਉਸੇ ਦਾ ਧਾਰਨੀ ਹੋ ਜਾਂਦਾ ਹੈ। ਅਗੇ ਇਹਨਾਂ ਸਭਿਅਚਾਰਕ ਹਿਸਿਆਂ ਦੀਆਂ ਆਪਣੀਆਂ ਰੀਤਾਂ ਰਸਮਾਂ ਹੁੰਦੀਆਂ ਹਨ। ਇਹ ਧਰਮ ਆਧਾਰਿਤ ਵੀ ਹੁੰਦੀਆਂ ਹਨ। ਹਰ ਕੌਮ ਦੇ ਲੋਕਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹਨਾਂ ਦਾ ਬੱਚਾ ਸੰਬੰਧਿਤ ਧਾਰਮਿਕ ਅਕੀਦਿਆਂ ਵਿਚ ਪਰਪਕ ਹੋਵੇ। ਸੋ ਹਰ ਕੌਮ ਆਪਣੇ ਬੱਚਿਆਂ ਨੂੰ ਇਹਨਾਂ ਨਾਲ ਸੰਬੋਧਿਤ ਕਰਵਾਉਂਦੀ ਹੈ। ਇਸੇ ਲੜੀ ਵਿਚ ਸੰਸਕਾਰ ਆਉਂਦੇ ਹਨ। ਵਖ ਵਖ ਧਰਮਾਂ ਵਿਚ ਵਖ ਵਖ ਸੰਸਕਾਰ ਪ੍ਰਚਲਤ ਹਨ। ਪ੍ਰਮੁਖ ਤੌਰ 'ਤੇ ਚਾਰ ਸੰਸਕਾਰ: ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਵਿਆਹ ਸੰਸਕਾਰ ਅਤੇ ਮ੍ਰਿਤਕ ਸੰਸਕਾਰ ਸਾਰੇ ਧਰਮਾਂ ਵਿਚ ਪ੍ਰਚਲਤ ਹਨ। ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

**1. ਜਨਮ ਸੰਸਕਾਰ**

ਭਾਰਤੀ ਪਰੰਪਰਾ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸੰਸਕਾਰ ਸ਼ੁਰੂ ਹੋ ਜਾਂਦੇ ਹਨ। ਆਮ ਕਰਕੇ ਭਾਰਤੀ ਸਮਾਜ ਵਿਚ ਇਹ ਮਾਨਤਾ ਹੈ ਕਿ ਜੰਮਦੇ ਬੱਚੇ ਨੂੰ ਬੜੀ ਛੇਤੀ ਬੁਰੀ ਨਜ਼ਰ, ਕੋਈ ਬੀਮਾਰੀ ਆਦਿਕ ਲਗ ਜਾਂਦੀ ਹੈ। ਇਸ ਲਈ ਬੱਚੇ ਦੇ ਜਨਮ ਵੇਲੇ ਬਹੁਤ ਹੀ ਚੇਤੰਨ ਹੋ ਕੇ ਰਿਹਾ ਜਾਂਦਾ ਹੈ। ਉਸਦੇ ਬਚਾਅ ਲਈ ਤਰ੍ਹਾਂ ਤਰ੍ਹਾਂ ਦੇ ਉਪਾਅ ਕੀਤੇ ਜਾਂਦੇ ਹਨ। ਭਾਰਤੀ ਇਤਿਹਾਸ ਵਿਚ ਇਸ ਸੰਬੰਧੀ, ਜਾਦੂ, ਟੂਣੇ, ਭੂਤ-ਪ੍ਰੇਤ, ਵਹਿਮ ਭਰਮ ਤੇ ਕਰਮ-ਕਾਂਡ ਆਦਿ ਦਾ ਜ਼ਿਕਰ ਮਿਲਦਾ ਹੈ। ਜੱਚਾ ਅਤੇ ਬੱਚੇ ਨੂੰ ਅਲਗ ਕਮਰੇ ਵਿਚ ਰਖਿਆ ਜਾਂਦਾ ਹੈ। ਜਿਥੇ ਕਈ ਦਿਨਾਂ ਤਕ(ਸੰਬੰਧਿਤ ਧਰਮ ਦੇ ਮਿਥੇ ਦਿਨਾਂ ਅਨੁਸਾਰ)ਆਮ ਲੋਕਾਂ ਨੂੰ ਜਾਣ ਦੀ ਇਜ਼ਾਜ਼ਤ ਨਹੀਂ ਦਿਤੀ ਜਾਂਦੀ। ਕੁਝ ਦਿਨਾਂ ਬਾਅਦ ਦੋਹਾਂ ਨੂੰ ਬਾਹਰ ਕਢਿਆ ਜਾਂਦਾ ਹੈ। ਭੈੜੀਆਂ ਰੂਹਾਂ ਨੂੰ ਦੂਰ ਰਖਣ ਅਤੇ ਚੰਗੀਆਂ ਰੂਹਾਂ ਦੇ ਪ੍ਰਵੇਸ਼ ਲਈ ਬੱਚੇ ਦੇ ਕਮਰੇ ਵਿਚ ਸਾਫ਼ ਅਤੇ ਸ਼ੁਧ ਵਾਤਾਵਰਨ ਬਣਾਇਆ ਜਾਂਦਾ ਹੈ। ਵਖ ਵਖ ਧਰਮਾਂ ਵਿਚ ਜਨਮ ਸੰਸਕਾਰ ਸੰਬੰਧੀ ਵਖ ਵਖ ਰਸਮਾਂ ਹਨ। ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

**ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ ਜਨਮ ਸੰਸਕਾਰ:** ਵੈਦਿਕ ਧਰਮ ਵਿਚ ਪੁਤਰਾਂ ਨੂੰ ਤਰਜੀਹ ਦਿਤੀ ਜਾਂਦੀ ਹੈ। ਅਜਿਹੇ ਉਪਾਅ ਅਤੇ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਕਿ ਪੁਤਰ ਦੀ ਪ੍ਰਾਪਤੀ ਹੋ ਜਾਵੇ।

ਰਿਗਵੇਦ ਵਿਚ ਸ਼ਕਤੀਸ਼ਾਲੀ ਇੰਦਰ ਦੀ ਪੂਜਾ ਕਰਕੇ ਇਹ ਵਰ ਮੰਗਿਆ ਜਾਂਦਾ ਹੈ ਕਿ ਪੁਤਰਾਂ ਦੀ ਪ੍ਰਾਪਤੀ ਹੋਵੇ:

"ਇਸ ਦੁਲਹਨ ਨੂੰ ਪੁਤਰਾਂ ਦੀ ਅਤੇ ਧਨ ਦੀ ਦਾਤ ਦੇਹ
ਇਸ ਦੇ ਦਸ ਬੇਟੇ ਹੋਣ ਤੇ ਇਸ ਦਾ ਪਤੀ ਇਸਦਾ ਗਿਆਰ੍ਹਵਾਂ ਬੇਟਾ ਹੋਵੇ।"[96]

ਵੈਦਿਕ ਧਰਮ ਵਿਚ ਜਨਮ ਸੰਸਕਾਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ:

ੳ. ਜਨਮ ਤੋਂ ਪਹਿਲਾਂ ਦੇ ਸੰਸਕਾਰ, ਅਤੇ

ਅ. ਜਨਮ ਤੋਂ ਬਾਅਦ ਦੇ ਸੰਸਕਾਰ।

**ੳ. ਜਨਮ ਤੋਂ ਪਹਿਲਾਂ ਦੇ ਸੰਸਕਾਰ:** ਹਿੰਦੂ ਧਰਮ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸੰਸਕਾਰ ਹੋਣੇ ਆਰੰਭ ਹੋ ਜਾਂਦੇ ਹਨ। ਸਭ ਤੋਂ ਪਹਿਲਾਂ **ਗਰਭਾਧਾਨ ਸੰਸਕਾਰ** ਕਰਵਾਇਆ ਜਾਂਦਾ ਹੈ। ਇਹ ਸੰਸਕਾਰ ਬੱਚੇ ਦੇ ਜਨਮ ਤੋਂ ਪਹਿਲਾਂ ਕਰਵਾਇਆ ਜਾਂਦਾ ਹੈ ਭਾਵ ਇਸ ਸੰਸਕਾਰ ਰਾਹੀਂ ਹੀ ਬੱਚਾ ਮਾਤਾ ਦੇ ਗਰਭ ਵਿਚ ਠਹਿਰਾਇਆ ਜਾਂਦਾ ਹੈ। ਇਹ ਬ੍ਰਾਹਮਣਾਂ ਵਲੋਂ ਆਮ ਪ੍ਰਜਾ ਦਾ ਸ਼ੋਸ਼ਣ ਕਰਨ ਦਾ ਇਕ ਢੌਂਗ ਸੀ। ਉਹ ਭੋਲੇ ਭਾਲੇ ਲੋਕਾਂ ਦਾ ਫਾਇਦਾ ਉਠਾ ਕੇ ਉਹਨਾਂ ਦਾ ਸ਼ੋਸ਼ਣ ਕਰਦੇ ਸਨ। ਇਸ ਸੰਸਕਾਰ ਵਿਚ ਪੁਰੋਹਿਤਾਂ ਵਲੋਂ ਮੰਤਰ ਪੜ੍ਹੇ ਜਾਂਦੇ ਸਨ ਅਤੇ ਕਈ ਆਹੂਤੀਆਂ ਦਿਤੀਆਂ ਜਾਂਦੀਆਂ ਸਨ। ਇਸ ਸੰਬੰਧੀ ਹਿੰਦੂ ਧਰਮ ਗ੍ਰੰਥਾਂ ਵਿਚ ਕਈ ਹਦਾਇਤਾਂ ਅਤੇ ਨਿਸ਼ੇਧ ਮਿਲਦੇ ਹਨ। ਜਿਵੇਂ ਜੇਕਰ 6ਵੇਂ, 8ਵੇਂ, 10ਵੇਂ, 12ਵੇਂ, 14ਵੇਂ ਅਤੇ 16ਵੇਂ ਦਿਨ ਗਰਭਧਾਰਨ ਕੀਤਾ ਜਾਏ ਤਾਂ ਬੇਟਾ ਅਤੇ 5ਵੇਂ, 7ਵੇਂ, 9ਵੇਂ, 11ਵੇਂ, 13ਵੇਂ ਅਤੇ 15ਵੇਂ ਦਿਨ ਕੀਤਾ ਜਾਵੇ ਤਾਂ ਬੇਟੀ ਪੈਦਾ ਹੁੰਦੀ ਹੈ। ਪੂਰਨਮਾਸ਼ੀ, ਮੱਸਿਆ, ਚਤੁਰਦਰਸ਼ੀ, ਅਠਵੀਂ ਆਦਿ ਨੂੰ ਮਨਾਹੀ ਹੈ। ਜੇਕਰ ਪੁਰਸ਼ ਦਾ ਵੀਰਜ ਅਧਿਕ ਹੈ ਤਾਂ ਬੇਟਾ ਅਤੇ ਜੇਕਰ ਇਸਤਰੀ ਦਾ ਆਤਰਵ(ਰਜ) ਜ਼ਿਆਦਾ ਹੋਵੇ ਤਾਂ ਬੇਟੀ ਪੈਦਾ ਹੁੰਦੀ ਹੈ। ਮਨੂੰ ਸਿਮ੍ਰਤੀ ਅਨੁਸਾਰ ਬ੍ਰਾਹਮਣ, ਖਤਰੀ, ਵੈਸ਼ ਨੂੰ ਗਰਭਾਧਾਨ ਆਦਿ ਸਰੀਰ ਦੇ ਸੰਸਕਾਰ ਲੋਕ ਪ੍ਰਲੋਕ ਵਿਚ ਪਵਿਤਰ ਕਰਦੇ ਹਨ। ਇਹਨਾਂ ਤੋਂ ਬਾਜ ਦਾ ਦੋਸ਼ ਤੇ ਗਰਭਦੋਸ਼ ਛੁਟ ਜਾਂਦਾ ਹੈ।[97] ਗਰਭ ਦੇ ਤੀਜੇ ਜਾਂ ਚੌਥੇ ਮਹੀਨੇ ਪੁਤਰ ਪ੍ਰਾਪਤੀ ਹਿਤ **ਪੁੰਮਸਵਨ ਸੰਸਕਾਰ** ਕੀਤਾ ਜਾਂਦਾ ਹੈ। ਇਸ ਵਿਚ ਔਰਤ ਨੂੰ ਨਵੇਂ ਅਤੇ ਸ਼ੁਧ ਕਪੜੇ ਪੁਆ ਕੇ ਵਰਤ ਰਖਵਾਇਆ ਜਾਂਦਾ ਹੈ। ਰਾਤ ਨੂੰ ਹਿਰਣਯਗਰਭ ਮੰਤਰ ਦਾ ਜਾਪ ਕਰਦੇ ਹੋਏ ਸੱਜੀ ਨਾਸ ਵਿਚ ਬੋਹੜ ਦੇ ਦਰਖਤ ਦਾ ਰਸ ਪਾਇਆ ਜਾਂਦਾ ਹੈ। ਪੰਜਵੇਂ ਮਹੀਨੇ **ਸੀਮੰਤਨੋਯਨ ਸੰਸਕਾਰ** ਕੀਤਾ ਜਾਂਦਾ ਹੈ। ਇਸ ਵਿਚ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਪਤੀ ਆਪਣੀ ਪਤਨੀ ਦੇ

---

[96] ਡਾ. ਹਰਪਾਲ ਸਿੰਘ ਪੰਨੂ, ਭਾਰਤ ਦੇ ਪੁਰਾਤਨ ਧਰਮ, ਪੰਨਾ 37.

[97] ਮਨੂੰ ਸਿਮ੍ਰਤੀ, ਅਧਿਆਇ 2.26, 27

ਵਾਲ ਸੁਆਰਦਾ ਹੈ ਅਤੇ ਪ੍ਰਣ ਕਰਦਾ ਹੈ ਕਿ ਉਹ ਪਤਨੀ ਦੀ ਸਾਂਭ ਸੰਭਾਲ ਅਤੇ ਰਖਿਆ ਕਰੇਗਾ। ਇਸ ਵਿਚ ਇਸਤਰੀ ਨੂੰ ਰਹਿਣ ਸਹਿਣ ਅਤੇ ਕੰਮ ਕਾਰ ਸੰਬੰਧੀ ਹਦਾਇਤਾਂ ਕੀਤੀਆਂ ਜਾਂਦੀਆਂ ਹਨ। ਇਸਤਰੀ ਇਸ ਸੰਸਕਾਰ ਤੋਂ ਬਾਅਦ ਮੌਨ ਧਾਰਨ ਕਰਦੀ ਹੈ ਜੋ ਕਿ ਰਾਤ ਨੂੰ ਤਾਰੇ ਨਿਕਲਣ 'ਤੇ ਗਊ ਦੇ ਵਛੇ ਨੂੰ ਛੂਹ ਕੇ ਤੋੜਿਆ ਜਾਂਦਾ ਹੈ।

**ਅ. ਜਨਮ ਤੋਂ ਬਾਅਦ ਦੇ ਸੰਸਕਾਰ** ਬੱਚੇ ਦੇ ਜਨਮ ਤੋਂ ਬਾਅਦ ਕੀਤੇ ਜਾਂਦੇ ਸੰਸਕਾਰਾਂ ਵਿਚ ਸਭ ਤੋਂ ਪਹਿਲਾਂ **ਜਾਤਕਰਮ ਸੰਸਕਾਰ** ਕੀਤਾ ਜਾਂਦਾ ਹੈ। ਇਹ ਸੰਸਕਾਰ ਬੱਚੇ ਦੇ ਜਨਮ ਸਮੇਂ ਹੀ ਕੀਤਾ ਜਾਂਦਾ ਹੈ। ਮਨੂੰ ਸਿਮ੍ਰਤੀ ਅਨੁਸਾਰ ਬੱਚੇ ਦਾ ਨਾੜੂ ਬੰਨ੍ਹਣ ਵੇਲੇ ਹੀ ਇਹ ਰਸਮ ਕੀਤੀ ਜਾਂਦੀ ਹੈ ਅਤੇ ਉਸਦੇ ਮੂੰਹ ਨੂੰ ਸੋਨੇ ਦੇ ਵਰਕ, ਘਿਓ ਅਤੇ ਮਖਣ ਲਾਇਆ ਜਾਂਦਾ ਹੈ।[98] ਬੱਚੇ ਦੇ ਪਿਤਾ ਜਾਂ ਬ੍ਰਾਹਮਣ ਵਲੋਂ ਬੱਚੇ ਦੇ ਕੰਨ ਵਿਚ ਮੰਤਰ ਪੜ੍ਹੇ ਜਾਂਦੇ ਹਨ ਅਤੇ ਬ੍ਰਾਹਮਣਾਂ ਨੂੰ ਭੋਜਨ ਕੀਤਾ ਜਾਂਦਾ ਹੈ। ਜਨਮ ਤੋਂ ਦਸਵੇਂ ਦਿਨ **ਨਾਮਕਰਣ ਸੰਸਕਾਰ** ਕੀਤਾ ਜਾਂਦਾ ਹੈ। ਇਸ ਵਿਚ ਪਿਤਾ ਬੱਚੇ ਨੂੰ ਚੁਕ ਕੇ ਉਸ ਦਾ ਨਾਮ ਰਖਦਾ ਹੈ। ਮਨੂੰਸਿਮ੍ਰਤੀ ਅਨੁਸਾਰ ਬ੍ਰਾਹਮਣ ਦੇ ਨਾਮ ਦੇ ਪਿਛੇ ਸ਼ਰਮਾ ਜਾਂ ਦੇਵ, ਖਤਰੀ ਦੇ ਵਰਮਾ ਅਤੇ ਵੈਸ਼ ਦੇ ਪਿਛੇ ਗੁਪਤ(ਗੁਪਤਾ) ਅਤੇ ਸੂਦਰ ਦੇ ਨਾਮ ਪਿਛੇ ਦਾਸ ਰਖਿਆ ਜਾਵੇ। ਇਹ ਸੰਸਕਾਰ ਸ਼ਰਾਧ ਅਤੇ ਗ੍ਰਹਿਣ ਦੇ ਦਿਨਾਂ ਵਿਚ ਨਹੀਂ ਕੀਤਾ ਜਾਂਦਾ। ਬੱਚੇ ਅਤੇ ਇਸਤਰੀ ਦਾ ਇਸ਼ਨਾਨ ਕਰਵਾ ਕੇ ਸ਼ੁਧ ਕਪੜੇ ਪਹਿਨਾਏ ਜਾਂਦੇ ਹਨ। ਅਗਨੀ, ਪ੍ਰਜਾਪਤੀ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਇਸ ਵਿਚ ਵੀ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਮਨੂੰ ਸਿਮ੍ਰਤੀ ਅਨੁਸਾਰ ਨਾਮਕਰਣ ਸੰਸਕਾਰ ਜਨਮ ਤੋਂ ਗਿਆਰਵੇਂ ਜਾਂ ਬਾਰ੍ਹਵੇਂ ਦਿਨ ਕੀਤਾ ਜਾਵੇ। ਬ੍ਰਾਹਮਣ ਦੇ ਨਾਮ ਵਿਚ ਮੰਗਲ ਅੱਖਰ ਅਰ ਖੱਤਰੀ ਦੇ ਨਾਂ ਵਿਚ ਮਲ ਅਤੇ ਵੈਸ਼ ਦੇ ਨਾਮ ਵਿਚ ਅੱਖਰ ਧਨ ਅਤੇ ਸੂਦਰ ਦੇ ਨਾਂ ਵਿਚ ਨੰਦ ਪਦ ਜ਼ਰੂਰ ਹੋਵੇ। ਨਾਮ ਦੇ ਪਿਛੇ ਕਿੱਤਾ ਆਧਾਰਿਤ ਪਦ ਹੋਣਾ ਜ਼ਰੂਰੀ ਹੈ। ਇਸਤਰੀ ਦਾ ਨਾਮ ਕੋਮਲ ਅਤੇ ਸੌਖਾ ਹੋਵੇ।[99]

ਲੋਕ ਰੀਤਾਂ ਵਿਚ **ਬਾਹਰ ਵਧਾਉਣ ਦੀ ਰੀਤ** ਕੀਤੀ ਜਾਂਦੀ ਹੈ। ਇਸ ਰੀਤ ਰਾਹੀਂ ਬੱਚੇ ਦੇ ਜਨਮ ਤੋਂ ਬਾਅਦ ਮਾਂ ਨੂੰ ਪਹਿਲੀ ਵਾਰ ਘਰ ਦੀ ਦਹਿਲੀਜ਼ ਤੋਂ ਬਾਹਰ ਕਢਿਆ ਜਾਂਦਾ ਹੈ। ਇਹ ਰੀਤ ਗਿਆਰਾਂ ਜਾਂ ਸੱਤ ਦਿਨਾਂ ਬਾਅਦ ਕੀਤੀ ਜਾਂਦੀ ਹੈ। ਮੁੰਡਾ ਪੈਦਾ ਹੋਣ 'ਤੇ ਇਹ ਰੀਤ ਬੁਧਵਾਰ ਤੇ ਸ਼ੁਕਰਵਾਰ ਨੂੰ ਅਤੇ ਕੁੜੀ ਪੈਦਾ ਹੋਣ 'ਤੇ ਸੋਮਵਾਰ ਜਾਂ ਵੀਰਵਾਰ ਨੂੰ ਕੀਤੀ ਜਾਂਦੀ ਹੈ। ਮਾਂ ਪਹਿਲਾਂ ਹਰਾ ਚਾਰਾ ਉਬਾਲੇ ਪਾਣੀ ਵਿਚ ਗਊ ਦੇ ਪਿਸ਼ਾਬ ਮਿਲਾ ਕੇ ਅਤੇ ਫੇਰ ਦਹੀਂ ਨਾਲ ਇਸ਼ਨਾਨ ਕਰਦੀ ਹੈ। ਬੱਚੇ ਨੂੰ ਵੀ ਨੁਹਾਇਆ ਜਾਂਦਾ ਹੈ।

---

98 ਮਨੂੰ ਸਿਮ੍ਰਤੀ, ਅਧਿਆਇ 2.29.

99 ਉਹੀ, ਅਧਿਆਇ 2.30-33.

ਬੱਚੇ ਨੂੰ ਤੜਾਗੀ ਪਾਈ ਜਾਂਦੀ ਹੈ। ਦਾਈ ਅਤੇ ਲਾਗੀਆਂ ਨੂੰ ਦਾਨ ਕੀਤਾ ਜਾਂਦਾ ਹੈ ਅਤੇ ਬਰਾਦਰੀ ਵਿਚ ਪੂਰੀਆਂ ਤੇ ਕੜਾਹ ਵੰਡਿਆ ਜਾਂਦਾ ਹੈ। ਇਸ ਰੀਤ ਵੇਲੇ ਮਾਤਾ ਦੀ ਪੂਜਾ ਵੀ ਕੀਤੀ ਜਾਂਦੀ ਹੈ, ਜਿਸਨੂੰ 'ਬਿਧ ਮਾਤਾ' ਕਿਹਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਚਾਰ ਪੰਜ ਮਹੀਨਿਆਂ ਬਾਅਦ **ਨਿਸ਼ਕਰਮਣ ਸੰਸਕਾਰ** ਕੀਤਾ ਜਾਂਦਾ ਹੈ। ਘਰ ਦੇ ਵਿਹੜੇ ਨੂੰ ਗਾਂ ਦੇ ਗੋਹੇ ਨਾਲ ਲਿਪ ਕੇ ਦੇਵਤਿਆਂ ਦੇ ਭਜਨ ਗਾਏ ਜਾਂਦੇ ਹਨ ਅਤੇ ਬੱਚੇ ਨੂੰ ਸੂਰਜ ਅਤੇ ਚੰਦਰਮਾ ਦੇ ਦਰਸ਼ਨ ਕਰਵਾਏ ਜਾਂਦੇ ਹਨ। ਬੱਚੇ ਦੇ ਛੇਵੇਂ ਮਹੀਨੇ ਅੰਨਪ੍ਰਾਸ਼ਣ ਸੰਸਕਾਰ ਕੀਤਾ ਜਾਂਦਾ ਹੈ। ਮੰਤਰਾਂ ਦਾ ਪਾਠ ਕਰਕੇ ਭੋਜਨ ਤਿਆਰ ਕੀਤਾ ਜਾਂਦਾ ਹੈ ਅਤੇ ਦੇਵਤਿਆਂ ਨੂੰ ਅਰਪਣ ਕਰਕੇ ਅਤੇ ਪ੍ਰਾਰਥਨਾ ਕਰਕੇ ਪਿਤਾ ਬੱਚੇ ਦੇ ਮੂੰਹ ਵਿਚ ਪਾਉਂਦਾ ਹੈ। ਇਸ ਤੋਂ ਬਾਅਦ ਬੱਚਾ ਮਾਂ ਦੇ ਦੁਧ ਤੋਂ ਇਲਾਵਾ ਹੋਰ ਅੰਨ ਪਦਾਰਥ ਗ੍ਰਹਿਣ ਕਰਨ ਲਗ ਜਾਂਦਾ ਹੈ। ਇਸ ਤੋਂ ਬਾਅਦ **ਚੂੜਾਕਰਣ ਜਾਂ ਮੁੰਡਨ ਸੰਸਕਾਰ** ਕੀਤਾ ਜਾਂਦਾ ਹੈ। ਮਨੂੰ ਸਿਮ੍ਰਤੀ ਅਨੁਸਾਰ ਬ੍ਰਾਹਮਣ, ਖਤਰੀ ਅਤੇ ਵੈਸ਼ ਤੀਜੇ ਵਰ੍ਹੇ ਵਿਚ ਆਪਣੇ ਬੱਚੇ ਦਾ ਮੁੰਡਨ ਕਰਵਾਵੇ।[100] ਬੱਚੇ ਦੇ ਵਾਲ ਕੱਟੇ ਜਾਂਦੇ ਹਨ ਅਤੇ ਵਿਚਾਲੇ ਇਕ ਚੋਟੀ ਛਡੀ ਜਾਂਦੀ ਹੈ। ਕੱਟੇ ਵਾਲਾਂ ਨੂੰ ਜਾਂ ਤਾਂ ਦੱਬ ਦਿਤਾ ਜਾਂਦਾ ਹੈ ਜਾਂ ਗੋਹੇ ਵਿਚ ਮਿਲਾਇਆ ਜਾਂਦਾ ਹੈ। ਇਸ ਪਿਛੇ ਇਹ ਵਹਿਮ ਹੈ ਕਿ ਬੱਚੇ ਦੇ ਜਮਾਂਦਰੂ ਵਾਲ ਸੁਚੇ ਹੁੰਦੇ ਹਨ। ਇਹਨਾਂ 'ਤੇ ਕੋਈ ਜਾਦੂ ਟੂਣਾ ਕਰ ਸਕਦਾ ਹੈ। ਜਨਮ ਸੰਸਕਾਰ ਦੇ ਅਖੀਰ ਵਿਚ ਤਿੰਨ ਤੋਂ ਪੰਜ ਸਾਲ ਦੇ ਵਿਚ ਵਿਚ **ਕਰਣਬੰਧ ਸੰਸਕਾਰ** ਕੀਤਾ ਜਾਂਦਾ ਹੈ। ਇਸ ਸੰਸਕਾਰ ਵਿਚ ਬੱਚੇ ਦਾ ਕੰਨ ਵਿੰਨ੍ਹਿਆ ਜਾਂਦਾ ਹੈ। ਇਹ ਸੰਸਕਾਰ ਲੜਕਾ ਅਤੇ ਲੜਕੀ ਦੋਹਾਂ ਦਾ ਕੀਤਾ ਜਾਂਦਾ ਹੈ। ਲੜਕੇ ਦਾ ਸੱਜਾ ਅਤੇ ਲੜਕੀ ਦਾ ਖੱਬਾ ਕੰਨ ਵਿੰਨ੍ਹਿਆ ਜਾਂਦਾ ਹੈ ਅਤੇ ਨਾਲ ਹੀ ਚੰਗਾ ਸੁਣਨ ਦੀ ਨਸੀਹਤ ਦਿਤੀ ਜਾਂਦੀ ਹੈ। ਅੰਤ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ ਇਸ ਸੰਸਕਾਰ ਦੀ ਸਮਾਪਤੀ ਹੁੰਦੀ ਹੈ।

ਯਹੂਦੀ ਧਰਮ ਵਿਚ ਮਨੁਖ ਸ਼੍ਰੇਣੀ ਦੀ ਉਤਪਤੀ ਆਦਮ ਅਤੇ ਹਵਾ ਤੋਂ ਮੰਨੀ ਜਾਂਦੀ ਹੈ। ਆਦਮ ਅਤੇ ਹਵਾ ਪਹਿਲੇ ਇਨਸਾਨ ਸਨ। ਇਹਨਾਂ ਨੂੰ ਈਸ਼ਵਰ ਨੇ ਬਣਾਇਆ ਸੀ। ਪਰ ਵਰਜਿਤ ਫ਼ਲ ਖਾਣ ਕਰਕੇ ਇਹ ਸਰਾਪੇ ਗਏ ਅਤੇ ਸਵਰਗਾਂ ਵਿਚੋਂ ਕਢ ਕੇ ਧਰਤੀ ਉਤੇ ਭੇਜ ਦਿਤੇ ਗਏ। ਇਹ ਫ਼ਲ ਖਾਣ ਲਈ ਆਦਮ ਨੂੰ ਹਵਾ ਨੇ ਪ੍ਰੇਰਿਆ ਸੀ। ਇਸ ਲਈ ਉਸ ਨੂੰ ਇਹ ਸਜਾ ਮਿਲੀ ਕਿ ਉਹ ਭਿਆਨਕ ਅਤੇ ਅਸਹਿ ਪੀੜਾ ਸਹਿ ਕੇ ਬੱਚਿਆਂ ਨੂੰ ਜਨਮ ਦੇਵੇਗੀ। ਉਸ ਦੇ ਕੀਤੇ ਦੀ ਸਜਾ ਅਜ ਹਰ ਔਰਤ ਪ੍ਰਸੂਤ ਪੀੜਾ ਸਹਿ ਕੇ ਭੋਗ ਰਹੀ ਹੈ। ਸੋ ਯਹੂਦੀ ਧਰਮ ਵਿਚ ਜਨਮ ਦੇਣਾ ਸਜਾ ਹੈ। ਪਰ ਨਾਲ ਹੀ ਇਹ ਵੀ ਮਾਨਤਾ ਹੈ ਕਿ ਜਨਮ ਲੈਣਾ ਈਸ਼ਵਰ ਦਾ ਆਸ਼ੀਰਵਾਦ ਹੈ। ਮਰਦ ਬੱਚੇ ਦੀ ਸੁੰਨਤ ਕੀਤੀ ਜਾਂਦੀ ਹੈ। ਪਹਿਲਾਂ ਇਹ ਰਸਮ

[100] ਮਨੂੰ ਸਿਮ੍ਰਤੀ, ਅਧਿਆਇ 2.35

ਕੇਵਲ ਯਹੂਦੀ ਮੰਦਰਾਂ ਵਿਚ ਕੀਤੀ ਜਾਂਦੀ ਸੀ ਪਰ ਹੁਣ ਹਰ ਕਿਤੇ ਜਿਥੇ ਵੀ ਸੰਭਵ ਹੈ, ਸੁੰਨਤ ਕੀਤੀ ਜਾਂਦੀ ਹੈ। ਜਨਮ ਸੰਬੰਧੀ ਕੋਈ ਹੋਰ ਰਸਮ ਦਾ ਜ਼ਿਕਰ ਇਸ ਧਰਮ ਵਿਚ ਨਹੀਂ ਮਿਲਦਾ। ਈਸਾਈ ਧਰਮ ਵਿਚ ਬੱਚੇ ਨੂੰ ਜੰਮਦੇ ਹੀ ਈਸਾਈ ਬਣਾਇਆ ਜਾਂਦਾ ਹੈ। ਈਸਾਈ ਬਣਾਉਣ ਲਈ ਬਪਤਿਸਮਾ ਦਿਤਾ ਜਾਂਦਾ ਹੈ। ਬਪਤਿਸਮਾ ਤੋਂ ਪਹਿਲਾਂ ਹੀ ਬੱਚੇ ਦਾ ਨਾਮਕਰਣ ਕਰ ਦਿਤਾ ਜਾਂਦਾ ਹੈ। ਬਪਤਿਸਮਾ ਦੇਣ ਦੀ ਇਹ ਰਸਮ ਗਿਰਜਾ ਘਰ ਵਿਚ ਪਾਦਰੀ ਵਲੋਂ ਕੀਤੀ ਜਾਂਦੀ ਹੈ। ਪਾਦਰੀ ਬੱਚੇ ਦੇ ਮਾਤਾ ਪਿਤਾ ਨੂੰ ਉਪਦੇਸ਼ ਦਿੰਦਾ ਹੈ ਕਿ ਉਹ ਬੱਚੇ ਨੂੰ ਮੁਕਤੀ ਲਈ ਪਿਤਾ, ਪੁਤਰ ਅਤੇ ਪਵਿਤਰ ਆਤਮਾ ਵਲ ਪ੍ਰੇਰਿਤ ਕਰਨ। ਇਸ ਰਸਮ ਵੇਲੇ ਪਾਦਰੀ ਬੱਚੇ ਦਾ ਨਾਮ ਸਾਰੇ ਹਾਜ਼ਰੀਨਾਂ ਵਿਚ ਬੋਲਦਾ ਹੈ ਅਤੇ ਬੱਚੇ ਨੂੰ ਈਸਾਈ ਧਰਮ ਪ੍ਰਤਿ ਦ੍ਰਿੜਤਾ ਦਿਲਾਉਂਦਾ ਹੈ। ਯਹੂਦੀ ਧਰਮ ਦੀ ਤਰ੍ਹਾਂ ਇਸਲਾਮ ਧਰਮ ਵਿਚ ਵੀ ਬੱਚੇ ਦੀ **ਸੁੰਨਤ** ਕੀਤੀ ਜਾਂਦੀ ਹੈ। ਇਸਲਾਮ ਵਿਚ ਸੁੰਨਤ ਦਾ ਸਮਾਂ ਸਹੂਲਤ ਅਨੁਸਾਰ ਮਿਥਿਆ ਜਾ ਸਕਦਾ ਹੈ। ਇਹ ਜਨਮ ਤੋਂ ਤੁਰੰਤ ਬਾਅਦ ਵੀ ਕਰਵਾਈ ਜਾ ਸਕਦੀ ਹੈ ਅਤੇ ਜਨਮ ਤੋਂ ਕੁਝ ਸਮਾਂ ਬਾਅਦ ਵੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਅਰਬੀ ਭਾਸ਼ਾ ਦੇ ਸ਼ਬਦ 'ਸੁੰਨਤ' ਦਾ ਅਰਥ ਹੈ ਮਰਯਾਦਾ। ਇਸਲਾਮ ਵਿਚ ਇਹ ਸ਼ਬਦ ਪਹਿਲਾਂ ਇਸਲਾਮਿਕ ਮਰਯਾਦਾ ਦਾ ਸੂਚਕ ਸੀ ਪਰ ਬਾਅਦ ਵਿਚ ਕੇਵਲ ਖ਼ਤਨੇ ਲਈ ਹੀ ਰੂੜ੍ਹ ਹੋ ਗਿਆ। ਇਸ ਪ੍ਰਥਾ ਵਿਚ ਲਿੰਗ ਦੇ ਅਗਲੇ ਹਿੱਸੇ ਦਾ ਮਾਸ ਕੱਟ ਦਿਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਇਕ ਹਫ਼ਤੇ ਦੇ ਅੰਦਰ ਅੰਦਰ ਖ਼ਤਨਾ ਕਰਾਉਣਾ ਉੱਤਮ ਸਮਝਿਆ ਜਾਂਦਾ ਹੈ। ਪਰ ਉਂਜ 7 ਸਾਲ ਤੋਂ 12 ਸਾਲ ਦੀ ਉਮਰ ਤਕ ਮੁਸਲਮਾਨ ਲੋਕ ਖ਼ਤਨਾ ਜ਼ਰੂਰ ਕਰਵਾ ਲੈਂਦੇ ਹਨ। ਇਸ ਤੋਂ ਵੱਡੀ ਉਮਰ ਵਿਚ ਜੋ ਲੋਕ ਮੁਸਲਮਾਨ ਬਣਦੇ ਹਨ, ਉਨ੍ਹਾਂ ਦੀ ਉਮਰ ਨੂੰ ਸਾਹਮਣੇ ਰਖਦਿਆਂ ਛੋਟ ਵੀ ਦਿੱਤੀ ਜਾ ਸਕਦੀ ਹੈ, ਪਰ ਖ਼ਤਨਾ ਕਰਾਉਣਾ ਹੀ ਉੱਤਮ ਗੱਲ ਹੈ। ਅਕਬਰ ਬਾਦਸ਼ਾਹ ਖ਼ਤਨੇ ਦੀ ਪ੍ਰਥਾ ਨੂੰ ਲਾਜ਼ਮੀ ਨਹੀਂ ਸਮਝਦਾ ਸੀ। ਉਂਜ ਉਸ ਦੇ ਖ਼ਤਨੇ ਦੀ ਰਸਮ ਦਾ ਮੁਗ਼ਲ ਇਤਿਹਾਸ ਵਿਚ ਵਿਸ਼ੇਸ਼ ਵਰਣਨ ਹੈ। ਸਿਹਤ ਦੇ ਪੱਖ ਤੋਂ ਇਸ ਦਾ ਮਹੱਤਵ ਇਹ ਹੈ ਕਿ ਖ਼ਤਨੇ ਤੋਂ ਬਾਦ ਲਿੰਗ ਦੇ ਅਗ੍ਰ ਭਾਗ ਵਿਚ ਸ਼ਿਸ਼ਨ-ਮਲ ਇਕਤ੍ਰ ਨਹੀਂ ਹੁੰਦਾ। ਫਲਸਰੂਪ ਇਸ ਨਾਲ ਸੰਬੰਧਿਤ ਰੋਗਾਂ ਤੋਂ ਮਰਦ ਮੁਕਤ ਰਹਿੰਦਾ ਹੈ।[101] ਇਸਲਾਮ ਧਰਮ ਦੀ ਇਹ ਰਸਮ ਵੀ ਕੇਵਲ ਪੁਰਸ਼ਾਂ ਵਾਸਤੇ ਹੀ ਹੈ। ਨਾਮਕਰਣ ਵੇਲੇ **ਅਕੀਕਾਹ** ਨਾਮ ਦੀ ਰਸਮ ਕੀਤੀ ਜਾਂਦੀ ਹੈ। ਇਹ ਔਰਤ ਅਤੇ ਮਰਦ ਦੋਹਾਂ ਦੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਬੱਚੇ ਦੇ ਸਿਰ ਦੇ ਵਾਲ ਕਟ ਕੇ ਵਾਲਾਂ ਦੇ ਭਾਰ ਦੇ ਬਰਾਬਰ ਸੋਨਾ, ਚਾਂਦੀ ਜਾਂ ਰੁਪਏ ਤੋਲ ਕੇ ਗ਼ਰੀਬਾਂ ਵਿਚ ਵੰਡੇ ਜਾਂਦੇ ਹਨ। ਮੁੰਡਾ ਹੋਵੇ ਤਾਂ ਦੋ ਅਤੇ ਜੇ ਕੁੜੀ ਹੋਵੇ ਤਾਂ ਇਕ ਜਾਨਵਰ (ਬਕਰੇ) ਦੀ ਬਲੀ ਦਿਤੀ ਜਾਂਦੀ ਹੈ।

---

[101] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 214.

**ਗੁਰਮਤਿ ਅਨੁਸਾਰ**: ਗੁਰਮਤਿ ਦਾ ਰਾਹ ਨਿਵੇਕਲਾ, ਸਰਲ ਅਤੇ ਪ੍ਰਮਾਣੀਕ ਤਥਾਂ 'ਤੇ ਆਧਾਰਿਤ ਹੈ। ਗੁਰਮਤਿ ਵਿਚ ਸੰਸਕਾਰ ਬੜੇ ਸੁਲਝੇ ਹੋਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ 'ਅਨੰਦ' ਦੇ ਜਨਮ 'ਤੇ 'ਅਨੰਦੁ' ਬਾਣੀ ਦੀ ਰਚਨਾ ਕੀਤੀ ਅਤੇ ਸਿਖਾਂ ਨੂੰ ਆਪਣੇ ਬੱਚਿਆਂ ਦੇ ਜਨਮ ਹੋਣ 'ਤੇ ਇਸ ਬਾਣੀ ਦਾ ਪਾਠ ਕਰਨ ਦਾ ਹੁਕਮ ਦਿਤਾ। ਇਸ ਕਰਕੇ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ਤਾਂ ਗੁਰੂ ਅਰਜਨ ਦੇਵ ਜੀ ਨੇ ਇਹ ਮਰਿਆਦਾ ਨਿਭਾਈ ਅਤੇ ਇਹ ਸ਼ਬਦ ਉਚਾਰਨ ਕੀਤਾ।[102]

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥

ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥

……………………………………………………

ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥

ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥[103]

ਹਿੰਦੂਆਂ ਵਿਚ ਇਹ ਵਹਿਮ ਹੈ ਕਿ ਜਿਸ ਘਰ ਵਿਚ ਬੱਚਾ ਜਨਮ ਲਵੇ ਉਥੇ ਸੂਤਕ ਹੁੰਦਾ ਹੈ। ਬ੍ਰਾਹਮਣ ਲੋਕ ਉਸ ਘਰ ਅੰਨ ਪਾਣੀ ਗ੍ਰਹਿਣ ਨਹੀਂ ਕਰਦੇ। ਇਹ ਅਣਗਹਿਲੀ ਅਣਜਾਣੇ ਵਿਚ ਵੀ ਨਹੀਂ ਹੋਣੀ ਚਾਹੀਦੀ। ਜੇਕਰ ਕੋਈ ਦੂਰ ਦੁਰਾਡੇ ਵੀ ਬੈਠਾ ਹੋਵੇ ਅਤੇ ਸੂਤਕ ਪਾਤਕ ਬਾਰੇ ਕੇਵਲ ਸੁਣ ਹੀ ਲਵੇ, ਉਹ ਭ੍ਰਿਸ਼ਟ ਹੋ ਜਾਂਦਾ ਹੈ। ਇਸ ਸੰਬੰਧੀ ਲਘੂ ਅਤ੍ਰਿ ਸੰਹਿਤਾ ਵਿਚ ਹਿੰਦੂਆਂ ਲਈ ਹਦਾਇਤ ਕੀਤੀ ਹੈ ਕਿ ਜਿਥੇ ਆਪਣੇ ਸੰਬੰਧੀ ਦਾ ਮਰਨਾ ਅਥਵਾ ਪੁਤ੍ਰ ਦਾ ਜਨਮ ਸੁਣੇ, ਉਸੇ ਵੇਲੇ ਕਪੜਿਆਂ ਸਮੇਤ ਪਾਣੀ ਵਿਚ ਗੋਤਾ ਮਾਰੇ। ਪਰ ਭਗਤ ਕਬੀਰ ਜੀ ਕਹਿੰਦੇ ਹਨ ਕਿ ਸਾਰੀ ਸ੍ਰਿਸ਼ਟੀ ਵਿਚ ਹਰ ਵੇਲੇ ਜੀਵ ਜੰਮਦੇ ਅਤੇ ਮਰਦੇ ਹਨ, ਫਿਰ ਤਾਂ ਹਰ ਵੇਲੇ ਹੀ ਸੂਤਕ ਵਰਤ ਰਿਹਾ ਹੈ। ਪਾਣੀ ਅਤੇ ਧਰਤੀ ਦੇ ਜੀਵ ਅਪਵਿਤਰ ਹਨ। ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਹੀ ਸੂਤਕ ਕਰਕੇ ਭ੍ਰਿਸ਼ਟੀ ਹੋਈ ਹੈ। ਦੁਨੀਆਂ ਦੀ ਚਮਕ ਦਮਕ ਕਾਰਨ ਮਨੁਖ ਦੇ ਸਾਰੇ ਅੰਗ ਹੀ ਸੂਤਕ ਗ੍ਰਸਤ ਹੋ ਗਏ ਹਨ। ਅਖਾਂ ਬੁਰਾ ਦੇਖ ਕੇ, ਜੀਭ ਬੁਰਾਈ ਨਿੰਦਾ ਆਦਿਕ ਕਰਕੇ ਅਤੇ ਕੰਨ ਨਿੰਦਾ ਚੁਗਲੀ ਆਦਿਕ ਸੁਣ ਸੁਣ ਕੇ ਭ੍ਰਿਸ਼ਟ ਹੋਏ ਪਏ ਹਨ। ਉਠਦੇ ਬਹਿੰਦੇ ਹਰ ਵੇਲੇ ਸਮਾਜ ਵਿਚ ਵਿਚਰਦੇ ਹੋਏ ਮਨੁਖ ਨੂੰ ਸੂਤਕ ਲਗ ਰਿਹਾ ਹੈ ਅਤੇ ਸੂਤਕ ਤਾਂ ਰਸੋਈ ਵਿਚ ਵੀ ਹੈ। ਫਿਰ ਅਜਿਹੀ ਕਿਹੜੀ ਥਾਂ ਹੈ ਜਿਥੇ ਸੂਤਕ ਨਹੀਂ ਅਤੇ ਕੌਣ ਪਵਿਤਰ ਹੈ। ਅਸਲ ਵਿਚ ਸਾਰੇ ਕਰਮ ਧਰਮ ਸੁਚ ਰਖਣੀ ਆਦਿਕ ਫਜ਼ੂਲ ਹਨ।

---

[102] ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਪੰਨਾ 135.

[103] ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396.

ਸੂਤਕ ਤੋਂ ਉਹੀ ਮੁਕਤ ਹੋ ਸਕਦਾ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਦਾ ਹੈ:

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥

ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥

..................................................

ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥

ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥[104]

ਗੁਰਮਤਿ ਵਿਚ ਕਿਸੇ ਤਰ੍ਹਾਂ ਦਾ ਕੋਈ ਵਹਿਮ ਭਰਮ ਕਰਨਾ ਯੋਗ ਨਹੀਂ ਸਮਝਿਆ ਜਾਂਦਾ। ਜੱਚਾ ਅਤੇ ਬੱਚੇ ਦੀ ਸਹੂਲਤ ਅਨੁਸਾਰ, ਉਹਨਾਂ ਦੇ ਠੀਕ ਹੋਣ ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮ ਲੈ ਕੇ ਪਹਿਲੇ ਅਖਰ 'ਤੇ ਕੋਈ ਵੀ ਨਾਮ ਰਖਿਆ ਜਾ ਸਕਦਾ ਹੈ।

ਗੁਰਮਤਿ ਅਨੁਸਾਰ ਇਹ ਸ਼ਬਦ ਪੜ੍ਹਨਾ ਉਚਿਤ ਹੈ:

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥

ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥

ਪੂਤਾ ਮਾਤਾ ਕੀ ਆਸੀਸ ॥

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥

ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥

ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥

ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥

ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥

ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥[105]

ਮਾਂ ਵਲੋਂ ਅਸੀਸ ਦਿਤੀ ਜਾਂਦੀ ਹੈ ਕਿ ਪਰਮਾਤਮਾ ਦੇ ਨਾਮ ਦੀ ਯਾਦ ਸਦਾ ਮਨ ਵਿਚ ਬਣੀ ਰਹੇ। ਉਹ ਪਰਮਾਤਮਾ ਦਾ ਨਾਮ ਇਕ ਪਲ ਲਈ ਵੀ ਨਾ ਭੁਲੇ। ਪਰਮਾਤਮਾ ਦਾ ਨਾਮ ਅਜਿਹਾ ਹੈ ਜਿਸ ਸਦਕਾ ਸਾਰੇ ਮਹਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਆਪਣਾ ਹੀ ਨਹੀਂ, ਸਗੋਂ ਪਿਤਰਾਂ ਦਾ ਵੀ ਕਲਿਆਣ ਹੋ ਜਾਂਦਾ

---

104 ਸ਼ਬਦਾਰਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 331.

105 ਉਹੀ, ਪੰਨਾ 496.

ਹੈ। ਪਰਮਾਤਮਾ ਦੇ ਨਾਮ ਦੀ ਪ੍ਰਾਪਤੀ ਅਤੇ ਯਾਦ ਬਣੀ ਰਹਿਣ ਲਈ ਗੁਰੂ ਅਤੇ ਸਤਸੰਗਤ ਨਾਲ ਸਦਾ ਪ੍ਰੀਤ ਬਣੀ ਰਹੇ। ਪਰਮਾਤਮਾ ਦੀ ਉਸਤਤ ਹੀ ਖਾਣਾ ਪੀਣਾ ਬਣੇ ਅਤੇ ਸਹਜ ਆਨੰਦ ਦੀ ਅਵਸਥਾ ਬਣ ਜਾਵੇ। ਕਦੇ ਵੀ ਚਿੰਤਾ ਨਾ ਸਤਾਵੇ। ਪਰਮਾਤਮਾ ਦੇ ਚਰਨਾਂ ਨਾਲ ਤੇਰਾ ਮਨ ਇਸ ਤਰ੍ਹਾਂ ਰਚਿਆ ਰਹੇ, ਜਿਵੇਂ ਭੌਰਾ ਕਮਲ ਨਾਲ ਅਤੇ ਪਪੀਹਾ ਸਵਾਂਤੀ ਬੂੰਦ ਨਾਲ।

ਸਿਖ ਰਹਿਤ ਮਰਿਆਦਾ ਵਿਚ ਜਨਮ ਅਤੇ ਨਾਮ ਸੰਸਕਾਰ ਬਾਰੇ ਇਸ ਤਰ੍ਹਾਂ ਦਿਤਾ ਗਿਆ ਹੈ:

> "ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: 5) 'ਸਤਿਗੁਰੂ ਸਾਚੈ ਦੀਆ ਭੇਜਿ' (ਆਸਾ ਮ:5) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿੱਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ: "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥" 11 ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।"[106]

**2. ਧਰਮ ਪ੍ਰਵੇਸ਼ ਸੰਸਕਾਰ**

ਇਹ ਸੰਸਕਾਰ ਕਿਸੇ ਧਰਮ ਦਾ ਅਨੁਯਾਈ ਬਣਨ ਨਾਲ ਸੰਬੰਧਤ ਹੈ। ਕਿਸੇ ਧਰਮ ਵਿਚ ਪ੍ਰਵੇਸ਼ ਕਰਨ ਲਈ ਇਸ ਸੰਸਕਾਰ ਵਿਚੋਂ ਲੰਘਣਾ ਪੈਂਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਕੋਈ ਵੀ ਮਨੁਖ ਭਾਵੇਂ ਕਿਸੇ ਵੀ ਧਰਮ ਵਿਚ ਜਨਮਿਆ ਹੋਵੇ, ਓਨਾ ਚਿਰ ਸੰਬੰਧਤ ਧਰਮ ਦਾ ਪੈਰੋਕਾਰ ਨਹੀਂ ਬਣ ਸਕਦਾ ਜਿੰਨਾ

[106] ਸਿੱਖ ਰਹਿਤ ਮਰਯਾਦਾ, ਪੰਨੇ 21-22.

ਚਿਰ ਕਿ ਉਸ ਧਰਮ ਵਿਚ ਪ੍ਰਵੇਸ਼ ਕਰਨ ਦੀ ਵਿਧੀ ਵਿਚੋਂ ਨਾ ਗੁਜ਼ਰੇ। ਇਹ ਵਿਧੀ ਜਾਂ ਸੰਸਕਾਰ ਵਖ ਵਖ ਧਰਮਾਂ ਵਿਚ ਵਖ ਵਖ ਹੈ। ਇਸ ਸੰਸਕਾਰ ਦਾ ਵੇਰਵਾ ਇਸ ਤਰ੍ਹਾਂ ਹੈ:

**ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ**: ਵੈਦਿਕ ਧਰਮ ਵਿਚ ਪ੍ਰਵੇਸ਼ ਕਰਨ ਲਈ **ਜਨੇਊ ਧਾਰਨ** ਕਰਨਾ ਪੈਂਦਾ ਹੈ। "ਜਨੇਊ ਦਾ ਮੂਲ ਨਾਂ 'ਯੱਗੋਪਵੀਤ' ਹੈ। ਇਸ ਤੋਂ ਭਾਵ ਹੈ ਯੱਗ ਦੇ ਅਵਸਰ 'ਤੇ ਉਪਰੋਂ ਲਪੇਟਿਆ ਹੋਇਆ ਬਸਤ੍ਰ' (ਮ੍ਰਿਗਚਰਮ)। ਇਸ ਨੂੰ ਧਾਰਣ ਕਰਨ ਵਾਲਾ ਯੱਗ ਕਰਨ ਦੀ ਯੋਗਤਾ ਦਾ ਪਾਤਰ ਬਣ ਜਾਂਦਾ ਸੀ। ਸਮੇਂ ਦੇ ਬੀਤਣ ਨਾਲ ਇਸ ਦਾ ਅਰਥ 'ਪਵਿੱਤਰ ਸੂਤਰ' ਹੋ ਗਿਆ ਜੋ ਯੱਗੋਪਵੀਤ ਦੇ ਚਿੰਨ੍ਹ ਵਜੋਂ ਧਾਰਣ ਕੀਤਾ ਜਾਣ ਲਗਿਆ।ਹਿੰਦੂਆਂ ਦੇ ਇਸ ਸੰਸਕਾਰ ਨੂੰ **'ਉਪਨਯਨ' ਸੰਸਕਾਰ** ਵੀ ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ (ਵਿਦਿਆ ਅਭਿਆਸ ਅਤੇ ਨੈਤਿਕ ਸ਼ਿਸ਼ਟਤਾ ਲਈ ਪਿਤਾ ਜਾਂ ਉਸ ਦੀ ਗ਼ੈਰ-ਮੌਜੂਦਗੀ ਵਿਚ ਕਿਸੇ ਸਰਪ੍ਰਸਤ ਦੁਆਰਾ ਬਾਲਕ ਨੂੰ) ਆਚਾਰਯ ਨੇੜੇ ਲੈ ਕੇ ਜਾਣਾ। ਇਸ ਤਰ੍ਹਾਂ ਇਹ ਸਿਖਿਆ ਪ੍ਰਾਪਤ ਕਰਨ ਸੰਬੰਧੀ ਸੰਸਕਾਰ ਹੈ। ਇਸ ਨੂੰ ਦੂਜਾ ਜਨਮ ਭਾਵ ਬੌਧਿਕ ਤੇ ਨੈਤਿਕ ਜਨਮ ਕਿਹਾ ਜਾਂਦਾ ਹੈ। ਇਸ ਕਰਕੇ ਇਹ ਸੰਸਕਾਰ ਕਰ ਚੁਕਣ ਵਾਲੇ ਨੂੰ ਦ੍ਵਿਜ (ਦੋ ਜਨਮਾ) ਕਿਹਾ ਜਾਂਦਾ ਹੈ। ਇਸ ਸੰਸਕਾਰ ਵਿਚ ਚਾਰ ਵਰਣਾਂ ਅਨੁਸਾਰ ਵਖ-ਵਖ ਵਿਵਸਥਾਵਾਂ ਹਨ। ਬ੍ਰਾਹਮਣ ਦਾ ਬੱਚਾ ਅਠ ਸਾਲ ਦੀ ਉਮਰ ਵਿਚ ਕਪਾਹ ਦਾ ਜਨੇਊ ਧਾਰਣ ਕਰਦਾ ਹੈ। ਖਤਰੀ ਦਾ ਬੱਚਾ ਗਿਆਰਾਂ ਸਾਲ ਦੀ ਉਮਰ ਵਿਚ ਸਣ (ਅਲਸੀ) ਦਾ ਜਨੇਊ ਧਾਰਣ ਕਰਦਾ ਹੈ। ਵੈਸ਼ ਦਾ ਬੱਚਾ ਬਾਰ੍ਹਾਂ ਸਾਲ ਦੀ ਉਮਰ ਵਿਚ ਉਨ ਦਾ ਜਨੇਊ ਧਾਰਣ ਕਰਦਾ ਹੈ। ਸ਼ੂਦਰ ਅਤੇ ਸਾਰੇ ਵਰਣਾਂ ਦੀਆਂ ਔਰਤਾਂ ਨੂੰ ਜਨੇਊ ਧਾਰਣ ਕਰਨ ਦੀ ਆਗਿਆ ਨਹੀਂ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਬ੍ਰਾਹਮਣ ਪੁਰੋਹਤ ਹਿੰਦੂ ਬੱਚੇ ਨੂੰ ਜਨੇਊ ਪਹਿਨਾਉਂਦੇ ਸਨ। ਜਿਸ ਵਿਚ ਸੰਬਧਤ ਪਰਿਵਾਰ ਦੇ ਜੀਅ ਅਤੇ ਰਿਸ਼ਤੇਦਾਰ ਇਕਠੇ ਹੁੰਦੇ ਸਨ। ਮੰਤਰ ਪੜ੍ਹੇ ਜਾਂਦੇ ਸਨ ਅਤੇ ਬਕਰਾ ਰਿੰਨ੍ਹ ਕੇ ਖਵਾਇਆ ਜਾਂਦਾ ਸੀ। ਸਾਰੇ ਰਿਸ਼ਤੇਦਾਰ ਕਹਿੰਦੇ ਸਨ ਕਿ ਜਨੇਊ ਪਾਇਆ ਗਿਆ ਹੈ। ਜਦੋਂ ਜਨੇਊ ਟੁਟ ਜਾਂਦਾ ਹੈ ਤਾਂ ਹੋਰ ਪਾਇਆ ਜਾਂਦਾ ਹੈ। ਇਸ ਪਿਛੇ ਮਨੌਤ ਹੈ ਕਿ ਜਨੇਊ ਧਾਰਨ ਕਰਨ ਨਾਲ ਦਰਗਾਹ ਵਿਚ ਮਾਣ ਮਿਲਦਾ ਹੈ, ਪਰ ਗੁਰੂ ਜੀ ਅਨੁਸਾਰ ਦਰਗਾਹ ਵਿਚ ਮਾਣ ਹਿਰਦੇ ਵਿਚ ਨਾਮ ਵਸਾਉਣ ਨਾਲ ਮਿਲਦਾ ਹੈ। ਇਸ ਲਈ ਨਾਮ ਰੂਪੀ ਸੱਚਾ ਅਤੇ ਪੱਕਾ ਜਨੇਊ ਧਾਰਨ ਕੀਤਾ ਜਾਵੇ ਜੋ ਕਦੇ ਪੁਰਾਣਾ ਨਹੀਂ ਹੁੰਦਾ। ਸਰੀਰ ਨੂੰ ਬਾਹਰੀ ਜਨੇਊ ਪਹਿਨਾਉਣ ਦਾ ਕੀ ਫ਼ਾਇਦਾ ਜੇਕਰ ਆਪਣੀਆਂ ਇੰਦਰੀਆਂ, ਹਥਾਂ, ਪੈਰਾਂ, ਕੰਨਾਂ, ਜੀਭ ਆਦਿਕ ਤੇ ਸੰਜਮ ਅਤੇ ਗਿਆਨ ਰੂਪੀ ਜਨੇਊ ਨਹੀਂ ਪਾਇਆ। ਜਨੇਊ ਪਹਿਨਾਉਣ ਵਾਲਾ ਬ੍ਰਾਹਮਣ ਆਪ ਇਹਨਾਂ ਗੁਣਾਂ ਤੋਂ ਸਖਣਾ ਹੁੰਦਾ ਹੈ ਪਰ ਹੋਰਾਂ ਨੂੰ ਦਛਣਾ ਦੇ ਕੇ ਜਨੇਊ ਪਹਿਨਾਉਂਦਾ ਹੈ। ਦੇਖੋ ਕਿਹੋ ਜਿਹਾ ਹੈਰਾਨੀਜਨਕ ਵਰਤਾਰਾ ਹੈ ਕਿ

ਆਤਮਕ ਤੌਰ ‘ਤੇ ਅੰਨ੍ਹਾ ਮਨੁਖ ਹੋਰਨਾਂ ਨੂੰ ਗਿਆਨ ਦਾ ਮਾਰਗ ਦਿਖਾ ਰਿਹਾ ਹੈ ਅਤੇ ਸੁਜਾਣ ਅਖਵਾ ਰਿਹਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

……………………………………………………

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥

ਮਧ ਯੁਗ ਤਕ ਜਨੇਊ ਦਾ ਧਾਰਮਿਕ ਤਤ ਖਤਮ ਹੋ ਗਿਆ ਅਤੇ ਇਹ ਸੰਸਕਾਰ ਕੇਵਲ ਫੋਕਾ ਕਰਮ-ਕਾਂਡ ਤੇ ਇਕ ਰਸਮ ਬਣ ਕੇ ਰਹਿ ਗਿਆ। ਇਸ ਬਾਬਤ ਮੁਸੰਨਿਫ ਆਪਣੀ ਰਚਨਾ 'ਦਬਿਸਤਾਨ ਮਜ਼ਾਹਬ' ਵਿਚ ਇਸ ਤਰ੍ਹਾਂ ਲਿਖਦਾ ਹੈ:

> “ਸਾਦਾ' ਨਾਮਕ ਗੁਰੂ ਦਾ ਸਿਖ ਜੋ ਪੂਰਾ ਸਿਦਕੀ ਸੀ, ਇਕ ਵਾਰ ਮੇਰੇ(ਮੁਸੰਨਿਫ) ਨਾਲ ਕਾਬਲ ਤੋਂ ਪੰਜਾਬ ਤਾਈਂ ਆਇਆ, ਰਸਤੇ ਵਿਚ ਅਚਾਨਕ ਮੇਰੀ ਪੋਸਤੀਨ ਦੀ ਤਣੀ ਟੁੱਟ ਗਈ, ਸਾਦੇ ਨੇ ਝੱਟ ਆਪਣਾ ਜਨੇਊ ਲਾਹ ਕੇ ਪੋਸਤੀਨ ਨੂੰ ਬੰਨ੍ਹ ਦਿਤਾ। ਮੈਂ ਉਸ ਨੂੰ ਆਖਿਆ ਕਿ ਤੈਂ ਏਹ ਕੀ ਕੀਤਾ? ਸਾਦੇ ਨੇ ਉੱਤਰ ਦਿੱਤਾ ਕਿ ਜਨੇਊ ਗਲ ਵਿਚ ਰੱਖਣ ਦਾ ਏਹੀ ਲਾਭ ਹੈ ਕਿ ਵੇਲੇ ਸਿਰ ਡੋਰਾ ਕੰਮ ਆਵੇ, ਜੇ ਮੈਂ ਆਪਣੇ ਸੱਜਣ ਦਾ ਕੰਮ ਏਸ ਨਾਲ ਨਾ ਸਵਾਰਾਂ ਤਾਂ ਮੈਨੂੰ ਜਨੇਊ ਰੱਖਣ ਦਾ ਕੀ ਫਾਇਦਾ ਹੈ?” [107] ਇਸ ਤਰ੍ਹਾਂ ਇਹ ਸਿਰਫ਼ ਇਕ ਭੇਖ ਬਣ ਕੇ ਰਹਿ ਗਿਆ।

ਸਾਮੀ ਧਰਮਾਂ ਵਿਚ ਧਰਮ ਪ੍ਰਵੇਸ਼ ਕਰਾਉਣ ਲਈ ਲਈ ‘ਸੁੰਨਤ’ ਕੀਤੀ ਜਾਂਦੀ ਹੈ। ਅਰਬੀ ਭਾਸ਼ਾ ਦੇ ਸ਼ਬਦ 'ਸੁੰਨਤ' ਦਾ ਅਰਥ ਹੈ ਮਰਯਾਦਾ। ਇਸਲਾਮ ਵਿਚ ਸੁੰਨਤ ਉਹਨਾਂ ਸਾਰੀਆਂ ਸਿਖਿਆਵਾਂ ਜਾਂ ਉਪਦੇਸ਼ਾਂ ਦੀ ਪਾਲਣਾ ਦਾ ਸੂਚਕ ਹੈ ਜੋ ਹਜ਼ਰਤ ਮੁਹੰਮਦ ਨੇ ਆਪਣੇ ਪੈਰੋਕਾਰਾਂ ਨੂੰ ਦਿਤੇ ਸਨ। ਮੁਹੰਮਦ ਸਾਹਿਬ ਵਲੋਂ ਚਲਾਈ ਗਈ ਆਚਰਣ-ਵਿਧੀ ਸੁੰਨਤ ਸੀ ਪਰ ਹੁਣ ਇਹ ਸ਼ਬਦ ਕੇਵਲ 'ਖ਼ਤਨੇ' ਲਈ ਹੀ ਪ੍ਰਚਲਿਤ ਹੋ ਗਿਆ ਹੈ। ਖ਼ਤਨਾ ਦੀ ਪ੍ਰਥਾ ਸਾਮੀ ਦੇਸ਼ਾਂ ਵਿਚ ਮੁਹੰਮਦ ਸਾਹਿਬ ਤੋਂ ਪਹਿਲਾਂ ਵੀ ਮੌਜੂਦ ਸੀ। ਇਸ ਪ੍ਰਥਾ ਅਨੁਸਾਰ ਲਿੰਗ ਦੇ ਅਗਲੇ ਹਿੱਸੇ ਦਾ ਕੁਝ ਮਾਸ ਕੱਟ ਦਿਤਾ ਜਾਂਦਾ ਹੈ। ਕੁਰਾਨ ਵਿਚ ਇਸਦਾ ਕਿਧਰੇ ਜ਼ਿਕਰ ਨਹੀਂ ਹੈ। ਇਸਦਾ ਪ੍ਰਚਲਨ ਹਜ਼ਰਤ ਇਬਰਾਹਿਮ ਦੇ ਸਮੇਂ ਹੋਇਆ ਮੰਨਿਆ ਜਾਂਦਾ ਹੈ ਜਿਸਦਾ ਅੱਠ ਸਾਲ ਦੀ ਉਮਰ ਵਿਚ ਖ਼ਤਨਾ ਹੋਇਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਮੁਹੰਮਦ ਸਾਹਿਬ ਨੇ

---

[107] ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਦੂਜਾ), ਪੰਨਾ 500.

ਆਪਣੇ ਪੈਰੋਕਾਰਾਂ ਨੂੰ ਖ਼ਤਨਾ ਕਰਵਾਉਣ ਦਾ ਆਦੇਸ਼ ਦਿਤਾ ਹੋਇਆ ਸੀ। ਆਮ ਕਰਕੇ ਬੱਚੇ ਦੇ ਜਨਮ ਤੋਂ ਇਕ ਹਫ਼ਤੇ ਜਾਂ ਮਹੀਨੇ ਦੇ ਵਿਚ ਵਿਚ ਖ਼ਤਨਾ ਕਰਵਾਉਣਾ ਸਹੀ ਸਮਝਿਆ ਜਾਂਦਾ ਹੈ। ਫਿਰ ਵੀ 7 ਤੋਂ 12 ਸਾਲ ਦੀ ਉਮਰ ਤਕ ਮੁਸਲਮਾਨ ਲੋਕ ਖ਼ਤਨਾ ਕਰਵਾ ਲੈਂਦੇ ਹਨ।

**ਗੁਰਮਤਿ ਦਾ ਅੰਮ੍ਰਿਤ ਸੰਸਕਾਰ**: ਗੁਰਮਤਿ ਵਿਚ ਇਸ ਸੰਸਕਾਰ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ। ਗੁਰੂ ਧਾਰਨ ਕਰਨਾ ਜੀਵਨ ਦਾ ਸਭ ਤੋਂ ਪਹਿਲਾ ਕਰਤਵ ਹੈ। ਗੁਰੂ ਦੀ ਅਗਵਾਈ ਵਿਚ ਹੀ ਆਤਮਕ ਮਾਰਗ ਦੇ ਪਾਂਧੀ ਬਣ ਕੇ ਮੰਜ਼ਲ ਤਕ ਪੁਜਿਆ ਜਾ ਸਕਦਾ ਹੈ। ਗੁਰੂ ਧਾਰਨ ਕਰਨ ਲਈ ਗੁਰਮਤਿ ਵਿਚ ਪਹਿਲਾਂ ਚਰਨ ਪਾਹੁਲ(ਚਰਨ ਧੋ ਕੇ) ਪਿਲਾਉਣ ਦੀ ਰਸਮ ਸੀ। ਇਸ ਬਾਬਤ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਹਿੰਦੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।[108]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਖੰਡੇ ਬਾਟੇ ਦੀ ਮਰਿਆਦਾ ਵਿਚ ਬਦਲ ਦਿਤਾ। ਭਾਈ ਦੇਸਾ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿਚ ਖੰਡੇ ਦੀ ਪਾਹੁਲ ਲੈਣ ਨੂੰ ਪਹਿਲੀ ਰਹਿਤ ਕਿਹਾ ਹੈ।

ਪ੍ਰਥਮ ਰਹਤ ਇਹ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।

ਕਵਿ ਸੈਨਾਪਤਿ ਜੀ ਗੁਰੁ ਸੋਭਾ ਵਿੱਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਉਹਨਾਂ ਦਾ ਤੇਜ ਵਧਾ ਦਿਤਾ:

ਦੇ ਖੰਡੇ ਕੀ ਪਾਹੁਲ ਤੇਜ ਬਢਾਇਆ।[109]

"ਸਾਰੇ ਸੰਸਾਰ ਵਿਚ ਅੰਮ੍ਰਿਤ ਨੂੰ ਜੀਵਨ ਦੇ ਉਚਤਮ ਆਦਰਸ਼ਾਂ ਤੇ ਉਚਤਮ ਰਸ ਦਾ ਸਾਖੀ ਮੰਨਿਆ ਗਿਆ ਹੈ। ਸਾਰੇ ਧਰਮਾਂ ਵਿਚ ਅੰਮ੍ਰਿਤ ਦਾ ਕੋਈ ਨਾ ਕੋਈ ਸਰੂਪ ਮੌਜੂਦ ਹੈ। ਭਾਰਤੀਆਂ ਨੇ ਅੰਮ੍ਰਿਤ ਨੂੰ ਨਾ ਕੇਵਲ, 'ਮਿਠਾਸ' ਤਾਜ਼ਗੀ', ਪਵਿੱਤਰਤਾ ਦਾ ਚਿੰਨ੍ਹ ਮੰਨਿਆ ਹੋਇਆ ਹੈ, ਸਗੋਂ ਇਸ ਵਿਚ ਉਹ ਸ਼ਕਤੀ ਮੰਨੀ ਹੈ ਜੋ ਮੁਰਦੇ ਨੂੰ ਸੁਰਜੀਤ ਕਰ ਸਕਦੀ ਹੈ ਅਤੇ ਜੀਊਂਦੇ ਵਿਚ ਉਹ ਸਮਰਥਾ ਪੈਦਾ ਕਰ ਦੇਂਦੀ ਹੈ ਕਿ ਉਹ ਕਦੇ (ਆਤਮਕ ਮੌਤ) ਮਰੇ ਹੀ ਨਾ। ਅੰਮ੍ਰਿਤ ਨਵਾਂ ਜਨਮ ਤੇ ਜੀਵਨ ਦੇਣ ਵਾਲੀ ਦਾਤ ਹੈ।"[110]
ਗੁਰਮਤਿ ਵਿਚ ਅੰਮ੍ਰਿਤ ਆਦਰਸ਼ਕ ਆਚਰਨ ਲਈ ਮਨੁਖ ਦੇ ਧੁਰ ਅੰਦਰੋਂ ਉਪਜੀ ਤਰੰਗ ਹੈ, ਇਹ ਤਰੰਗ

---

[108] ਵਾਰਾਂ ਭਾਈ ਗੁਰਦਾਸ ਜੀ, ਵਾਰ 1 ਪਉੜੀ 23

[109] ਕਵਿ ਸੈਨਾਪਤਿ ਜੀ, ਗੁਰੁ ਸੋਭਾ, ਪੰਨਾ 78.

[110] ਡਾ. ਤਾਰਨ ਸਿੰਘ, ਸਿੱਖ ਸਿੱਖੀ ਅਤੇ ਸਿਧਾਂਤ, ਪੰਨਾ 188.

ਅਸਲ ਵਿਚ ਗੁਰੂ ਦੀਖਿਆ ਹੈ ਜੋ ਸਿੱਖ ਦਾ ਆਤਮਕ ਰੂਪਾਂਤਰਣ ਕਰਦੀ ਹੈ। ਇਸ ਨੂੰ ਗੁਰੂ ਬਖਸ਼ਦਾ ਹੈ, ਉਸ ਤੋਂ ਹੋਰ ਕਿਸੇ ਕੋਲ ਸਮਰਥਾ ਨਹੀਂ ਹੈ ਕਿ ਅੰਮ੍ਰਿਤ ਦੀ ਦਾਤ ਦੇ ਸਕੇ। ਇਸ ਕਰਕੇ ਗੁਰਬਾਣੀ ਉਪਦੇਸ਼ ਕਰਦੀ ਹੈ:

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥[111]

ਅੰਮ੍ਰਿਤ ਦਾ ਸਿਧਾਂਤ ਭਾਵੇਂ ਭਾਰਤੀਆਂ ਲਈ ਨਵਾਂ ਨਹੀਂ ਸੀ, ਪਰੰਤੂ ਗੁਰੂ ਸਾਹਿਬ ਨੇ ਇਸ ਨੂੰ ਨਵੇਂ ਸੰਕਲਪ ਤੇ ਵਿਵਹਾਰ ਵਿਚ ਆਪਣੇ ਸਿੱਖਾਂ ਨੂੰ ਦਿਤਾ। ਇਸ ਵਿਚ ਦੇਵਤਿਆਂ ਤੇ ਦੈਂਤਾਂ ਦਾ ਯੁਧ ਨਹੀਂ ਹੁੰਦਾ ਸਗੋਂ ਇਹ ਆਤਮਕ ਜੰਗ ਹੈ। ਜਿਸ ਵਿਚ ਮਨ ਦੀ ਵਿਕਾਰਾਂ ਨਾਲ ਟਕਰ ਹੁੰਦੀ ਹੈ। ਗੁਰਬਾਣੀ ਵਿਚ ਅਨੇਕਾਂ ਜਗ੍ਹਾਂ ਉਪਰ ਅੰਮ੍ਰਿਤ ਸੰਬੰਧੀ ਹਵਾਲੇ ਆਏ ਹਨ ਜਿਸ ਵਿਚ ਅੰਮ੍ਰਿਤ ਨੂੰ ਅੰਦਰੋਂ ਪ੍ਰਗਟ ਕਰਨ ਦੀ ਗੱਲ ਕੀਤੀ ਗਈ ਹੈ:

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥[112]

ਅੰਮ੍ਰਿਤ ਸੰਸਕਾਰ ਦੇ ਵਿਧਾਨ ਬਾਰੇ ਸਿੱਖ ਰਹਿਤ ਮਰਿਯਾਦਾ ਵਿਚ ਦਰਜ ਹੈ ਕਿ ਅੰਮ੍ਰਿਤ ਹਰ ਕੌਮ, ਜਾਤ, ਕਬੀਲੇ ਜਾਂ ਦੇਸ਼ ਆਦਿ ਦੇ ਪੁਰਸ਼ ਇਸਤਰੀ ਛਕ ਸਕਦੇ ਹਨ ਜੋ ਵੀ ਸਿੱਖ ਧਰਮ ਗ੍ਰਹਿਣ ਕਰਨਾ ਚਾਹੁੰਦੇ ਹਨ। ਅੰਮ੍ਰਿਤਪਾਨ ਕਰਨ ਦੀ ਵਿਧੀ ਇਸ ਤਰ੍ਹਾਂ ਹੈ:

> "ੳ) ਅੰਮ੍ਰਿਤ ਛਕਾਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ। ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ' ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ। ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾਂ,ਕਾਣਾ,ਲੰਙਾ,ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਹੋਣ। ਸ) ਹਰ ਦੇਸ਼,ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ। ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼

---

111 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1034.

112 ਉਹੀ, ਪੰਨਾ 598.

ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ। ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ। ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ? ਖ) "ਹਾਂ" ਦਾ ਜਵਾਬ ਆਉਣ 'ਤੇ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ 16 ਕਰਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ। ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ 'ਪੁਰ ਰਖਿਆ ਹੋਵੇ। ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ। ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ:- ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੇ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ। ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ। ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ। ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ। ਝ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ

ਬੀਰਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ:- ਬੋਲ'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।' ਛਕਣ ਵਾਲਾ ਛਕ ਕੇ ਕਹੇ:' ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।'ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ।ਹਰ ਇੱਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ 'ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ। ਢ) ਉਪ੍ਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਨਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ।"[113]

ਗੁਰਮਤਿ ਵਿਚ ਭਾਵੇਂ ਅੰਮ੍ਰਿਤ ਦਾ ਵਿਧਾਨ ਹੈ ਅਤੇ ਤਿਲਕ ਜੰਞੂ ਨੂੰ ਕਰਮਕਾਂਡ ਦੱਸਿਆ ਹੈ ਪਰ ਫਿਰ ਵੀ ਇਸਦੀ ਮਨੌਤ ਕਰਨ ਵਾਲਿਆਂ ਨੂੰ ਇਸ ਦਾ ਪੂਰਾ ਹਕ ਹੋਣ ਦੀ ਹਾਮੀ ਭਰੀ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦੁਰ ਜੀ ਨੇ ਤਿਲਕ ਜੰਞੂ ਦੀ ਰਾਖੀ ਖਾਤਰ ਆਪਣਾ ਆਪ ਕੁਰਬਾਨ ਕਰ ਦਿਤਾ ਸੀ। ਇਸ ਗੱਲ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਯਾ ਪਰੁ ਸੀ ਨ ਉਚਰੀ ॥੧੩॥[114]

**3. ਵਿਆਹ ਸੰਸਕਾਰ**

ਵਿਆਹ ਭਾਰਤੀ ਸਭਿਅਤਾ ਵਿਚ ਬੜਾ ਹੀ ਅਹਿਮ ਤੇ ਹੁਲਾਸ ਭਰਿਆ ਸੰਸਕਾਰ ਹੈ। ਜਦੋਂ ਮੁੰਡਾ ਜਾਂ ਕੁੜੀ ਬਚਪਨ ਵਿਚੋਂ ਨਿਕਲ ਕੇ ਜੁਆਨੀ ਵਿਚ ਪਹੁੰਚਦੇ ਹਨ ਤਾਂ ਉਹਨਾਂ ਦੇ ਪਰਿਵਾਰਕ ਮੈਂਬਰ ਵਿਆਹ ਲਈ ਮੁੰਡਾ ਜਾਂ ਕੁੜੀ ਦੀ ਭਾਲ ਸ਼ੁਰੂ ਕਰ ਦਿੰਦੇ ਹਨ। ਜਦੋਂ ਇਹਨਾਂ ਦੇ ਹਮ-ਉਮਰ ਜਾਂ ਜੀਵਨ ਸਾਥੀ ਲਭ ਜਾਂਦੇ ਹਨ ਤਾਂ ਸ਼ਗਨ ਜਿਸ ਨੂੰ ਰੋਕਾ ਵੀ ਕਿਹਾ ਜਾਂਦਾ ਹੈ, ਕਰ ਲਿਆ ਜਾਂਦਾ ਹੈ ਅਤੇ ਵਿਆਹ ਲਈ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਕਈ ਵਾਰ ਵਿਆਹ ਰੋਕੇ ਤੋਂ ਕਾਫ਼ੀ ਸਮਾਂ ਬਾਅਦ ਕੀਤਾ ਜਾਂਦਾ ਹੈ। ਵਿਆਹ ਵਿਚ ਇਕਠੇ ਹੋਣ ਵਾਲੇ ਰਿਸ਼ਤੇਦਾਰਾਂ ਅਤੇ ਭਾਈਚਾਰੇ ਦੇ ਇਕਠ ਨੂੰ ਮੇਲ ਕਿਹਾ ਜਾਂਦਾ ਹੈ ਅਤੇ

113 ਸਿਖ ਰਹਿਤ ਮਰਯਾਦਾ, ਪੰਨੇ 27-32.

114 ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ 13.

ਅੰਗਾਂ ਸਾਕਾਂ ਨੂੰ ਮੇਲੀ ਕਿਹਾ ਜਾਂਦਾ ਹੈ। ਮੇਲੀਆਂ ਤੋਂ ਬਿਨਾਂ ਵਿਆਹ ਕਿਆਸ ਕਰਨਾ ਅਣਹੋਣੀ ਗੱਲ ਲਗਦੀ ਹੈ। ਮੇਲੀਆਂ ਨੂੰ ਬਾਕਾਇਦਾ ਸੱਦੇ ਦੇ ਕੇ ਸੱਦਿਆ ਜਾਂਦਾ ਹੈ। ਮੇਲੀਆਂ ਨਾਲ ਕਪੜਿਆਂ ਅਤੇ ਮਠਿਆਈ ਦਾ ਲੈਣ-ਦੇਣ ਕੀਤਾ ਜਾਂਦਾ ਹੈ। ਵਿਆਹ ਸੰਸਕਾਰ ਜਿਥੇ ਸਮਾਜ ਨਾਲ ਜੁੜਿਆ ਹੋਇਆ ਹੈ ਉਥੇ ਹੀ ਧਰਮ ਨਾਲ ਇਸ ਦੀ ਗਹਿਰੀ ਪੀਡੀ ਗੰਢ ਹੈ। ਵਿਆਹ ਨੂੰ ਸੰਪੂਰਨ ਤਾਂ ਹੀ ਸਮਝਿਆ ਜਾਂਦਾ ਹੈ ਜੇਕਰ ਸੰਬੰਧਿਤ ਧਰਮ ਦੇ ਰੀਤੀ ਰਿਵਾਜਾਂ ਨਾਲ ਪੂਰਾ ਕੀਤਾ ਜਾਵੇ। ਵਖ ਵਖ ਧਰਮਾਂ ਵਿਚ ਵਿਆਹ ਸੰਸਕਾਰ ਲਈ ਆਪੋ-ਆਪਣੇ ਰੀਤੀ ਰਿਵਾਜ ਹਨ ਜਿਹਨਾਂ ਦਾ ਉਲੇਖ ਇਸ ਤਰ੍ਹਾਂ ਹੈ:

**ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ:** ਵੈਦਿਕ ਧਰਮ ਵਿਚ ਹੇਠ ਲਿਖੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ:

**ਸਾਹਾ** ਪੰਡਤਾਂ ਪਾਸੋਂ ਵਿਆਹ ਦਾ ਦਿਨ ਕਢਵਾਉਣ ਨੂੰ ਸਾਹਾ ਕਿਹਾ ਜਾਂਦਾ ਹੈ। ਆਮ ਕਰਕੇ ਵਿਆਹ ਕਰਨ ਵੇਲੇ ਚੰਗੇ ਮੰਦੇ ਦਿਨਾਂ ਦੀ ਬੜੀ ਵੀਚਾਰ ਕੀਤੀ ਜਾਂਦੀ ਹੈ ਕਿ ਕਿਹੜਾ ਦਿਨ ਚੰਗਾ ਹੈ ਅਤੇ ਕਿਹੜਾ ਮਾੜਾ। ਪੰਡਿਤ ਲੜਕਾ ਅਤੇ ਲੜਕੀ ਦੇ ਟੇਵੇ ਅਤੇ ਪਤਰੀ ਦੇਖ ਕੇ ਗ੍ਰਹਿਆਂ, ਥਿਤਾਂ ਆਦਿ ਦਾ ਹਿਸਾਬ ਲਗਾ ਕੇ ਸਾਹੇ ਦਾ ਦਿਨ ਕਢਦਾ ਹੈ। ਸਾਹੇ ਦੇ ਦਿਨ ਦੇ ਨਾਲ-ਨਾਲ ਫੇਰਿਆਂ ਦਾ ਮਹੂਰਤ ਵੀ ਕਢਵਾਇਆ ਜਾਂਦਾ ਹੈ। ਹਿੰਦੂ ਮਤ ਵਿਚ ਲੜਕੇ-ਲੜਕੀ ਦਾ ਵਿਆਹ ਨਿਸ਼ਚਿਤ ਕਰਨ ਤੋਂ ਪਹਿਲਾਂ ਦਿਨਾਂ, ਨਛਤਰਾਂ, ਥਿਤਾਂ ਆਦਿ ਦਾ ਵਿਸ਼ੇਸ਼ ਧਿਆਨ ਕੀਤਾ ਜਾਂਦਾ ਹੈ। ਹਿੰਦੂ ਕਦੇ ਵੀ ਆਪਣੀ ਸੁਵਿਧਾ ਅਨੁਸਾਰ ਕੋਈ ਦਿਨ ਤੈਅ ਨਹੀਂ ਕਰਦੇ। ਸਾਹਾ ਆਮ ਕਰਕੇ ਲੜਕੀ ਵਾਲਿਆਂ ਵਲੋਂ ਕਢਵਾਇਆ ਜਾਂਦਾ ਹੈ ਪਰ ਇਸ ਵਿਚ ਲੜਕੇ ਵਾਲਿਆਂ ਨਾਲ ਵੀ ਵੀਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸਾਹਾ ਕਢਵਾ ਕੇ ਵਿਆਹ ਦਾ ਦਿਨ ਮੁਕਰਰ ਕਰਨ ਨੂੰ 'ਸਾਹਾ ਸੋਧਣਾ' ਕਿਹਾ ਜਾਂਦਾ ਹੈ। ਜਦੋਂ ਇਕ ਵਾਰ ਸਾਹੇ ਦਾ ਦਿਨ ਕਢਵਾ ਲਿਆ ਜਾਵੇ ਤਾਂ ਉਹ ਪੱਕਾ ਮੁਕਰਰ ਹੋ ਜਾਂਦਾ ਹੈ। ਕਿਸੇ ਵੀ ਹਾਲਤ ਵਿਚ ਇਸ ਦਿਨ ਨੂੰ ਬਦਲਣਾ ਅਸ਼ੁਭ ਮੰਨਿਆ ਜਾਂਦਾ ਹੈ। ਸਾਹੇ ਦੀ ਮਿਤੀ ਲੜਕੇ ਵਾਲਿਆਂ ਦੇ ਘਰ ਭੇਜਣ ਲਈ ਚਿਠੀ ਲਿਖੀ ਜਾਂਦੀ ਹੈ ਜਿਸ ਨੂੰ 'ਸਾਹੇ ਚਿਠੀ' ਕਿਹਾ ਜਾਂਦਾ ਹੈ। ਸਾਹਾ ਚਿਠੀ ਆਮ ਕਰਕੇ ਗਿਆਰਾਂ ਜਾਂ ਇਕੀ ਦਿਨਾਂ ਦੀ ਭੇਜੀ ਜਾਂਦੀ ਹੈ। ਪੁਰਾਣੇ ਵੇਲਿਆਂ ਵਿਚ ਜਦੋਂ ਲੋਕ ਬਹੁਤ ਘੱਟ ਪੜ੍ਹੇ-ਲਿਖੇ ਸਨ ਤਾਂ ਸਾਹੇ ਦਾ ਦਿਨ ਕਢਵਾ ਕੇ ਜਿੰਨੇ ਦਿਨਾਂ ਦਾ ਵਿਆਹ ਭੇਜਣਾ ਹੁੰਦਾ ਸੀ, ਮੌਲੀ ਨੂੰ ਓਨੀਆਂ ਗੰਢਾਂ ਬੰਨ੍ਹ ਕੇ ਭੇਜ ਦਿੰਦੇ ਸਨ। ਘਰ ਵਾਲੇ ਰੋਜ਼ ਇਕ ਗੰਢ ਖੋਲ੍ਹ ਲੈਂਦੇ ਸਨ ਅਤੇ ਇਸ ਤਰ੍ਹਾਂ ਵਿਆਹ ਦਾ ਦਿਨ ਆ ਜਾਂਦਾ ਸੀ।

ਸਾਹਾ ਚਿਠੀ ਨਾਲ ਦੁਬ (ਹਰਾ ਘਾਹ), ਚੌਲ, ਹਲਦੀ ਆਦਿਕ ਬੰਨ੍ਹੇ ਜਾਂਦੇ ਹਨ। ਇਸ ਨਾਲ ਕੁਝ ਗਹਿਣੇ ਅਤੇ ਤੇਵਰ (ਕਪੜੇ) ਆਦਿਕ ਵੀ ਭੇਜੇ ਜਾਂਦੇ ਹਨ। ਕੁਝ ਲੋਕ ਇਸ ਚਿਠੀ ਨਾਲ ਇਕ ਮੌਲੀ ਬੰਨ੍ਹ ਕੇ

ਭੇਜਦੇ ਹਨ ਜੋ ਕਿ ਲੜਕੇ ਵਾਲੇ ਖੋਲ੍ਹ ਕੇ ਲੜਕੇ ਦੀ ਬਾਂਹ ਨਾਲ ਬੰਨ੍ਹ ਦਿੰਦੇ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ "ਇਸ ਰੀਤ ਨੂੰ 'ਸਾਹਾ ਬੰਨ੍ਹਣਾ' ਜਾਂ 'ਸਾਹੇ ਲੱਤ ਬੰਨ੍ਹਣਾ' ਵੀ ਕਹਿੰਦੇ ਹਨ। ਇਸੇ ਰੀਤ ਨੂੰ 'ਥੜੇ ਪਾਉਣਾ' ਜਾਂ ਮਾਈਏਂ ਪਾਉਣਾ' ਵੀ ਕਹਿ ਲਿਆ ਜਾਂਦਾ ਹੈ।"[115]

**ਮਾਈਆਂ ਪੈਣਾ** ਵਿਆਹ ਤੋਂ ਕੁਝ ਦਿਨ ਪਹਿਲਾਂ ਵਰ ਤੇ ਕੰਨਿਆ ਨੂੰ ਮਾਂਈਏਂ ਪਾ ਦਿਤਾ ਜਾਂਦਾ ਹੈ। ਮਾਂਈਏਂ ਪਾਉਣ ਤੋਂ ਬਾਅਦ ਵਿਆਂਹਦੜ ਦਾ ਘਰੋਂ ਬਾਹਰ ਜਾਣਾ, ਹਾਰ ਸ਼ਿੰਗਾਰ ਕਰਨਾ ਮਨ੍ਹਾਂ ਕਰ ਦਿਤਾ ਜਾਂਦਾ ਹੈ। ਮਾਂਈਏਂ ਤੋਂ ਬਾਅਦ ਵਿਆਂਹਦੜ ਦੇ ਕਪੜੇ ਵੀ ਨਹੀਂ ਬਦਲੇ ਜਾਂਦੇ। ਫਿਰ ਵਿਆਹ ਤੋਂ ਦੋ ਦਿਨ ਪਹਿਲਾਂ ਜਦੋਂ ਵਿਆਂਹਦੜ ਨੂੰ ਨੁਹਾਇਆ ਜਾਂਦਾ ਹੈ, ਉਦੋਂ ਵਟਣਾ ਮਲ਼ ਕੇ ਮੈਲ ਉਤਾਰੀ ਜਾਂਦੀ ਹੈ ਅਤੇ ਕਪੜੇ ਬਦਲੇ ਜਾਂਦੇ ਹਨ। ਇਸ ਪਿਛੇ ਮਨੌਤ ਇਹ ਹੈ ਕਿ ਪ੍ਰੇਤ ਰੂਹਾਂ ਵਿਆਂਹਦੜ 'ਤੇ ਛੇਤੀ ਅਸਰ ਕਰਦੀਆਂ ਹਨ, ਉਸ ਨੂੰ ਬਚਾਉਣ ਲਈ ਘਰ ਦੇ ਅੰਦਰ ਤੇ ਮੈਲਾ ਰਖਿਆ ਜਾਂਦਾ ਹੈ।

**ਬਰਾਤ** ਬਰਾਤ ਦੇ ਚੜ੍ਹਨ ਵੇਲੇ ਲਾੜਾ ਘੋੜੀ ਉਤੇ ਸਵਾਰ ਹੁੰਦਾ ਹੈ। ਉਸ ਦੇ ਸਾਰੇ ਰਿਸ਼ਤੇਦਾਰ ਜੋ ਨਾਲ ਜਾਂਦੇ ਹਨ, ਉਹਨਾਂ ਨੂੰ ਬਰਾਤੀ ਕਿਹਾ ਜਾਂਦਾ ਹੈ। ਬਰਾਤ ਦੇ ਅਗੇ ਵਾਜੇ ਤੇ ਸ਼ਹਿਨਾਈਆਂ ਵਜਦੀਆਂ ਹਨ। ਅਗੇ ਅਗੇ ਬਰਾਤੀ ਨਚਦੇ ਹਨ। ਲਾੜੇ ਦੀ ਮਾਂ, ਭੈਣ ਅਤੇ ਭਰਜਾਈ ਵਲੋਂ ਕਈ ਸ਼ਗਨ ਕੀਤੇ ਜਾਂਦੇ ਹਨ। ਮਾਂ ਸ਼ਗਨ ਮਨਾਉਂਦੀ ਹੈ, ਭੈਣ ਵਾਗ ਫੜਦੀ ਹੈ ਅਤੇ ਭਰਜਾਈ ਸੁਰਮਾ ਪਾਉਂਦੀ ਹੈ। ਜਿਸ ਬਦਲੇ ਲਾੜੇ ਵਲੋਂ ਸ਼ਗਨ ਦਿਤਾ ਜਾਂਦਾ ਹੈ।

**ਮਿਲਣੀ** ਵਿਆਹ ਵੇਲੇ ਜਦੋਂ ਲਾੜੇ ਪਖ ਵਾਲੇ ਬਰਾਤੀ ਲਾੜੀ ਦੇ ਘਰ ਪਹੁੰਚਦੇ ਹਨ, ਤਾਂ ਲਾੜੀ ਦੇ ਘਰਦਿਆਂ ਅਤੇ ਰਿਸ਼ਤੇਦਾਰਾਂ ਵਲੋਂ ਉਹਨਾਂ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਭੇਟਾਵਾਂ ਵੀ ਦਿਤੀਆਂ ਜਾਂਦੀਆਂ ਹਨ। ਇਸ ਰਸਮ ਨੂੰ ਮਿਲਣੀ ਕਿਹਾ ਜਾਂਦਾ ਹੈ। ਇਸ ਨੂੰ 'ਪੇਸ਼ਕਾਰਾ' ਵੀ ਕਿਹਾ ਜਾਂਦਾ ਹੈ। ਇਸ ਰਸਮ ਵਿਚ ਲੜਕੀ ਵਾਲੇ ਲੜਕੇ ਵਾਲਿਆਂ ਨੂੰ ਰੁਪਏ ਅਤੇ ਕਪੜੇ ਦੇ ਕੇ ਮਿਲਦੇ ਹਨ ਅਤੇ ਦੋਵੇਂ ਧਿਰਾਂ ਦੇ ਰਿਸ਼ਤੇਦਾਰ ਇਕ ਦੂਜੇ ਉਤੋਂ ਪੈਸੇ ਵਾਰ ਕੇ ਨਾਈ ਜਾਂ ਲਾਗੀ ਨੂੰ ਦਿੰਦੇ ਹਨ। ਲੜਕੀ ਵਾਲਿਆਂ ਵਲੋਂ ਅਜਕਲ੍ਹ ਗਹਿਣੇ ਵੀ ਦਿਤੇ ਜਾਣ ਲਗ ਪਏ ਹਨ। ਇਸ ਵਿਚ ਇਸ ਗੱਲ ਦਾ ਧਿਆਨ ਰਖਿਆ ਜਾਂਦਾ ਹੈ ਕਿ ਦੋਹਾਂ ਧਿਰਾਂ ਦੇ ਰਿਸ਼ਤੇਦਾਰ ਇਕੋਸਾਰ ਹੋਣ; ਜਿਵੇਂ ਲੜਕੇ ਅਤੇ ਲੜਕੀ ਦੇ ਪਿਤਾ ਦੀ ਮਿਲਣੀ, ਫਿਰ ਤਾਇਆਂ, ਚਾਚਿਆਂ, ਮਾਮਿਆਂ, ਮਾਸੜਾਂ, ਫੁਫੜਾਂ ਆਦਿਕ ਦੀ ਮਿਲਣੀ ਹੁੰਦੀ ਹੈ।

**ਫੇਰੇ** ਵਿਆਹ ਸਮੇਂ ਲਾੜਾ ਲਾੜੀ ਵਲੋਂ ਕਿਸੇ ਪਵਿਤਰ ਚੀਜ਼ ਨੂੰ ਗਵਾਹ ਮੰਨ ਕੇ ਉਸ ਦੁਆਲੇ ਗੇੜੇ ਕਢਣ ਨੂੰ ਫੇਰੇ ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਅਗ ਨੂੰ ਪਵਿਤਰ ਮੰਨਿਆ ਜਾਂਦਾ ਹੈ। ਫੇਰਿਆਂ ਵੇਲੇ

---

[115] ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਤੀਜਾ), ਪੰਨਾ 324.

ਬੇਦੀ ਵਿਚ ਅਗ ਬਾਲ ਕੇ ਉਸ ਦੁਆਲੇ ਗੇੜੇ ਕਢੇ ਜਾਂਦੇ ਹਨ।

**ਪਤਲ** ਪੁਰਾਣੇ ਸਮੇਂ ਵਿਚ ਵਿਆਹ ਵੇਲੇ ਬਰਾਤ ਜਦੋਂ ਰੋਟੀ ਖਾਣ ਬੈਠਦੀ ਸੀ ਤਾਂ ਕੁੜੀਆਂ ਗੀਤਾਂ ਰਾਹੀਂ ਬਰਾਤ ਦੀ ਰੋਟੀ ਬੰਨ੍ਹ ਦਿੰਦੀਆਂ ਸਨ। ਇਸ ਨੂੰ ਪੱਤਲ ਬੰਨ੍ਹਣਾ ਕਹਿੰਦੇ ਹਨ। ਫਿਰ ਕੋਈ ਬਰਾਤੀ ਜਵਾਬੀ ਗੀਤ ਵਗੈਰਾ ਗਾ ਕੇ ਰੋਟੀ ਛੁਡਵਾਉਂਦਾ ਸੀ। ਫਿਰ ਕਿਤੇ ਜਾ ਕੇ ਬਰਾਤ ਰੋਟੀ ਖਾ ਸਕਦੀ ਸੀ। ਇਸ ਰਸਮ ਨੂੰ ਪਤਲ ਛੁਡਵਾਉਣਾ ਕਹਿੰਦੇ ਹਨ। ਲਾਵਾਂ ਤੋਂ ਬਾਅਦ ਲੜਕੇ ਦਾ ਪਿਤਾ ਥਾਲ ਵਿਚ ਰੋਟੀ ਪਾ ਕੇ ਅਤੇ ਉਪਰ ਪੈਸੇ ਰਖ ਕੇ ਲੜਕੀ ਕੋਲ ਭੇਜਦਾ ਹੈ। ਇਸ ਨੂੰ ਪੱਤਲ ਭੇਜਣਾ ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਲੜਕੀ ਦੀ ਜ਼ਿੰਮੇਵਾਰੀ ਹੁਣ ਸਹੁਰੇ ਪਰਿਵਾਰ ਦੀ ਹੈ। ਲੜਕੀ ਰੋਟੀ ਖਾ ਲੈਂਦੀ ਅਤੇ ਪੈਸੇ ਮੋੜ ਦਿੰਦੀ ਜਿਸ ਦਾ ਅਰਥ ਹੁੰਦਾ ਕਿ ਉਸ ਨੂੰ ਸਹੁਰੇ ਘਰ ਰੋਟੀ ਚਾਹੀਦੀ ਹੈ, ਪੈਸੇ ਨਹੀਂ।

**ਸਿਖਿਆ** ਵਿਆਹ ਸੰਸਕਾਰ ਵਿਚ ਸਿਖਿਆ ਇਕ ਜ਼ਰੂਰੀ ਰੀਤ ਹੈ। ਇਸ ਨੂੰ ਲਾੜੀ ਦੀਆਂ ਭੈਣਾਂ ਜਾਂ ਸਹੇਲੀਆਂ ਵਲੋਂ ਗਾਇਆ ਜਾਂਦਾ ਹੈ। ਪਰ ਇਸ ਵਿਚਲੀ ਸਿਖਿਆ ਲਾੜੀ ਦੇ ਮਾਂ-ਪਿਓ ਵਲੋਂ ਹੁੰਦੀ ਹੈ। ਇਸ ਵਿਚ ਲਾੜੀ ਲਈ ਪਿਆਰ, ਪੇਕੇ ਪਰਿਵਾਰ ਦੀ ਬੇਵਸੀ, ਸੰਸਾਰਿਕ ਰੀਤ ਨਿਭਾਏ ਜਾਣ ਦਾ ਜ਼ਿਕਰ ਅਤੇ ਸਹੁਰੇ ਘਰ ਵਿਚਰਨ ਦੀ ਜਾਚ ਆਦਿਕ ਦਾ ਜ਼ਿਕਰ ਹੁੰਦਾ ਹੈ।

**ਪਾਣੀ ਵਾਰਨਾ** ਜਦੋਂ ਲਾੜਾ ਲਾੜੀ ਨੂੰ ਵਿਆਹ ਕੇ ਘਰ ਆਉਂਦਾ ਹੈ ਤਾਂ ਲਾੜੇ ਪਰਿਵਾਰ ਦੀਆਂ ਇਸਤਰੀਆਂ ਵਲੋਂ ਇਹ ਰਸਮ ਕੀਤੀ ਜਾਂਦੀ ਹੈ। ਇਸ ਵਿਚ ਲਾੜੇ ਲਾੜੀ ਦੇ ਸਿਰ ਉਤੋਂ ਪਾਣੀ ਵਾਰ ਕੇ ਪੀਤਾ ਜਾਂਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਰਸਮ ਨਾਲ ਇਹ ਔਰਤਾਂ ਲਾੜੇ ਲਾੜੀ ਦੀਆਂ ਸਾਰੀਆਂ ਬਲਾਵਾਂ ਆਪਣੇ ਸਿਰ ਲੈ ਲੈਂਦੀਆਂ ਹਨ ਪਰ ਲਾੜਾ ਪਾਣੀ ਪੀਣ ਤੋਂ ਵਰਜਦਾ ਹੈ ਭਾਵ ਬਜ਼ੁਰਗਾਂ ਨੂੰ ਆਪਣੀਆਂ ਬਲਾਵਾਂ ਲੈਣ ਤੋਂ ਰੋਕਦਾ ਹੈ। ਪਹਿਲਾਂ ਸੱਸ ਪਾਣੀ ਪੀਂਦੀ ਹੈ ਫਿਰ ਚਾਚੀਆਂ, ਤਾਈਆਂ, ਨਨਾਣਾਂ, ਭਰਜਾਈਆਂ ਆਦਿਕ ਪੀਂਦੀਆਂ ਹਨ। ਪਾਣੀ ਵਾਰਨ ਤੋਂ ਬਾਅਦ ਲਾੜੀ ਘਰ ਦੀ ਦਹਿਲੀਜ਼ ਲੰਘਦੀ ਹੈ।

**ਮੁਕਲਾਵਾ** ਪੁਰਾਣੇ ਸਮਿਆਂ ਵਿਚ ਬਾਲ ਵਿਆਹ ਕੀਤੇ ਜਾਂਦੇ ਸਨ। ਕਈ ਵਾਰ ਤਾਂ ਜੰਮਦੇ ਬੱਚਿਆਂ ਦਾ ਹੀ ਰਿਸ਼ਤਾ ਕਰ ਦਿੱਤਾ ਜਾਂਦਾ ਸੀ। ਲਾੜਾ ਲਾੜੀ ਦੀ ਉਮਰ ਘਟ ਹੋਣ ਕਰਕੇ ਵਿਆਹ ਤੋਂ ਬਾਅਦ ਵੀ ਲੜਕੀ ਆਪਣੇ ਘਰ ਰਹਿੰਦੀ ਸੀ। ਕੰਨਿਆ ਇਕ ਦਿਨ ਸਹੁਰੇ ਜਾ ਕੇ ਵਾਪਿਸ ਆ ਜਾਂਦੀ ਸੀ। ਫਿਰ ਵਿਆਹ ਤੋਂ ਤਿੰਨ, ਪੰਜ, ਸੱਤ ਜਾਂ ਨੌਂ ਸਾਲਾਂ ਬਾਅਦ ਉਸ ਦਾ ਮੁਕਲਾਵਾ ਦਿਤਾ ਜਾਂਦਾ ਸੀ। ਜੇਕਰ ਕੰਨਿਆ ਜਵਾਨ ਹੁੰਦੀ ਤਾਂ ਉਸ ਦਾ ਵਿਆਹ ਅਤੇ ਮੁਕਲਾਵਾ ਇਕਠਾ ਹੀ ਕਰ ਦਿਤਾ ਜਾਂਦਾ ਸੀ। ਕੁੜੀ ਨੂੰ ਸਾਰਾ ਦਾਜ ਦਹੇਜ ਮੁਕਲਾਵੇ ਨੂੰ ਹੀ ਦਿਤਾ ਜਾਂਦਾ ਸੀ। ਮੁਕਲਾਵਾ ਲੈਣ ਆਉਣ ਵੇਲੇ ਪਤੀ ਦਾ ਆਉਣਾ ਜ਼ਰੂਰੀ ਹੁੰਦਾ ਸੀ। ਜੇਕਰ ਮੁਕਲਾਵੇ ਤੋਂ ਪਹਿਲਾਂ ਪਤੀ ਦੀ ਮੌਤ ਹੋ ਜਾਂਦੀ ਤਾਂ ਮੁਕਲਾਵਾ ਦਿਓਰ ਵਲੋਂ ਲਿਜਾਇਆ ਜਾਂਦਾ ਅਤੇ

ਕੁੜੀ ਦਿਓਰ ਦੀ ਪਤਨੀ ਬਣ ਜਾਂਦੀ ਹੈ। ਕਈ ਵਾਰੀ ਤਾਂ ਔਰਤ ਨੂੰ ਬਾਲ ਵਿਧਵਾ ਬਣ ਕੇ ਸਾਰੀ ਉਮਰ ਗੁਜ਼ਾਰਨੀ ਪੈਂਦੀ ਸੀ।

ਭਾਰਤੀ ਪਰੰਪਰਾ ਵਿਚ ਵਿਆਹ ਸੰਬੰਧੀ ਕਈ ਬੁਰੀਆਂ ਰੀਤਾਂ ਵੀ ਪ੍ਰਚਲਤ ਹਨ। ਪੁਰਾਤਨ ਸਮੇਂ ਵਿਚ ਔਰਤ ਦਾ ਬਹੁਤ ਸ਼ੋਸ਼ਣ ਕੀਤਾ ਜਾਂਦਾ ਸੀ। ਬ੍ਰਾਹਮਣਾਂ ਵਲੋਂ ਔਰਤਾਂ ਨਾਲ ਰੀਤ ਦੇ ਨਾਂ 'ਤੇ ਭੋਗ ਕੀਤਾ ਜਾਂਦਾ ਸੀ। ਭਾਰਤ ਵਿਚ ਇਸਤਰੀ ਪੁਰਸ਼ ਦੇ ਯੋਨ ਸੰਬੰਧਾਂ ਦੀ ਸੁਤੰਤਰਤਾ ਨੂੰ ਬੰਦ ਕਰਨ ਅਤੇ ਵਿਵਹਾਰ ਦੀ ਪ੍ਰਥਾ ਦੀ ਮਰਯਾਦਾ ਸਥਾਪਿਤ ਕਰਨ ਵਾਲਾ ਪਹਿਲਾ ਵਿਅਕਤੀ ਸੀ ਸ੍ਵਤਕੇਤ। ਇਹ ਉਦਾਲਕ ਰਿਸ਼ੀ ਦਾ ਪੁਤਰ ਸੀ। 'ਮਹਾਂਭਾਰਤ' ਦੇ ਇਕ ਅਖਿਆਨ ਅਨੁਸਾਰ ਇਸ ਦੀ ਮਾਤਾ ਨੂੰ ਇਕ ਬ੍ਰਾਹਮਣ ਭੋਗ ਲਈ ਜਦੋਂ ਲੈ ਜਾ ਰਿਹਾ ਸੀ, ਤਾਂ ਇਸ ਨੂੰ ਬਹੁਤ ਕ੍ਰੋਧ ਆਇਆ। ਪਿਤਾ ਦੇ ਸਮਝਾਉਣ 'ਤੇ ਵੀ ਕਿ ਇਹ ਪਰੰਪਰਾਗਤ ਧਰਮ ਹੈ, ਸ੍ਵਕੇਤ ਨਾ ਮੰਨਿਆ ਅਤੇ ਇਸ ਰੀਤ ਨੂੰ ਬੰਦ ਕਰਨ ਦਾ ਸ਼ਲਾਘਾਯੋਗ ਉਦਮ ਕੀਤਾ। ਰਿਸ਼ੀਆਂ ਨੇ ਵਿਵਾਹ ਦੇ ਕਈ ਭੇਦ ਦਸੇ, ਜਿਨ੍ਹਾਂ ਵਿਚੋਂ ਸਭ ਤੋਂ ਉਤਮ **'ਬ੍ਰਾਹ੍ਮਾ' ਵਿਵਾਹ** ਹੈ ਜਿਸ ਅਨੁਸਾਰ ਵਰ ਨੂੰ ਘਰ ਬੁਲਾ ਕੇ ਆਦਰ ਨਾਲ ਬਸਤ੍ਰਾਂ ਅਤੇ ਭੂਸ਼ਣਾਂ ਸਹਿਤ ਕੰਨਿਆ ਦਿਤੀ ਜਾਂਦੀ ਹੈ। ਇਸੇ ਲਈ ਇਸਨੂੰ 'ਕੰਨਿਆ-ਦਾਨ' ਵੀ ਕਿਹਾ ਜਾਂਦਾ ਹੈ।[116] ਕੁਝ ਬੁਰੀਆਂ ਰੀਤਾਂ ਦਾ ਵੇਰਵਾ ਇਸ ਤਰ੍ਹਾਂ ਹੈ:

**ਬਹੁ-ਕੰਤੀ ਪ੍ਰਥਾ** ਇਸ ਪ੍ਰਥਾ ਵਿਚ ਇਕ ਔਰਤ ਦੇ ਇਕ ਤੋਂ ਵਧ ਪਤੀ ਹੁੰਦੇ ਸਨ। ਪੁਰਾਣੇ ਸਮੇਂ ਇਹ ਪ੍ਰਥਾ ਦੇਖਣ ਨੂੰ ਮਿਲਦੀ ਸੀ। ਪਰ ਹੁਣ ਇਹ ਪ੍ਰਥਾ ਬਹੁਤ ਘਟ ਪ੍ਰਚਲਿਤ ਹੈ।

**ਬਹੁ-ਪਤਨੀ ਪ੍ਰਥਾ** ਰਿਗਵੇਦ ਵਿਚ ਬਹੁ-ਪਤਨੀ ਪ੍ਰਥਾ ਦਾ ਰਿਵਾਜ ਹੋਣ ਬਾਰੇ ਕੁਝ ਸੰਕੇਤ ਮਿਲਦਾ ਹੈ। ਭਾਰਤ ਦੇ ਰਈਸ ਲੋਕ ਆਮ ਕਰ ਕੇ ਇਕ ਤੋਂ ਜ਼ਿਆਦਾ ਪਤਨੀਆਂ ਰਖਦੇ ਹਨ। ਪਹਿਲੀ ਪਤਨੀ ਦੀ ਮੌਤ ਜਾਂ ਬੱਚਾ ਪੈਦਾ ਨਾ ਹੋਣ 'ਤੇ ਹਿੰਦੂ ਹੋਰ ਵਿਆਹ ਕਰਵਾ ਲੈਂਦੇ ਹਨ। ਮੁਸਲਮਾਨਾਂ ਵਿਚ ਇਸ ਪ੍ਰਥਾ ਨੂੰ ਧਾਰਮਿਕ ਪ੍ਰਵਾਨਗੀ ਹਾਸਿਲ ਹੈ। ਇਕ ਮੁਸਲਮਾਨ ਇਕੋ ਸਮੇਂ ਚਾਰ ਪਤਨੀਆਂ ਰਖ ਸਕਦਾ ਹੈ। ਪਰ ਕੀ ਹਿੰਦੂ ਕੀ ਮੁਸਲਮਾਨ ਰਈਸ ਲੋਕਾਂ ਵਿਚ ਇਹ ਪ੍ਰਥਾ ਆਮ ਹੀ ਪ੍ਰਚਲਿਤ ਸੀ। ਆਮ ਲੋਕ ਆਰਥਿਕ ਕਾਰਨਾਂ ਕਰ ਕੇ ਇਕ ਹੀ ਵਿਆਹ ਕਰਵਾਉਂਦੇ ਸਨ। ਇਹ ਪ੍ਰਥਾ ਔਰਤ ਦੀ ਬੇਕਦਰੀ ਦਾ ਸਬੂਤ ਦਿੰਦੀ ਹੈ। ਸਾਡੇ ਸਮਾਜ ਵਿਚ ਮਰਦ ਦੇ ਮੁਕਾਬਲੇ ਔਰਤ ਦਾ ਦਰਜਾ ਬੜਾ ਗੌਣ ਜਿਹਾ ਸਮਝਿਆ ਜਾਂਦਾ ਰਿਹਾ ਹੈ। ਸਤੀ ਪ੍ਰਥਾ ਕਰ ਕੇ ਇਕ ਮਰਦ ਦੇ ਮਰਨ ਨਾਲ ਉਸ ਦੀਆਂ ਕਿੰਨੀਆਂ ਹੀ ਪਤਨੀਆਂ ਨੂੰ ਜਿਊਂਦਿਆਂ ਹੀ ਉਸ ਦੇ ਨਾਲ ਚਿਖਾ ਵਿਚ ਸੜਨਾ ਪੈਂਦਾ ਰਿਹਾ ਹੈ।

**ਪੁਨਰ ਵਿਆਹ** ਕਿਸੇ ਇਸਤਰੀ ਦਾ ਪਤੀ ਮਰਨ 'ਤੇ ਉਸ ਦਾ ਦੁਬਾਰਾ ਕਿਸੇ ਹੋਰ ਮਰਦ ਨਾਲ

---

116 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ 482.

ਵਿਆਹ ਕਰਨ ਨੂੰ 'ਪੁਨਰ-ਵਿਆਹ' ਕਹਿੰਦੇ ਹਨ। "ਹਿੰਦੂ ਸ਼ਾਸ਼ਤਰਾਂ ਵਿਚ ਕਿਧਰੇ ਵਿਧਵਾ ਵਿਆਹ ਦੀ ਆਗਿਆ ਨਹੀਂ ਹੈ, ਕੁਝ ਸ਼ਾਸ਼ਤਰਾਂ (ਪਾਰਾਸ਼ੁਰ ਤੇ ਨਾਰਦ ਸਿਮ੍ਰਤੀ) ਅਨੁਸਾਰ ਪਤੀ ਦੇ ਮਰਨ, ਸੰਨਿਆਸ ਧਾਰਨ, ਨਿਪੁੰਸਕ ਹੋਣ, ਧਰਮ ਤੋਂ ਪਤਿਤ ਹੋਣ ਤੇ ਇਸਤ੍ਰੀ ਨੂੰ ਪੁਨਰ-ਵਿਆਹ ਕਰਨ ਦਾ ਅਧਿਕਾਰ ਹੈ, ਪਰ ਮਨੋ-ਸਿਮਰਤੀ ਅਨੁਸਾਰ ਇਸਤ੍ਰੀ ਦਾ ਵਿਆਹ ਇਕੋ ਵਾਰ ਹੁੰਦਾ ਹੈ।"[117] ਕਈ ਵਾਰ ਜੇਕਰ ਕਿਸੇ ਲੜਕੀ ਦਾ ਪਤੀ ਮੁਕਲਾਵੇ ਤੋਂ ਪਹਿਲਾਂ ਹੀ ਮਰ ਜਾਂਦਾ ਤਾਂ ਭਾਵੇਂ ਉਸ ਨੇ ਪਤੀ ਦੀ ਸ਼ਕਲ ਵੀ ਨਾ ਵੇਖੀ ਹੋਵੇ, ਤਾਂ ਵੀ ਸਾਰਾ ਜੀਵਨ ਉਸਦੀ ਵਿਧਵਾ ਬਣ ਕੇ ਕਟਣਾ ਪੈਂਦਾ ਸੀ। ਕਈ ਵਾਰ ਅਜਿਹੀ ਵਿਧਵਾ ਨੂੰ ਇਲਾਕੇ ਦਾ ਕੋਈ ਰਈਸ ਪੰਚਾਇਤ ਵਿਚ ਆਪਣੇ ਘਰ ਰਖਣ ਦਾ ਇਕਰਾਰ ਕਰਦਾ ਸੀ। ਪਰ ਉਹ ਉਸ ਨੂੰ ਆਪਣੀ ਪਹਿਲੀ ਪਤਨੀ ਵਾਲੇ ਹਕ ਨਹੀਂ ਦਿੰਦਾ ਸੀ। ਇਥੋਂ ਤਕ ਕਿ ਉਸ ਨੂੰ ਬੱਚਾ ਵੀ ਪੈਦਾ ਨਹੀਂ ਕਰਨ ਦਿਤਾ ਜਾਂਦਾ ਸੀ। ਉਸ ਦੇ ਗਰਭ ਨੂੰ ਗਿਰਾ ਦਿਤਾ ਜਾਂਦਾ ਸੀ। ਜੇਕਰ ਬੱਚਾ ਪੈਦਾ ਕਰ ਵੀ ਲਿਆ ਜਾਂਦਾ ਸੀ ਤਾਂ ਉਸ ਨੂੰ ਪਿਓ ਦੀ ਜਾਇਦਾਦ ਵਿਚੋਂ ਕੋਈ ਹਿਸਾ ਨਹੀਂ ਦਿਤਾ ਜਾਂਦਾ ਸੀ। ਭਗਤ ਪੂਰਨ ਸਿੰਘ ਜੀ ਇਸ ਦੀ ਉਦਾਹਰਨ ਹੈ। ਉਹਨਾਂ ਦੀ ਮਾਂ ਇਕ ਕੁਆਰੀ ਵਿਧਵਾ ਸੀ ਅਤੇ ਉਸ ਨੂੰ ਇਕ ਚੌਧਰੀ ਨੇ ਚਾਦਰ ਪਾ ਕੇ ਆਪਣੇ ਘਰ ਲਿਆਂਦਾ ਸੀ। ਮੁਸਲਿਮ ਸ਼ਰ੍ਹਾ ਵਿਚ ਪੁਨਰ-ਵਿਆਹ ਦੀ ਆਗਿਆ ਹੈ। ਵਿਧਵਾ ਦੇ ਜੇਕਰ ਬੱਚੇ ਵਡੇ ਹੋਣ ਤਾਂ ਉਸ ਦਾ ਪੁਨਰ-ਵਿਆਹ ਨਹੀਂ ਕੀਤਾ ਜਾਂਦਾ। ਜੇਕਰ ਕਿਸੇ ਜਵਾਨ ਇਸਤਰੀ ਦਾ ਪਤੀ ਮਰ ਜਾਵੇ, ਭਾਵੇਂ ਉਸ ਦੇ ਬੱਚੇ ਵੀ ਹੋਣ ਤਾਂ ਵੀ ਉਸ ਦਾ ਪੁਨਰ-ਵਿਆਹ ਕਰ ਦਿਤਾ ਜਾਂਦਾ ਹੈ। ਆਮ ਕਰ ਕੇ ਪਤੀ ਦੇ ਛੋਟੇ ਭਰਾ ਨਾਲ ਹੀ ਵਿਆਹ ਕੀਤਾ ਜਾਂਦਾ ਹੈ ਭਾਵੇਂ ਉਹ ਪਹਿਲਾਂ ਵਿਆਹਿਆ ਵੀ ਹੋਵੇ। ਵੈਸੇ ਵੀ ਮੁਸਲਿਮ ਧਰਮ ਵਿਚ ਇਕ ਤੋਂ ਵਧ ਪਤਨੀਆਂ ਰਖਣ ਦਾ ਰਿਵਾਜ ਹੈ। ਜੇਕਰ ਇਸਤਰੀ ਦੇ ਕੋਈ ਬੱਚਾ ਨਾ ਹੋਵੇ ਤੇ ਉਹ ਜਵਾਨ ਵੀ ਹੋਵੇ ਤਾਂ ਉਸ ਨੂੰ ਪੇਕੇ ਘਰ ਭੇਜ ਦਿਤਾ ਜਾਂਦਾ ਹੈ, ਤਾਂ ਕਿ ਉਹ ਪੁਨਰ-ਵਿਆਹ ਕਰ ਸਕੇ। ਜੇਕਰ ਬੱਚਿਆਂ ਵਾਲੀ ਵਿਧਵਾ ਸਹੁਰੇ ਘਰ ਨਾ ਰਹਿਣਾ ਚਾਹੇ ਤਾਂ ਬੱਚੇ ਉਸ ਨੂੰ ਨਹੀਂ ਦਿਤੇ ਜਾਂਦੇ। ਵਿਧਵਾ ਦਾ ਪੁਨਰ-ਵਿਆਹ ਰਾਤ ਨੂੰ ਕੀਤਾ ਜਾਂਦਾ ਹੈ।

ਇਸਲਾਮ ਧਰਮ ਵਿਚ **ਨਿਕਾਹ** ਕੀਤਾ ਜਾਂਦਾ ਹੈ। ਇਸ ਧਰਮ ਵਿਚ ਵਿਆਹ ਇਕ ਸਮਝੌਤਾ ਮਾਤਰ ਹੈ ਜੋ ਲੜਕਾ ਅਤੇ ਲੜਕੀ ਦੇ ਤਿੰਨ ਵਾਰ 'ਕਬੂਲ ਹੈ, ਕਬੂਲ ਹੈ, ਕਬੂਲ ਹੈ,' ਕਹਿਣ 'ਤੇ ਸੰਪੂਰਨ ਹੋ ਜਾਂਦਾ ਹੈ ਅਤੇ ਲੜਕਾ ਤੇ ਲੜਕੀ ਪਤੀ ਪਤਨੀ ਬਣ ਜਾਂਦੇ ਹਨ। ਨਿਕਾਹ ਅੱਲ੍ਹਾ ਦੀ ਰਜ਼ਾ ਅਤੇ ਡਰ ਹੇਠ ਹੀ ਕੀਤਾ ਜਾਂਦਾ ਹੈ। ਨਿਕਾਹ ਪੜ੍ਹਨ ਸਮੇਂ ਹੇਠ ਲਿਖੀਆਂ ਤਿੰਨ ਤੁਕਾਂ ਅਰਦਾਸ ਵਿਚ ਪੜ੍ਹੀਆਂ ਜਾਂਦੀਆਂ ਹਨ:

---

[117] ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਸਤਵਾਂ), ਪੰਨਾ 1714.

"1. ਹੇ ਈਮਾਨ ਵਾਲਿਉ ! ਈਮਾਨ ਲੈ ਆਉ ਅੱਲ੍ਹਾ ਤੋਂ ਡਰੋ। ਡਰਨ ਦਾ ਹੱਕ ਹੈ ਅਤੇ ਕੇਵਲ ਮੁਸਲਮਾਨ ਹੋ ਕੇ ਹੀ ਮਰੋ।

2. ਹੇ ਲੋਕੋ ! ਤੁਸੀਂ ਆਪਣੇ ਉਸ ਰੱਬ ਤੋਂ ਡਰੋ ਜਿਸ ਨੇ ਤੁਹਾਨੂੰ ਇਕ ਜਾਤੇ ਇਨਸਾਨੀ ਤੋਂ ਪੈਦਾ ਕੀਤਾ ਤੇ ਫਿਰ ਉਸ ਦਾ ਜੋੜਾ ਪੈਦਾ ਕੀਤਾ ਅਤੇ ਉਨ੍ਹਾਂ ਤੋਂ ਨਿਰੇ ਮਰਦ ਤੇ ਇਸਤਰੀਆਂ ਜੰਮੀਆਂ। ਉਸ ਅੱਲ੍ਹਾ ਤੋਂ ਡਰੋ ਜਿਸ ਤੋਂ ਤੁਸੀਂ ਮੰਗਦੇ ਹੋ, ਬੇਸ਼ੱਕ ਰੱਬ ਤੁਹਾਡਾ ਰਾਖਾ ਹੈ।

3. ਹੇ ਈਮਾਨ ਦਾਰੋ ! ਅੱਲ੍ਹਾ ਤੋਂ ਡਰੋ ਅਤੇ ਠੀਕ ਠੀਕ ਗੱਲ ਕਰੋ। ਉਹ ਤੁਹਾਡੇ ਕਰਮਾਂ ਨੂੰ ਚੰਗੇ ਬਣਾਉਂਦਾ ਹੈ ਤੇ ਤੁਹਾਡੇ ਪਾਪਾਂ ਨੂੰ ਮਾਫ਼ ਕਰਦਾ ਹੈ ਅਤੇ ਜਿਸ ਅੱਲ੍ਹਾ ਤੇ ਉਸ ਦੇ ਰਸੂਲ ਦੇ ਹੁਕਮ ਦੀ ਪਾਲਣਾ ਕੀਤੀ ਉਸ ਨੇ ਮਹਾਨ ਸਫਲਤਾ ਪ੍ਰਾਪਤ ਕੀਤੀ।[118] ਇਹ ਤੁਕਾਂ ਪੜ੍ਹਨ ਦਾ ਮਨੋਰਥ ਇਹ ਹੈ ਕਿ ਮਨੁਖ ਅੱਲ੍ਹਾ ਦੀ ਸਮਰਥਾ ਅਤੇ ਉਸਦੇ ਮਨੁਖ ਪ੍ਰਤਿ ਅਹਿਸਾਨ ਨੂੰ ਯਾਦ ਰਖੇ। ਇਹ ਤੁਕਾਂ ਲੋਕਾਂ ਦੀ ਹਾਜ਼ਰੀ ਵਿਚ ਪੜ੍ਹੀਆਂ ਜਾਂਦੀਆਂ ਹਨ। ਇਸ ਤਰ੍ਹਾਂ ਲੋਕ ਨਿਕਾਹ ਦੇ ਗਵਾਹ ਬਣ ਜਾਂਦੇ ਹਨ। ਇਸ ਵਿਚ ਅੱਲ੍ਹਾ ਨੂੰ ਵੀ ਗਵਾਹ ਬਣਾਇਆ ਜਾਂਦਾ ਹੈ। ਪਤੀ ਪਤਨੀ ਤੋਂ ਅਹਿਦ ਲਿਆ ਜਾਂਦਾ ਹੈ ਕਿ ਉਹ ਇਹ ਰਿਸ਼ਤਾ ਈਮਾਨਦਾਰੀ ਨਾਲ ਨਿਭਾਉਣਗੇ। ਜੇਕਰ ਕਿਸੇ ਪ੍ਰਕਾਰ ਦੀ ਕੋਤਾਹੀ ਕਰਦੇ ਹਨ ਤਾਂ ਅੱਲ੍ਹਾ ਦੇ ਕਹਿਰ ਤੋਂ ਬਚ ਨਹੀਂ ਪਾਉਣਗੇ ਅਤੇ ਦੋਜ਼ਖ ਦੀ ਭੈੜੀ ਅਗ ਦਾ ਸ਼ਿਕਾਰ ਹੋਣਗੇ।

4. ਨਬੀ (ਜਿਨ੍ਹਾਂ ਨੂੰ ਅੱਲ੍ਹਾ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਨੇ ਫੁਰਮਾਇਆ ਕਿ ਸਭ ਤੋਂ ਭੈੜਾ ਭੋਜਨ ਵਿਆਹ ਦਾ ਪ੍ਰੀਤੀ ਭੋਜਨ ਹੈ ਜਿਸ ਵਿਚ ਅਮੀਰਾਂ ਨੂੰ ਬੁਲਾਇਆ ਜਾਂਦਾ ਹੈ ਤੇ ਗ਼ਰੀਬਾਂ ਨੂੰ ਛਡ ਦਿਤਾ ਜਾਂਦਾ ਹੈ ਜਿਸ ਆਦਮੀ ਨੇ ਵਿਆਹ ਦਾ ਪ੍ਰੀਤੀ ਭੋਜਨ ਨਾ ਮੰਨਿਆ ਉਸ ਨੇ ਅੱਲ੍ਹਾ ਤੇ ਉਸ ਦੇ ਰਸੂਲ ਦੀ ਆਗਿਆਕਾਰੀ ਨਾ ਕੀਤੀ।[119]

ਸੋ ਇਸਲਾਮ ਵਿਚ ਫ਼ਜ਼ੂਲ ਖਰਚੀ ਦੀ ਮਨਾਹੀ ਹੈ। ਵਿਆਹਾਂ ਵਿਚ ਅਮੀਰਾਂ ਨੂੰ ਸਦਣਾ ਅਤੇ ਗ਼ਰੀਬਾਂ ਨੂੰ ਨਜ਼ਰ-ਅੰਦਾਜ਼ ਕਰਨਾ ਮਾੜਾ ਹੈ। ਅਜਿਹਾ ਭੋਜਨ ਕਿਸੇ ਕੰਮ ਨਹੀਂ। ਇਹ ਭੋਜਨ ਅੱਲ੍ਹਾ ਦੀ

---

118 ਮੌਲਾਨਾ ਜਲੀਲ ਅਹਿਸਨ ਨਦਵੀ, ਰਾਹੇ ਅਮਲ, ਪੰਨੇ 71-72.

119 ਉਹੀ, ਪੰਨੇ 73-74.

ਖੁਸ਼ੀ ਦਿਵਾ ਸਕਦਾ ਹੈ ਜੇਕਰ ਗ਼ਰੀਬਾਂ ਨੂੰ ਖਵਾਇਆ ਜਾਵੇ। ਅਜਿਹੇ ਭੋਜਨ ਦੇ ਸੱਦੇ ਨੂੰ ਠੁਕਰਾਉਣ ਵਾਲਾ ਵੀ ਪਾਪਾਂ ਦਾ ਭਾਗੀ ਬਣਦਾ ਹੈ ਪਰ ਬੇਈਮਾਨਾਂ ਅਤੇ ਜ਼ਾਲਮਾਂ ਦਾ ਭੋਜਨ ਠੁਕਰਾਉਣਾ ਜ਼ਾਇਜ਼ ਹੈ। ਜੇਕਰ ਪਤਨੀ ਜਾਂ ਪਤੀ ਦੀ ਨਹੀਂ ਨਿਭਦੀ ਤਾਂ ਹੀ ਤਲਾਕ ਲੈਣਾ ਸਹੀ ਹੈ। ਬਿਨਾਂ ਵਜ੍ਹਾ ਤਲਾਕ ਨਹੀਂ ਕਰਨਾ ਚਾਹੀਦਾ। ਇਸ ਗੱਲ ਤੋਂ ਅੱਲ੍ਹਾ ਦੀ ਨਾਰਾਜ਼ਗੀ ਹੁੰਦੀ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਇਰਸ਼ਾਦ ਹੈ ਕਿ:

"ਹਲਾਲ ਚੀਜ਼ਾਂ ਵਿਚੋਂ ਸਭ ਤੋਂ ਜ਼ਿਆਦਾ ਨਾ-ਪਸੰਦ ਗੱਲ ਅੱਲ੍ਹਾ ਦੇ ਨਜ਼ਦੀਕ ਤਲਾਕ ਹੈ।"[120] ਇਕ ਮੁਸਲਮਾਨ ਇਕੋ ਸਮੇਂ ਵਧ ਤੋਂ ਵਧ ਚਾਰ ਔਰਤਾਂ ਨਾਲ ਵਿਆਹ ਕਰਵਾ ਸਕਦਾ ਹੈ ਜੋ ਕਿ ਔਰਤ ਜਾਤੀ ਦੇ ਹਕਾਂ ਦਾ ਘਾਣ ਹੈ। ਇਸਲਾਮ ਵਿਚ ਵਿਧਵਾ ਪੁਨਰ ਵਿਆਹ ਦੀ ਇਜ਼ਾਜ਼ਤ ਹੈ। ਪਰ ਅਸਲੀਅਤ ਹੋਰ ਹੀ ਹੈ। ਈਸਾਈ ਧਰਮ ਅਨੁਸਾਰ ਪਰਮਾਤਾਮਾ ਨੇ ਔਰਤ ਦੀ ਰਚਨਾ ਸਿਰਫ਼ ਮਰਦ ਦੇ ਦਿਲ-ਪ੍ਰਚਾਵੇ ਲਈ ਹੀ ਕੀਤੀ ਹੈ। ਉਹ ਸਿਰਫ਼ ਮਰਦ ਦੀ ਵਿਲਾਸਤਾ ਦੀ ਹੀ ਵਸਤੂ ਹੈ। ਪੁਸਤਕ 'ਦੀ ਆਰਟ ਆਫ ਲਿਵਿੰਗ' ਵਿਚ ਇਕ ਵਿਵਰਣ ਮਿਲਦਾ ਹੈ ਜਿਸ ਦਾ ਭਾਵ ਇਸ ਤਰ੍ਹਾਂ ਹੈ:

"ਥੋੜ੍ਹੇ ਸਮੇਂ ਬਾਅਦ ਦੰਪਤੀ ਮਾਯੂਸ ਹੋ ਜਾਂਦੇ ਹਨ। ਇਉਂ ਸਮਝਣ ਦੀ ਥਾਂ ਕਿ ਸੰਸਾਰ ਵਿਚ ਕੁਝ ਵੀ ਸੰਪੂਰਨ ਨਹੀਂ, ਪਿਆਰ ਤੱਕ ਵੀ ਨਹੀਂ, ਉਹ ਸਮਝਦੇ ਹਨ ਕਿ ਉਹਨਾਂ ਗ਼ਲਤ ਸਾਥੀ ਚੁਣ ਲਿਆ ਸੀ, ਹੁਣ ਉਹ ਵਧੇਰੇ ਸੁਚੇਤ ਹੋ ਕੇ ਸਰਬਗੁਣ ਸੰਪੂਰਨ ਸਾਥੀ ਚੁਣਨਗੇ, ਉਹ ਤਲਾਕ ਦੇ ਦਿੰਦੇ ਤੇ ਨਵੇਂ ਸਾਥੀ ਦੀ ਖੋਜ ਵਿਚ ਜੁਟ ਜਾਂਦੇ ਹਨ, ਪਰੰਤੂ ਨਵੇਂ ਸਾਥੀ ਦੀ ਚੋਣ ਵਿਚ ਵੀ ਉਹਨਾਂ ਨੂੰ ਸਰਬਗੁਣ ਸੰਪੂਰਨ ਸਾਥੀ ਨਹੀਂ ਮਿਲਦਾ। ਏਸੇ ਤਰ੍ਹਾਂ ਆਦਰਸ਼ਕ ਸਾਥੀ ਦੀ ਭਾਲ ਉਹ ਬੁਢੇ ਹੋਣ ਤਕ ਜਾਰੀ ਰਖਦੇ ਹਨ ਤੇ ਆਖ਼ਰ ਏਸ ਸਿੱਟੇ ਉਤੇ ਪੁਜਦੇ ਹਨ ਕਿ ਦੰਪਤੀ. ਜੀਵਨ ਦੀ ਸਫਲਤਾ ਦੀ ਆਧਾਰ-ਸ਼ਿਲਾ 'ਸਮਝੌਤਾ' ਹੈ, ਜੋ ਉਨ੍ਹਾਂ ਨੂੰ ਪਹਿਲੇ ਵਿਵਾਹ ਸਮੇਂ ਹੀ ਪਰਵਾਨ ਕਰ ਲੈਣਾ ਯੋਗ ਸੀ।[121]

**ਗੁਰਮਤਿ ਦਾ ਆਨੰਦ ਸੰਸਕਾਰ:** ਵਖ-ਵਖ ਮਤਾਂ ਵਿਚ ਵਿਆਹ ਦੇ ਵਖ-ਵਖ ਆਦਰਸ਼ ਹਨ। ਕਈ ਤਾਂ ਇਹਨੂੰ ਔਰਤ ਤੇ ਮਰਦ ਦਾ ਆਪਸ ਵਿਚ ਰਲ ਕੇ ਰਹਿਣ ਦਾ ਇਕ ਠੇਕਾ ਸਮਝਦੇ ਹਨ। ਕਈ ਇਹਨੂੰ ਸੰਤਾਨ ਉਤਪਤੀ ਤੇ ਉਹਦੀ ਸੰਭਾਲ ਦਾ ਇਕ ਜ਼ਰੀਆ ਜਾਣਦੇ ਹਨ। ਗੁਰਮਤਿ ਵਿਚ ਇਸਨੂੰ ਸਮਾਜਕ ਪ੍ਰਯੋਜਨ ਦੇ ਨਾਲ ਨਾਲ ਪਰਮਾਤਮਾ ਨਾਲ ਆਤਮਕ ਮੇਲ ਦਾ ਇਕ ਸਾਧਨ ਵੀ ਦੱਸਿਆ ਹੈ। ਗੁਰਮਤਿ ਅਨੁਸਾਰ ਆਪਸ ਇਕਠੇ ਹੋ ਕੇ ਰਹਿਣ ਵਾਲੇ ਪਤੀ ਪਤਨੀ ਨਹੀਂ, ਸਗੋਂ ਅਸਲੀ ਅਰਥਾਂ ਵਿਚ ਪਤੀ ਪਤਨੀ ਉਹ ਹਨ ਜੋ ਇਕ ਰੂਹ ਤੇ ਦੋ ਸਰੀਰ ਹੋ ਕੇ ਰਹਿੰਦੇ ਹਨ ਭਾਵ ਕਿ ਜਿਹਨਾਂ ਦੀ ਆਤਮਕ ਸਾਂਝ ਹੈ:

---

[120] ਡਾ. ਮੁਹੰਮਦ ਜਮੀਲ, ਇਸਲਾਮ ਵਿਚ ਔਰਤ ਦਾ ਸਥਾਨ, ਪੰਨਾ 145.

[121] ਪ੍ਰੋ. ਹਰਿਭਜਨ ਸਿੰਘ, ਗੁਰਮਤਿ ਵਿਆਖਿਆਨ, ਪੰਨਾ 155.

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥[122]

ਗੁਰਮਤਿ ਵਿਚ ਸਾਹੇ ਲਈ ਕੋਈ ਜਗ੍ਹਾ ਨਹੀਂ। ਸਭ ਕੁਝ ਪਰਮਾਤਮਾ ਦੇ ਹਥ ਹੈ। ਚੰਗੇ ਮਾੜੇ ਲਗਨ ਅਤੇ ਸਮੇਂ ਦਾ ਕਰਤਾ ਪਰਮਾਤਮਾ ਹੀ ਹੈ। ਅਸਲ ਵਿਚ ਉਸਦੇ ਭਾਣੇ ਵਿਚ ਵਿਚਰਨ ਨਾਲ ਹੀ ਸਭ ਤੋਂ ਵਧ ਸੁਖ ਮਿਲ ਸਕਦਾ ਹੈ:

ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥

ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥[123]

ਸਹੂਲਤ ਅਨੁਸਾਰ ਕੋਈ ਵੀ ਦਿਨ ਮਿਥ ਕੇ ਵਿਆਹ ਦਾ ਦਿਨ ਰਖਿਆ ਜਾ ਸਕਦਾ ਹੈ:

ਸਿਖ ਰਹਿਤ ਮਰਿਆਦਾ ਵਿਚ ਆਨੰਦ ਸੰਸਕਾਰ ਦਾ ਵੇਰਵਾ ਇਸ ਤਰ੍ਹਾਂ ਦਿਤਾ ਗਿਆ ਹੈ:

"ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿੱਚ ਕਰਨਾ ਵਿਵਰਜਿਤ ਹੈ।

ਹ) ਜਦ ਲੜਕੀ ਸ਼ਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ, ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

ਖ) 'ਅਨੰਦ'ਦਾ ਦਿਨ ਮੁਕਰੱਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਡਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ

---

[122] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 788.

[123] ਉਹੀ, ਪੰਨਾ 905.

ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਿਹ' ਗਜਾਈ ਜਾਵੇ।

ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ ।ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ। ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ। ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ'ਨਾਲ ਇਕਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ-ਵਖਰੇ, ਗ੍ਰਹਿਸਤ ਧਰਮ ਦੇ ਫ਼ਰਜ਼ ਦੱਸੇ ਜਾਣ। ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ । ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ। ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ 4 ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੋ।

ਜ) ਜੇ ਬਾਲਕੀ ਦੇ ਮਾਪੇ ਕਦਾਂਚ ਸੱਬਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਵਿਚ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।

ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਆਨੰਦ' ਲਈ ਉਤੇ ਦੱਸੀ ਹੈ।

ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

ਠ) ਅੰਮ੍ਰਿਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।"[124]

### 4. ਮ੍ਰਿਤਕ ਸੰਸਕਾਰ

ਜੀਵ ਦੀ ਹੋਂਦ ਲਈ ਦੋ ਤਤਾਂ ਦਾ ਸੁਮੇਲ ਹੋਣਾ ਜ਼ਰੂਰੀ ਹੈ, ਭੌਤਿਕ (ਸਰੀਰ) ਅਤੇ ਅਭੌਤਿਕ (ਆਤਮਾ)। ਆਤਮਾ(ਅਭੌਤਿਕ ਸਰੀਰ) ਦਾ ਭੌਤਿਕ ਸਰੀਰ ਤੋਂ ਵਖ ਹੋਣ ਨੂੰ ਮੌਤ ਦੀ ਸੰਗਿਆ ਦਿਤੀ ਗਈ ਹੈ। ਜੋ ਵੀ ਜੀਵ ਸਰੀਰ ਧਾਰਨ ਕਰਦਾ ਹੈ ਉਹ ਕਾਲ ਦੇ ਅਧੀਨ ਹੈ। ਇਹ ਕੁਦਰਤ ਦਾ ਨਿਯਮ ਹੈ ਕਿ

---

124 ਸਿਖ ਰਹਿਤ ਮਰਯਾਦਾ, ਪੰਨੇ 22-24.

ਕਾਲ ਅਧੀਨ ਜੀਵ ਕਾਲ ਦੇ ਅਧੀਨ ਹੀ ਖਤਮ ਹੋ ਜਾਂਦੇ ਹਨ। ਸਾਰਾ ਦ੍ਰਿਸ਼ਟਮਾਨ ਜਗਤ ਕਾਲ ਦੇ ਅਧੀਨ ਹੈ ਇਸ ਕਰਕੇ ਇਸ ਨੇ ਨਸ਼ਟ ਹੋ ਜਾਣਾ ਹੈ। ਪ੍ਰਮਾਤਮਾ ਤੋਂ ਬਿਨਾਂ ਸਭ ਕੁਝ ਮੌਤ ਦੇ ਅਧੀਨ ਹੈ ਕਿਉਂਕਿ ਪਰਮਾਤਮਾ ਦੀ ਹਸਤੀ ਕਾਲ ਤੋਂ ਪਰ੍ਹੇ ਹੈ। ਇਸ ਲਈ ਗੁਰਬਾਣੀ ਵਿਚ ਰਬ ਨੂੰ ਅਕਾਲ ਮੂਰਤਿ ਕਹਿ ਕੇ ਵਡਿਆਇਆ ਗਿਆ ਹੈ। ਕਾਲ ਨੂੰ ਹੀ ਮੌਤ ਕਿਹਾ ਜਾਂਦਾ ਹੈ ਅਤੇ ਮੌਤ ਇਕ ਅਟਲ ਸੱਚਾਈ ਹੈ। ਮਨੁਖੀ ਵਜੂਦ ਦਾ ਸੂਖਮ ਸਰੀਰ(ਆਤਮਾ) ਜਦੋਂ ਸਥੂਲ ਤੋਂ ਵਖ ਹੋ ਜਾਵੇ ਤਾਂ ਮੌਤ ਹੋ ਜਾਂਦੀ ਹੈ। ਮੌਤ ਤੋਂ ਬਾਅਦ ਆਤਮਾ ਦੇ ਵਖ ਹੋਣ ਕਰਕੇ ਭੌਤਿਕ ਸਰੀਰ ਅਹਿੱਲ ਹੋ ਜਾਂਦਾ ਹੈ ਭਾਵ ਕਿਸੇ ਪ੍ਰਕਾਰ ਦੀ ਕਿਰਿਆ ਤੋਂ ਅਸਮਰਥ ਹੋ ਜਾਂਦਾ ਹੈ। ਮੌਤ ਦੀਆਂ ਘਟਨਾਵਾਂ ਜਦੋਂ ਵਾਪਰੀਆਂ ਅਤੇ ਉਸ ਉਪਰੰਤ ਸਰੀਰ ਵਿਚ ਆਈ ਤਬਦੀਲੀ ਆਦਿ ਮਨੁਖ ਲਈ ਬਹੁਤ ਹੀ ਹੈਰਾਨੀਜਨਕ ਸੀ। ਜਦੋਂ ਮਨੁਖ ਨੇ ਦੇਖਿਆ ਕਿ ਚੰਗੇ ਭਲੇ ਚਲਦੇ ਫਿਰਦੇ ਸਰੀਰ ਇਕ ਦਮ ਸਥਿਰ ਹੋ ਜਾਂਦੇ ਹਨ ਅਤੇ ਕਿਸੇ ਵੀ ਪ੍ਰਕਾਰ ਦੀ ਕਿਰਿਆ ਨਹੀਂ ਕਰਦੇ ਤਾਂ ਉਸਦੇ ਜ਼ਿਹਨ ਵਿਚ ਇਹ ਗੱਲ ਵਾਰ ਵਾਰ ਆਉਣ ਲਗੀ ਕਿ ਕਿਹੜੀ ਚੀਜ਼ ਦੇ ਵਖ ਹੋਣ ਨਾਲ ਸਰੀਰ ਇਕ ਦਮ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਸ ਤੋਂ ਮਨੁਖ ਨੇ ਕਿਆਸ ਕੀਤਾ ਕਿ ਸਰੀਰ ਵਿਚ ਕੋਈ ਸੂਖਮ ਤਤ ਵੀ ਹੋਵੇਗਾ ਜਿਸ ਨਾਲ ਇਹ ਸਰੀਰ ਕੰਮ ਕਰ ਰਿਹਾ ਸੀ। ਇਸ ਸੂਖਮ ਤਤ ਨੂੰ ਵਖ ਵਖ ਨਾਮ ਦਿਤੇ ਗਏ ਜਿਵੇਂ: ਆਤਮਾ, ਰੂਹ, ਰਾਮ ਕੀ ਅੰਸ਼ ਅਤੇ ਅੰਤਹਕਰਣ ਆਦਿ। ਧਰਮਾਂ ਵਿਚ ਜਿੰਨੇ ਵੀ ਮ੍ਰਿਤਕ ਸੰਸਕਾਰ ਕੀਤੇ ਜਾਂਦੇ ਹਨ, ਇਹ ਭਾਵੇਂ ਸਥੂਲ ਸਰੀਰ ਉਤੇ ਹੀ ਕੀਤੇ ਜਾਂਦੇ ਹਨ, ਪਰ ਇਹ ਸੂਖਮ ਸਰੀਰ ਨਾਲ ਸਬੰਧਤ ਬਣੀਆਂ ਧਾਰਨਾਵਾਂ 'ਤੇ ਹੀ ਆਧਾਰਿਤ ਹਨ। ਜਿਵੇਂ ਸਰੀਰ ਨੂੰ ਅਗਨ ਵਿਚ ਸਾੜਨਾ ਜਾਂ ਮਿਟੀ ਵਿਚ ਦਬ ਦੇਣਾ ਆਦਿ। ਵਖ ਵਖ ਧਰਮ ਗ੍ਰੰਥਾਂ ਅਤੇ ਧਰਮਾਂ ਵਿਚ ਮ੍ਰਿਤਕ ਸੰਸਕਾਰ ਬਾਰੇ ਕਾਫੀ ਕੁਝ ਮਿਲਦਾ ਹੈ। ਜਿਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

**ਭਾਰਤੀ ਅਤੇ ਸਾਮੀ ਧਰਮਾਂ ਅਨੁਸਾਰ:** ਵੈਦਿਕ ਜਾਂ ਭਾਰਤੀ ਧਰਮਾਂ ਵਿਚ ਮੌਤ ਤੋਂ ਬਾਅਦ ਨਰਕ-ਸਵਰਗ ਤੇ ਪੁਨਰ-ਜਨਮ ਦਾ ਸਿਧਾਂਤ ਪ੍ਰਚਲਤ ਹੈ। ਪੰਜ ਭੌਤਿਕ ਸਰੀਰ ਨੇ ਨਸ਼ਟ ਹੋ ਕੇ ਆਪੋ ਆਪਣੇ ਤਤਾਂ ਵਿਚ ਮਿਲ ਜਾਣਾ ਹੈ। ਆਤਮਾ ਨਰਕ ਜਾਂ ਸੁਰਗ ਵਿਚ ਜਾ ਕੇ ਫਿਰ ਸਰੀਰ ਧਾਰਨ ਕਰੇਗੀ। ਰਿਗਵੇਦ ਦੀ ਇਕ ਸੂਤਕ ਵਿਚ, ਜਿਹੜਾ ਮ੍ਰਿਤਕ ਸਰੀਰ ਦੇ ਦਾਹ-ਸੰਸਕਾਰ ਸਮੇਂ ਪੜ੍ਹਿਆ ਜਾਂਦਾ ਹੈ, ਜੋ ਇਸ ਤਰ੍ਹਾਂ ਹੈ:

> "ਅਖਾਂ ਦੀ ਜੋਤ ਸੂਰਜ ਵਿਚ ਮਿਲ ਜਾਵੇ, ਸੁਆਸ ਪਵਣ ਵਿਚ ਮਿਲ ਜਾਵੇ,
> ਤੂੰ ਆਕਾਸ਼ ਨੂੰ ਜਾਂ ਧਰਤ ਨੂੰ ਜਾਂ, ਜਿਵੇ ਯੋਗ ਹੈ;
> ਜਾਂ ਸਾਗਰ ਵਿਚ ਮਿਲ ਜਾਵੇਂ, ਜੇ ਉਹ ਤੇਰੇ ਲਈ ਠੀਕ ਹੈ,

ਤੂੰ ਜੜੀਆਂ ਬੂਟੀਆਂ ਵਿਚਾਲੇ ਆਪਣੇ ਅੰਗਾਂ ਸਾਹਿਤ ਬਿਸਰਾਮ ਕਰ।

ਹੇ ਅਗਨੀ ਦੇਵਤਾ!

ਜੋ ਇਸ ਦਾ ਉਹ ਭਾਗ ਹੈ ਜੋ ਅਜਨਮਾਂ ਹੈ,

ਉਸਨੂੰ ਆਪਣੇ ਨਿਘ ਨਾਲ ਨਿਘ ਪੁਚਾ,

ਅਰਦਾਸ ਕਰ ਕਿ ਤੇਰਾ ਪ੍ਰਕਾਸ਼ ਤੇ ਤੇਰੀ ਲਾਟ ਇਸਨੂੰ ਗਰਮਾਏ।

ਹੇ ਪਰਮ ਕ੍ਰਿਪਾਲੂ ਤਤ, ਹੇ ਅਗਨੀ,

ਇਸ ਨੂੰ ਦੇਵਤਿਆਂ ਦੇ ਸੰਸਾਰ ਵਿਚ ਲੈ ਜਾਣ।"[125]

ਇਸ ਕਰ ਕੇ ਵੈਦਿਕ ਧਰਮ ਵਿਚ ਮ੍ਰਿਤਕ ਦੇਹ ਦਾ ਸਸਕਾਰ ਕੀਤਾ ਜਾਂਦਾ ਹੈ, ਤਾਂ ਕਿ ਮਨੁਖੀ ਸਰੀਰ ਦੇ ਤਤ ਕੁਦਰਤ ਦੇ ਤਤਾਂ ਵਿਚ ਮਿਲ ਜਾਣ। ਹਿੰਦੂ ਧਰਮ ਵਿਚਲੀਆਂ ਰਸਮਾਂ ਦਾ ਵਰਣਨ ਇਸ ਤਰ੍ਹਾਂ ਹੈ-

**ਸਸਕਾਰ** ਹਿੰਦੂ ਧਰਮ ਵਿਚ ਵਖ ਵਖ ਉਮਰ ਦੇ ਵਿਅਕਤੀਆਂ ਲਈ ਵਖ ਵਖ ਤਰ੍ਹਾਂ ਨਾਲ ਅੰਤਮ ਸੰਸਕਾਰ ਕਰਨ ਦਾ ਵਿਧਾਨ ਹੈ। ਪੁਰਾਣੇ ਸਮੇਂ ਵਿਚ ਹਿੰਦੂਆਂ ਵਿਚ ਵੀ ਬੱਚੇ ਨੂੰ ਦੱਬਣ ਦੀ ਰੀਤ ਸੀ ਜੋ ਕਿ ਕਿਤੇ ਕਿਤੇ ਹੁਣ ਵੀ ਪ੍ਰਚਲਤ ਹੈ। ਬੱਚੇ ਨੂੰ ਇਸ ਆਸ ਨਾਲ ਦੱਬਿਆ ਜਾਂਦਾ ਸੀ ਕਿ ਬੱਚਾ ਦੁਬਾਰਾ ਉਸੇ ਘਰ ਵਿਚ ਜਨਮ ਲਵੇ। ਆਮ ਕਰ ਕੇ ਛੇ ਮਹੀਨੇ ਅਤੇ ਇਸ ਤੋਂ ਛੋਟੀ ਉਮਰ ਤੇ ਬੱਚੇ ਨੂੰ ਦੱਬਿਆ ਜਾਂਦਾ ਹੈ। ਕਿਉਂਕਿ ਇਹ ਮਨੌਤ ਸੀ ਕਿ ਸਸਕਾਰ ਕੀਤੇ ਬੱਚੇ ਪਰਲੋਕ ਚਲੇ ਜਾਂਦੇ ਹਨ ਅਤੇ ਦੱਬੇ ਇਸੇ ਲੋਕ ਵਿਚ ਰਹਿੰਦੇ ਹਨ, ਤਾਂ ਹੀ ਕਈ ਲੋਕ ਆਪਣੇ ਘਰ ਦੇ ਦਰਵਾਜ਼ੇ ਉਤੇ ਹੀ ਬੱਚੇ ਨੂੰ ਦੱਬ ਦਿੰਦੇ ਸਨ। ਇਸ ਸੰਬੰਧੀ ਕਈ ਤਰ੍ਹਾਂ ਦੇ ਵਿਸ਼ਵਾਸ ਪ੍ਰਚਲਤ ਹਨ; ਜਿਵੇਂ ਦੱਬੇ ਬੱਚੇ ਨੂੰ ਜੇਕਰ ਕੋਈ ਕੁੱਤਾ ਆਦਿਕ ਬਾਹਰ ਕਢ ਕੇ ਘਰ ਵਾਲੀ ਦਿਸ਼ਾ ਵਿਚ ਘਸੀਟ ਲਵੇ ਅਤੇ ਦੁਧ ਚੁੰਘਦੇ ਬੱਚੇ ਦੀ ਮਾਂ ਦੁਆਰਾ ਉਸ ਦੀ ਮੜ੍ਹੀ 'ਤੇ ਸੱਤ ਦਿਨ ਦੁਧ ਦੀਆਂ ਧਾਰਾਂ ਮਾਰਨ ਨਾਲ ਬੱਚਾ ਉਸੇ ਘਰ ਜਨਮ ਲੈਂਦਾ ਹੈ। ਪਰ ਜੇਕਰ ਉਸ ਨੂੰ ਕਿਸੇ ਜਾਨਵਰ ਦੁਆਰਾ ਘਰ ਤੋਂ ਉਲਟ ਦਿਸ਼ਾ ਵਲ ਘਸੀਟਿਆ ਜਾਵੇ ਤਾਂ ਉਹ ਹੋਰ ਘਰ ਵਿਚ ਜਨਮ ਲੈਂਦਾ ਹੈ। ਇਸੇ ਕਰਕੇ ਪੁਰਾਣੇ ਸਮੇਂ ਕਿਸੇ ਨਵਜੰਮੀ ਕੁੜੀ ਨੂੰ ਮਾਰ ਕੇ ਸਮਸ਼ਾਨ ਘਾਟ ਵਿਚ ਦੱਬਿਆ ਵੀ ਨਹੀਂ ਜਾਂਦਾ ਸੀ, ਸਗੋਂ ਇਸੇ ਤਰ੍ਹਾਂ ਸੁਟ ਦਿਤਾ ਜਾਂਦਾ ਸੀ ਤਾਂ ਕਿ ਕੋਈ ਜਾਨਵਰ ਉਸ ਨੂੰ ਘਰ ਤੋਂ ਕਿਤੇ ਦੂਰ ਹੀ ਲੈ ਜਾਵੇ। ਸਵੇਰੇ ਦੇਖਿਆ ਜਾਂਦਾ ਸੀ ਕਿ ਜੇਕਰ ਜਾਨਵਰ ਉਸ ਨੂੰ ਘਰ ਤੋਂ ਉਲਟ ਦਿਸ਼ਾ ਵਲ ਲੈ ਗਿਆ ਤਾਂ ਸ਼ੁਭ ਸ਼ਗਨ ਸਮਝਿਆ ਜਾਂਦਾ ਸੀ। ਲੰਮੇਰੀ ਉਮਰ ਭੁਗਤ ਕੇ ਮਰਨ ਵਾਲੇ ਮਨੁਖ ਦੇ ਮਰਨ 'ਤੇ ਉਸ ਦੇ ਬੱਚਿਆਂ ਅਤੇ ਰਿਸ਼ਤੇਦਾਰਾਂ

---

[125] ਰਿਗਵੇਦ, ਦਸਵਾਂ ਮੰਡਲ, 16ਵਾਂ ਸੂਤਕ (10. 16. 3, 4, 5)

ਵਲੋਂ ਵਾਜੇ ਸ਼ਹਿਨਾਈਆਂ ਵਜਾ ਕੇ ਅਤੇ ਨਚ ਟਪ ਕੇ ਸਸਕਾਰ ਕਰਨ ਦੀ ਰਸਮ ਨੂੰ 'ਬੁਢਾ ਮਰਨਾ' ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਹੁੰਦਾ ਹੈ ਕਿ ਘਰ ਦਾ ਵਡੇਰਾ ਜ਼ਿੰਦਗੀ ਦੇ ਸਾਰੇ ਰੰਗ ਵੇਖ ਕੇ ਅਤੇ ਪੂਰੀ ਉਮਰ ਹੰਢਾ ਕੇ ਮਰਿਆ ਹੈ, ਇਸ ਲਈ ਇਸ ਗੱਲ ਦੀ ਖੁਸ਼ੀ ਮਨਾਈ ਜਾਂਦੀ ਹੈ। ਅਰਥੀ ਉਤੋਂ ਦੀ ਮਖਾਣੇ, ਬਦਾਮ, ਛੁਹਾਰੇ ਅਤੇ ਸਿਕੇ ਸੁਟੇ ਜਾਂਦੇ ਹਨ। ਅਰਥੀ ਨੂੰ ਫੁਲਾਂ ਅਤੇ ਰੰਗ-ਬਿਰੰਗੇ ਤੇ ਚਮਕੀਲੇ ਕਪੜਿਆਂ ਨਾਲ ਸਜਾਇਆ ਜਾਂਦਾ ਹੈ। ਮ੍ਰਿਤਕ ਦੇ ਕੁੜਮ ਸਾਕਾਂ ਵਲੋਂ ਹਾਸੇ ਠਠੇ, ਮਖੌਲ, ਗਿਧੇ ਆਦਿਕ ਪਾਏ ਜਾਂਦੇ ਹਨ। ਸਾਰੇ ਇਕਠ ਅਤੇ ਗਰੀਬਾਂ ਨੂੰ ਕੜਾਹ ਪੂਰੀ ਅਤੇ ਮਿਠਾ ਖਵਾਇਆ ਜਾਂਦਾ ਹੈ। ਭੋਗ ਵਾਲੇ ਦਿਨ ਵੀ ਚੰਗਾ ਨਾਚ-ਗਾਣ ਅਤੇ ਖਾਣਾ ਬਣਾਇਆ ਜਾਂਦਾ ਹੈ। ਮਰੇ ਪ੍ਰਾਣੀ ਨੂੰ ਸਸਕਾਰਨ ਵੇਲੇ ਰਿਸ਼ਤੇਦਾਰਾਂ ਵਲੋਂ ਉਸ ਨਾਲ ਰਿਸ਼ਤਾ ਤੋੜਨ ਲਈ ਤਿਲਾਂਜਲੀ ਦਿਤੀ ਜਾਂਦੀ ਹੈ ਤਾਂ ਕਿ ਪ੍ਰਾਣੀ ਦੀ ਰੂਹ ਰਿਸ਼ਤੇਦਾਰਾਂ ਨੂੰ ਸੁਪਨੇ ਵਿਚ ਵੀ ਦਿਖਾਈ ਨਾ ਦੇਵੇ। "ਅਗਯਾਨੀ ਲੋਕ ਮਰੇ ਪ੍ਰਾਣੀ ਨੂੰ ਤਿਲਾਂਜਲੀ ਦੇਂਦੇ ਅਤੇ ਗਰੁੜ ਨਾਸਿਕੇਤ ਯਮ ਮਾਰਗ ਅਤੇ ਯਮ ਲੋਕ ਦਾ ਵਰਣਨ ਹੈ, ਅਰੁ ਪ੍ਰੇਤ ਨੂੰ ਅੰਨ, ਜਲ, ਵਸਤ੍ਰ, ਦੀਵਾ ਆਦਿਕ ਸਾਮੱਗਰੀ ਪਹੁੰਚਾਉਣ ਦੇ ਉਪਾਅ ਦੱਸੇ ਹਨ।"[126]

**ਸਤੀ ਦੀ ਪ੍ਰਥਾ** ਵੈਦਿਕ ਕਾਲ ਵਿਚ ਸਤੀ ਪ੍ਰਥਾ ਪ੍ਰਚਲਤ ਸੀ। ਸਤੀ ਹੋਣ ਵਾਲੀ ਔਰਤ ਨੂੰ ਸੰਧੂਰ ਵਾਲਾ ਨਾਰੀਅਲ ਥਾਲੀ ਵਿਚ ਫੜਾਇਆ ਜਾਂਦਾ ਸੀ। ਕੋਈ ਵੀ ਚੀਜ਼ ਜਿਸ 'ਤੇ ਸੰਧੂਰ ਲਗਿਆ ਹੋਵੇ, ਸਿੰਧਉਰਾ ਅਖਵਾਉਂਦੀ ਹੈ। ਫਿਰ ਇਸ ਸ਼ਬਦ ਦੀ ਵਰਤੋਂ ਸੰਧੂਰ ਲਗੇ ਨਾਰੀਅਲ ਲਈ ਰੂੜ ਹੋ ਗਈ। ਮਨੌਤ ਸੀ ਕਿ ਇਹ ਨਾਰੀਅਲ ਫੜ ਕੇ ਉਸ ਵਿਚ ਅਥਾਹ ਧੀਰਜ ਅਤੇ ਸਹਿਣ-ਸ਼ਕਤੀ ਆ ਜਾਂਦੀ ਹੈ ਅਤੇ ਉਹ ਆਪਣੇ ਮਰੇ ਹੋਏ ਪਤੀ ਨਾਲ ਜਿਉਂਦੀ ਸੜ ਜਾਂਦੀ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਬਲੀ ਦੀ ਪ੍ਰਥਾ ਵੇਲੇ ਜਦੋਂ ਮਨੁਖੀ ਬਲੀ ਦੀ ਪ੍ਰਥਾ ਸੀ ਤਾਂ ਬਲੀ ਦਿਤੇ ਜਾਣ ਵਾਲੇ ਵਿਅਕਤੀ ਦੀ ਗੋਦ ਵਿਚ ਨਾਰੀਅਲ ਰਖਿਆ ਜਾਂਦਾ ਸੀ। ਜੇਕਰ ਬਲੀ ਦੀ ਰਸਮ ਖਤਮ ਹੋਈ ਤਾਂ ਵਿਧਵਾ ਔਰਤ ਦੀ ਜ਼ਿੰਦਗੀ ਵੀ ਨਰਕ ਵਰਗੀ ਹੁੰਦੀ ਹੈ। ਕਿਸੇ ਔਰਤ ਦਾ ਪਤੀ ਮਰ ਜਾਣ 'ਤੇ ਔਰਤਾਂ ਵਲੋਂ ਉਸ ਦਾ ਸਾਰਾ ਹਾਰ-ਸ਼ਿੰਗਾਰ ਉਤਾਰ ਦਿਤਾ ਜਾਂਦਾ ਹੈ। ਉਸਦੇ ਵਾਲ ਖੋਲ੍ਹ ਦਿਤੇ ਜਾਂਦੇ ਹਨ। ਸੁੰਦਰ ਕਪੜੇ ਉਤਰਾ ਕੇ ਮੈਲੇ ਕਪੜੇ ਪੁਆ ਦਿਤੇ ਜਾਂਦੇ ਹਨ। ਇਸ ਰਸਮ ਨੂੰ 'ਬੁਰਾ' ਕਿਹਾ ਜਾਂਦਾ ਹੈ। ਨਵ-ਵਿਆਹੀ ਦਾ ਚੂੜਾ ਉਤਾਰ ਕੇ ਸਾੜ ਦਿਤਾ ਜਾਂਦਾ ਹੈ। ਅਜਿਹੀ ਔਰਤ ਫੇਰ ਸਾਰੀ ਉਮਰ ਹਾਰ-ਸ਼ਿੰਗਾਰ ਨਹੀਂ ਕਰਦੀ।

**ਮੁਕਾਣ** ਜਿਸ ਘਰ ਵਿਚ ਮੌਤ ਹੋਈ ਹੋਵੇ, ਉਸ ਘਰ ਵਿਚ ਅਫ਼ਸੋਸ ਕਰਨ ਅਤੇ ਦੁਖ ਵੰਡਾਉਣ ਲਈ ਮੁਕਾਣ ਆਉਂਦੀ ਹੈ। ਮੁਕਾਣ ਵਿਚ ਔਰਤਾਂ ਵਲੋਂ ਵੈਣ ਪਾਏ ਜਾਂਦੇ ਹਨ। ਮੁਕਾਣ ਵਿਚ ਔਰਤਾਂ ਮਰੇ

---

[126] ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਦੂਜਾ), ਪੰਨਾ 470.

ਪ੍ਰਾਣੀ ਨੂੰ ਰੋਣ ਦੇ ਨਾਲ ਨਾਲ ਆਪਣੇ ਪੁਰਾਣੇ ਦੁਖ ਵੀ ਰੋਂਦੀਆਂ ਹਨ। ਮੁਕਾਣ ਦੀ ਰੋਟੀ ਕੀਤੀ ਜਾਂਦੀ ਹੈ, ਜਿਸ ਨੂੰ 'ਭੈੜੀ ਰੋਟੀ' ਕਿਹਾ ਜਾਂਦਾ ਹੈ। ਮੁਕਾਣ ਵਿਚ ਪੇਕਿਆਂ ਜਾਂ ਸਹੁਰਿਆਂ ਵਲੋਂ ਔਰਤਾਂ ਅਤੇ ਮਰਦਾਂ ਦਾ ਸਮੂਹ ਆਉਂਦਾ ਹੈ। ਮੁਕਾਣ ਇਸ ਸੋਗ ਨੂੰ ਖਤਮ ਕਰਨ ਲਈ 'ਫੂੜੀ ਛੰਡਣ' ਦੀ ਰਸਮ ਕਰਦੀ ਹੈ। ਇਸ ਰਸਮ ਤੋਂ ਪਹਿਲਾਂ ਪਹਿਲਾਂ ਰੋ ਪਿਟ ਲਿਆ ਜਾਂਦਾ ਹੈ ਕਿਉਂਕਿ ਫੂੜੀ ਛੰਡਣ ਤੋਂ ਬਾਅਦ ਰੋਣਾ ਮਨ੍ਹਾਂ ਕਰ ਦਿਤਾ ਜਾਂਦਾ ਹੈ।

**ਪਾਤਕ** ਮੰਨਿਆ ਜਾਂਦਾ ਹੈ ਕਿ ਜਿਸ ਘਰ ਵਿਚ ਕੋਈ ਪ੍ਰਾਣੀ ਮਰ ਜਾਵੇ ਤਾਂ ਉਸ ਘਰ ਵਿਚ ਅਪਵਿਤਰਤਾ ਹੋ ਜਾਂਦੀ ਹੈ। ਜਿਸ ਨੂੰ ਪਾਤਕ ਕਿਹਾ ਜਾਂਦਾ ਹੈ। "ਧਰਮ ਸ਼ਾਸਤਰਾਂ ਅਨੁਸਾਰ ਜਦੋਂ ਕਿਸੇ ਪ੍ਰਾਣੀ ਦੀ ਮ੍ਰਿਤੂ ਹੋ ਜਾਵੇ ਤਾਂ ਉਸ ਦਾ ਘਰ, ਜੇ ਉਹ ਬ੍ਰਾਹਮਣ ਹੋਵੇ ਤਾਂ ਦਸ ਦਿਨਾਂ ਲਈ, ਜੇ ਉਹ ਖਤ੍ਰੀ ਹੋਵੇ ਤਾਂ ਤੇਰ੍ਹਾਂ ਦਿਨਾਂ ਲਈ, ਜੇ ਵੈਸ਼ ਹੋਵੇ ਤਾਂ ਪੰਦਰਾਂ ਦਿਨਾਂ ਲਈ ਅਤੇ ਜੇ ਸ਼ੂਦਰ ਹੋਵੇ ਤਾਂ ਤੀਹ ਦਿਨਾਂ ਲਈ ਅਪਵਿਤ੍ਰ ਹੋ ਜਾਂਦਾ ਹੈ। ਕੁਝ ਸਿਮਰਤੀਆਂ ਵਿਚ ਦਿਨਾਂ ਦੀ ਗਿਣਤੀ ਵੱਖਰੀ ਦਿਤੀ ਹੋਈ ਹੈ। ਇਨ੍ਹਾਂ ਦਿਨਾਂ ਵਿਚ ਉਸ ਘਰ ਦਾ ਖਾਣਾ ਮਨ੍ਹਾ ਹੈ। ਪਾਤਕ ਦੇ ਘਰ ਦਾ ਖਾਣ ਵਾਲਾ ਵੀ ਅਸ਼ੁਧ ਹੋ ਜਾਂਦਾ ਹੈ। ਜੇ ਪਾਤਕ ਦੇ ਘਰ ਅਫਸੋਸ ਲਈ ਜਾਣਾ ਪੈ ਜਾਵੇ ਤਾਂ ਘਰ ਆ ਕੇ ਪਹਿਲਾਂ ਸਾਰੇ ਪਹਿਨ ਰਖੇ ਕਪੜੇ ਧੋਣੇ ਤੇ ਇਸ਼ਨਾਨ ਕਰਨਾ ਜ਼ਰੂਰੀ ਹੈ।"[127]

**ਫੁੱਲ ਚੁਗਣੇ** ਮ੍ਰਿਤਕ ਦੇ ਸਸਕਾਰ ਤੋਂ ਤੀਜੇ ਦਿਨ ਸ਼ਮਸ਼ਾਨ ਘਾਟ ਜਾ ਕੇ ਉਸਦੀਆਂ ਹਡੀਆਂ ਚੁਗੀਆਂ ਜਾਂਦੀਆਂ ਹਨ, ਜਿਸ ਨੂੰ ਫੁਲ ਚੁਗਣਾ ਕਹਿੰਦੇ ਹਨ। "ਨਿਸ਼ਚਤ ਦਿਨ ਨੂੰ ਸਵੇਰ ਵੇਲੇ ਘਰ ਦੇ ਕੁਝ ਬੰਦੇ, ਭਾਈਚਾਰੇ ਦੇ ਨਾਲ ਮ੍ਰਿਤਕ ਦੇ ਸਿਵੇ ਉਤੇ ਜਾਂਦੇ ਹਨ। ਉਹ ਆਪਣੇ ਨਾਲ ਕਪੜੇ ਦੀ ਇਕ ਥੈਲੀ, ਦੁੱਧ ਦਾ ਕਟੋਰਾ, ਕੁਝ ਸੁਗੰਧਿਤ ਸਾਮਗਰੀ ਤੇ ਇਕ ਵਡੀ ਪਰਾਤ ਲੈ ਜਾਂਦੇ ਹਨ। ਜੇ ਮਰਦ ਦੇ ਫੁੱਲ ਚੁਗਣੇ ਹੋਣ ਤਾਂ ਥੈਲੀ ਚਿਟੇ ਰੰਗ ਦੀ ਬਣਾਈ ਜਾਂਦੀ ਹੈ, ਜੇ ਤੀਵੀਂ ਦੇ ਚੁਗਣੇ ਹੋਣ ਤਾਂ ਲਾਲ ਰੰਗ ਦੇ ਕਪੜੇ ਦੀ। ਸਿਵੇ ਉਤੇ ਪਹੁੰਚ ਕੇ, ਇਕ ਪਰਾਤ ਵਿਚ ਦੁੱਧ ਵਿਚ ਪਾਣੀ ਪਾ ਕੇ ਕੱਚੀ ਲੱਸੀ ਘੋਲ ਲਈ ਜਾਂਦੀ ਹੈ ਤੇ ਇਸੇ ਵਿਚ ਸੁਗੰਧਿਤ ਸਾਮਗਰੀ ਵੀ ਰਲਾ ਦਿਤੀ ਜਾਂਦੀ ਹੈ। ਫੁੱਲ ਆਮ ਤੌਰ 'ਤੇ ਮ੍ਰਿਤਕ ਦਾ ਵੱਡਾ ਪੁੱਤਰ, ਵੱਡਾ ਭਰਾ ਜਾਂ ਕੋਈ ਬਜ਼ੁਰਗ ਰਿਸ਼ਤੇਦਾਰ ਚੁਗਦਾ ਹੈ। ਦਾਹ-ਸੰਸਕਾਰ ਪਿਛੋਂ ਮ੍ਰਿਤਕ ਦੇ ਸਰੀਰ ਦੀਆਂ ਜੋ ਹੱਡੀਆਂ, ਦੰਦ ਤੇ ਖੋਪਰੀ ਦੀਆਂ ਖਪਰਾਂ ਬਚ ਜਾਂਦੀਆਂ ਹਨ ਉਨ੍ਹਾਂ ਨੂੰ ਸਿਵੇ ਦੀ ਸਵਾਹ ਵਿਚੋਂ ਫੋਲ ਕੇ ਕਢਿਆ ਜਾਂਦਾ ਹੈ। ਫਿਰ ਫੁੱਲ ਪਰਾਤ ਦੀ ਕੱਚੀ ਲੱਸੀ ਵਿਚ ਧੋ ਕੇ, ਥੈਲੀ ਵਿਚ ਪਾਏ ਜਾਂਦੇ ਹਨ। ਸਿਵੇ ਦੀ ਸਵਾਹ ਨੂੰ ਬੋਰੀ ਵਿਚ ਪਾ ਕੇ, ਕਿਸੇ ਵਗਦੇ ਪਾਣੀ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਫੁੱਲਾਂ ਨੂੰ ਥੈਲੀ ਵਿਚ ਪਾ ਕੇ ਮਰਘਟ ਉਤੇ ਹੀ ਕਿਸੇ ਦਰਖਤ ਨਾਲ ਲਟਕਾ ਦਿਤਾ ਜਾਂਦਾ ਹੈ ਤੇ ਫਿਰ ਕਿਸੇ ਦਿਨ ਫੁੱਲਾਂ ਨੂੰ ਹਰਿਦੁਆਰ ਜਾ ਕੇ ਜਲ

[127] ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਸਤਵਾਂ), ਪੰਨਾ 690.

ਪ੍ਰਵਾਹ ਕਰ ਦਿਤਾ ਜਾਂਦਾ ਹੈ। ..... ਕਈ ਲੋਕ ਫੁੱਲ ਚੁਗਣ ਪਿਛੋਂ ਸਿਵੇ ਵਾਲੀ ਥਾਂ ਚਾਰੇ ਨੁਕਰਾਂ ਵਿਚ ਚਾਰ ਕਿੱਲੀਆਂ ਗੱਡ ਕੇ ਕੱਚੇ ਧਾਗੇ ਜਾਂ ਮੌਲੀ ਦੇ ਗੇੜੇ ਦੇ ਕੇ ਉਸ ਥਾਂ ਨੂੰ ਬੰਨ੍ਹ ਦੇਂਦੇ ਹਨ ਤਾਂ ਜੋ ਉਸ ਥਾਂ ਕੋਈ ਟੂਣਾ ਟੱਪਾ ਨਾ ਚਲ ਸਕੇ।"[128] ਕਈ ਲੋਕ ਫੂਲ ਚੁਗਣ ਵਾਲੇ ਦਿਨ ਹੀ ਜਲ ਪ੍ਰਵਾਹ ਕਰਨ ਚਲੇ ਜਾਂਦੇ ਹਨ।

**ਪਿੰਡ ਭਰਨੇ** ਪ੍ਰਾਣੀ ਦੀ ਮੌਤ 'ਤੇ ਸਤਨਾਜਾ ਜਾਂ ਜੌਂ ਅਤੇ ਚਾਵਲ ਪੀਸ ਕੇ ਪੰਡਿਤ ਦੁਆਰਾ ਪਿੰਡ ਭਰਾਇਆ ਜਾਂਦਾ ਹੈ। ਇਹ ਪਿੰਡ ਭੋਗ ਤਕ ਹਰ ਰੋਜ਼ ਭਰਿਆ ਜਾਂਦਾ ਹੈ। ਜਿਸ ਪਿਛੇ ਮਰੇ ਪ੍ਰਾਣੀ ਨੂੰ ਪਰਲੋਕ ਵਿਚ ਅੰਨ ਪਾਣੀ ਪਹੁੰਚਣ ਦੀ ਧਾਰਨਾ ਜੁੜੀ ਹੈ। ਸੋਹਿੰਦਰ ਸਿੰਘ ਬੇਦੀ ਅਨੁਸਾਰ, "ਜੌਂ ਤੇ ਚਾਵਲ ਆਦਿ ਦੇ ਆਟੇ ਦਾ ਪਿੰਨਾ, ਜੋ ਪਿਤਰਾਂ ਨਮਿਤ ਤਰਪਣ ਕੀਤਾ ਜਾਂਦਾ ਹੈ। ਹਿੰਦੂਆਂ ਦੀ ਧਾਰਨਾ ਹੈ ਕਿ ਪ੍ਰਾਣੀ ਮਰਨ ਮਗਰੋਂ ਜਦੋਂ ਅਗਲੇ ਲੋਕ ਜਾਂਦਾ ਹੈ ਤਾਂ ਉਥੇ ਉਸ ਨੂੰ ਅੰਨ ਪਾਣੀ ਦੀ ਲੋੜ ਪੈਂਦੀ ਹੈ। ਇਹ ਲੋੜ ਪਿੰਡਾਂ ਦੁਆਰਾ ਪੂਰੀ ਹੁੰਦੀ ਹੈ, ਜੋ ਮਾਤ-ਲੋਕ ਵਿਚ ਉਸ ਨਮਿਤ ਦਾਨ ਕੀਤੇ ਜਾਂਦੇ ਹਨ। ਪ੍ਰਾਣੀ ਦੇ ਮਰਨ ਮਗਰੋਂ ਜੋ ਪਿੰਡ ਭਰੇ ਜਾਂਦੇ ਹਨ, ਉਹ ਅਗਲੇ ਲੋਕ ਦੇ ਬਿਖੜੇ ਪੈਂਡੇ ਵਿਚ, ਪ੍ਰਾਣੀ ਲਈ ਤੋਸ਼ਾ ਬਣਦੇ ਹਨ। ਮਾਤ-ਲੋਕ ਤੋਂ ਯਮਪੁਰੀ ਤਕ ਸਫਰ ਕਰਦਿਆਂ ਪ੍ਰਾਣੀ ਨੂੰ ਇਕ ਵਰ੍ਹਾ ਲਗਦਾ ਹੈ। ਇਸ ਲਈ ਮਰਨ ਮਗਰੋਂ ਪਹਿਲੇ ਸਾਲ ਜੋ ਪਿੰਡ ਦਾਨ ਦਿਤੇ ਜਾਂਦੇ ਹਨ, ਇਹ ਰਾਹ ਦਾ ਤੋਸ਼ਾ ਬਣਦੇ ਹਨ। ਪਰ ਸਾਲ ਬਾਅਦ ਜੋ ਸਮੇਂ ਸਮੇਂ ਪਿੰਡ ਦਾਨ ਦਿਤੇ ਜਾਂਦੇ ਹਨ ਅਥਵਾ ਸਰਾਧ ਕੀਤੇ ਜਾਂਦੇ ਹਨ, ਉਹ ਯਮਨਗਰੀ ਵਿਚ ਕੰਮ ਆਉਂਦੇ ਹਨ। ਜੇ ਕਿਸੇ ਦੇ ਪਿੰਡ ਗਯਾ ਵਿਚ ਭਰੇ ਜਾਣ ਤਾਂ ਉਹ ਪ੍ਰਾਣੀ ਮੁਕਤ ਹੋ ਜਾਂਦਾ ਹੈ। ਫਿਰ ਉਸ ਦੇ ਪਿੰਡ ਭਰਨ ਦੀ ਲੋੜ ਨਹੀਂ ਪੈਂਦੀ।

**ਸ਼ਰਾਧ** ਸ਼ਰਧਾ ਪੂਰਵਕ ਸ਼ਾਸਤ੍ਰੀ ਵਿਧੀ ਨਾਲ ਪਿਤਰਾਂ ਦੀ ਤ੍ਰਿਪਤੀ ਲਈ ਕੀਤਾ ਗਿਆ ਧਾਰਮਿਕ ਕੰਮ ਹੀ 'ਸ਼ਰਾਧ' ਹੈ।"ਪੁਰਾਣਾਂ ਅਨੁਸਾਰ ਪ੍ਰਾਣੀ ਨੂੰ ਮਾਤ-ਲੋਕ ਵਿਚੋਂ ਅਗਲੇ ਲੋਕ ਜਾਣ ਵਿਚ ਇਕ ਸਾਲ ਲਗਦਾ ਹੈ। ਦਾਹ ਸੰਸਕਾਰ ਤੋਂ ਮਗਰੋਂ ਵਰ੍ਹਾ ਭਰ, ਜੋ ਪਿੰਡ ਦਿਤੇ ਜਾਂਦੇ ਹਨ, ਉਨ੍ਹਾਂ ਸਦਕਾ ਸਾਲ ਮਗਰੋਂ ਪ੍ਰਾਣੀ ਨੂੰ ਇਕ ਕਲਪਿਤ ਸਰੀਰ ਮਿਲਦਾ ਹੈ। ਇਸ ਲਈ ਦਾਹ ਸੰਸਕਾਰ ਤੋਂ ਮਗਰੋਂ ਵਰ੍ਹੇ ਤੀਕ ਜੋ ਸਰਾਧ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਪ੍ਰੇਤ ਸਰਾਧ ਕਿਹਾ ਜਾਂਦਾ ਹੈ।"[129] ਪੁਰਾਤਨ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਸਰਾਧ ਮੰਨੇ ਹਨ। ਮਨੂੰ ਅਨੁਸਾਰ ਸਰਾਧ ਪੰਜ ਹਨ- ਨਿੱਤ, ਨੈਮਿਤਿਕ, ਕਾਮਜ, ਪਾਰਵਣ ਅਤੇ ਵ੍ਰਿੱਧੀ। ਵਿਸ਼ਵਾਮਿਤਰ ਨੇ 'ਨਿੱਤ ਸ੍ਰਾਧ' ਦੇ ਕਈ ਹੋਰ ਰੂਪ ਦੱਸੇ ਕੇ ਸ਼ਰਾਧਾਂ ਦੀ ਗਿਣਤੀ ਬਾਰਾਂ ਦੱਸੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਚਾਰ ਸਰਾਧ ਦੱਸੇ ਹਨ- ਨਿੱਤ, ਪਾਰਵਰਣ, ਕ੍ਸ਼ਯਾਹ ਅਤੇ ਮਹਾਲਯ। ਨਿੱਤ ਸ਼ਰਾਧ, ਨਿੱਤ ਦੇਵਤਾ ਅਤੇ ਪਿਤਰਾਂ ਨੂੰ ਜਲ ਆਦਿ ਦੇਣਾ। ਪਾਰਵਰਣ ਸ਼ਰਾਧ, ਅਮਾਵਸ ਆਦਿ ਪਰਵਾਂ 'ਤੇ ਕੀਤੇ ਜਾਣ

---

[128] ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਸਤਵਾਂ), ਪੰਨਾ 1741.

[129] ਉਹੀ, ਪੰਨਾ 1681.

ਵਾਲੇ ਸ਼ਰਾਧ। ਕ੍ਸ਼ਯਾਹ ਸ਼ਰਾਧ, ਪਿਤਰਾਂ ਦੇ ਮਰਨ ਵਾਲੇ ਦਿਨ ਹਰ ਸਾਲ ਕੀਤੇ ਜਾਣ ਵਾਲੇ ਸ਼ਰਾਧ। ਮਹਾਲਯ ਸ਼ਰਾਧ, ਅੱਸੂ ਮਹੀਨੇ ਦੇ ਪਹਿਲੇ ਪਖ ਵਿਚ ਕੀਤੇ ਜਾਣ ਵਾਲੇ ਸ਼ਰਾਧ ਹਨ।[130] ਗੁਰਮਤ ਮਾਰਤੰਡ ਅਨੁਸਾਰ ਸ਼ਰਾਧ ਦੇ ਤਿੰਨ ਮੁਖ ਭੇਦ ਹਨ— ਕਯਾਹ(ਖਿਆਹੀ), ਪਾਰਵਣ ਅਤੇ ਮਹਾਲਯਾ। ਪਿਤਰ ਦੇ ਮਰਣ ਵਾਲੇ ਮਹੀਨੇ ਅਤੇ ਤਿਥਿ ਵਿਚ ਸ੍ਰਾਧ ਕਰਣਾ ਖਿਆਹੀ, ਅਮਾਵਸ, ਪੂਰਨਮਾਸੀ ਆਦਿਕ ਪਰਵਾਂ ਵਿਚ ਸ੍ਰਾਧ ਕਰਣਾ ਪਾਰਵਣ ਅਤੇ ਅੱਸੂ ਦੇ ਅਨ੍ਹੇਰੇ ਪੱਖ ਵਿਚ ਪਿੱਤਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸ੍ਰਾਧ ਹੈ।[131] ਸ਼ਰਾਧ ਕੇਵਲ ਤਿੰਨ ਪੀੜ੍ਹੀਆਂ ਤਕ ਕੀਤੇ ਜਾਂਦੇ ਹਨ- ਪਿਤਾ, ਦਾਦਾ ਅਤੇ ਪੜਦਾਦਾ। ਕਿਤੇ ਕਿਤੇ ਨਾਨਕੇ ਪਖ ਦੀਆਂ ਤਿੰਨ ਪੀੜ੍ਹੀਆਂ ਤਕ ਵੀ ਸ਼ਰਾਧ ਕੀਤੇ ਜਾਂਦੇ ਹਨ- ਨਾਨਾ, ਪੜਨਾਨਾ ਅਤੇ ਲਕੜਨਾਨਾ। ਇਹਨਾਂ ਸਾਰੇ ਸ਼ਰਾਧਾਂ ਵਿਚੋਂ ਅੱਸੂ ਦਾ ਸ਼ਰਾਧ ਸਭ ਤੋਂ ਵਧ ਪ੍ਰਚਲਤ ਹੈ। ਇਸ ਵੇਲੇ ਲੋਕ ਆਪਣੀ ਵਿਤ ਅਨੁਸਾਰ ਆਪਣੇ ਪਿਤਰਾਂ ਨਮਿਤ ਪੰਡਤਾਂ ਅਤੇ ਪੁਰੋਹਿਤਾਂ ਨੂੰ ਦਾਨ-ਪੁੰਨ ਕਰਦੇ ਹਨ। ਮਨੌਤ ਹੈ ਕਿ ਜੇਕਰ ਗਯਾ 'ਤੇ ਜਾ ਕੇ ਸ਼ਰਾਧ ਆਦਿਕ ਕਰਵਾਏ ਜਾਣ ਤਾਂ ਫਿਰ ਦੁਬਾਰਾ ਸਰਾਧ ਤੇ ਪਿੰਡ ਦਾਨ ਕਰਨ ਦੀ ਲੋੜ ਨਹੀਂ ਪੈਂਦੀ। ਇਹ ਪੁਤਰਾਂ ਉਤੇ ਪਿਤਰਾਂ ਦਾ ਰਿਣ ਹੁੰਦਾ ਹੈ ਜੋ ਹਰ ਹਿੰਦੂ ਨੂੰ ਉਤਾਰਨਾ ਪੈਂਦਾ ਹੈ। ਜੇ ਪਿਤਰਾਂ ਨੂੰ ਖੁਸ਼ ਰਖਿਆ ਜਾਵੇ ਤਾਂ ਇਹ ਪਰਿਵਾਰ ਨੂੰ ਸੁਖ ਦਿੰਦੇ ਹਨ ਅਤੇ ਦੁਖਾਂ ਦਾ ਨਾਸ਼ ਕਰਦੇ ਹਨ। ਸਰਾਧ ਪਿਤਰਾਂ ਦੀ ਮਰਨ ਤਿਥ ਨੂੰ ਕੀਤਾ ਜਾਂਦਾ ਹੈ। ਜਿਸ ਨੂੰ ਤਿਥ ਪਤਾ ਨਾ ਹੋਵੇ ਉਹ ਪਿੱਤਰ-ਵਿਸਰਜਨੀ ਮਸਿਆ ਨੂੰ ਸ਼ਰਾਧ ਕਰਦਾ ਹੈ। ਮੌਤ ਤੋਂ ਇਕ ਸਾਲ ਬਾਅਦ ਹਰ ਬਾਰ ਸ਼ਰਾਧ ਕਰਵਾਇਆ ਜਾਂਦਾ ਹੈ ਫਿਰ ਪਿੰਡ ਨਹੀਂ ਭਰਿਆ ਜਾਂਦਾ। ਪਿਤਰਾਂ ਦੇ ਬੱਚਿਆਂ ਦੁਆਰਾ ਕੀਤੇ ਸ਼ਰਾਧ ਅਤੇ ਪਿੰਡ ਪਿਤਰਾਂ ਨੂੰ ਪਹੁੰਚਦੇ ਹਨ, ਪਰ ਜਿਨ੍ਹਾਂ ਦੇ ਬੱਚੇ ਸ਼ਰਾਧ ਤੇ ਪਿੰਡ ਨਹੀਂ ਭਰਦੇ ਜਾਂ ਜਿਹਨਾਂ ਦੀ ਔਲਾਦ ਨਹੀਂ ਹੈ ਉਹ ਪਿਤਰ ਲੋਕ ਵਿਚ ਭੁਖੇ ਮਰਦੇ ਹਨ ਅਤੇ ਨਰਕ ਵਿਚ ਸੁੱਟੇ ਜਾਂਦੇ ਹਨ। ਸ਼ਰਾਧ ਜਾਂ ਪਿੰਡ ਪੁਤਰਾਂ ਦੁਆਰਾ ਭਰੇ ਜਾਂਦੇ ਹਨ। ਆਮ ਕਰਕੇ ਵਡਾ ਪੁਤਰ ਇਹ ਕਰਮ ਕਰਦਾ ਹੈ। ਤਾਂ ਹੀ ਹਿੰਦੂ ਧਰਮ ਵਿਚ ਪੁਤਰਾਂ ਦੀ ਵੱਧ ਲੋਚਾ ਰਖੀ ਜਾਂਦੀ ਹੈ। ਪਿਤਰਾਂ ਨੂੰ ਤਰਪਣ ਵੀ ਕੀਤਾ ਜਾਂਦਾ ਹੈ। ਅੱਸੂ ਦੇ ਹਨੇਰੇ ਪਖ ਦੀਆਂ ਪੰਦਰਾਂ ਤਿਥਾਂ ਵਿਚ ਪਿਤਰਾਂ ਦੀ ਸ਼ਾਂਤੀ ਨਮਿਤ ਜਲ ਦਾ ਅਰਘ ਦੇਣ ਅਤੇ ਮੰਤਰਾਂ ਦਾ ਪਾਠ ਕਰਵਾਉਣ ਦੀ ਕਿਰਿਆ ਨੂੰ ਪਿਤਰ ਤਰਪਣ ਕਿਹਾ ਜਾਂਦਾ ਹੈ। ਪਹਿਲਾਂ ਦੇਵਤਿਆਂ ਅਤੇ ਫਿਰ ਪਿਤਰਾਂ ਨੂੰ ਜਲ ਅਰਪਣ ਕੀਤਾ ਜਾਂਦਾ ਹੈ। ਜਲ ਅਰਪਣ ਕਰਨ ਲਗਿਆਂ ਪਿਤਰਾਂ ਦੇ ਨਾਂ ਅਤੇ ਗੋਤ ਬੋਲੇ ਜਾਂਦੇ ਹਨ। ਜਲ ਵਿਚ ਕਾਲੇ ਤਿਲ ਮਿਲਾ ਕੇ ਅਰਪਣ ਕਰਨ ਨੂੰ 'ਤਿਲਾਂਜਲੀ' ਕਿਹਾ ਜਾਂਦਾ ਹੈ। ਕਈ ਲੋਕ ਪਿਤਰਾਂ ਨਮਿਤ ਪ੍ਰਾਗ, ਹਰਿਦੁਆਰ, ਕਾਸ਼ੀ ਅਤੇ ਗਯਾ ਆਦਿਕ ਤੀਰਥਾਂ 'ਤੇ ਜਾਂਦੇ ਹਨ।

---

[130] ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 127

[131] ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਦੂਜਾ), ਪੰਨਾ 473.

**ਵਹਿਮ-ਭਰਮ** ਭਾਰਤੀ ਪਰੰਪਰਾ ਵਿਚ ਮ੍ਰਿਤਕ ਪ੍ਰਾਣੀਆਂ ਬਾਰੇ ਕਈ ਤਰ੍ਹਾਂ ਦੇ ਵਹਿਮ ਭਰਮ ਕੀਤੇ ਜਾਂਦੇ ਹਨ। ਮਰੇ ਹੋਏ ਪ੍ਰਾਣੀ ਨੂੰ ਮਸਾਣ ਕਿਹਾ ਜਾਂਦਾ ਹੈ। ਇਸ ਨੂੰ ਕਿਸੇ ਦਾ ਬੁਰਾ ਕਰਨ ਲਈ ਵਰਤਿਆ ਜਾਂਦਾ ਹੈ। ਜਲਦੇ ਹੋਏ ਸਿਵੇ ਨੂੰ ਕਚਾ ਮਸਾਣ ਕਿਹਾ ਜਾਂਦਾ ਹੈ। ਇਹ ਬਹੁਤ ਹੀ ਖਤਰਨਾਕ ਮੰਨਿਆ ਜਾਂਦਾ ਹੈ। ਇਸ ਦੀ ਲਪੇਟ ਵਿਚ ਆਇਆ ਮਨੁਖ ਕਦੇ ਨਹੀਂ ਬਚਦਾ। ਕਈ ਲੋਕ ਇਸ ਨੂੰ ਵਸ ਵਿਚ ਕਰਨ ਲਈ ਜਲਦੇ ਸਿਵੇ ਕੋਲ ਜਾ ਕੇ ਮੰਤਰ ਪੜ੍ਹਦੇ ਹਨ ਅਤੇ ਆਪਣੇ ਵਸ ਵਿਚ ਕਰ ਲੈਂਦੇ ਹਨ। ਫਿਰ ਲੋਕਾਂ ਦਾ ਬੁਰਾ ਕਰਨ ਅਤੇ ਮਨਮਰਜ਼ੀ ਦੇ ਕੰਮ ਕਰਵਾਉਣ ਲਈ ਇਹਨਾਂ ਦੀ ਵਰਤੋਂ ਕਰਦੇ ਹਨ। ਆਮ ਲੋਕ ਮਸਾਣ ਦੀ ਹਡੀ ਜਾਂ ਸੁਆਹ ਲੈ ਕੇ ਜਾਦੂ-ਟੂਣੇ ਕਰਦੇ ਹਨ। ਮ੍ਰਿਤਕਾਂ ਬਾਰੇ ਸੋਚਿਆ ਜਾਂਦਾ ਹੈ ਕਿ ਇਹ ਪ੍ਰੇਤ ਬਣ ਕੇ ਘਰ ਵਾਪਿਸ ਆ ਜਾਂਦੇ ਹਨ ਅਤੇ ਘਰ ਦੇ ਜੀਆਂ ਨੂੰ ਤੰਗ ਕਰਦੇ ਹਨ। ਮੁਸਲਿਮ ਧਰਮ ਵਿਚ ਪ੍ਰਾਣੀ ਦੀ ਮ੍ਰਿਤਕ ਦੇਹ ਨੂੰ 'ਮਈਅਤ' ਕਿਹਾ ਜਾਂਦਾ ਹੈ। ਇਹਨਾਂ ਤੋਂ ਬਚਣ ਲਈ ਹੀ ਮ੍ਰਿਤਕ ਦੇ ਕਿਰਿਆ ਕਰਮ ਨਾਲ ਅਨੇਕ ਪ੍ਰਕਾਰ ਦੇ ਕਰਮ-ਕਾਂਡ ਜੁੜੇ ਹੋਏ ਹਨ। ਇਸ ਲਈ ਕਈ ਉਪਾਅ ਕੀਤੇ ਜਾਂਦੇ ਹਨ। ਮ੍ਰਿਤਕ ਨੂੰ ਵਾਹ ਲਗਦੀ ਦਖਣ ਦਿਸ਼ਾ ਵਾਲੇ ਦਰਵਾਜ਼ੇ ਤੋਂ ਬਾਹਰ ਕਢਿਆ ਜਾਂਦਾ ਹੈ, ਤਾਂ ਕਿ ਉਹ ਸਿਧਾ ਯਮ ਨਗਰੀ ਜਾਵੇ, ਗਰਭਵਤੀ ਦੇ ਹਥਾਂ ਅਤੇ ਪੈਰਾਂ ਵਿਚ ਕਿਲ ਗਡ ਦਿਤੇ ਜਾਂਦੇ ਹਨ। ਮੁਸਲਮਾਨਾਂ ਵਿਚ ਕਿਸੇ ਉਘੇ ਪ੍ਰਾਣੀ ਦੀ ਅਰਥੀ ਮੁਖ ਦਰਵਾਜ਼ੇ ਦੀ ਥਾਂ ਕੰਧ ਪਾੜ ਕੇ ਕਢੀ ਜਾਂਦੀ ਸੀ। ਹਿੰਦੂ ਪਰੰਪਰਾ ਵਿਚ ਜਦੋਂ ਕਿਸੇ ਪ੍ਰਾਣੀ ਦੀ ਮੌਤ ਹੋਣ ਲਗਦੀ ਹੈ ਤਾਂ ਉਸਨੂੰ ਮੰਜੇ ਤੋਂ ਥੱਲੇ ਲਾਹ ਲਿਆ ਜਾਂਦਾ ਹੈ। ਇਸ ਪਿਛੇ ਇਕ ਧਾਰਨਾ ਇਹ ਹੈ ਕਿ ਜੋ ਪ੍ਰਾਣੀ ਧਰਤੀ ਅਤੇ ਆਕਾਸ਼ ਵਿਚ ਨਹੀਂ ਮਰਦਾ, ਉਸ ਦੀ ਮੁਕਤੀ ਨਹੀਂ ਹੁੰਦੀ। ਉਹ ਪ੍ਰੇਤ ਜੂਨ ਵਿਚ ਪੈ ਕੇ ਭਟਕਦਾ ਰਹਿੰਦਾ ਹੈ। ਜੇਕਰ ਧਰਤੀ 'ਤੇ ਮਰ ਜਾਵੇ ਤਾਂ ਧਰਤੀ ਮਾਂ ਦੀ ਗੋਦ ਵਿਚ ਆਉਣ ਕਰ ਕੇ ਭੂਤ ਪ੍ਰੇਤਾਂ ਦੇ ਅਸਰ ਵਿਚ ਨਹੀਂ ਆਉਂਦਾ ਅਤੇ ਮੁਕਤ ਹੋ ਜਾਂਦਾ ਹੈ। ਜੇਕਰ ਕੋਈ ਪ੍ਰਾਣੀ ਮੰਜੇ 'ਤੇ ਹੀ ਮਰ ਜਾਵੇ ਤਾਂ ਮੰਨਿਆ ਜਾਂਦਾ ਹੈ ਕਿ ਉਹ ਨਾ ਧਰਤੀ ਤੇ ਅਤੇ ਨਾ ਆਕਾਸ਼ ਵਿਚ ਮਰਿਆ ਹੈ, ਇਸ ਕਰ ਕੇ ਭੂਤ ਪ੍ਰੇਤ ਬਣ ਕੇ ਭਟਕਦਾ ਰਹੇਗਾ। ਮਰ ਰਹੇ ਪ੍ਰਾਣੀ ਨਮਿਤ ਮਣਸਣੇ ਦੀ ਰਸਮ ਕਰਵਾਈ ਜਾਂਦੀ ਹੈ। ਹਿੰਦੂ ਮਤ ਵਿਚ ਦਾਨ ਦੇਣ ਦਾ ਸੰਕਲਪ ਕਰਨ ਨੂੰ ਮਣਸਣਾ ਕਿਹਾ ਜਾਂਦਾ ਹੈ। ਇਸ ਵੇਲੇ ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਹੈ। ਕਈ ਵਾਰ ਤਾਂ ਮਰਨ ਵਾਲੇ ਪ੍ਰਾਣੀ ਤੋਂ ਵੀ ਦਾਨ ਕਰਵਾਇਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਤਰ੍ਹਾਂ ਪ੍ਰਾਣੀ ਦੀ ਮੌਤ ਸੌਖੀ ਹੋ ਜਾਂਦੀ ਹੈ। ਇਹ ਦਾਨ ਬ੍ਰਾਹਮਣਾਂ ਨੂੰ ਕੀਤਾ ਜਾਂਦਾ ਹੈ। ਦਾਲਾਂ, ਅੰਨ ਆਦਿਕ ਤੋਂ ਇਲਾਵਾ ਗਊ ਦਾ ਦਾਨ ਬਹੁਤ ਮਹਤਵ ਰਖਦਾ ਹੈ। ਯਮ ਮਾਰਗ ਬਹੁਤ ਅੰਧ ਗੁਬਾਰ ਵਾਲਾ ਮੰਨਿਆ ਜਾਂਦਾ ਹੈ। ਇਸ ਲਈ ਪ੍ਰੇਤ ਬਣੇ ਮਨੁਖ ਨੂੰ ਯਮ ਮਾਰਗ ਵਿਚ ਚਾਨਣਾ ਦਿਖਾਉਣ ਵਾਸਤੇ ਉਸ ਦੇ ਮਰਨ ਵੇਲੇ ਅਤੇ ਪਿੱਛੋਂ ਕਈ ਦਿਨਾਂ ਤੀਕ ਦੀਵਾ ਜਗਾਇਆ ਜਾਂਦਾ ਹੈ। ਗੁਰੂ ਜੀ ਇਸ ਵਹਿਮ ਦਾ ਖੰਡਨ ਕਰਦੇ ਹੋਏ ਜੀਵ ਨੂੰ ਸਮਝਾਉਂਦੇ ਹਨ ਕਿ ਇਸ ਦੀਵੇ ਨੇ ਚਾਨਣ ਨਹੀਂ ਕਰਨਾ। ਇਸ ਦੀ ਥਾਂ ਆਪਣੇ ਅੰਦਰ

ਗਿਆਨ ਦਾ ਦੀਵਾ ਜਗਾਇਆ ਜਾਵੇ, ਜੋ ਅਗਿਆਨਤਾ ਰੂਪੀ ਹਨੇਰੇ ਨੂੰ ਖਤਮ ਕਰਦਾ ਹੈ-

ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥[132]

ਜੈਨ ਧਰਮ ਵਿਚ ਮ੍ਰਿਤਕ ਸੰਸਕਾਰ ਲਈ ਦੋ ਤਰ੍ਹਾਂ ਦੇ ਵਿਧਾਨ ਹਨ। ਇਕ ਤਾਂ ਸਾਧੂਆਂ ਲਈ ਅਤੇ ਦੂਜਾ ਗ੍ਰਿਹਸਥੀਆ ਲਈ। ਸਾਧੂ ਜੋ ਗ੍ਰਿਹਸਤ ਦੇ ਤਿਆਗੀ ਹੁੰਦੇ ਹਨ, ਇਹਨਾਂ ਦਾ ਸਸਕਾਰ ਚੰਦਨ ਦੀ ਲਕੜੀ ਨਾਲ ਕੀਤਾ ਜਾਂਦਾ ਹੈ। ਜਿਥੇ ਸਸਕਾਰ ਕੀਤਾ ਹੁੰਦਾ ਹੈ ਉਥੇ ਹੀ ਅਸਥੀਆਂ ਅਤੇ ਸੁਆਹ ਸਭ ਕੁਝ ਇਕਠਾ ਕਰਕੇ ਥੜ੍ਹਾ ਬਣਾ ਦਿਤਾ ਜਾਂਦਾ ਹੈ। ਦੂਜੇ ਹਨ ਗ੍ਰਿਹਸਤੀ, ਡਾ. ਸੰਤ ਮੁਖਤਿਆਰ ਸਿੰਘ ਸਾਰੰਗ ਅਨੁਸਾਰ ਇਹ ਸਾਰੀਆਂ ਰਸਮਾਂ ਸਨਾਤਨੀ ਹਿੰਦੂਆਂ ਵਾਲੀਆਂ ਹੀ ਕਰਦੇ ਹਨ। ਪੱਗ ਦੀ ਰਸਮ ਫੁਲਾਂ ਵਾਲੇ ਦਿਨ ਕਰਦੇ ਹਨ। ਗ੍ਰਿਹਸਥੀ ਮਹਾਂ ਮੰਤਰ ਨੂੰ ਵਧ ਤੋਂ ਵਧ 12 ਜਾਂ 24 ਘੰਟੇ ਦਾ ਪ੍ਰਾਣੀ 'ਤੇ ਅਖੰਡ ਪਾਠ ਕਰਾ ਦਿੰਦੇ ਹਨ। ਨਮੋ ਅਰੀਹੰਤਾ ਨੂੰ ਨਮੋ ਸਿਧਾਨੰ ਨਮੋ ਆਰਿਆਨੰ ਨਮੋ ਉਭਾਧਾਇ ਅਨੰਨਮੋਲਇ ਸਭ ਸਾਹੰਨੰ। ਏਸੋ ਪੰਚ ਨਮੋ ਕਾਰੋ ਸਭ ਪਾਣਪ ਪਨਾ ਸਮੋ ਮੰਗਲਾ ਨੰ ਚ ਸਬੇ ਸਿੰ ਪੜ ਮੰ ਹਵੱਈ ਮੰਗਲੰ।"[133] ਬੁਧ ਧਰਮ ਦੇ ਵੀ ਲਗਪਗ ਸਾਰੇ ਇਹੀ ਰਿਵਾਜ ਹਨ।

ਇਸਲਾਮ ਧਰਮ ਵਿਚ ਵੈਦਿਕ ਧਰਮ ਤੋਂ ਬਿਲਕੁਲ ਉਲਟ ਧਾਰਨਾ ਪ੍ਰਚਲਤ ਹੈ। ਇਸ ਧਰਮ ਦਾ ਵਿਸ਼ਵਾਸ ਹੈ ਕਿ ਮਨੁਖ ਦਾ ਸਰੀਰ ਮਰਨ ਉਪਰੰਤ ਖ਼ਤਮ ਨਹੀਂ ਹੁੰਦਾ। ਇਸ ਲਈ ਮੁਸਲਿਮ ਮੁਰਦੇ ਨੂੰ ਸਾੜਦੇ ਨਹੀਂ, ਸਗੋਂ ਦਫ਼ਨਾਉਂਦੇ ਹਨ। ਉਹਨਾਂ ਦੀ ਧਾਰਨਾ ਹੈ ਕਿ ਦੱਬਿਆ ਸਰੀਰ ਮਿੱਟੀ ਵਿਚ ਸਾਂਭਿਆ ਰਹਿੰਦਾ ਹੈ। ਕਿਆਮਤ ਦੇ ਦਿਨ ਅੱਲ੍ਹਾ ਸਾਰੇ ਮੁਰਦਿਆਂ ਨੂੰ ਉਠਾ ਕੇ ਉਨ੍ਹਾਂ ਦੇ ਕਰਮਾਂ ਦਾ ਹਿਸਾਬ ਕਰਦਾ ਹੈ। ਮ੍ਰਿਤਕ ਦਾ ਜਨਾਜ਼ਾ ਕਢਿਆ ਜਾਂਦਾ ਹੈ। ਨਰਕ ਸਵਰਗ ਲਈ ਇਸਲਾਮ ਵਿਚ 'ਦੋਜ਼ਖ਼' ਅਤੇ 'ਬਹਿਸ਼ਤ' ਦਾ ਸੰਕਲਪ ਹੈ। ਅਰਬੀ ਵਿਚ ਦੋਜ਼ਖ਼ ਦਾ ਸਮਾਨਾਰਥੀ ਸ਼ਬਦ 'ਜਹੰਨੁਮ' ਹੈ, ਜਿਸ ਦਾ ਅਰਥ ਹੈ ਉਹ ਥਾਂ ਜਿਥੇ ਅੱਗ ਹੀ ਅੱਗ ਹੋਵੇ। ਇਸ ਧਰਮ ਅਨੁਸਾਰ ਜਿਹੜੇ ਲੋਕ ਇਸਲਾਮ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਦੱਸੇ ਸਿਧਾਂਤਾਂ ਦੀ ਪਾਲਣਾ ਨਹੀਂ ਕਰਦੇ ਅਤੇ ਇਕ ਖ਼ੁਦਾ ਦੀ ਥਾਂ ਹੋਰ ਦੇਵੀ ਦੇਵਤਿਆਂ ਜਾਂ ਦੈਵੀ ਸ਼ਕਤੀਆਂ ਨੂੰ ਪੂਜਦੇ ਹਨ, ਉਨ੍ਹਾਂ ਨੂੰ ਮਰਨ ਤੋਂ ਬਾਅਦ ਦੋਜ਼ਖ਼ ਵਿਚ ਸੁਟਿਆ ਜਾਂਦਾ ਹੈ। ਕੁਰਾਨ ਅਨੁਸਾਰ ਕਿਆਮਤ ਵਾਲੇ ਦਿਨ ਜੀਵਾਂ ਦਾ ਕਰਮਾਂ ਦੇ ਆਧਾਰ 'ਤੇ ਨਿਬੇੜਾ ਹੋਵੇਗਾ। ਪਹਿਲਾਂ ਸਾਮੀ ਧਰਮਾਂ ਦਾ ਇਹ ਵਿਸ਼ਵਾਸ ਸੀ ਕਿ ਇਸ ਦਿਨ ਰਬ ਵਲੋਂ ਚੰਗਿਆਂ ਨੂੰ ਇਨਾਮ ਅਤੇ ਮਾੜਿਆਂ ਨੂੰ ਸਜਾ ਮਿਲੇਗੀ, ਪਰ ਬਾਦ ਵਿਚ ਮੰਨਿਆ ਜਾਣ ਲਗਾ ਕਿ ਇਸ ਦਿਨ ਰਬ ਮੁਰਦਿਆਂ ਨੂੰ ਪੁਨਰ ਜੀਵਤ ਕਰ ਦੇਵੇਗਾ। ਮੁਸਲਿਮ ਧਰਮ ਵਿਚ

---

[132] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 29.

[133] ਸੰਤ ਮੁਖਤਿਆਰ ਸਿੰਘ ਸਾਰੰਗ(ਡਾ.), ਕੁਝ ਧਰਮਾਂ ਦੀਆਂ ਅੰਤਿਮ ਰਸਮਾਂ, ਪੰਨਾ 47.

ਮਰਨ ਵੇਲੇ ਅਤੇ ਦਫ਼ਨਾਉਣ ਵੇਲੇ ਮਨੁਖ ਦਾ ਮੂੰਹ ਮੱਕੇ ਵਲ ਕਰ ਦਿਤਾ ਜਾਂਦਾ ਹੈ, ਤਾਂ ਕਿ ਜਦੋਂ ਕਿਆਮਤ ਦੇ ਦਿਨ ਮੁਰਦੇ ਉਠਣ ਤਾਂ ਉਹਨਾਂ ਦਾ ਮੂੰਹ ਮੱਕੇ ਵਲ ਹੋਵੇ। ਮੁਸਲਿਮ ਧਰਮ ਵਿਚ ਪ੍ਰਾਣੀ ਦੇ ਮਰਨ 'ਤੇ ਤਿੰਨ ਦਿਨ ਰੋਟੀ ਨਹੀਂ ਪਕਾਈ ਜਾਂਦੀ। ਉਹਨਾਂ ਦੀ ਰੋਟੀ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਵਲੋਂ ਦਿਤੀ ਜਾਂਦੀ ਹੈ, ਇਸ ਰੋਟੀ ਨੂੰ 'ਮੁੰਦਰ ਛੋੜ ਜਾਂ ਮੂੰਹ ਛੋੜ' ਕਿਹਾ ਜਾਂਦਾ ਹੈ।

ਈਸਾਈ ਧਰਮ ਵਿਚ ਵੀ ਮੁਰਦੇ ਨੂੰ ਦਫਨਾਇਆ ਜਾਂਦਾ ਹੈ। ਪਾਦਰੀ ਮੁਰਦੇ ਨੂੰ ਨੁਹਾਉਂਦਾ ਹੈ ਅਤੇ ਉਸ ਨੂੰ 12 ਗਜ ਦੇ ਕਪੜੇ ਵਿਚ ਲਪੇਟਿਆ ਜਾਂਦਾ ਹੈ। ਫਿਰ ਬਾਈਬਲ ਵਿਚੋਂ ਉਪਦੇਸ਼ ਪੜ੍ਹ ਕੇ ਦਫਨਾਇਆ ਜਾਂਦਾ ਹੈ। ਇਸ ਤੋਂ ਬਾਅਦ ਸੰਬੰਧਿਤ ਘਰ ਜਾ ਕੇ ਅਫਸੋਸ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕੋਈ ਰਸਮ ਨਹੀਂ ਕੀਤੀ ਜਾਂਦੀ। ਬਾਈਬਲ ਅਨੁਸਾਰ ਕਿਆਮਤ ਵਾਲੇ ਦਿਨ ਸਾਰੇ ਮਨੁਖ ਪੁਨਰ-ਜੀਵਤ ਹੋਣਗੇ ਅਤੇ ਈਸਾ ਚੰਗੇ ਬੰਦਿਆਂ ਨੂੰ ਸਵਰਗ ਵਿਚ ਅਤੇ ਮਾੜਿਆਂ ਨੂੰ ਨਰਕ ਵਿਚ ਭੇਜੇਗਾ।

**ਗੁਰਮਤਿ ਅਨੁਸਾਰ**: ਸਿਮ੍ਰਤੀਆਂ ਅਨੁਸਾਰ ਦਸ ਤਰ੍ਹਾਂ ਦੇ ਪਾਪ ਕਰਨ ਵਾਲਾ ਇਨਸਾਨ ਪਾਤਕ ਹੋ ਜਾਂਦਾ ਹੈ। ਇਹ ਦਸ ਪਾਪ ਹਨ- "ਚੋਰੀ, ਵੇਦ ਵਿਧੀ ਤੋਂ ਬਿਨਾਂ ਕੀਤੀ ਹਿੰਸਾ ਅਤੇ ਪਰਇਸਤ੍ਰੀਗਮਨ- ਇਹ ਤਿੰਨ ਕਾਇਕ(ਸ਼ਾਰੀਰਕ) ਪਾਤਕ. ਕੌੜਾ ਬੋਲਣਾ, ਝੂਠ, ਚੁਗਲੀ ਅਤੇ ਬੇਮੇਲ ਬਕਬਾਦ ਇਹ ਚਾਰ ਵਾਣੀ ਦੇ ਪਾਤਕ. ਦੂਜੇ ਦੇ ਧਨ ਮਾਲ ਲੈਣ ਦਾ ਖਿਆਲ, ਕਿਸੇ ਦਾ ਬੁਰਾ ਚਿਤਵਣਾ ਅਤੇ ਝੂਠਾ ਕਲੰਕ ਲਾਉਣ ਦੀ ਗੋਂਦ, ਇਹ ਤਿੰਨ ਮਾਨਸਿਕ ਪਾਪ। ਗੁਰਮਤ ਵਿਚ ਕਰਤਾਰ ਤੋਂ ਵਿਮੁਖਤਾ, ਉਦਮ ਦ ਤਿਆਗ ਅਤੇ ਦਿਲ ਦੁਖਾਉਣਾ ਤਿੰਨ ਉਗ੍ਰ ਪਾਪ ਹਨ। ਰਹਿਤਨਾਮਿਆਂ ਵਿਚ ਮੁੰਡਨ, ਵਿਭਚਾਰ, ਤਮਾਕੂ ਦਾ ਸੇਵਨ ਅਤੇ ਕੁਠਾ ਖਾਣਾ ਚਾਰ ਮਹਾਂ ਪਾਪ ਹਨ।"[134]

ਗੁਰਮਤਿ ਅਨੁਸਾਰ ਮ੍ਰਿਤਕ ਸੰਸਕਾਰ ਵਿਚ ਬਹੁਤੇ ਵਹਿਮਾਂ ਅਤੇ ਰਸਮਾਂ ਦਾ ਖੰਡਨ ਕੀਤਾ ਗਿਆ ਹੈ। ਹਿੰਦੂ ਧਰਮ ਵਿਚ ਕੀਤੇ ਜਾਂਦੇ ਸੂਤਕ ਪਾਤਕ ਦੇ ਭਰਮ ਬਾਰੇ ਗਰਬਾਣੀ ਦਾ ਫੈਸਲਾ ਹੈ ਕਿ ਜੰਮਣ ਮਰਨ ਦਾ ਸਿਲਸਲਾ ਤਾਂ ਪਰਮਾਤਮਾ ਦੀ ਕੁਦਰਤ ਵਿਚ ਹਰ ਵੇਲੇ ਚਲਦਾ ਰਹਿੰਦਾ ਹੈ। ਜੇਕਰ ਜੰਮਣ ਮਰਨ 'ਤੇ ਸੂਤਕ ਪਾਤਕ ਹੁੰਦਾ ਹੈ, ਤਾਂ ਜਗਤ ਦਾ ਕੋਈ ਵੀ ਅਜਿਹਾ ਥਾਂ ਨਹੀਂ ਜਿਥੇ ਸੂਤਕ ਪਾਤਕ ਨਾ ਹੋਵੇ। ਜਲ ਵਿਚ, ਥਲ ਵਿਚ ਹਰ ਥਾਂ ਜੀਵ ਜੰਮਦੇ ਮਰਦੇ ਹਨ। ਅੱਖਾਂ, ਕੰਨ ਅਤੇ ਜੀਭ ਨਾਲ ਬੁਰਾ ਵੇਖਣ, ਸੁਣਨ ਅਤੇ ਬੋਲਣ ਨਾਲ ਸੂਤਕ ਹੁੰਦਾ ਹੈ, ਦੂਜਾ ਇਹਨਾਂ ਦੀ ਹਰਕਤ ਨਾਲ ਕਿੰਨੇ ਜੀਵ ਮਰਦੇ ਹਨ। ਇਥੋਂ ਤਕ ਕਿ ਮਨੁਖ ਦੀ ਰਸੋਈ ਵਿਚ ਵੀ ਸੂਤਕ ਹੁੰਦਾ ਹੈ ਕਿਉਂਕਿ ਬਾਲਣ ਵਿਚ ਕਿੰਨੇ ਜੀਵ ਮਰ ਜਾਂਦੇ ਹਨ। ਖਾਣ ਵਾਲੇ ਪਦਾਰਥਾਂ ਵਿਚ ਵੀ ਕਿੰਨੇ ਜੀਵ ਹੁੰਦੇ ਹਨ, ਜੋ ਖਾਣਾ ਪਕਾਉਣ ਵੇਲੇ ਮਰ ਜਾਂਦੇ ਹਨ। ਅਸਲ

---

[134] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਦੂਜਾ), ਪੰਨਾ 571-72

ਗੱਲ ਤਾਂ ਇਹ ਹੈ ਕਿ ਸੂਤਕ ਜੀਵਾਂ ਦੇ ਜੰਮਣ ਮਰਨ ਨਾਲ ਨਹੀਂ ਹੁੰਦਾ, ਸਗੋਂ ਵਿਕਾਰਾਂ ਅਤੇ ਬੁਰਾਈਆਂ ਵਿਚ ਹੁੰਦਾ ਹੈ। ਸੂਤਕ ਕੇਵਲ ਤੇ ਕੇਵਲ ਗਿਆਨ ਰਾਹੀਂ ਹੀ ਉਤਰ ਸਕਦਾ ਹੈ। ਇਸ ਸੂਤਕ ਤੋਂ ਕੇਵਲ ਉਹ ਹੀ ਮੁਕਤ ਹੋ ਸਕਦਾ ਹੈ, ਜੋ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਹਿਰਦੇ ਵਿਚ ਉਸ ਦੀ ਵੀਚਾਰ ਕਰਦਾ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
...............................................................
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥੩॥[135]

ਗੁਰਬਾਣੀ ਵਿਚ ਮ੍ਰਿਤਕ ਸਰੀਰ ਨੂੰ ਸਮੇਟਣ ਲਈ ਵਖ-ਵਖ ਧਰਮਾਂ ਵਿਚ ਵਰਤੇ ਜਾਂਦੇ ਵਖ ਵਖ ਢੰਗਾਂ ਦਾ ਖੰਡਨ ਕਰਦਿਆਂ ਕਿਹਾ ਗਿਆ ਹੈ ਕਿ ਮਨੁਖ ਮ੍ਰਿਤਕ ਹੋ ਚੁਕੇ ਸਰੀਰ ਨੂੰ ਹੀ ਤਰ੍ਹਾਂ ਤਰ੍ਹਾਂ ਦੇ ਵਹਿਮਾਂ ਭਰਮਾਂ ਵਿਚ ਉਲਝ ਕੇ ਉਸਦੇ ਅੰਤਿਮ ਸੰਸਕਾਰ ਵਿਚ ਲਗਿਆ ਰਹਿੰਦਾ ਹੈ। ਕੋਈ ਦੱਬਦਾ ਹੈ, ਕੋਈ ਸਾੜਦਾ ਹੈ ਅਤੇ ਕੋਈ ਜਲ-ਪ੍ਰਵਾਹ ਕਰਦਾ ਹੈ, ਪਰ ਕਿਸੇ ਨੂੰ ਵੀ ਆਤਮਾ (ਅਸਲੀ ਤਤ) ਬਾਰੇ ਗਿਆਨ ਨਹੀਂ ਕਿ ਇਹ ਮੌਤ ਉਪਰੰਤ ਕਿਥੇ ਜਾ ਕੇ ਸਮਾਅ ਜਾਂਦੀ ਹੈ :

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥[136]

ਮ੍ਰਿਤਕ ਦੇਹ ਤਾਂ ਮਿੱਟੀ ਹੈ। ਜੇਕਰ ਕੋਈ ਉਸ ਉਤੇ ਚੰਦਨ ਦਾ ਲੇਪ ਕਰੇ ਜਾਂ ਚੰਦਨ ਦੀ ਚਿਖਾ ਵਿਚ ਸਾੜੇ ਤਾਂ ਉਸ ਨੂੰ ਕੋਈ ਲਾਭ ਨਹੀਂ ਅਤੇ ਜੇਕਰ ਉਸ ਨੂੰ ਗੰਦ ਮੰਦ ਵਿਚ ਰੋਲ ਦਿਤਾ ਜਾਵੇ ਤਾਂ ਵੀ ਉਸ ਦਾ ਕੁਝ ਵਿਗੜਦਾ ਨਹੀਂ।

ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥[137]

ਗੁਰਮਤਿ ਵਿਚ ਸਸਕਾਰ ਕਰਨ ਲਈ ਕੋਈ ਨਿਸ਼ਚਿਤ ਵਿਧਾਨ ਨਹੀਂ ਹੈ। ਸਹੂਲਤ ਅਨੁਸਾਰ ਕਿਸੇ

---

[135] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.

[136] ਉਹੀ, ਪੰਨਾ 648.

[137] ਉਹੀ, ਪੰਨਾ 1160.

ਤਰ੍ਹਾਂ ਵੀ ਮੁਰਦੇ ਸਰੀਰ ਨੂੰ ਦੱਬਿਆ, ਸਾੜਿਆ, ਜਲ-ਪ੍ਰਵਾਹ ਕੀਤਾ ਜਾ ਸਕਦਾ ਹੈ। ਗੁਰਮਤ ਅਨੁਸਾਰ ਸਸਕਾਰਨ ਵੇਲੇ ਹੇਠ ਲਿਖਿਆ ਸ਼ਬਦ ਪੜ੍ਹਨਾ ਚਾਹੀਦਾ ਹੈ:

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ

ੴ ਸਤਿਗੁਰ ਪ੍ਰਸਾਦਿ ॥

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥

ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥

ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥

ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥

ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥

ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥

ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥

ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥

ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥

ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥

ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥

ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥

ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥[138]

ਸਾਨੂੰ ਲਗਦਾ ਹੈ ਕਿ ਕੋਈ ਪ੍ਰਾਣੀ ਮਰ ਗਿਆ ਹੈ। ਅਸਲ ਵਿਚ ਇਹ ਸੂਖਮ ਅਤੇ ਸਥੂਲ ਤਤਾਂ ਦਾ ਵਿਯੋਗ ਹੈ। ਆਤਮਾ ਆਪਣੇ ਮੂਲ ਵਿਚ ਸਮਾ ਜਾਂਦੀ ਹੈ ਜਾਂ ਨਵਾਂ ਸਰੀਰ ਧਾਰਨ ਕਰ ਲੈਂਦੀ ਹੈ ਅਤੇ ਭੌਤਿਕ ਤਤ ਵੀ ਆਪਣੇ ਆਪਣੇ ਤਤਾਂ ਵਿਚ ਜਾ ਰਲਦੇ ਹਨ। ਇਸ ਲਈ ਰੋਣਾ ਵਿਅਰਥ ਹੈ। ਰੋਣ ਵਾਲੇ ਆਪਣੇ ਆਪ ਨੂੰ ਇਸ ਦੁਨੀਆਂ ਵਿਚ ਸਥਿਰ ਸਮਝਦੇ ਹਨ। ਉਹ ਇਹ ਨਹੀਂ ਜਾਣਦੇ ਕਿ ਅਸੀਂ ਵੀ ਇਕ ਦਿਨ ਮਰਨਾ ਹੈ। ਇਹ ਪਰਮਾਤਮਾ ਦੀ ਚਲਾਈ ਹੋਈ ਖੇਡ ਹੈ। ਇਸ ਗੱਲ ਦੀ ਵੀਚਾਰ ਗੁਰਮੁਖਾਂ ਨਾਲ ਮਿਲ ਕੇ ਕੀਤੀ ਜਾਵੇ ਕਿ ਮਰਦਾ ਕੌਣ ਹੈ। ਗੁਰੂ ਦੀ ਕਿਰਪਾ ਨਾਲ ਹੀ ਇਹ ਭਰਮ ਦੂਰ ਹੋ ਸਕਦਾ ਹੈ ਕਿ ਕੋਈ ਜੰਮਦਾ ਮਰਦਾ ਨਹੀਂ ਕਿਉਂਕਿ ਆਤਮਾ ਅਮਰ ਹੈ। ਸਰੀਰ ਹੀ ਨਾਸ਼ ਹੁੰਦਾ ਹੈ:

ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥

ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥

ਕਉਨੁ ਮੂਆ ਰੇ ਕਉਨੁ ਮੂਆ ॥

ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥

ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥

ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥

ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥

ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥

ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥[139]

ਗੁਰਮਤਿ ਵਿਚ ਸੋਹਿਲਾ ਪਰਮਾਤਮਾ ਦੀ ਉਸਤਤ ਵਿਚ ਪੜ੍ਹਿਆ ਜਾਂਦਾ ਹੈ ਅਤੇ ਇਸ ਵਿਚ ਮਨੁਖ ਨੂੰ ਪਰਲੋਕ ਜਾਣ ਦੀ ਅਟਲਤਾ ਦੱਸਣ ਅਤੇ ਜੀਵਨ ਨੂੰ ਸਫਲ ਬਣਾਉਣ ਦੀ ਸਿਖਿਆ ਦਿਤੀ ਗਈ ਹੈ।

ਸ਼ਰਾਧ ਬਾਰੇ ਗੁਰਮਤਿ ਦਾ ਵੀਚਾਰ ਹੈ ਕਿ ਜਿਉਂਦੇ ਮਾਂ ਪਿਓ ਦੀ ਸੇਵਾ ਕਰਨੀ ਚਾਹੀਦੀ ਹੈ। ਮਰਨ

---

138 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 579.

139 ਉਹੀ, ਪੰਨਾ 885.

ਤੋਂ ਬਾਅਦ ਸਭ ਕੁਝ ਪੁਰੋਹਿਤਾਂ ਕੋਲ ਹੀ ਜਾਂਦਾ ਹੈ ਜਾਂ ਕਾਂ ਕੁਤੇ ਹੀ ਖਾਂਦੇ ਹਨ ਪਿਤਰਾਂ ਤਕ ਕੁਝ ਨਹੀਂ ਪੁਜਦਾ। ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਪੂਜੇ ਜਾਂਦੇ ਹਨ ਅਤੇ ਉਹਨਾਂ ਦੀ ਪੂਜਾ ਲਈ ਜਿਉਂਦੇ ਜੀਵਾਂ ਦੀ ਬਲੀ ਦਿੱਤੀ ਜਾਂਦੀ ਹੈ। ਅਜਿਹੇ ਪਿਤਰਾਂ ਦਾ ਕੀ ਫਾਇਦਾ ਜੋ ਮੰਗ ਕੇ ਕੁਝ ਨਹੀਂ ਲੈ ਸਕਦੇ। ਜੋ ਮਰਜ਼ੀ ਦਿਤਾ ਜਾਵੇ, ਉਸੇ 'ਤੇ ਹੀ ਰੀਝ ਜਾਂਦੇ ਹਨ। ਜਿਹੜੇ ਆਪਣੀ ਕੋਈ ਮਰਜ਼ੀ ਨਹੀਂ ਕਰ ਸਕਦੇ। ਉਹ ਆਪਣੀ ਸ਼ਰਾਧ ਕਰਨ ਵਾਲੀ ਪੀੜ੍ਹੀ ਦਾ ਕੀ ਸਵਾਰਨਗੇ:

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥
ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥੨॥[140]

ਭਾਈ ਸੁਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਕਾਲ ਚਲਾਣੇ ਸਮੇਂ ਹੁਕਮ ਕੀਤਾ ਕਿ ਜੋ ਉਹਨਾਂ ਤੋਂ ਬਾਅਦ ਰੋਵੇਗਾ, ਉਹ ਦੋਹਾਂ ਜਹਾਨਾਂ ਵਿਚ ਦੁਖ ਪਾਵੇਗਾ। ਰੋਣ ਦੀ ਥਾਂ 'ਤੇ ਬਾਣੀ ਦਾ ਕੀਰਤਨ ਕੀਤਾ ਜਾਵੇ:

ਜੋ ਹਮ ਕੋ ਰੋਵੈਗਾ ਕੋਈ। ਈਤ ਊਤ ਤਾਂਕੋ ਦੁਖ ਹੋਈ।
ਕੀਰਤਨ ਕਥਾ ਸੁ ਗਾਵਹੁ ਬਾਨੀ। ਇਹੈ ਮੋਰ ਸਿਖਯਾ ਸੁਨਿ ਕਾਨੀ॥੫॥[141]

ਸਿਖ ਰਹਿਤ ਮਰਿਆਦਾ ਵਿਚ ਮ੍ਰਿਤਕ ਸੰਸਕਾਰ ਬਾਰੇ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ:

"ੳ) ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ''ਵਾਹਿਗੁਰੂ' ਕਰਨਾ।

ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ, ਪਿੱਟਣਾ, ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ।ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

---

140 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 332.

141 ਸੁੱਖਾ ਸਿੰਘ, ਗੁਰ ਬਿਲਾਸ ਪਾਤਿਸ਼ਾਹੀ 10, ਅਧਿਆਇ 29.

ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਸ਼ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨ ਕੀਤੇ ਜਾਣ।ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ । ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਕ) ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ,ਪਿੰਡ, ਕਿਰਿਆ, ਸਰਾਧ, ਬੁਢਾ,ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।"[142]

## 3.3 ਲੋਕ ਕਾਵਿ ਰੂਪ :

ਲੋਕ ਕਾਵਿ ਰੂਪ ਕਿਸੇ ਸਭਿਆਚਾਰ ਦੇ ਲੋਕਾਂ ਦੇ ਜ਼ਿਹਨ ਵਿਚ ਡੂੰਘੇ ਸਮਾਏ ਹੁੰਦੇ ਹਨ। ਇਹ ਕਿਸੇ ਲੋਕ ਸਮੂਹ ਦੇ ਸਭਿਆਚਾਰ ਦਾ ਮੁਹਾਂਦਰਾ ਪੇਸ਼ ਕਰਦੇ ਹਨ। ਇਹਨਾਂ ਤੋਂ ਕਿਸੇ ਲੋਕ ਸਮੂਹ ਨੂੰ ਆਪਣੇ

[142] ਸਿੱਖ ਰਹਿਤ ਮਰਯਾਦਾ, ਪੰਨੇ 25-26

ਸਭਿਆਚਾਰ ਬਾਰੇ ਜਾਗਰੂਕਤਾ ਮਿਲਦੀ ਹੈ। ਇਸੇ ਕਰ ਕੇ ਗੁਰੂ ਸਾਹਿਬਾਨ ਨੇ ਇਹਨਾਂ ਲੋਕ ਰੂਪਾਂ ਵਿਚ ਬਾਣੀ ਰਚ ਕੇ ਲੋਕਾਈ ਨੂੰ ਅਧਿਆਤਮਕ ਦੇ ਨਾਲ ਨਾਲ ਸਭਿਆਚਾਰਕ ਗਿਆਨ ਵੀ ਦਿਤਾ ਹੈ। ਲੋਕ-ਕਾਵਿ ਰੂਪਾਂ ਦੀ ਮਹਤਤਾ ਹੀ ਇਹਨਾਂ ਦੀ ਚੋਣ ਦਾ ਮੁਖ ਕਾਰਨ ਸੀ। ਡਾ. ਤਾਰਨ ਸਿੰਘ ਅਨੁਸਾਰ, "ਤਰੀਕਾ ਬੁਨਿਆਦੀ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰ ਪੈਦਾ ਕਰਨ ਲਈ ਅੱਜ-ਕੱਲ੍ਹ ਵਾਲਾ ਹੀ ਵਰਤਿਆ ਗਿਆ ਹੈ। ਭਾਵ ਰਾਗ ਨੂੰ ਅਪਣਾਇਆ ਗਿਆ ਹੈ ਤੇ ਰਾਗ ਮਧੁਰਤਾ ਹੈ। ਦੂਜੇ ਲੋਕ-ਕਾਵਿ ਰੂਪ ਹੀ ਅਪਣਾਏ ਹਨ-ਘੋੜੀਆਂ, ਅਲਾਹਣੀਆਂ, ਬਾਰਹਮਾਹਾ, ਵਾਰਾਂ, ਵਣਜਾਰਾ, ਕਰਹਲੇ, ਪਹਿਰੇ, ਸੁਚਜੀ, ਕੁਚਜੀ ਆਦਿ। ਪਰ ਫ਼ਰਕ ਇਸ ਗੱਲ ਵਿਚ ਹੈ ਕਿ ਜੋ 'ਗਿਆਨ' ਜਾਂ 'ਪ੍ਰਕਾਸ਼' ਇਨ੍ਹਾਂ ਕਾਵਿ-ਵੰਨਗੀਆਂ ਤੇ ਰਾਗਾਂ ਵਿਚ ਪਾਇਆ ਗਿਆ ਹੈ ਉਹ ਲੋਕ-ਗੀਤਾਂ ਵਿਚ ਨਹੀਂ ਹੈ ਤੇ ਉਹ ਹੀ ਸ੍ਰੇਸ਼ਟਾਚਾਰ ਦਾ ਮੂਲ ਹੈ"।[143] ਭਾਰਤੀ ਸਾਹਿਤ ਵਿਚ ਪਹਿਲੇ ਦੋ ਨਿਖੜਵੀਆਂ ਧਾਰਾਵਾਂ ਚਲਦੀਆਂ ਸਨ- ਇਕ ਖੁਸ਼ਕ ਆਤਮ ਗਿਆਨ ਦੀ ਚਰਚਾ ਵਿਚ ਮਸ਼ਰੂਫ ਸੀ ਤੇ ਦੂਜੀ ਨਾਇਕ ਨਾਇਕਾ ਭੇਦ ਦੇ ਵੇਗ ਵਿਚ ਖਚਤ ਸੀ। ਨਾਨਕ ਬਾਣੀ ਨੇ 'ਸੱਚ' ਤੇ 'ਸੁੰਦਰ' ਦੋਹਾਂ ਨੂੰ ਮੇਲ ਕੇ 'ਪਰਮ-ਆਨੰਦ ਦੀਆਂ ਸੁਰਾਂ ਛੇੜੀਆਂ।[144] ਗੁਰੂ ਸਾਹਿਬਾਨ ਨੇ ਇਹਨਾਂ ਕਾਵਿ ਰੂਪਾਂ ਦਾ ਰੁਖ ਸੰਸਾਰ ਤੋਂ ਕਰਤਾਰ ਵਲ ਕੀਤਾ ਅਤੇ ਦਸਹਾਂ ਧਾਰਾਵਾਂ ਦਾ ਮੇਲ ਕਰਕੇ ਮਧ ਮਾਰਗ ਸਥਾਪਿਤ ਕੀਤਾ। ਗੁਰਬਾਣੀ ਵਿਚ ਕਈ ਕਾਵਿ ਰੂਪ ਰਚੇ ਗਏ ਹਨ। ਡਾ. ਮਹਿੰਦਰ ਕੌਰ ਗਿੱਲ ਨੇ ਇਹਨਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੈ:

"1. **ਅਨੁਸ਼ਠਾਨਿਕ:** ਇਸਦੇ ਅੰਤਰਗਤ ਜਨਮ, ਵਿਆਹ, ਮਰਣ ਸਮੇਂ ਦੇ ਗੀਤ ਆਉਦੇ ਹਨ। ਆਦਿ ਗ੍ਰੰਥ ਵਿਚ ਅਜੇਹੇ ਰੂਪ ਹਨ : ਸੋਹਿਲਾ, ਘੋੜੀਆਂ, ਲਾਵਾਂ, ਅੰਜੁਲੀਆਂ, ਅਲਾਹੁਣੀਆਂ ਸਦ ਤੇ ਮੁੰਦਾਵਣੀ।
2. **ਤਿਥੀ ਵਾਰਕ:** ਇਸਦੇ ਅਧੀਨ ਕਿਸੇ ਪੁਰਬ, ਤਿਉਹਾਰ, ਤਿੱਥੀ, ਮਹੀਨੇ ਤੇ ਰੁਤ ਨਾਲ ਸੰਬੰਧਿਤ ਗੀਤ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਰੂਪ ਹਨ: ਪਹਿਰੇ, ਦਿਨ ਰੈਣਿ, ਵਾਰਸਤ, ਥਿਤੀ, ਰੁਤੀ ਤੇ ਬਾਰਾਂ ਮਾਹ।
3. **ਸਤੁਤੀ ਆਤਮਕ:** ਇਸ ਸਿਰਲੇਖ ਹੇਠ ਉਂਞ ਤਾਂ ਸਾਰਾ ਗੁਰੂ ਗ੍ਰੰਥ ਸਾਹਿਬ ਵੀ ਆ ਜਾਦਾ ਹੈ, ਪਰ ਵਿਸ਼ੇਸ਼ ਕਰਕੇ 'ਆਰਤੀ, ਸੋਦਰੁ ਤੇ ਸੋ ਪੁਰਖ ਕਾਵਿ ਰੂਪ ਆਉਂਦੇ ਹਨ।
4. **ਯਾਤਰਾ ਗੀਤ:** ਇਹ ਗੀਤ ਯਾਤਰਾ ਕਰਦੇ ਸਮੇਂ ਗਾਏ ਜਾਂਦੇ ਹਨ। ਇਹਨਾਂ ਦਾ ਮੂਲ ਉਦੇਸ਼ ਰਾਹ ਦੀਆਂ ਪਰੇਸ਼ਾਨੀਆਂ, ਥਕਾਵਟ ਤੇ ਮਾਨਸਿਕ ਵਿਕਾਰਾਂ ਤੋਂ ਆਪਣੇ ਆਪ ਨੂੰ ਸੁਚੇਤ ਪਧਰ ਉਪਰ

---

143 ਡਾ. ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 36.

144 ਪ੍ਰੋ. ਪਿਆਰਾ ਸਿੰਘ ਪਦਮ ਗੁਰੂ ਨਾਨਕ ਸਾਗਰ, ਪੰਨੇ 52-53.

ਪਹੁੰਚਾਉਣਾ ਹੈ। ਯਾਤਰਾ ਗੀਤ ਉਦਯੋਗਿਕ ਗੀਤਾਂ ਦੀ ਹੀ ਕਿਸਮ ਹਨ। ਉਦਯੋਗਿਕ ਗੀਤ ਆਮ ਤੌਰ ‘ਤੇ ਕੰਮ ਕਰਦੇ ਸਮੇਂ ਗਾਏ ਜਾਂਦੇ ਹਨ। ਆਦਿ ਗ੍ਰੰਥ ਵਿਚ ਅਜੇਹੇ ਦੋ ਰੂਪ ਹਨ: ਕਰਹਲੇ ਤੇ ਵਣਜਾਰਾ।

5. **ਲੋਕ ਮੁਹਾਵਰਾ ਬੋਧਕ:** ਇਹ ਅਜੇਹੇ ਰੂਪ ਹਨ ਜਿਨ੍ਹਾਂ ਵਿਚ ਲੋਕ ਮੁਹਾਵਰੇ ਦੀ ਵਿਸ਼ੇਸ਼ ਝਲਕ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜੇਹੇ ਚਾਰ ਰੂਪ ਹਨ: ਕੁਚਜੀ, ਸੁਚਜੀ, ਗੁਣਵੰਤੀ ਤੇ ਬਿਰਹੜੇ।[145]

ਹੇਠਾਂ ਇਹਨਾਂ ਸਾਰੇ ਲੋਕ ਕਾਵਿ ਰੂਪਾਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ-

### 3.3.1 ਅਨੁਸ਼ਠਾਨਿਕ

ਲੋਕ ਮਾਨਸ ਦੀ ਦ੍ਰਿਸ਼ਟੀ ਤੋਂ ਅਨੁਸ਼ਠਾਨ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮ-ਕਾਂਡਾਂ, ਰਹੁਰੀਤਾਂ, ਪੂਜਾ-ਵਿਧੀਆਂ, ਪ੍ਰਥਾਵਾਂ, ਵਰਤਾਂ ਤੇ ਸੰਸਕਾਰਾਂ ਆਦਿ ਦਾ ਸਮੂਹ ਹੈ। ਇਸ ਤਰ੍ਹਾਂ ਧਾਰਮਿਕ ਵਿਸ਼ਵਾਸਾਂ, ਦੇਵੀ-ਦੇਵਤਿਆਂ ਦੀ ਅਰਾਧਨਾ, ਉਹਨਾਂ ਦੀ ਕਰੋਪੀ ਦੁਆਰਾ ਡੰਨ ਅਤੇ ਕ੍ਰਿਪਾ ਦ੍ਰਿਸ਼ਟੀ ਜਾਂ ਮਿਹਰ ਰਾਹੀਂ ਚੰਗੇ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ, ਉਨ੍ਹਾਂ ਨੂੰ ਰਿਝਾਉਣ ਲਈ ਭਿੰਨ-ਭਿੰਨ ਵਿਧੀਆਂ ਅਤੇ ਪਹੁੰਚੇ ਹੋਏ ਮਹਾਂਪੁਰਸ਼ਾਂ ਤੇ ਅਵਤਾਰਾਂ ਪ੍ਰਤਿ ਸਾਡੀ ਸ਼ਰਧਾ ਦੇ ਕਈ ਉਤਸਵਾਂ, ਤਿਉਹਾਰਾਂ ਤੇ ਮੇਲਿਆਂ ਆਦਿ ਨੂੰ ਜਨਮ ਦਿੱਤਾ। ਮੱਸਿਆ, ਪੁੰਨਿਆ, ਸੰਗਰਾਂਦ, ਦੁਸਹਿਰਾ, ਦੀਵਾਲੀ, ਨੋਰਾਤੇ, ਸ਼ਰਾਧ, ਲੋਹੜੀ, ਮਾਘੀ, ਬਸੰਤ-ਪੰਚਮੀ, ਹੋਲੀ, ਕਰਵਾ-ਚੌਥ, ਗੁਰਪੁਰਬ ਅਤੇ ਹੋਰ ਕਈ ਅਵਸਰਾਂ ਨਾਲ ਸਾਡੀ ਧਾਰਮਿਕ ਭਾਵਨਾ ਜੁੜੀ ਹੋਈ ਹੈ। ਇਹੀ ਭਾਵਨਾ ਲੋਕ ਧਰਮ ਦੀ ਜਨਮਤ ਹੈ। ਵਧੇਰੇ ਕਰਕੇ ਅਸੀਂ ਲੋਕਧਰਮ ਨੂੰ ਹੀ ਜੀਵਨ ਦਾ ਆਧਾਰ ਬਣਾਇਆ ਹੋਇਆ ਹੈ। ਲੋਕ ਧਰਮ ਵਿਚ ਨਰਕ-ਸੁਰਗ, ਚੌਰਾਸੀ ਲੱਖ ਜੂਨ, ਸ਼ਰਾਧ ਸੁਖਣਾ, ਮਨੌਤਾਂ, ਚੜਾਵੇ, ਵਰਤ, ਤੀਰਥ-ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਦਰ-ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ-ਪਾਠ, ਜੰਤਰ-ਮੰਤਰ, ਸ਼ਗਨ-ਅਪਸ਼ਗਨ ਯਾਮਲ ਹਨ। ਇਸ ਤਰ੍ਹਾਂ ਲੋਕ ਧਰਮ, ਅਨੁਸ਼ਠਾਨ ਦਾ ਹੀ ਪ੍ਰਤਿਰੂਪ ਹੈ।[146]

**ਸੋਹਿਲਾ** “ਖੁਸ਼ੀ ਅਤੇ ਮੰਗਲ ਦੇ ਗੀਤ ਜਿਨ੍ਹਾ ਵਿਚ ਕਿਸੇ ਦੀ ਮਹਿਮਾ ਤੇ ਜਸ ਗਾਇਨ ਹੋਵੇ। ਸੋਹਿਲਾ ਸ਼ਬਦ ਸੁਹੇਲਾ— ਸੁ(ਸ੍ਰੇਸ਼ਟ) ਹੇਲਾ(ਖੇਡ) ਦੇ ਸੰਜੋਗ ਤੋਂ ਬਣਿਆ ਜਾਪਦਾ ਹੈ ਅਤੇ ਇਹ ਪਦ ਉਨ੍ਹਾਂ ਮੰਗਲਾਂ ਲਈ ਰੂੜ੍ਹ ਹੋ ਗਿਆ ਹੈ ਜਿਨ੍ਹਾਂ ਵਿਚ ਕਿਸੇ ਸ਼ਖਸ਼ ਦੀ ਸ਼ੋਭਾ ਹੋਵੇ।.......... ਸੋਹਿਲੇ ਦੋ ਵਿਸ਼ੇਸ਼ ਮੰਗਲ ਮੌਕਿਆਂ ਓਪਰ ਗਾਏ ਜਾਂਦੇ ਹਨ ਇਕ ਤਾਂ ਬੱਚੇ ਦੇ ਜਨਮ ਦੇ ਸਮੇਂ, ਦੂਜਾ ਕੁੜਮਾਈ ਤੇ ਵਿਆਹ ਸਮੇਂ।” ਕੁੜੀ ਦੇ

---

145 ਡਾ. ਮਹਿੰਦਰ ਕੌਰ ਗਿਲ, ਬਾਣੀ ਸਾਰ, ਪੰਨਾ 136.

146 ਡਾ. ਜਸਬੀਰ ਕੌਰ(ਸੰਪਾ.), ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦਾ ਯੁੱਗ, ਪੰਨਾ 75.

ਵਿਆਹ ਵੇਲੇ ਸੋਹਿਲੇ ਰਾਤ ਨੂੰ ਗਾਏ ਜਾਂਦੇ ਹਨ। ਇਸ ਵਿਚ ਖੁਸ਼ੀ ਅਤੇ ਉਦਾਸੀ ਜਾਂ ਦੁਖ ਦੋਹਾਂ ਦਾ ਸੁਮੇਲ ਹੁੰਦਾ ਹੈ। ਖੁਸ਼ੀ ਇਸ ਗੱਲ ਦੀ ਹੁੰਦੀ ਹੈ ਕਿ ਕੁੜੀ ਦਾ ਆਪਣੇ ਸਹੁਰੇ ਪਰਿਵਾਰ ਅਤੇ ਪਤੀ ਨਾਲ ਮਿਲਾਪ ਹੁੰਦਾ ਹੈ ਅਤੇ ਦੁਖ ਇਸ ਗੱਲ ਦਾ ਹੁੰਦਾ ਹੈ ਕਿ ਪੇਕੇ ਪਰਿਵਾਰ, ਮਾਂ ਬਾਪ ਤੇ ਭੈਣ ਭਰਾਵਾਂ ਅਤੇ ਸਹੇਲੀਆਂ ਆਦਿਕ ਤੋਂ ਵਿਛੜ ਜਾਂਦੀ ਹੈ। ਵਿਛੋੜੇ ਦੇ ਗੀਤ ਗਾ ਕੇ ਪੀੜਾ ਦਾ ਇਜ਼ਹਾਰ ਕੀਤਾ ਜਾਂਦਾ ਹੈ। ਸਿਆਣੀਆਂ ਔਰਤਾਂ ਵਲੋਂ ਅਸੀਸ ਭਰੇ ਸੋਹਿਲੇ ਗਾਏ ਜਾਦੇ ਹਨ, ਜਿਹਨਾਂ ਵਿਚ ਕੁੜੀ ਨੂੰ ਸਹੁਰੇ ਘਰ ਸੁਖੀ ਵਸਣ ਦੀ ਅਸੀਸ ਦਿਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਸੋਹਿਲਾ ਬਾਣੀ ਹੇਠ ਪੰਜ ਸ਼ਬਦ ਲਏ ਹਨ। ਇਹ ਬਾਣੀ ਜੀਵ ਇਸਤਰੀ ਨੂੰ ਸੰਬੋਧਿਤ ਹੈਜਿਸ ਦਸ ਕੰਤ ਪਰਮਾਤਮਾ ਹੈ। ਪਹਿਲੇ ਸ਼ਬਦ ਵਿਚ ਦੱਸਿਆ ਗਿਆ ਹੈ ਕਿ ਜਿਸ ਤਰ੍ਹਾਂ ਕੁੜੀ ਦੇ ਵਿਆਹ ਵਾਲੇ ਘਰ ਸੋਹਿਲੇ ਗਾਏ ਜਾਂਦੇ ਹਨ, ਉਸੇ ਤਰ੍ਹਾਂ ਜੀਵ ਇਸਤਰੀ ਨੂੰ ਵੀ ਸਤਸੰਗਤ ਰੂਪੀ ਘਰ ਵਿਚ ਜਾ ਕੇ ਪਰਮਾਤਮਾ ਦੀ ਸਿਫਤ ਰੂਪੀ ਸੋਹਿਲੇ ਗਾਏ ਜਾਣੇ ਚਾਹੀਦੇ ਹਨ ਤਾਂ ਹੀ ਉਸਦਾ ਪਰਮਾਤਮਾ ਰਪੀ ਕੰਤ ਨਾਲ ਮਿਲਾਪ ਹੋ ਸਕਦਾ ਹੈ। ਜਿਸ ਤਰ੍ਹਾ ਵਿਆਹ ਦਾ ਸਾਹਾ ਕਢਵਾਇਆ ਜਾਂਦਾ ਹੈ। ਅਤੇ ਦਿਨ ਮੁਕਰਰ ਕੀਤਾ ਜਾਂਦਾ ਹੈ। ਉਸੇ ਤਰ੍ਹਾਂ ਜੀਵ ਇਸਤਰੀ ਦੇ ਵਿਆਹ ਭਾਵ ਮੌਤ ਦਾ ਸਾਹਾ ਪਰਮਾਤਮਾ ਵਲੋਂ ਪਹਿਲਾਂ ਹੀ ਨਿਸ਼ਚਿਤ ਕੀਤਾ ਹੁੰਦਾ ਹੈ। ਇਸ ਕਰਕੇ ਜੀਵ ਇਸਤਰੀ ਨੂੰ ਸਤਸੰਗਤ ਵਿਚ ਜਾ ਕੇ ਅਰਜ਼ੋਈ ਕਰਨੀ ਚਾਹੀਦੀ ਹੈ ਕਿ ਉਸ ਨੂੰ ਪਰਮਾਤਮਾ ਨਾਲ ਵਿਆਹ ਰਚਾਉਣ ਲਈ ਮਾਂਈਏ ਪਾਇਆ ਜਾਵੇ ਅਤੇ ਸੰਤ ਜਨ ਉਸ ਨੂੰ ਅਸੀਸ ਦੇਣ ਤਾਂ ਕਿ ਉਸਦਾ ਪ੍ਰਭੂ ਕੰਤ ਨਾਲ ਮਿਲਾਪ ਹੋ ਜਾਵੇ।

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥[147]

ਦੂਜੇ ਸ਼ਬਦ ਵਿਚ ਵਖ ਵਖ ਉਦਾਹਰਨਾਂ ਦੇ ਕੇ ਅਨੇਕਤਾ ਵਿਚ ਪਰਮਾਤਮਾ ਦੀ ਏਕਤਾ ਦਰਸਾਈ ਹੈ। ਰਹਾਉ ਦੀਆਂ ਪੰਕਤੀਆਂ ਵਿਚ ਕਿਹਾ ਗਿਆ ਹੈ ਕਿ ਸਤਸੰਗ ਰੂਪੀ ਘਰ ਨੂੰ ਸਾਂਭ ਕੇ ਰਖਣਾ ਚਾਹੀਦਾ ਹੈ, ਜਿਥੇ ਪਰਮਾਤਮਾ ਦੀ ਸਿਫ਼ਤ ਹੁੰਦੀ ਹੈ। ਤੀਜੇ ਸ਼ਬਦ ਵਿਚ ਪਰਮਾਤਮਾ ਦੀ ਕੁਦਰਤ ਵਲੋਂ ਹੋ ਰਹੀ ਸੱਚੀ ਆਰਤੀ ਦਾ ਵਰਣਨ ਕੀਤਾ ਗਿਆ ਹੈ। ਇਸ ਸ਼ਬਦ ਵਿਚ ਪਰਮਾਤਮਾ ਦੀ ਅਰਾਧਨਾ ਕਰਨ ਦੇ ਸਹੀ ਢੰਗ ਬਾਰੇ ਦੱਸਿਆ ਗਿਆ ਹੈ। ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਵਿਚ ਵਸਦਾ ਦਿਖਾਇਆ ਗਿਆ ਹੈ। ਗੁਰੂ ਦੀ ਸ਼ਰਣ ਵਿਚ ਜਾ ਕੇ ਅਤੇ ਉਸਦੀ ਮਿਹਰ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਚੌਥੇ ਸ਼ਬਦ

[147] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 12.

ਦੀਆਂ ਰਹਾਉ ਦੀਆਂ ਪੰਕਤੀਆਂ ਵਿਚ ਸੰਤ ਜਨਾਂ ਦੀ ਮਹਿਮਾ ਦਾ ਵਖਿਆਨ ਕੀਤਾ ਗਿਆ ਹੈ, ਜਿਹਨਾਂ ਦੀ ਸੰਗਤ ਸਦਕਾ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਨੂੰ ਸਦਾ ਝੁਕ ਝੁਕ ਕੇ ਨਸਮਕਾਰ ਕਰਨੀ ਚਾਹੀਦੀ ਹੈ। ਸਰੀਰ ਵਿਕਾਰਾਂ ਦਾ ਭਰਿਆ ਹੈ ਅਤੇ ਹਉਮੈਂ ਕਰਕੇ ਸਦਾ ਦੁਖ ਪਾਉਂਦਾ ਹੈ। ਜੇਕਰ ਪਿਛਲੇ ਕਰਮ ਚੰਗੇ ਹੋਣ ਤਾਂ ਗੁਰੂ ਦਾ ਮਿਲਾਪ ਹੋ ਜਾਂਦਾ ਹੈ ਅਤੇ ਪਰਮਾਤਮਾ ਦੇ ਨਾਮ ਵਿਚ ਸਮਾਈ ਹੋ ਕੇ ਜਨਮ ਮਰਨ ਦਾ ਚਕਰ ਮੁਕ ਜਾਂ ਹੈ। ਭਾਵ ਪਤੀ ਪਰਮਾਤਮਾ ਤੋਂ ਬਾਰ ਬਾਰ ਦਾ ਵਿਛੋੜਾ ਖਤਮ ਹੋ ਜਾਂਦਾ ਹੈ। ਪੰਜਵੇਂ ਸ਼ਬਦ ਵਿਚ ਗੁਰੂ ਜੀ ਕਹਿੰਦੇ ਹਨ ਕਿ ਉਮਰ ਹਰ ਪਲ ਘਟਦੀ ਜਾਂਦੀ ਹੈ। ਇਸ ਲਈ ਗੁਰੂ ਦੀ ਸ਼ਰਣ ਵਿਚ ਜਾ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਦਾ ਉਪਰਾਲਾ ਕਰਨਾ ਚਾਹੀਦਾ ਹੈ। ਸੰਸਾਰ ਸੰਸਿਆਂ ਦਾ ਭਰਿਆ ਹੈ। ਮਨੁਖ ਨੂੰ ਸੰਸਿਆਂ ਵਿਚੋਂ ਨਿਕਲ ਕੇ ਉਹ ਵਪਾਰ ਕਰਨਾ ਚਾਹੀਦਾ ਹੈ, ਜਿਸ ਲਈ ਉਹ ਸੰਸਾਰ ਵਿਚ ਆਇਆ ਹੈ। ਗੁਰੂ ਦੇ ਗਿਆਨ ਅਤੇ ਸੰਤ ਜਨਾਂ ਦੀ ਸੰਗਤ ਨਾਲ ਪਰਮਾਤਮਾ ਮਨ ਵਿਚ ਵਸ ਜਾਂਦਾ ਹੈ ਅਤੇ ਅਸਲੀ ਘਰ ਵਿਚ ਨਿਵਾਸ ਮਿਲ ਜਾਂਦਾ ਹੈ। ਇਸ ਕਰਕੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਾ ਹੀ ਚੰਗਾ ਹੈ:

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥[148]

ਸੋ ਸੋਹਿਲਾ ਸਾਹਿਬ ਦੀ ਸਮੁਚੀ ਬਾਣੀ ਵਿਚ ਜੀਵ ਇਸਤਰੀ ਦਾ ਪ੍ਰਭੂ ਪਤੀ ਨਾਲ ਮਿਲਾਪ, ਮਿਲਾਪ ਦੇ ਸਹੀ ਰਸਤੇ ਤੇ ਸਾਧਨਾ ਬਾਰੇ ਦੱਸਿਆ ਗਿਆ ਹੈ।

**ਘੋੜੀਆਂ** ਘੋੜੀਆਂ ਇਕ ਲੋਕ ਗੀਤ ਹੈ ਜੋ ਇਸਤਰੀਆਂ ਦੁਆਰਾ ਮੁੰਡੇ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਗਾਈਆਂ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ, ਪਰ ਇਸ ਦੇ ਗਾਏ ਜਾਣ ਦਾ ਅੰਤਮ ਮੌਕਾ ਜਾਂ ਸਿਖਰ ਬਰਾਤ ਦੇ ਤੁਰਨ ਵੇਲੇ ਹੁੰਦਾ ਹੈ, ਘੋੜੀ ਨੂੰ ਸਜਾ ਸ਼ਿੰਗਾਰ ਕੇ ਲਾੜੇ ਕੋਲ ਲਿਆਂਦਾ ਜਾਂਦਾ ਹੈ। ਲਾੜੇ ਦੀਆਂ ਭੈਣਾਂ ਥਾਲੀ ਵਿਚ ਛੋਲਿਆਂ ਦੀ ਦਾਲ ਪਾ ਕੇ ਘੋੜੀ ਨੂੰ ਖਵਾਉਂਦੀਆਂ ਹਨ ਅਤੇ ਵਾਂਗ ਗੁੰਦਦੀਆਂ ਹਨ। ਭਰਜਾਈ/ਭਰਜਾਈਆਂ ਸੁਰਮਾ ਪਾਉਂਦੀਆਂ ਹਨ। ਜਦੋਂ ਲਾੜਾ ਘੋੜੀ ‘ਤੇ ਚੜਦਾ ਹੈ ਤਾਂ ਭੈਣਾਂ ਅਤੇ ਹੋਰ ਇਕਠੀਆਂ ਹੋਈਆਂ ਕੁੜੀਆਂ ਸਮੂਹਿਕ ਤੌਰ ‘ਤੇ ਇਹ ਲੋਕ ਗੀਤ ਗਾਉਂਦੀਆਂ ਹਨ।

ਘੋੜੀਆਂ ਬਾਣੀ ਗੁਰੂ ਰਾਮਦਾਸ ਜੀ ਨੇ ਰਚੀ ਹੈ। ਗੁਰੂ ਜੀ ਇਸ ਬਾਣੀ ਵਿਚ ਸਰੀਰ ਨੂੰ ਇਕ ਘੋੜੀ ਦੇ ਰੂਪ ਵਿਚ ਰੂਪਮਾਨ ਕਰਦੇ ਹਨ। ਓਹਨਾਂ ਨੇ ਮਨੁਖਾ ਸਰੀਰ ਨੂੰ ਘੋੜੀ ਤਸੱਵਰ ਕਰਦਿਆਂ ਕਿਹਾ ਹੈ ਕਿ ਜੀਵ ਨੂੰ ਮਨੁਖਾ ਸਰੀਰ ਰੂਪੀ ਘੋੜੀ ਲੋਕ ਤੋਂ ਪਰਮਾਤਮਾ ਤਕ ਦਾ ਸਫ਼ਰ ਤੈਅ ਕਰਨ ਲਈ ਮਿਲੀ ਹੈ। ਇਹ

[148] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 13.

ਚੰਗੇ ਮੁਕੱਦਰਾਂ ਨਾਲ ਹੀ ਨਸੀਬ ਹੁੰਦੀ ਹੈ। ਇਹ ਦੇਹ ਸੋਹਣੀ ਹੈ, ਕਿਉਂਕਿ ਇਸ ਨਾਲ ਹੀ ਪਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਅਤੇ ਨਾਮ ਜਪ ਕੇ ਹੀ ਇਹ ਸੁੰਦਰ ਹੋ ਸਕਦੀ ਹੈ। ਚੰਗੇ ਗੁਣਾਂ ਰੂਪੀ ਕਾਠੀ ਪਾ ਕੇ ਸਰੀਰ ਰੂਪੀ ਘੋੜੀ ਨੂੰ ਗਿਆਨ ਅਤੇ ਪਰਮਾਤਮਾ ਦਾ ਪਿਆਰ ਰੂਪੀ ਚਾਬਕ ਮਾਰ ਕੇ ਵਿਕਾਰਾਂ ਵਲੋਂ ਕਾਬੂ ਕਰ ਕੇ ਰਖਿਆ ਜਾ ਸਕਦਾ ਹੈ:

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥[149]

ਜਿਸ ਜੀਵ ਇਸਤਰੀ ਦਾ ਪਰਮਾਤਮਾ ਨਾਲ ਪਿਆਰ ਪੈ ਜਾਵੇ ਤਾਂ ਉਸਦਾ ਪਰਮਾਤਮਾ ਨਾਲ ਵਿਆਹ ਰਚਾਇਆ ਜਾਂਦਾ ਹੈ। ਸਤਸੰਗੀ ਉਸਦੇ ਜਾਂਞੀ ਹੁੰਦੇ ਹਨ। ਸਤਸੰਗਤ ਰਾਹੀਂ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ ਅਤੇ ਜੀਵ ਦੇ ਅੰਦਰ ਵਿਆਹ ਦੇ ਵਾਜੇ ਵਜ ਜਾਂਦੇ ਹਨ। ਦੂਜੇ ਸ਼ਬਦ ਵਿਚ ਗੁਰੂ ਜੀ ਦ੍ਰਿੜਾਉਂਦੇ ਹਨ ਕਿ ਉਹੀ ਮਨੁਖਾ ਸਰੀਰ ਸੋਹਣਾ ਹੈ, ਜਿਸ ਵਿਚ ਪਰਮਾਤਮਾ ਨੂੰ ਮਿਲਣ ਦੀ ਜਗਿਆਸਾ ਹੈ। ਜੋ ਗੁਰੂ ਦੀ ਸ਼ਰਣ ਵਿਚ ਜਾ ਕੇ ਆਤਮਕ ਜੀਵਨ ਦਾ ਗਿਆਨ ਅਤੇ ਸਿਫ਼ਤ ਸਾਲਾਹ ਮੰਗਦੀ ਹੈ। ਜਿਸ ਨੇ ਪਰਮਾਤਮਾ ਦੇ ਨਾਮ ਰੂਪੀ ਰਤਨਾਂ ਨਾਲ ਜੜੀ ਗੁਰੂ ਦੇ ਗਿਆਨ ਰੂਪੀ ਕਾਠੀ ਆਪਣੇ ਮਨ ਨੂੰ ਪਾਈ ਹੈ, ਉਸ ਨੇ ਪਰਮਾਤਮਾ ਅਤੇ ਸਾਰੇ ਸੁਖ ਪ੍ਰਾਪਤ ਕਰ ਲਏ ਹਨ ਅਤੇ ਉਸਦਾ ਸਰੀਰ ਵੀ ਸੋਨੇ ਵਰਗਾ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਸਰੀਰ ਰੂਪੀ ਘੋੜੀ ਹੀ ਸਫ਼ਲ ਹੈ ਜੋ ਸੰਸਾਰ ਤੋਂ ਪਾਰ ਕਰਕੇ ਪਰਮਾਤਮਾ ਨਾਲ ਮਿਲਾ ਦੇਵੇ।

**ਲਾਵਾਂ** ਲਾਵਾਂ ਬਾਣੀ ਗੁਰੂ ਰਾਮਦਾਸ ਜੀ ਦੀ ਰਚਨਾ ਹੈ ਅਤੇ ਸੂਹੀ ਰਾਗ ਵਿਚ ਅੰਕਿਤ ਹੈ। ਇਸ ਬਾਣੀ ਵਿਚ ਜੀਵ ਦੇ ਅਧਿਆਤਮਕ ਪੰਧ ਦੇ ਚਾਰ ਪੜਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬਾਣੀ ਜਿਥੇ ਅਧਿਆਤਮਕ ਸੇਧ ਦਿੰਦੀ ਹੈ, ਓਥੇ ਨਾਲ ਹੀ ਸਮਾਜਕ ਸੇਧ ਵੀ ਦਿੰਦੀ ਹੈ। ਇਸ ਬਾਣੀ ਵਿਚ ਸੰਸਾਰ ਤਿਆਗ ਦੇ ਖਿਆਲ ਨੂੰ ਭੰਡ ਕੇ ਗ੍ਰਿਹਸਥ ਦੀ ਮਹਤਤਾ ਨੂੰ ਦਰਸਾਇਆ ਗਿਆ ਹੈ। ਪਹਿਲੀ ਲਾਂਵ ਦੁਆਰਾ ਗ੍ਰਿਹਸਥ ਪ੍ਰਵੇਸ਼ ਅਤੇ ਪਰਮਾਤਮਾ ਦੀ ਪ੍ਰਾਪਤੀ ਦੇ ਪੰਧ 'ਤੇ ਤੁਰਨ ਦੀ ਸ਼ੁਰੂਆਤ ਬਾਰੇ ਬਿਆਨ ਕੀਤਾ ਹੈ। ਇਸ ਵਿਚ ਪਾਪਾਂ ਔਗੁਣਾਂ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਗੁਰੂ ਦਾ ਗਿਆਨ ਗ੍ਰਹਿਣ ਕੀਤਾ ਜਾਂਦਾ ਹੈ।

---

[149] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 575.

ਪਰਮਾਤਮਾ ਦਾ ਨਾਮ ਧਿਆ ਕੇ ਹਿਰਦੇ ਵਿਚ ਵਸ ਜਾਂਦਾ ਹੈ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਦੂਜੀ ਲਾਂਵ ਵਿਚ ਪਰਮਾਤਮਾ ਦੀ ਕ੍ਰਿਪਾ ਨਾਲ ਗੁਰੂ ਦਾ ਮੇਲ ਹੋ ਜਾਂਦਾ ਹੈ। ਗੁਰੂ ਦੀ ਸਿਖਿਆ ਸਦਕਾ ਹਉਮੈਂ ਦੀ ਮੈਲ ਲਥ ਜਾਂਦੀ ਹੈ। ਵਿਕਾਰਾਂ ਹਥੋਂ ਲੁਟਿਆ ਜਾਂਦਾ ਮਨ ਦੁਨਿਆਵੀ ਡਰਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਿਰਮਲ ਭੈ ਵਿਚ ਆ ਜਾਂਦਾ ਹੈ। ਜੀਵ ਨੂੰ ਪਰਮਾਤਮਾ ਹਰ ਥਾਂ ਵਿਆਪਕ ਨਜ਼ਰ ਆਉਣ ਲਗਦਾ ਹੈ ਅਤੇ ਉਹ ਸੰਤ ਜਨਾਂ ਨਾਲ ਮਿਲ ਕੇ ਉਸਦੇ ਗੁਣ ਦੇ ਗਾਉਂਦੀ ਹੈ। ਤੀਜੀ ਲਾਂਵ ਵਿਚ ਜੀਵ ਦੇ ਹਿਰਦੇ ਵਿਚ ਪਰਮਾਤਮਾ ਦੇ ਮਿਲਾਪ ਦਾ ਵੈਰਾਗ ਪੈਦਾ ਹੋ ਜਾਂਦਾ ਹੈ। ਮਸਤਕ ਦੇ ਕਰਮ ਜਾਗਣ ਤਾਂ ਸੰਤ ਜਨਾਂ ਦੇ ਮੇਲ ਨਾਲ ਪਰਮਾਤਮਾ ਦੇ ਨਾਮ ਵਿਚ ਲਿਵ ਜੁੜ ਜਾਂਦੀ ਹੈ। ਚੌਥੀ ਲਾਂਵ ਜਾਂ ਚੌਥੇ ਪੜਾਅ ਵਿਚ ਗੁਰੂ ਦੀ ਕ੍ਰਿਪਾ ਨਾਲ ਪਰਮਾਤਮਾ ਨਾਲ ਸਦਾ ਲਈ ਲਿਵ ਜੁੜ ਜਾਂਦੀ ਹੈ, ਜਿਸ ਸਦਕਾ ਪਰਮਾਤਮਾ ਰੂਪੀ ਕੰਤ ਦਾ ਮਿਲਾਪ ਹੋ ਜਾਂਦਾ ਹੈ ਅਤੇ ਜੀਵ ਆਤਮਕ ਅਡੋਲਤਾ ਜਾਂ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਪਰਮਾਤਮਾ ਵਲੋਂ ਜੀਵ ਲਈ ਰਚਾਇਆ ਇਹ ਕਾਰਜ ਸੰਪੰਨ ਹੋ ਜਾਂਦਾ ਹੈ:

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥[150]

**ਅਲਾਹਣੀਆਂ** ਉਹ ਗੀਤ ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ, ਖਾਸ ਕਰ ਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਨੂੰ ਅਲਾਹਣੀਆਂ ਕਿਹਾ ਜਾਂਦਾ ਹੈ। ਡਾ. ਚਰਨ ਸਿੰਘ ਨੇ ਇਸ ਦਾ ਮੂਲ ਸੰਬੰਧ ਆਲਾਪ ਨਾਲ ਜੋੜਿਆ ਹੈ। ਨਾਇਣ ਦਾ ਮ੍ਰਿਤ ਵਿਰਲਾਪ ਜੋ ਮੁਰਦੇ ਲਈ ਕੀਰਨੇ ਪਾਉਂਦੀ ਅਤੇ ਇਸਤਰੀਆਂ ਨੂੰ ਪਿਟਵਾਉਂਦੀ ਹੈ, ਅਲਾਹੁਣੀ ਕਿਹਾ ਜਾਂਦਾ ਹੈ। ਨਾਇਣ ਅਲਾਹੁਣੀ ਨੂੰ ਇਕ ਖਾਸ ਹੇਕ ਨਾਲ ਗਾਉਂਦੀ ਹੈ। ਅਲਾਪ ਆਮ ਤੌਰ 'ਤੇ ਅਧਾ ਕੁ ਉਚਾਰ ਕੇ ਗਾਇਆ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਸ ਦਾ ਮੂਲ ਸੰਬੰਧ ਅਲਾਪ ਨਾਲ ਜੋੜਿਆ ਗਿਆ ਹੈ।[151] ਮਰਨ ਵਾਲੇ ਦੀ ਆਯੂ ਦੇ ਪਖ ਤੋਂ ਅਲਾਹੁਣੀ ਤਿੰਨ ਪ੍ਰਕਾਰ ਦੀ ਹੁੰਦੀ ਹੈ— ਬੱਚੇ ਦੀ ਮੌਤ ਵੇਲੇ, ਜਵਾਨ ਦੀ ਮੌਤ ਵੇਲੇ, ਬਜ਼ੁਰਗ ਦੀ ਮੌਤ ਵੇਲੇ। ਜਵਾਨ ਦੀ

---

150 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 774.

151 ਡਾ. ਮਹਿੰਦਰ ਕੌਰ ਗਿੱਲ, ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 249.

ਮੌਤ ਵੇਲੇ ਪਾਈ ਗਈ ਅਲਾਹੁਣੀ ਬੜੀ ਹਿਰਦੇ ਬੇਧਕ ਹੁੰਦੀ ਹੈ, ਬੱਚੇ ਦੀ ਮੌਤ 'ਤੇ ਪਾਈ ਗਈ ਅਲਾਹੁਣੀ ਵਿਚ ਮਮਤਾ ਦਾ ਪੱਖ ਪ੍ਰਧਾਨ ਹੁੰਦਾ ਹੈ ਅਤੇ ਬਿਰਧ ਦੀ ਮੌਤ 'ਤੇ ਪਾਈ ਗਈ ਅਲਾਹੁਣੀ ਵਿਚ ਕਰੁਣਾ ਰਸ ਹੁੰਦਾ ਹੈ। ਬਿਰਧ ਦੀ ਮੌਤ ਵੇਲੇ ਕਈ ਵਾਰ ਠਠੇਬਾਜ਼ੀ ਦਾ ਰੰਗ ਬੰਨ ਕੇ ਰਸਾਂਤਰ ਪੈਦਾ ਕੀਤਾ ਜਾਂਦਾ ਹੈ, ਅਜਿਹਾ ਖਾਸ ਤੌਰ 'ਤੇ ਸ਼ਰੀਕਣਾਂ ਕਰਦੀਆਂ ਹਨ। ਮ੍ਰਿਤਕ ਮਰਦਾਂ ਅਤੇ ਇਸਤਰੀਆਂ ਨਾਲ ਸੰਬੰਧਤ ਅਲਾਹੁਣੀਆਂ ਵਿਚ ਕ੍ਰਮਵਾਰ ਮਰਦਾਵੇ ਜਨਾਨੇ ਗੁਣਾਂ ਦਾ ਕਥਨ ਕਰ ਕੇ ਸਿਆਪਾ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਤੰਦ ਅਜੇ ਨਾ ਕੱਤੀ, ਧੀਏ ਮੋਰਨੀਏ, ਹਾਏ ਹਾ- ਧੀਏ ਮੋਰਨੀਏ, ਮੁਛ ਅਜੇ ਨਾ ਫੁਟੀ, ਸ਼ੇਰ ਸਰੂ ਜਿਹਾ, ਹਾਏ ਹਾ- ਸ਼ੇਰ ਸਰੂ ਜਿਹਾ ਆਦਿ।[152]

ਗੁਰਬਾਣੀ ਵਿਚ ਵਡਹੰਸ ਰਾਗ ਵਿਚ ਨੌਂ ਅਲਾਹਣੀਆਂ ਆਈਆਂ ਹਨ, ਪੰਜ ਗੁਰੂ ਨਾਨਕ ਦੇਵ ਜੀ ਦੀਆਂ ਅਤੇ ਚਾਰ ਗੁਰੂ ਅਮਰਦਾਸ ਜੀ ਦੀਆਂ। ਗੁਰੂ ਨਾਨਕ ਦੇਵ ਜੀ ਦੀਆਂ ਅਲਾਹਣੀਆਂ ਵਿਚ ਉਪਦੇਸ਼ ਦਿਤਾ ਗਿਆ ਹੈ ਕਿ ਪਰਮਾਤਮਾ ਨੇ ਜੀਵਾਂ ਨੂੰ ਪੈਦਾ ਕਰ ਕੇ ਧੰਦਿਆਂ ਵਿਚ ਲਾਇਆ ਹੈ। ਆਤਮਾ ਅਤੇ ਬਰੀਰ ਦਾ ਮੇਲ ਇਕ ਨਿਸ਼ਚਤ ਸਮੇਂ ਲਈ ਹੁੰਦਾ ਹੈ। ਜਦੋਂ ਇਹ ਅਵਧੀ ਖਤਮ ਹੋ ਜਾਂਦੀ ਹੈ ਤਾਂ ਮੌਤ ਹੋ ਜਾਂਦੀ ਹੈ। ਇਸ 'ਤੇ ਸਾਕ ਸੰਬੰਧੀ ਰੋਂਦੇ ਹਨ, ਪਰ ਰੋਣ ਦਾ ਕੋਈ ਫਾਇਦਾ ਨਹੀਂ, ਇਹ ਤਾਂ ਪਰਮਾਤਮਾ ਦਾ ਬਣਾਇਆ ਵਿਧਾਨ ਹੈ, ਜੋ ਕਿ ਅਟਲ ਹੈ। ਮਨੁਖ ਦਾ ਜਨਮ ਪਰਮਾਤਮਾ ਦਾ ਸਿਮਰਨ ਕਰਨ ਲਈ ਹੀ ਹੋਇਆ ਹੈ। ਇਸ ਸੰਸਾਰ ਦਾ ਵਸੇਬਾ ਥੋੜ-ਚਿਰਾ ਹੈ। ਸੋ ਅਗਲੇ ਵਸੇਬੇ ਨੂੰ ਸੰਵਾਰਨਾ ਚਾਹੀਦਾ ਹੈ, ਜਿਥੇ ਕਰਮਾਂ ਅਨੁਸਾਰ ਫਲ ਮਿਲੇਗਾ। ਦੁਨੀਆਂ 'ਤੇ ਉਹਨਾਂ ਦਾ ਹੀ ਜੰਮਣਾ ਸਫਲ ਹੈ, ਜਿਹਨਾਂ ਨੇ ਆਪਣੀ ਲਿਵ ਪਰਮਾਤਮਾ ਨਾਲ ਜੋੜੀ ਹੈ। ਮਨੁਖ ਮਾਇਆਵੀ ਪਦਾਰਥਾਂ ਦੇ ਖੁਸਣ ਅਤੇ ਕਿਸੇ ਰਿਸ਼ਤੇਦਾਰ ਦੀ ਮੌਤ'ਤੇ ਰੋਂਦਾ ਅਤੇ ਵੈਰਾਗ ਵਿਚ ਆਉਂਦਾ ਹੈ। ਸਾਕ ਸੰਬੰਧੀ ਰਸਮਾਂ ਕਰਦੇ ਹਨ। ਪਰਿਵਾਰਕ ਮੈਂਬਰ ਅਤੇ ਨਜ਼ਦੀਕੀ ਰਿਸ਼ਤੇਦਾਰ ਤਾਂ ਮੋਇਆਂ ਵਰਗੇ ਹੀ ਹੋ ਜਾਂਦੇ ਹਨ। ਰੋਣ ਦੀ ਵਜਾਇ ਵਿਛੜੀ ਰੂਹ ਲਈ ਅਰਦਾਸ ਕਰਨੀ ਚਾਹੀਦੀ ਹੈ ਅਤੇ ਅਸੀਸ ਦੇਣੀ ਚਾਹੀਦੀ ਹੈ ਕਿ ਉਸ ਦਾ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਹੋ ਜਾਵੇ। ਪਰ ਅਸਲੀ ਵੈਰਾਗ ਜਾਂ ਰੋਣਾ ਉਹ ਸਫਲ ਹੈ ਜੋ ਪਰਮਾਤਮਾ ਨਾਲ ਪਿਆਰ ਪਾ ਕੇ ਉਸਦੇ ਵਿਛੋੜੇ ਵਿਚ ਰੋਇਆ ਜਾਵੇ। ਉਸਦੇ ਪਿਆਰ ਵਿਚਅ ਜੀਵਨ ਬਸਰ ਕਰਨ ਵਾਲੇ ਜੀਵ ਦੇ ਅੰਦਰੋਂ ਮੋਹ ਦਾ ਨਾਸ਼ ਹੋ ਜਾਂਦਾ ਹੈ ਅਤੇ ਸਦਾ ਸੁਖ ਮਿਲ ਜਾਂਦਾ ਹੈ। ਇਥੇ ਕੁਝ ਵੀ ਸਥਿਰ ਨਹੀਂ। ਰੋਣ ਵਾਲਿਆਂ ਨੇ ਵੀ ਇਕ ਦਿਨ ਮਰ ਜਾਣਾ ਹੈ। ਸੋ ਰੋਣਾ ਨਿਰਮੂਲ ਹੈ। ਮੌਤ ਮਾੜੀ ਨਹੀਂ, ਸਗੋਂ ਮੌਤ ਦੇ ਡਰ ਕਰ ਕੇ ਹੀ ਤਾਂ ਪਰਮਾਤਮਾ ਨਾਲ ਪਿਆਰ ਪੈਂਦਾ ਹੈ ਅਤੇ ਚੰਗੇ ਕਰਮ ਕਰਨ ਦੀ ਪ੍ਰੇਰਣਾ ਮਿਲਦੀ ਹੈ। ਜਿਹੜੇ ਮਨੁਖ

[152] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ 78.

ਪਰਮਾਤਮਾ ਨਾਲ ਲਿਵ ਜੋੜ ਲੈਂਦੇ ਹਨ, ਉਹ ਨਿਡਰ ਹੋ ਜਾਂਦੇ ਹਨ। ਉਹਨਾਂ ਦੇ ਲੋਕ ਪਰਲੋਕ ਦੇ ਦੁਖਾਂ ਦਾ ਨਾਸ਼ ਹੋ ਜਾਦਾ ਹੈ ਅਤੇ ਦੋਹਾਂ ਜਹਾਨਾਂ ਵਿਚ ਇਜ਼ਤ ਮਿਲਦੀ ਹੈ। ਜੋ ਵੀ ਪੈਦਾ ਹੋਇਆ ਹੈ ਉਸਦੀ ਮੌਤ ਲਾਜ਼ਮੀ ਹੈ। ਇਸ ਤਰ੍ਹਾਂ ਇਸ ਜਗਤ ਦੀ ਖੇਡ ਚਲਦੀ ਰਹਿੰਦੀ ਹੈ। ਜੀਵਾਂ ਦੇ ਜੰਮਣ ਮਰਨ ਦਾ ਚਕਰ ਪਰਮਾਤਮਾ ਨੇ ਹੀ ਚਲਾਇਆ ਹੈ। ਮਾਇਆ ਦੇ ਵਸ ਪਏ ਜੀਵ ਵਾਰ ਵਾਰ ਜੰਮਦੇ ਮਰਦੇ ਹਨ। ਯਮ ਪਰਮਾਤਮਾ ਦੇ ਹੁਕਮ ਵਿਚ ਜੀਵਾਂ ਦੇ ਪ੍ਰਾਣ ਕਢ ਕੇ ਲੈ ਜਾਂਦਾ ਹੈ ਅਤੇ ਉਹਨਾਂ ਦੇ ਕਰਮਾਂ ਦਾ ਲੇਖਾ ਜੋਖਾ ਕਰਦਾ ਹੈ। ਜਦੋਂ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਹੈ ਤਾਂ ਉਹ ਵਿਧਵਾ ਹੋ ਜਾਂਦੀ ਹੈ। ਓਸਦੇ ਸੁਖ ਅਤੇ ਹਾਰ ਸ਼ਿੰਗਾਰ ਉਜੜ ਜਾਂਦੇ ਹਨ, ਪਰ ਜਿਸ ਜੀਵ ਇਸਤਰੀ ਨੇ ਪਰਮਾਤਮਾ ਨੂੰ ਆਪਣਾ ਪਤੀ ਬਣਾ ਲਿਆ ਹੈ, ਉਹ ਸਦਾ ਲਈ ਸੁਹਾਗਣ ਬਣ ਜਾਂਦੀ ਹੈ, ਕਿਉਂਕਿ ਪਰਮਾਤਮਾ ਕਦੇ ਵੀ ਮਰਦਾ ਨਹੀਂ। ਪਰਮਾਤਮਾ ਨਾਲ ਪਿਆਰ ਪਾਉਣ ਦਾ ਸਾਧਨ ਗੁਰੂ ਅਤੇ ਸੰਤ ਜਨਾਂ ਦੀ ਸੰਗਤ ਹੈ।

ਗੁਰੂ ਅਰਜਨ ਦੇਵ ਜੀ ਅਲਾਹਣੀਆਂ ਵਿਚ ਫੁਰਮਾਉਂਦੇ ਹਨ ਕਿ ਗੁਰੂ ਦੀ ਸੰਗਤ ਕਰਕੇ ਅਤੇ ਆਪਾ ਭਾਵ ਗਵਾ ਕੇ ਜੋ ਜੀਵ ਇਸਤਰੀ ਪਰਮਾਤਮਾ ਦੇ ਰੰਗ ਵਿਚ ਰੰਗੀ ਜਾਂਦੀ ਹੈ, ਉਸਦੀ ਕਦੇ ਆਤਮਕ ਮੌਤ ਨਹੀਂ ਹੁੰਦੀ। ਅਜਿਹੀ ਜੀਵ ਇਸਤਰੀ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਉਸ ਨੂੰ ਪਰਮਾਤਮਾ ਹਰ ਥਾਂ ਦਿਸਦਾ ਹੈ। ਅਜਿਹੀ ਜੀਵ ਇਸਤਰੀ ਦੀ ਸਦਾ ਲਈ ਪਰਮਾਤਮਾ ਨਾਲ ਸਾਂਝ ਬਣ ਜਾਂਦੀ ਹੈ। ਪਰ ਮਾਇਆ ਦੇ ਰੰਗ ਵਿਚ ਵਿਚਰਨ ਵਾਲੀ ਮਾਇਆ ਹਥੋਂ ਠਗੀ ਜਾਂਦੀ ਹੈ ਅਤੇ ਕੂੜ ਦਾ ਵਪਾਰ ਕਰਦੀ ਹੈ। ਮਾਇਆ ਦੇ ਪ੍ਰਭਾਵ ਕਾਰਨ ਜੀਵ ਲੜਦਾ, ਝਗੜਦਾ ਹੈ ਪਰ ਜੀਵਨ ਦੇ ਸੱਚ ਨੂੰ ਨਹੀਂ ਪਛਾਣਦਾ। ਉਸ ਨੂੰ ਆਪਣੇ ਨਾਲ ਵਸਦਾ ਪਰਮਾਤਮਾ ਨਜ਼ਰ ਨਹੀਂ ਆਉਂਦਾ। ਜਿਸ ‘ਤੇ ਗੁਰੂ ਮਿਹਰਵਾਨ ਹੋ ਜਾਵੇ ਉਹ ਆਤਮਕ ਅਡੋਲਤਾ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਸਰੀਰ ਦਾ ਮੋਹ ਵੀ ਵਿਅਰਥ ਹੈ। ਇਹ ਸਮੇਂ ਨਾਲ ਜ਼ਰਜ਼ਰਾ ਹੋ ਜਾਂਦਾ ਹੈ। ਇਹ ਤਾਂ ਹੀ ਸੋਨੇ ਦੇ ਤੁਲ ਹੈ ਜੇ ਪਰਮਾਤਮਾ ਵਿਚ ਧਿਆਨ ਲਗਾਵੇ।

**ਅੰਜੁਲੀਆਂ** ਅੰਜੁਲੀ ਦਾ ਅਰਥ ਹੈ ਦੋਹਾਂ ਹੱਥਾਂ ਦਾ ਬੁਕ ਬਣਾਉਣਾ। ਮ੍ਰਿਤਕ ਪ੍ਰਾਣੀ ਨਾਲੋਂ ਨਾਤਾ ਤੋੜਨ ਲਈ ਪਾਣੀ ਵਿਚ ਤਿਲ ਮਿਲਾ ਕੇ ਉਸ ਪਾਣੀ ਦੀ ਚੁਲੀ ਭਰ ਕੇ ਤਿਲਾਂਜਲੀ ਦੇਣ ਨੂੰ ਵੀ ਅੰਜੁਲੀ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, “ਮੁੰਦਾਵਣੀ ਦਾ ਅਰਥ ਉਂਜਲ, ਬੁੱਕ, ਡੂਨੇ ਦੀ ਸ਼ਕਲ ਬਣਾਏ ਹੱਥ, ਪਿੱਤਰ, ਦੇਵਤਾ ਆਦਿ ਨੂੰ ਅਰਪਣ ਕੀਤੀ ਪਾਣੀ ਦੀ ਚੁਲੀ।”[153] ਇਸ ਤਰ੍ਹਾਂ ਇਸ ਦੇ ਦੋ ਮੁਖ ਅਰਥ ਨਿਕਲਦੇ ਹਨ- ਕਿਸੇ ਪ੍ਰਤੀ ਸ਼ਰਧਾ ਅਰਪਣ ਕਰਨੀ ਅਤੇ ਪਿਤਰਾਂ ਅਤੇ ਦੇਵਤਿਆਂ ਨੂੰ ਸ਼ਰਧਾਂਜਲੀਆਂ ਸ਼ਰਾਧ ਆਦਿਕ ਦੇਣੀਆਂ।

[153] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼(ਭਾਗ ਪਹਿਲਾ), ਪੰਨਾ 113.

ਅੰਜੁਲੀ ਦਾ ਮੁਖ ਮਕਸਦ ਪਿਤਰਾਂ ਅਤੇ ਦੇਵਤਿਆਂ ਦੀ ਪੂਜਾ ਕਰਨਾ ਹੀ ਬਣਦਾ ਹੈ। ਇਸ ਦਾ ਕੋਈ ਲਾਭ ਨਹੀਂ। ਇਹ ਨਿਰਾ ਫਜ਼ੂਲ ਦਾ ਕਰਮ-ਕਾਂਡ ਹੈ। ਪਿਤਰਾਂ ਦੀ ਪੂਜਾ ਅਤੇ ਭੇਟਾ ਕਰਨ ਨਾਲ ਸਮਝਿਆ ਜਾਂਦਾ ਹੈ ਕਿ ਇਹ ਭੇਟਾ ਉਹਨਾਂ ਨੂੰ ਪਰਲੋਕ ਵਿਚ ਮਿਲ ਜਾਂਦਾ ਹੈ ਪਰ ਅਜਿਹਾ ਨਹੀਂ ਹੁੰਦਾ। ਬਜ਼ੁਰਗਾਂ ਦੀ ਜਿਹੜੀ ਸੇਵਾ ਜਿਉਂਦੇ ਜੀਅ ਕੀਤੀ ਜਾਂਦੀ ਹੈ, ਉਹ ਹੀ ਸਫਲ ਹੁੰਦੀ ਹੈ। ਇਸ ਸਿਰਲੇਖ ਨਾਲ ਸੰਬੰਧਿਤ ਗੁਰਬਾਣੀ ਵਿਚ ਚਾਰ ਸ਼ਬਦ ਮਿਲਦੇ ਹਨ। ਇਹ ਚਾਰੇ ਸ਼ਬਦ ਮਾਰੂ ਰਾਗ ਵਿਚ ਦਰਜ ਹਨ। ਦੋ ਸ਼ਬਦ ਪੰਨਾ ਨੰਬਰ 1007-08 'ਤੇ ਦੋ ਪੰਨਾ ਨੰਬਰ 1019-20 'ਤੇ ਸ਼ੁਭਾਇਮਾਨ ਹਨ।

ਪਹਿਲੇ ਸ਼ਬਦ ਵਿਚ ਗੁਰੂ ਜੀ ਮਨੁਖਾ ਜੀਵਨ ਦੀ ਅਸਲੀਅਤ, ਦੁਰਲਭਤਾ, ਗਰਭ ਦੇ ਦੁਖਾਂ, ਮਨੁਖ ਦੇ ਜੀਵਨ ਮਨੋਰਥ, ਮਨੁਖ 'ਤੇ ਮਾਇਆ ਦੇ ਪ੍ਰਭਾਵ ਅਤੇ ਮੁਕਤੀ ਦਾ ਵਰਣਨ ਕੀਤਾ ਹੈ। ਮਨੁਖਾ ਜਨਮ ਬੜਾ ਦੁਰਲਭ ਹੈ ਅਤੇ ਬੜੀਆਂ ਮੁਸ਼ਕਤਾਂ ਘਾਲ ਕੇ ਮਿਲਦਾ ਹੈ। ਗਰਭ ਵਿਚ ਮਨੁਖ ਦੀ ਲਿਵ ਪਰਮਾਤਮਾ ਨਾਲ ਲਗੀ ਰਹਿੰਦੀ ਹੈ, ਪਰ ਸੰਸਾਰ ਵਿਚ ਆ ਕੇ ਮਨੁਖ ਪਰਮਾਤਮਾ ਨੂੰ ਭੁਲ ਕੇ ਦੁਨੀਆਂ ਵਿਚ ਗ੍ਰਸ ਜਾਂਦਾ ਹੈ। ਜਿਹੜਾ ਮਨੁਖ ਕਰਮ-ਕਾਂਡਾਂ ਨੂੰ ਛਡ ਕੇ ਪਰਮਾਤਮਾ ਨਾਲ ਲਿਵ ਲਾਉਂਦਾ ਹੈ, ਉਸਦਾ ਦੁਨੀਆਂ 'ਤੇ ਆਉਣਾ ਸਫਲ ਹੋ ਜਾਂਦਾ ਹੈ। ਦੁਨੀਆਂ ਦੇ ਸਾਰੇ ਰਿਸ਼ਤੇ ਬਿਨਸਨਹਾਰ ਹਨ। ਇਹ ਸਦਾ ਨਿਭਣ ਵਾਲੇ ਨਹੀਂ ਪਰ ਪਰਮਾਤਮਾ ਅਬਿਨਾਸ਼ੀ ਹੈ, ਇਸ ਕਰਕੇ ਉਸਦੀ ਟੇਕ ਲੈਣੀ ਚਾਹੀਦੀ ਹੈ। ਜਿਸ ਉਤੇ ਪਰਮਾਤਮਾ ਦੀ ਮਿਹਰ ਹੋ ਜਾਵੇ, ਉਹ ਆਪਣਾ ਜੀਵਨ ਮਨੋਰਥ ਪੂਰਾ ਕਰ ਲੈਂਦਾ ਹੈ ਅਤੇ ਜੀਵਨ ਸਫਲ ਹੋ ਜਾਂਦਾ ਹੈ:

ਮਿਹਰਵਾਨਿ ਰਖਿ ਲਇਅਨੁ ਆਪੇ ॥
ਜੀਅ ਜੰਤ ਸਭਿ ਤਿਸ ਕੇ ਥਾਪੇ ॥
ਜਨਮੁ ਪਦਾਰਥੁ ਜਿਣਿ ਚਲਿਆ ਨਾਨਕ ਆਇ ਆ ਸੋ ਪਰਵਾਣੁ ਥਿਆ॥੪॥੧॥੩੧॥[154]

ਦੂਜੇ ਸ਼ਬਦ ਵਿਚ ਗੁਰੂ ਜੀ ਨੇ ਜੀਵਨ ਦੀ ਹਕੀਕਤ ਦੱਸੀ ਹੈ। ਜੋ ਜੀਵ ਪੈਦਾ ਹੋਇਆ ਹੈ, ਉਸ ਦਾ ਅੰਤ ਨਿਸ਼ਚਿਤ ਹੈ। ਲੋਕ ਅਤੇ ਪਰਲੋਕ ਵਿਚ ਕੇਵਲ ਇਕ ਪਰਮਾਤਮਾ ਹੀ ਮਦਦ ਕਰ ਸਕਦਾ ਹੈ। ਭਾਵੇਂ ਮਨੁਖ ਦੁਨਿਆਵੀ ਰਿਸ਼ਤਿਆਂ ਦਾ ਮਾਨ ਕਰਦਾ ਹੈ। ਇਹਨਾਂ ਦੀ ਇਕ ਹਦ ਹੈ। ਪਰ ਪਰਮਾਤਮਾ ਹਰ ਹਾਲਤ ਵਿਚ ਮਨੁਖ ਦੀ ਮਦਦ ਕਰਨ ਦੇ ਸਮਰਥ ਹੈ। ਬਿਪਤਾ ਪੈਣ 'ਤੇ ਭੈਣ, ਭਰਾ ਜਾਂ ਕਿਸੇ ਵੈਦ ਦੀ ਦਵਾਈ ਵੀ ਕਿਸੇ ਕੰਮ ਨਹੀਂ ਆਉਂਦੀ:

ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥

---

[154] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 1007.

ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ ॥੨॥[155]

ਪਰਮਾਤਮਾ ਨਾ ਮਰਦਾ ਹੈ ਤੇ ਨਾ ਜੰਮਦਾ ਹੈ। ਉਹ ਹੀ ਹਰ ਸਮੇਂ ਜੀਵ ਦੇ ਨਾਲ ਰਹਿ ਸਕਦਾ ਹੈ ਅਤੇ ਕਰਨ ਕਰਾਉਣ ਵਾਲਾ ਹੈ।

ਅਗਲੇ ਸ਼ਬਦ ਵਿਚ ਗੁਰੂ ਜੀ ਨੇ ਮਨੁਖ ਨੂੰ ਦੁਨੀਆਂ ਵਿਚ ਵਿਚਰਨ ਅਤੇ ਪਰਮਾਤਮਾ ਪ੍ਰਾਪਤੀ ਦਾ ਸਹੀ ਰਾਹ ਦੱਸਿਆ ਹੈ। ਜੀਵ ਨੂੰ ਮਾਇਆ ਦਾ ਮੋਹ ਛਡ ਕੇ ਪਰਮਾਤਮਾ ਦੀ ਪ੍ਰਾਪਤੀ ਦੇ ਰਾਹ ਪੈਣਾ ਚਾਹੀਦਾ ਹੈ। ਮਾਇਆ ਭਾਵੇਂ ਥੋੜ੍ਹੀ ਹੋਵੇ ਜਾਂ ਬਹੁਤੀ, ਦੋਹਾਂ ਹਾਲਤਾਂ ਵਿਚ ਮਨੁਖੀ ਮਨ ਨੂੰ ਵਿਚਲਿਤ ਕਰੀ ਰਖਦੀ ਹੈ। ਇਸ ਤੋਂ ਤਾਂ ਨਿਰਲੇਪ ਹੀ ਰਹਿਣਾ ਚਾਹੀਦਾ ਹੈ:

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥[156]

ਮਾਇਆ ਵਿਚ ਗ੍ਰਸਣ ਨਾਲ ਜੀਵਨ ਨਰਕ ਦੇ ਬਰਾਬਰ ਬਣ ਜਾਂਦਾ ਹੈ ਅਤੇ ਤਿਆਗਣ ਨਾਲ ਕਰੋਧ ਵਧ ਜਾਂਦਾ ਹੈ। ਕਰਮ ਕਰਨ ਵਾਲਾ ਬੰਧਨ ਵਿਚ ਪੈ ਜਾਂਦਾ ਹੈ ਤੇ ਤਿਆਗੀ ਕਰਮੀਆਂ ਦਾ ਨਿੰਦਕ ਬਣ ਜਾਂਦਾ ਹੈ। ਮੋਹ ਨਾਲ ਚਿੰਤਾ ਲਗ ਜਾਂਦੀ ਹੈ। ਮਾਇਆ ਛਡਣ ਨਾਲ ਛਡੀ ਨਹੀਂ ਜਾਂਦੀ ਅਤੇ ਇਕਠੀ ਕਰਨ ਵਾਲੇ ਨੂੰ ਸਾਂਭਣ ਦਾ ਡਰ ਲਗਿਆ ਰਹਿੰਦਾ ਹੈ। ਜੋ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ, ਉਹ ਇਸ ਨੂੰ ਜਿਤਣ ਵਾਲਾ ਸੂਰਮਾ ਬਣ ਜਾਂਦਾ ਹੈ, ਪਰ ਹਾਰਨ ਵਾਲਾ ਜਨਮਾਂ ਦੇ ਚਕਰਾਂ ਵਿਚ ਪਿਆ ਰਹਿੰਦਾ ਹੈ। ਗੁਰੂ ਤੋਂ ਬਿਨਾਂ ਕੋਈ ਮੁਕਤ ਨਹੀਂ ਹੋ ਸਕਦਾ। ਸਾਧਸੰਗਤ ਰਾਹੀਂ ਹਉਮੈਂ ਦੇ ਬੰਧਨ ਟੁਟ ਜਾਂਦੇ ਹਨ। ਗੁਰੂ ਕਿਰਪਾ ਨਾਲ ਪਰਮਾਤਮਾ ਹਿਰਦੇ ਵਿਚ ਵਸ ਜਾਵੇ ਤਾਂ ਦੁਖ ਸੁਖ ਇਕੋ ਜਿਹੇ ਲਗਣ ਲਗ ਜਾਂਦੇ ਹਨ। ਪਰਮਾਤਮਾ ਜਿਸ ਨੂੰ ਮਾਇਆ ਵਿਚ ਵੀ ਨਿਰਲੇਪ ਰਖ ਲੈਂਦਾ ਹੈ, ਜਗਤ ਵਿਚ ਉਸਦੀ ਸ਼ੋਭਾ ਹੁੰਦੀ ਹੈ। ਅਸਲ ਵਿਚ ਸਭ ਕੁਝ ਪਰਮਾਤਮਾ ਦੇ ਭਾਣੇ ਵਿਚ ਹੀ ਹੁੰਦਾ ਹੈ। ਉਹ ਹੀ ਜੀਵਾਂ ਨੂੰ ਚੰਗੇ ਮਾੜੇ ਆਹਰਾਂ ਵਿਚ ਲਾਉਂਦਾ ਹੈ:

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਕਰਿ ਕਰਿ ਵੇਖੈ ਅਪਣੇ ਜਚਨਾ ॥
ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥[157]

---

155 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 1008.

156 ਉਹੀ, ਪੰਨਾ 1019.

157 ਉਹੀ.

ਅਖੀਰਲੇ ਸ਼ਬਦ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਅਸਲ ਵਿਚ ਪਰਮਾਤਮਾ ਨੇ ਹੀ ਚੰਗੇ ਮਾੜੇ ਜੀਵਾਂ ਦਾ ਖੇਲ ਰਚਾਇਆ ਹੋਇਆ ਹੈ। ਇਸ ਸ਼ਬਦ ਵਿਚ ਇਕ ਦਰਖਤ ਦਾ ਦ੍ਰਿਸ਼ਟਾਂਤ ਦਿਤਾ ਹੈ। ਜਿਸ ਉਤੇ ਪੰਛੀ ਰਾਤ ਕਟਦੇ ਹਨ ਅਤੇ ਸਵੇਰ ਦਾ ਸੂਰਜ ਨਿਕਲਣ 'ਤੇ ਉਡ ਜਾਂਦੇ ਹਨ। ਇਸੇ ਤਰ੍ਹਾਂ ਪਰਮਾਤਮਾ ਦੀ ਕਾਇਨਾਤ ਇਕ ਦਰਖਤ ਹੈ। ਸਾਰੇ ਜੀਵ ਪੰਛੀ ਹਨ ਅਤੇ ਉਹਨਾਂ ਦੀ ਆਰਜਾ ਰਾਤ ਹੈ। ਆਰਜਾ(ਉਮਰ) ਰੂਪੀ ਰਾਤ ਪੂਰੀ ਹੋਣ 'ਤੇ ਜੀਵ ਵਾਰੋ ਵਾਰੀ ਇਸ ਸੰਸਾਰ ਰੂਪੀ ਦਰਖਤ ਤੋਂ ਉਡਦੇ ਚਲੇ ਜਾਂਦੇ ਹਨ:

ਬਿਰਖੈ ਹੇਠਿ ਸਭਿ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥੧॥[158]

ਇਸ ਸੰਸਾਰ ਵਿਚ ਕਈ ਜੀਵ ਚੰਗੇ ਹਨ ਅਤੇ ਕਈ ਮਾੜੇ ਹਨ। ਕਈ ਮਾਇਆ ਇਕਠੀ ਕਰਨ ਅਤੇ ਪਾਪ ਕਰਨ ਵਿਚ ਰੁਝੇ ਹਨ। ਕਈ ਆਪਣੇ ਸਾਕ ਸੰਬੰਧੀਆਂ ਅਤੇ ਦੌਲਤ, ਜੋਬਨ ਆਦਿਕ ਦੇ ਮਾਣ ਵਿਚ ਕਮਲੇ ਹੋਏ ਫਿਰਦੇ ਹਨ ਅਤੇ ਆਪਣੇ ਜੀਵਨ ਰੂਪੀ ਪੂੰਜੀ ਵਿਅਰਥ ਗਵਾ ਦਿੰਦੇ ਹਨ। ਅਖੀਰ ਮੌਤ ਦਾ ਦੇਵਤਾ ਇਹਨਾਂ ਜੀਵਾਂ ਦੀ ਰੂਹ ਕਢ ਕੇ ਲੈ ਜਾਂਦਾ ਹੈ, ਫਿਰ ਧਰਮਰਾਜ ਕੋਲ ਲੇਖਾ ਦੇਣਾ ਪੈਂਦਾ ਹੈ। ਮਾਇਆ ਦੇ ਮੋਹ ਵਿਚ ਫਸੇ ਜੀਵ ਇਸਦੀ ਅਸਲੀਅਤ ਨਾ ਸਮਝਦੇ ਹੋਏ ਇਸਦੇ ਮੋਹ ਵਿਚ ਫਸੇ ਰਹਿੰਦੇ ਹਨ। ਜਿਸ ਕਾਰਨ ਵਾਰ ਵਾਰ ਜੰਮਦੇ ਮਰਦੇ ਰਹਿੰਦੇ ਹਨ। ਜੀਵ ਮਾਇਆ ਦੇ ਮੋਹ ਵਿਚ ਇੰਨਾ ਗਲਤਾਨ ਹੋ ਜਾਂਦਾ ਹੈ ਕਿ ਕਦੇ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਪਰ ਅਸਲ ਵਿਚ ਜੀਵ ਉਹੀ ਕਰਦੇ ਹਨ ਜੋ ਪਰਮਾਤਮਾ ਕਰਵਾਉਂਦਾ ਹੈ। ਜਿਹਨਾਂ ਉਤੇ ਪਰਮਾਤਮਾ ਦੀ ਮਿਹਰ ਹੋ ਜਾਵੇ, ਉਹਨਾਂ ਨੂੰ ਸੰਤ ਜਨ ਮਿਲ ਜਾਂਦੇ ਹਨ। ਉਹਨਾਂ ਦਾ ਜੀਵਨ ਸਫਲ ਹੋ ਜਾਂਦਾ ਹੈ।

**ਸਦ**

'ਸਦੁ' ਬਾਣੀ ਰਾਮਕਲੀ ਰਾਗ ਵਿਚ ਬਾਬਾ ਸੁੰਦਰ ਜੀ ਦੀ ਰਚਨਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਜਿਸ ਜੀਵ ਨੇ ਇਕ ਪਰਮਾਤਮਾ 'ਤੇ ਭਰੋਸਾ ਰਖਿਆ ਹੈ ਅਤੇ ਗੁਰੂ ਦੀ ਅਗਵਾਈ ਵਿਚ ਵਿਚਰਿਆ ਹੈ, ਉਹ ਗ੍ਰਿਹਸਥ ਵਿਚ ਰਹਿੰਦੇ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ। ਅਜਿਹੇ ਜੀਵਾਂ ਨੂੰ ਪਰਮਾਤਮਾ ਦੀ ਰਜ਼ਾ ਭਾਉਂਦੀ ਹੈ। ਉਹ ਪਰਮਾਤਮਾ ਤੋਂ ਮਾਇਆ ਦੀ ਥਾਂ ਨਾਮ ਦੀ ਦਾਤ ਮੰਗਦਾ ਹੈ। ਪਰਮਾਤਮਾ ਨੂੰ ਵੀ ਆਪਣੀ ਰਜ਼ਾ ਵਿਚ ਰਹਿਣ ਵਾਲੇ ਜੀਵ ਹੀ ਚੰਗੇ ਲਗਦੇ ਹਨ। ਇਸ ਕਰ ਕੇ ਗੁਰੂ ਅਮਰਦਾਸ ਜੀ ਜੋਤੀ

---

158 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 1019.

ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਇਹੀ ਆਦੇਸ਼ ਕਰਦੇ ਹਨ ਕਿ ਉਹਨਾਂ ਦੀ ਤੋਂ ਬਾਅਦ ਕੋਈ ਵੀ ਨਾ ਰੋਵੇ, ਇਹ ਨਾ ਤਾਂ ਪਰਮਾਤਮਾ ਨੂੰ ਭਾਉਂਦਾ ਹੈ ਅਤੇ ਨਾ ਹੀ ਉਹਨਾਂ ਨੂੰ। ਉਹਨਾ ਤੋਂ ਪਿਛੋਂ ਪਰਮਾਤਮਾ ਦੀਆਂ ਵਡਿਆਈਆਂ ਦਾ ਗੁਣਗਾਨ ਕੀਤਾ ਜਾਵੇ। ਪਰਮਾਤਮਾ ਦੇ ਸੰਤਾਂ, ਭਗਤਾਂ, ਗਿਆਨੀਆਂ ਤੋਂ ਵਿਚਾਰਾਂ ਸੁਣੀਆਂ ਜਾਣ। ਪਿੰਡ, ਪਤਲ, ਕਿਰਿਆ, ਦੀਵਾ ਆਦਿ ਕਰਮ-ਕਾਂਡ ਛਡ ਕੇ ਸਤਸੰਗਤ ਕੀਤੀ ਜਾਵੇ:

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥[159]

**ਮੁੰਦਾਵਣੀ**

ਇਸ ਸ਼ਬਦ ਦੇ ਦੋ ਅਰਥ ਲਏ ਜਾਂਦੇ ਹਨ- ਮੋਹਰ ਲਗਾਉਣਾ ਜਾਂ ਬੰਨ੍ਹਣਾ ਅਤੇ ਬੁਝਾਰਤ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪੁਰਾਣੇ ਸਮੇਂ ਵਿਚ ਕਿਸੇ ਰਾਜੇ, ਮਹਾਰਾਜੇ ਦਾ ਖਾਣਾ ਤਿਆਰ ਕਰਵਾਉਣ ਦੀ ਜਿੰਮੇਵਾਰੀ ਕਿਸੇ ਸਰਦਾਰ ਦੀ ਹੁੰਦੀ ਸੀ। ਰਸੋਈਏ ਉਸ ਦੇ ਸਾਹਮਣੇ ਖਾਣਾ ਤਿਆਰ ਕਰਦੇ। ਜਦੋਂ ਖਾਣਾ ਤਿਆਰ ਹੋ ਜਾਂਦਾ ਤਾਂ ਸਰਦਾਰ ਖਾਣੇ ਦੇ ਬਰਤਨਾਂ ਨੂੰ ਢਕ ਕੇ ਉਸ ਉਤੇ ਮੋਹਰ ਲਾ ਦਿੰਦਾ ਸੀ, ਤਾਂ ਕਿ ਕੋਈ ਖਾਣੇ ਵਿਚ ਜ਼ਹਿਰ ਜਾਂ ਕੋਈ ਹੋਰ ਪ੍ਰਕਾਰ ਦਾ ਹਾਨੀਕਾਰਕ ਪਦਾਰਥ ਨਾ ਮਿਲਾ ਸਕੇ। ਇਸ ਨੂੰ 'ਮੁੰਦਾਵਣੀ' ਕਿਹਾ ਜਾਂਦਾ ਸੀ। ਵਿਦਵਾਨਾਂ ਦਾ ਵੀਚਾਰ ਹੈ ਕਿ ਮੁੰਦਾਵਣੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣਤਾ ਹੁੰਦੀ ਹੈ। ਇਸ ਬਾਣੀ ਨੂੰ ਇਥੇ ਸ਼ਾਮਿਲ ਕਰਨ ਦਾ ਮਤਲਬ ਇਹ ਹੈ ਕਿ ਇਥੇ ਸੰਪੂਰਣਤਾ ਹੈ। ਇਸ ਤੋਂ ਬਾਅਦ ਕੋਈ ਰਲਾ ਨਹੀਂ ਪਾ ਸਕਦਾ। ਭਾਵ ਇਥੇ ਬਾਣੀ ਉਤੇ ਮੋਹਰ ਲਗਾ ਦਿਤੀ ਹੈ। ਪਰ ਕੁਝ ਵਿਦਵਾਨ ਮੁੰਦਾਵਣੀ ਦਾ ਅਰਥ ਬੁਝਾਰਤ ਕਰਦੇ ਹੋਏ ਇਹ ਮੰਨਦੇ ਹਨ ਕਿ ਇਸ ਸਿਰਲੇਖ ਨੂੰ ਅੰਤ ਵਿਚ ਦੇਣ ਦਾ ਅਰਥ ਹੈ ਕਿ ਇਹ ਬੁਝਾਰਤ ਦਿਤੀ ਜਾ ਰਹੀ ਹੈ, ਜੋ ਇਸ ਨੂੰ ਖੋਲ੍ਹ ਕੇ ਅਮਲ ਕਰੇਗਾ ਉਸ ਦਾ ਜੀਵਨ ਸਫਲ ਹੋਵੇਗਾ:

ਗੁਰੂ ਜੀ ਫੁਰਮਾਉਂਦੇ ਹਨ ਕਿ ਸਰੀਰ ਰੂਪੀ ਥਾਲ ਵਿਚ ਤਿੰਨ ਚੀਜ਼ਾਂ ਸਤ, ਸੰਤੋਖ ਅਤੇ ਵੀਚਾਰ ਪਏ ਹਨ। ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਇਸ ਵਿਚ ਟਿਕਿਆ ਹੋਇਆ ਹੈ:

---

[159] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 923.

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥[160]

ਜਿਹੜਾ ਮਨੁਖ ਇਸ ਭੋਜਨ ਦਾ ਸੇਵਨ ਕਰਦਾ ਅਤੇ ਇਸ ਨੂੰ ਪਚਾਉਂਦਾ ਹੈ, ਉਸ ਦਾ ਉਧਾਰ ਹੁੰਦਾ ਹੈ। ਵਿਕਾਰਾਂ ਤੋਂ ਬਚੇ ਰਹਿਣ ਲਈ ਪਰਮਾਤਮਾ ਦਾ ਨਾਮ ਤਿਆਗਿਆ ਨਹੀਂ ਜਾ ਸਕਦਾ। ਅਗਲੇ ਸਲੋਕ ਵਿਚ ਗੁਰੂ ਜੀ ਪਰਮਾਤਮਾ ਦੀ ਮਿਹਰ ਦੀ ਮਹਿਮਾ ਦੱਸਦੇ ਹਨ ਅਤੇ ਆਪਾ ਸਮਰਪਣ ਕਰਨ ਦੀ ਤਾਕੀਦ ਕਰਦੇ ਹਨ, ਜਿਸ ਸਦਕਾ ਪਰਮਾਤਮਾ ਖੁਸ਼ ਹੋ ਕੇ ਗੁਰੂ ਦਾ ਮਿਲਾਪ ਕਰਵਾ ਦਿੰਦਾ ਹੈ।

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥[161]

### 3.3.2 ਤਿਥੀ ਵਾਰਕ

**ਪਹਰੇ**: ਇਹ ਸਮੇਂ ਨਾਲ ਸੰਬੰਧਿਤ ਕਾਵਿ ਰੂਪ ਹੈ। ਪਹਿਰੇ ਰਾਤ ਦੀ ਵੰਡ 'ਤੇ ਆਧਾਰਿਤ ਹਨ। ਆਮ ਕਰਕੇ ਇਕ ਰਾਤ ਦੇ ਚਾਰ ਪਹਿਰ ਮੰਨੇ ਜਾਂਦੇ ਹਨ। ਇਸ ਤਰ੍ਹਾਂ ਪਹਿਰ ਰਾਤ ਦਾ ਚੌਥਾ ਹਿਸਾ ਹੁੰਦਾ ਹੈ। ਪੁਰਾਣੇ ਸਮੇਂ ਵਿਚ ਵਪਾਰੀ ਦੂਰ ਦੁਰਾਡੇ ਵਪਾਰ ਕਰਨ ਜਾਂਦੇ ਤਾਂ ਰਾਤ ਪੈਣ ‘ਤੇ ਉਹਨਾਂ ਨੂੰ ਆਪਣੀ ਪੂੰਜੀ ਦੀ ਰਾਖੀ ਕਰਨੀ ਪੈਂਦੀ ਸੀ, ਤਾਂ ਕਿ ਕੋਈ ਚੋਰ ਉਚਕਾ ਚੁਕ ਨਾ ਲਵੇ। ਉਹ ਰਾਤ ਦੇ ਚਾਰ ਪਹਿਰ ਜਾਗ ਜਾਗ ਕੇ ਤੇ ਚੇਤੰਨ ਹੋ ਕੇ ਲੰਘਾਉਂਦੇ ਸਨ। ਪਹਿਰੇ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਰਚੇ ਹਨ। ਗੁਰੂ ਸਾਹਿਬਾਨ ਨੇ ਸਮੁਚੇ ਜੀਵਨ ਨੂੰ ਚਾਰ ਭਾਗਾਂ ਵਿਚ ਵੰਡ ਕੇ ਚਾਰ ਪਹਿਰਾਂ ਦੀ ਅਵਸਥਾ ਅਤੇ ਕਰਤਵ ਦੱਸੇ ਹਨ। ਪਹਿਰਿਆਂ ਵਿਚ ਜੀਵ ਨੂੰ ਵਣਜਾਰਾ ਕਹਿ ਕੇ ਸੰਬੋਧਨ ਕੀਤਾ ਹੈ। ਵਣਜਾਰਾ ਵਪਾਰ ਕਰਨ ਵਾਲਾ ਹੁੰਦਾ ਹੈ। ਮਨੁਖ ਵੀ ਇਸ ਜਹਾਨ 'ਤੇ ਵਪਾਰ ਕਰਨ ਆਇਆ ਹੈ। ਉਸ ਦੀ ਪੂੰਜੀ ਉਸ ਦੇ ਸੁਆਸ ਹਨ ਅਤੇ ਵਖਰ (ਵਪਾਰਕ) ਵਸਤੂ ਪਰਮਾਤਮਾ ਦਾ ਨਾਮ ਹੈ। ਗੁਰੂ ਸਾਹਿਬਾਨ ਪਹਿਰਿਆਂ ਰਾਹੀਂ ਮਨੁਖ ਨੂੰ ਸੁਚੇਤ ਕਰਦੇ ਹਨ ਕਿ ਉਸ ਨੂੰ ਵਖਰ ਵਸਤੂ ਖਟਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਉਸਦੀ ਪੂੰਜੀ ਭਾਵ ਸੁਆਸ ਮੁਕ ਜਾਣ ਤੇ ਲਾਹਾ ਕੁਝ ਵੀ ਨਾ ਖਟਿਆ ਜਾ ਸਕੇ। ਵਣਜਾਰੇ ਨੇ ਆਪਣੀ ਪੂੰਜੀ ਵੀ ਬਚਾਉਣੀ ਹੁੰਦੀ ਹੈ ਅਤੇ ਲਾਹਾ ਵੀ ਖਟਣਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਪਹਿਰਿਆਂ ਦਾ ਤਤ ਸਾਰ ਇਸ ਤਰ੍ਹਾਂ ਹੈ:

ਪਹਿਲੇ ਪਹਿਰੇ ਵਿਚ ਮਨੁਖੀ ਜੀਵਨ ਦੀ ਉਤਪਤੀ ਅਤੇ ਬਚਪਨ ਦਾ ਵਰਨਣ ਕੀਤਾ ਹੈ। ਇਸ

160 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 1429.

161 ਉਹੀ.

ਅਵਸਥਾ ਵਿਚ ਮਨੁਖ ਮਾਤਾ ਦੇ ਗਰਭ ਵਿਚ ਆਉਂਦਾ ਹੈ। ਦਸ ਮਹੀਨੇ ਮਾਂ ਦੇ ਉਰਧ ਵਿਚ ਰਹਿਣ ਪਿਛੋਂ ਜਨਮ ਲੈਂਦਾ ਹੈ। ਬਚਪਨ ਦਾ ਸਮਾਂ ਅਣਭੋਲ ਹੀ ਲਾਡ ਪਿਆਰ ਅਤੇ ਖੇਡਾਂ ਵਿਚ ਗੁਜ਼ਾਰ ਦਿੰਦਾ ਹੈ। ਦੂਜੇ ਪਹਿਰ ਵਿਚ ਜਵਾਨੀ ਦੇ ਨਸ਼ੇ ਵਿਚ ਬੁਰੇ ਭਲੇ ਦੀ ਪਛਾਣ ਨਾ ਕਰਦਾ ਹੋਇਆ, ਅਗਲੇ ਲੋਕ ਦੇ ਭਿਆਨਕ ਦੁਖਾਂ ਤੋਂ ਅਣਜਾਣ, ਹੰਕਾਰ ਵਿਚ ਫਿਰਦਾ ਹੈ। ਤੀਜੇ ਪਹਿਰੇ ਮਨੁਖ ਨਵੀਂ ਗ੍ਰਿਹਸਥੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਸਦਾ ਵਿਆਹ ਹੋ ਜਾਂਦਾ ਹੈ ਅਤੇ ਉਸਦੇ ਬੱਚੇ ਹੋ ਜਾਂਦੇ ਹਨ। ਪਰਿਵਾਰ ਦੇ ਮੋਹ ਵਿਚ ਗ੍ਰਸਿਆ ਮਨੁਖ ਉਹਨਾਂ ਲਈ ਧਨ ਦੌਲਤ ਇਕਠੀ ਕਰਨ ਵਿਚ ਲਗ ਜਾਂਦਾ ਹੈ। ਇਹਨਾਂ ਕੰਮਾਂ ਵਿਚ ਹੀ ਲੱਗਾ ਪ੍ਰਾਣੀ ਕਦੇ ਸਤਸੰਗਤ ਨਹੀਂ ਕਰਦਾ ਅਤੇ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ। ਚੌਥੇ ਪਹਿਰ ਤਕ ਮਨੁਖ ਦੀ ਜ਼ਿੰਦਗੀ ਦਾ ਕਾਫੀ ਹਿਸਾ ਗੁਜ਼ਰ ਜਾਂਦਾ ਹੈ ਅਤੇ ਅੰਤ ਸਮਾਂ ਨੇੜੇ ਆ ਜਾਂਦਾ ਹੈ। ਇਸ ਵੇਲੇ ਵੀ ਗੁਰੂ ਜੀ ਮਨੁਖ ਨੂੰ ਸੁਚੇਤ ਕਰਦੇ ਹਨ ਕਿ ਬਹੁਤ ਸਮਾਂ ਮਾਇਆ ਦੇ ਹਨੇਰੇ ਵਿਚ ਗੁਜ਼ਰ ਗਿਆ ਹੈ। ਹੁਣ ਗੁਰੂ ਦੀ ਸ਼ਰਣ ਵਿਚ ਆ ਕੇ ਗਿਆਨ ਦਾ ਚਾਨਣ ਪ੍ਰਾਪਤ ਕਰ ਅਤੇ ਪਰਮਾਤਮਾ ਦਾ ਨਾਮ ਜਪ, ਜੋ ਅੰਤ ਸਮੇਂ ਤੇਰਾ ਸਾਥ ਨਿਭਾਏਗਾ। ਇਸ ਜਗਤ ਵਿਚ ਮਨੁਖਾ ਸਰੀਰ ਚੰਗੇ ਕਰਮ ਕਮਾਉਣ ਲਈ ਮਿਲਦਾ ਹੈ। ਜਦੋਂ ਸਮਾਂ ਪੂਰਾ ਹੋ ਜਾਵੇ ਤਾਂ ਤੁਰੰਤ ਮਨੁਖ ਪਰਲੋਕ ਨੂੰ ਗਬਨ ਕਰ ਜਾਂਦਾ ਹੈ। ਜਿਸ ਨੇ ਪਰਮਾਤਮਾ ਦਾ ਨਾਮ ਕਮਾਇਆ ਹੁੰਦਾ ਹੈ, ਉਸਦਾ ਪਰਲੋਕ ਸੁਹੇਲਾ ਹੋ ਜਾਂਦਾ ਹੈ।

**ਦਿਨ ਰੈਣਿ**: ਇਸ ਕਾਵਿ ਰੂਪ ਦੀ ਵਰਤੋਂ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੈ। ਇਹ ਰਚਨਾ ਵੀ ਸਮੇਂ ਨਾਲ ਸੰਬੰਧਿਤ ਹੈ। ਪਹਿਰਿਆਂ ਵਿਚ ਰਾਤ ਦੇ ਚਾਰ ਪਹਿਰਿਆਂ ਦੀ ਗੱਲ ਕੀਤੀ ਗਈ ਹੈ, ਪਰ ਇਸ ਰਚਨਾ ਵਿਚ ਰਾਤ ਦੇ ਨਾਲ ਨਾਲ ਦਿਨ ਦਾ ਵੀ ਜ਼ਿਕਰ ਹੈ। ਇਸ ਲੋਕ ਕਾਵਿ ਰੂਪ ਵਿਚ ਗੁਰੂ ਜੀ ਦੱਸਦੇ ਹਨ ਕਿ ਮਨੁਖਾ ਜਨਮ ਪਰਮਾਤਮਾ ਦੀ ਪ੍ਰਾਪਤੀ ਦੀ ਪਉੜੀ ਹੈ। ਮਨੁਖ ਤਰ੍ਹਾਂ ਤਰ੍ਹਾਂ ਦੇ ਨਖਿਧ ਜਨਮ ਭੋਗ ਕੇ ਇਸ ਜਨਮ ਨੂੰ ਹਾਸਿਲ ਕਰਦਾ ਹੈ। ਕੇਵਲ ਇਸੇ ਜਨਮ ਵਿਚ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨ ਜੁਟਾਏ ਜਾ ਸਕਦੇ ਹਨ। ਇਸ ਜਨਮ ਵਿਚ ਵੀ ਜੋ ਪਰਮਾਤਮਾ ਤੋਂ ਵਿਛੁੜੇ ਰਹਿੰਦੇ ਹਨ, ਉਹ ਦੁਖਾਂ ਵਿਚ ਕਲਪਦੇ ਰਹਿੰਦੇ ਹਨ ਅਤੇ ਧਰਤੀ ਆਸਮਾਨ ਭੌਂ(ਘੁੰਮ) ਕੇ ਵੀ ਉਹਨਾਂ ਨੂੰ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਜੀਵ ਆਪਣੇ ਮਾੜੇ ਕਰਮਾਂ ਕਰ ਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ:

ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥

ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥[162]

---

[162] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 136.

ਇਸ ਸਾਰੀ ਕਾਇਨਾਤ ਦਾ ਕਰਤਾ ਅਤੇ ਮਾਲਕ ਪਰਮਾਤਮਾ ਹੈ। ਸਾਰੀ ਉਸੇ ਦੀ ਹੀ ਮਲਕੀਅਤ ਹੈ। ਸਾਰੇ ਜੀਵ ਉਸ ਦੇ ਪਰਿਵਾਰ ਦਾ ਹੀ ਹਿਸਾ ਹਨ। ਉਹ ਅਥਾਹ ਅਤੇ ਬੇਅੰਤ ਹੈ। ਉਸ ਤੋਂ ਬਿਨਾ ਜੀਵ ਕਖਾਂ ਵਾਂਗ ਰੁਲ ਜਾਂਦਾ ਹੈ। ਦਿਨ ਰਾਤ ਉਸ ਨੂੰ ਹੀ ਆਰਾਧਣਾ ਚਾਹੀਦਾ ਹੈ। ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਗੁਰੂ ਦੇ ਦਿਤੇ ਗੁਰਮੰਤਰ ਨੂੰ ਕਮਾਉਣਾ ਹੈ-

ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥[163]

ਪਰਮਾਤਮਾ ਦੀ ਖੁਸ਼ੀ ਲੈਣ ਲਈ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਉਸਦੇ ਸੰਤ ਜਨਾਂ ਨਾਲ ਮਿਲ ਕੇ ਉਸਦੀ ਅਰਾਧਨਾ ਕਰਨੀ, ਉਸਦੇ ਦਾਸਾਂ ਦੇ ਚਰਨਾਂ ਦੀ ਧੂੜ ਬਣ ਕੇ, ਉਸਦੇ ਦਰ 'ਤੇ ਹੀ ਟਿਕਣਾ ਚਾਹੀਦਾ ਹੈ। ਉਸ ਤੋਂ ਬਿਨਾਂ ਕਿਤੇ ਆਸਰਾ ਨਹੀਂ ਮਿਲ ਸਕਦਾ। ਪਰਮਾਤਮਾ ਦੀ ਪ੍ਰਾਪਤੀ ਕਰਨੀ ਹੀ ਜੀਵਨ ਦਾ ਮਨੋਰਥ ਹੈ। ਜੇਕਰ ਗੁਰੂ ਦੇ ਚਰਨਾਂ ਵਿਚ ਥਾਂ ਮਿਲ ਜਾਵੇ ਤਾਂ ਹੀ ਮਨੁਖ ਦਾ ਭਲਾ ਹੋ ਸਕਦਾ ਹੈ:

ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥

ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥[164]

**ਵਾਰ ਸਤ**: `ਵਾਰ` ਦਾ ਅਰਥ ਸੰਸਕ੍ਰਿਤ ਵਿਚ ਕਾਲ, ਮੌਕਿਆ, ਅਵਸਰ ਅਤੇ ਦਿਨ ਹੈ। ਪੰਜਾਬੀ ਲੋਕ-ਗੀਤਾਂ ਵਿਚ ਇਹ `ਸਤਵਾਰ` ਕਰਕੇ ਜ਼ਿਆਦਾ ਪ੍ਰਚਲਤ ਹੈ। `ਸਤਵਾਰਾ` ਵੀ ਇਕ ਕਵਿਤਾ ਹੈ। `ਸਤ` ਦਾ ਅਰਥ ਹੈ- ਸੱਤ(ਗਿਣਤੀ ਸੂਚਕ), ਪਰ ਇਥੇ `ਸਤ` ਸੱਤ ਦਿਨਾਂ ਦੇ ਅਰਥਾਂ ਵਿਚ ਆਇਆ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ 841-42 `ਤੇ `ਰਾਗ ਬਿਲਾਵਲ` ਵਿਚ ਦਰਜ਼ ਹੈ। ਰਹਾਉ ਦੀਆਂ ਤੁਕਾਂ ਹਨ- ਹਿਰਦੈ ਜਪਨੀ ਜਪਉ ਗੁਣਤਾਸਾ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥੧॥ ਰਹਾਉ ॥ ਇਹਨਾਂ ਪੰਕਤੀਆਂ ਦਾ ਅਰਥ ਹੈ ਕਿ ਮੈਂ ਹਿਰਦੇ ਵਿਚ ਗੁਣ ਧਾਰਨ ਕਰਕੇ ਹਿਰਦੇ ਰੂਪੀ ਮਾਲ਼ਾ ਨਾਲ ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ ਦਾ ਸਿਮਰਨ ਕਰਦਾ ਹਾਂ। ਉਹ ਵਾਹਿਗੁਰੂ ਅਪਹੁੰਚ, ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ, ਪਰ੍ਹੇ ਤੋਂ ਪਰ੍ਹੇ, ਬੇਅੰਤ ਮਾਲਕ ਹੈ। ਮੈਂ ਉਸਦੇ ਸੇਵਕਾਂ ਦੇ ਚਰਨੀਂ ਲਗ ਕੇ ਉਸਦੇ ਦਾਸਾਂ ਦਾ ਦਾਸ ਹੋ ਕੇ (ਵਾਹਿਗੁਰੂ ਨੂੰ) ਧਿਆਉਂਦਾ ਹਾਂ।੧। ਰਹਾਉ।

ਇਸ ਬਾਣੀ ਵਿਚ ਗੁਰੂ ਅਮਰਦਾਸ ਜੀ ਨੇ ਦਿਨਾਂ (ਵਾਰਾਂ) ਸੰਬੰਧੀ ਪ੍ਰਚਲਿਤ ਗਲਤ ਧਾਰਨਾਵਾਂ ਦਾ ਖੰਡਨ ਕੀਤਾ ਹੈ। ਗੁਰੂ ਜੀ ਨੇ ਸੁਚਜੀ ਭਾਵ ਗੁਰਮਤਿ ਅਨੁਸਾਰੀ ਜ਼ਿੰਦਗੀ ਜੀਊਣ ਦਾ ਉਪਦੇਸ਼ ਦਿਤਾ ਹੈ ਅਤੇ

163 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 137.

164 ਉਹੀ, ਪੰਨਾ 137.

ਦਾਰਸ਼ਨਿਕ, ਧਾਰਮਿਕ, ਅਤੇ ਸਮਾਜਿਕ ਪਖਾਂ `ਤੇ ਵੀਚਾਰ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਉਹ ਸਾਰੇ ਧਰਮ ਕਰਮ ਬੇਕਾਰ ਹਨ, ਜਿਹੜੇ ਜੀਵ ਨੂੰ ਆਤਮਕ ਮਾਰਗ ਵਿਚ ਸਹਾਈ ਹੋਣ ਦੀ ਥਾਂ ਭਰਮਾਉਂਦੇ ਹਨ। ਅਸਲੀ ਕਰਮ ਤਾਂ ਨਾਮ ਜਪਣਾ ਹੈ। ਗੁਰੂ ਦੀ ਸਿਖਿਆ `ਤੇ ਚਲ ਕੇ ਹਉਮੈਂ ਦਾ ਨਾਸ਼ ਹੋ ਜਾਂਦਾ ਹੈ ਅਤੇ ਅਸਲੀ ਤਤ ਦੀ ਸੋਝੀ ਹੋ ਜਾਂਦੀ ਹੈ:

ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥
ਸਚੁ ਸੰਜਮੁ ਕਰਣੀ ਹੈ ਕਾਰ ॥[165]

ਕਿਸੇ ਖਾਸ ਤਰ੍ਹਾਂ ਦੀ ਮਾਲ਼ਾ ਦੀ ਲੋੜ ਨਹੀਂ, ਸਗੋਂ ਉਚੀ ਸੁਚੀ ਕਰਣੀ ਵਾਲਾ ਜੀਵਨ ਬਣਾ ਕੇ ਹਿਰਦੇ ਨੂੰ ਹੀ ਮਾਲ਼ਾ ਬਣਾ ਕੇ ਪਰਮਾਤਮਾ ਦਾ ਨਾਮ ਸਿਮਰਿਆ ਜਾ ਸਕਦਾ ਹੈ:

ਹਿਰਦੈ ਜਪਨੀ ਜਪਉ ਗੁਣਤਾਸਾ ॥[166]

ਖੇਤੀ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਵਹਿਮ ਭਰਮ ਪ੍ਰਚਲਿਤ ਸਨ। ਬੀਜਾਈ ਲਈ ਜਾਂ ਹਲ ਵਾਹੁਣ ਦਾ ਕੰਮ ਸ਼ੁਰੂ ਕਰਨ ਲਈ ਬੁਧਵਾਰ ਦਾ ਦਿਨ ਸ਼ੁਭ ਮੰਨਿਆ ਜਾਂਦਾ ਸੀ। ਸੋਮਵਾਰ ਅਤੇ ਸ਼ਨੀਵਾਰ ਇਸ ਕੰਮ ਲਈ ਅਸ਼ੁਭ ਗਿਣੇ ਜਾਂਦੇ ਸਨ। ਫ਼ਸਲ ਦੀ ਕਟਾਈ ਦਾ ਕੰਮ ਮੰਗਲਵਾਰ ਨੂੰ ਸ਼ੁਰੂ ਕਰਕੇ ਬੁਧਵਾਰ ਨੂੰ ਖਤਮ ਕਰਨਾ ਚੰਗਾ ਗਿਣਿਆ ਜਾਂਦਾ ਸੀ। ਸ਼ਨੀਵਾਰ ਤੇ ਐਤਵਾਰ ਨੂੰ ਕੋਈ ਸਿੰਙ ਵਾਲਾ ਪਸ਼ੂ ਖਰੀਦਣਾ ਅਤੇ ਵੇਚਣਾ ਮਾੜਾ ਮੰਨਿਆ ਜਾਂਦਾ ਸੀ। ਇਹਨਾਂ ਦੋ ਦਿਨਾਂ ਵਿਚ ਘਿਓ, ਮਖਣ, ਚਮੜਾ ਆਦਿ ਖਰੀਦਣਾ ਵੀ ਮਾੜਾ ਗਿਣਿਆ ਜਾਂਦਾ ਸੀ। ਭਾਦੋਂ ਦੇ ਮਹੀਨੇ ਵਿਚ ਹਰੀਤਾਲਕਾ ਤੋਂ ਬਾਅਦ ਆਉਣ ਵਾਲੇ ਐਤਵਾਰ ਨੂੰ ਪਵਿਤਰ ਮੰਨਿਆ ਜਾਂਦਾ ਸੀ। ਇਸ ਦਿਨ ਸੂਰਜ ਨਾਰਾਇਣ ਦਾ ਜਨਮ ਹੋਇਆ ਮੰਨਿਆ ਜਾਂਦਾ ਸੀ। ਸਨਾਤਨੀ ਲੋਕ ਇਸ ਦਿਨ ਵਰਤ ਰਖਦੇ ਸਨ ਅਤੇ ਸੂਰਜ ਨੂੰ ਅਰਗਾਹ ਦੇ ਕੇ ਪਾਠ ਕਰਦੇ ਸਨ। ਸੂਰਜ ਡੁਬਣ ਤਕ ਬਿਨਾਂ ਲੂਣ ਵਾਲਾ ਭੋਜਨ ਖਾਧਾ ਜਾਂਦਾ ਸੀ। ਇਸ ਦਿਨ ਦਾਨ ਕਰਨਾ ਵੀ ਚੰਗਾ ਸਮਝਿਆ ਜਾਂਦਾ ਸੀ।

ਮਧਕਾਲ ਵਿਚ ਵਰਤ ਆਦਿਕ ਰਖਣ ਦਾ ਵੀ ਬਹੁਤ ਰੁਝਾਨ ਸੀ। ਵਰਤ ਸ਼ਾਇਦ ਇਸ ਉਦੇਸ਼ ਨਾਲ ਸ਼ੁਰੂ ਕੀਤੇ ਗਏ ਸਨ ਕਿ ਆਹਾਰ ਵਿਚ ਸੰਤੁਲਨ ਰਖਣ ਨਾਲ ਸਰੀਰ ਸਹੀ ਰਹਿੰਦਾ ਹੈ। ਰੋਜ਼ਾਨਾ ਦੀ ਜ਼ਿੰਦਗੀ ਵਿਚ ਜੇਕਰ ਕਦੇ ਕਦੇ ਪੇਟ ਨੂੰ ਖਾਲੀ ਰਖਿਆ ਜਾਵੇ ਤਾਂ ਸਰੀਰ ਸਾਧਿਆ ਰਹਿੰਦਾ ਹੈ। ਪਰ ਬਾਅਦ ਵਿਚ ਵਰਤ ਇਕ ਕਰਮ-ਕਾਂਡ ਹੀ ਬਣ ਕੇ ਰਹਿ ਗਿਆ । ਇਸ ਨਾਲ ਕਈ ਮਨੌਤਾਂ ਜੁੜ ਗਈਆਂ। ਇਸ ਦਿਨ ਫਲ਼, ਦੁਧ, ਮਿਠਾਈ ਆਦਿਕ ਇੰਨਾ ਕੁਝ ਖਾ ਲਿਆ ਜਾਂਦਾ ਹੈ ਜੋ ਬਾਕੀ ਦਿਨਾਂ ਤੋਂ ਵੀ ਕਿਤੇ ਵੱਧ ਹੁੰਦਾ ਹੈ। ਸੋ ਇਸ ਦਾ

---

165 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 137.

166 ਉਹੀ.

ਸਰੀਰ ਨੂੰ ਸਾਧਣ ਦਾ ਉਦੇਸ਼ ਕਿਤ ਲਾਂਭੇ ਹੀ ਰਹਿ ਗਿਆ। ਹਿੰਦੂ ਸ਼ਾਸ਼ਤਰਾਂ ਵਿਚ ਕਈ ਤਰ੍ਹਾਂ ਦੇ ਵਰਤਾਂ ਦਾ ਜ਼ਿਕਰ ਮਿਲਦਾ ਹੈ। ਇਹਨਾਂ ਨੂੰ ਨਿਭਾਉਣ ਦੇ ਵਿਧਾਨ ਅਤੇ ਇਹਨਾਂ ਦੀ ਮਹਾਨਤਾ ਬਾਰੇ ਵੀ ਲਿਖਿਆ ਮਿਲਦਾ ਹੈ। ਵਰਤਾਂ ਨਾਲ ਸੰਬੰਧਿਤ ਕਈ ਤਰ੍ਹਾਂ ਦੀਆਂ ਮਿਥਕ ਅਤੇ ਪੌਰਾਣਿਕ ਕਥਾਵਾਂ ਵੀ ਮਿਲਦੀਆਂ ਹਨ। ਕਈ ਲੋਕ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ, ਕਈ ਸੁਖਣਾ ਉਤਾਰਨ ਲਈ ਅਤੇ ਕਈ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਵਰਤ ਰਖਦੇ ਸਨ। ਪਰ ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਕਰਮਾਂ ਨਾਲ ਤਾਂ ਹਉਮੈਂ ਹੀ ਵਧਦੀ ਹੈ। ਇਹਨਾਂ ਨਾਲ ਪ੍ਰਾਪਤੀ ਕੋਈ ਨਹੀਂ ਹੁੰਦੀ:

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥

ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥[167]

ਪਰ ਗੁਰੂ ਜੀ ਨੇ ਦਿਨਾਂ ਰਾਹੀਂ ਇਹੀ ਸਮਝਾਇਆ ਹੈ ਕਿ ਪਰਮਾਤਮਾ ਇਕ ਹੈ। ਵਖ ਵਖ ਦਿਨਾਂ ਰਾਹੀਂ ਗੁਰੂ ਜੀ ਨੇ ਇਸ ਤਰ੍ਹਾਂ ਉਪਦੇਸ਼ ਦਿਤੇ ਹਨ:

ਐਤਵਾਰ ਰਾਹੀਂ ਦੱਸਿਆ ਹੈ ਕਿ ਪਰਮਾਤਮਾ ਸਾਰੇ ਕਿਤੇ ਸਮਾਇਆ ਹੋਇਆ ਹੈ। ਉਸ ਨੇ ਸਭ ਨੂੰ ਪੈਦਾ ਕੀਤਾ ਹੈ ਅਤੇ ਸਭ ਦੀ ਸੰਭਾਲ ਵੀ ਉਹੀ ਕਰਦਾ ਹੈ:

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥[168]

ਸੋਮਵਾਰ ਰਾਹੀਂ ਦੱਸਿਆ ਹੈ ਕਿ ਪਰਮਾਤਮਾ ਸਾਰੇ ਕਿਤੇ ਸਮਾਇਆ ਹੋਇਆ ਹੈ:

ਸੋਮਵਾਰਿ ਸਚਿ ਰਹਿਆ ਸਮਾਇ ॥[169]

ਮੰਗਲਵਾਰ ਰਾਹੀਂ ਉਪਦੇਸ਼ ਦਿਤਾ ਹੈ ਕਿ ਪਰਮਾਤਮਾ ਨੇ ਮਾਇਆ ਦਾ ਮੋਹ ਪੈਦਾ ਕਰਕੇ ਜੀਵਾਂ ਨੂੰ ਵਖ ਵਖ ਧੰਦਿਆਂ ਵਿਚ ਲਾਇਆ ਹੈ:

ਮੰਗਲਿ ਮਾਇਆ ਮੋਹੁ ਉਪਾਇਆ ॥

ਆਪੇ ਸਿਰਿ ਸਿਰਿ ਧੰਧੈ ਲਾਇਆ ॥[170]

ਬੁਧਵਾਰ ਰਾਹੀਂ ਦੱਸਿਆ ਹੈ ਕਿ ਪਰਮਾਤਮਾ ਆਪੇ ਹੀ ਸਪ ਦੀ ਸਾਰ ਲੈਂਦਾ ਹੈ:

ਬੁਧਵਾਰਿ ਆਪੇ ਬੁਧਿ ਸਾਰੁ ॥[171]

---

167 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 841.

168 ਉਹੀ.

169 ਉਹੀ.

170 ਉਹੀ.

171 ਉਹੀ.

ਸ਼ੁਕਰਵਾਰ ਰਾਹੀਂ ਦੱਸਿਆ ਹੈ ਕਿ ਪਰਮਾਤਮਾ ਸਭ ਥਾਂ ਵਿਆਪਕ ਹੈ:

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥[172]

ਸ਼ਨਿਚਰਵਾਰ ਰਾਹੀਂ ਦੱਸਿਆ ਹੈ ਕਿ ਹਿੰਦੂ ਧਰਮ ਸ਼ਾਸ਼ਤਰ ਸਉਣਾਂ ਅਤੇ ਸ਼ਗਨਾਂ ਵਿਚ ਜੀਵ ਨੂੰ ਉਲਝਾਉਂਦੇ ਹਨ। ਸ਼ਾਸ਼ਤਰ ਭਾਵ ਧਾਰਮਿਕ ਗ੍ਰੰਥਾਂ(ਵੇਦ, ਪੁਰਾਣਾਂ) ਦੀ ਵੀਚਾਰ ਸਉਣ, ਸ਼ਗਨ ਕਰਨ ਨਾਲ ਹਉਮੈਂ ਹੀ ਵਧਦੀ ਹੈ। ਜਦਕਿ ਸਚ ਦੀ ਸੋਝੀ ਹਉਮੈਂ ਨੂੰ ਤਿਆਗ ਕੇ ਹੋਣੀ ਹੈ:

ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥

ਹਉਮੈ ਮੇਰਾ ਭਰਮੈ ਸੰਸਾਰੁ ॥[173]

**ਥਿਤੀ:** ਥਿਤੀ ਸ਼ਬਦ 'ਤਿਥਿ' ਤੋਂ ਬਣਿਆ ਹੈ। ਇਸ ਨੂੰ ਤਿਥ ਦਾ ਬਹੁ-ਵਚਨ ਵੀ ਮੰਨਿਆ ਜਾਂਦਾ ਹੈ। ਇਹ ਥਿਤਾਂ ਚੰਦਰਮਾਸ 'ਤੇ ਆਧਾਰਤ ਹੁੰਦੀਆਂ ਹਨ। ਚੰਦਰਮਾ ਦੀ ਚਾਲ 'ਤੇ ਆਧਾਰਿਤ ਮਹੀਨਿਆਂ ਨੂੰ 'ਚੰਦਰਮਾਸ' ਕਿਹਾ ਜਾਂਦਾ ਹੈ। ਇਸ ਵਿਚ ਦੋ ਪਖ ਹੁੰਦੇ ਹਨ। ਚਾਨਣ ਪਖ ਅਤੇ ਹਨੇਰ ਪਖ। ਇਹਨਾਂ ਨੂੰ ਸੁਦੀ ਅਤੇ ਵਦੀ ਵੀ ਕਿਹਾ ਜਾਂਦਾ ਹੈ। ਚੰਦਰਮਾਸ ਵਿਚ ਚੰਦਰਮਾ ਦੇ ਵਧਣ ਘਟਣ ਨਾਲ ਥਿਤਾਂ ਦੇ ਨਾਂ ਰਖੇ ਜਾਂਦੇ ਹਨ। ਪੂਰਨਮਾਸ਼ੀ ਨੂੰ ਇਸ ਮਹੀਨੇ ਦੀ ਆਖਰੀ ਤਿਥ ਹੁੰਦੀ ਹੈ ਅਤੇ ਪੂਰਨਮਾਸ਼ੀ ਤੋਂ ਅਗਲੇ ਦਿਨ ਪਹਿਲੀ ਤਿਥ ਹੁੰਦੀ ਹੈ। ਮੱਸਿਆ ਤੋਂ ਬਾਅਦ ਚੰਦਰਮਾ ਹਰ ਰੋਜ਼ ਥੋੜ੍ਹਾ-ਥੋੜ੍ਹਾ ਵਧਦਾ ਜਾਂਦਾ ਹੈ। ਪੂਰਨਮਾਸ਼ੀ ਤਕ ਪੂਰਾ ਹੋ ਜਾਂਦਾ ਹੈ। ਪੂਰਨਮਾਸ਼ੀ ਤੋਂ ਘਟਦਾ-ਘਟਦਾ ਮੱਸਿਆ ਤਕ ਬਿਲਕੁਲ ਅਦ੍ਰਿਸ਼ਟ ਹੋ ਜਾਂਦਾ ਹੈ। ਦੋਹਾਂ ਪਖਾਂ ਵਿਚ ਪੰਦਰਾਂ ਪੰਦਰਾਂ ਤਰੀਕਾਂ ਹੁੰਦੀਆਂ ਹਨ। ਜੋ ਮੱਸਿਆ ਤੋਂ ਪੂਰਨਮਾਸ਼ੀ ਤਕ ਅਤੇ ਪੂਰਨਮਾਸ਼ੀ ਤੋਂ ਮੱਸਿਆ ਤਕ ਚਲਦੀਆਂ ਹਨ। ਇਸ ਤਰ੍ਹਾਂ ਇਹ ਇਕ ਮਹੀਨੇ ਵਿਚ ਸੁਦੀ ਅਤੇ ਵਦੀ ਕਰ ਕੇ ਦੋ ਵਾਰ ਆਉਂਦੀਆਂ ਹਨ। ਕੁਲ ਸੋਲ੍ਹਾਂ ਥਿਤਾਂ ਮੰਨੀਆਂ ਜਾਂਦੀਆਂ ਹਨ। ਇਹ ਹਨ:

ਏਕਮ, ਦੂਜ, ਤੀਜ, ਚੌਥ, ਪੰਚਮੀ, ਛਟੀ, ਸਪਤਮੀ, ਅਸ਼ਟਮੀ, ਨੌਮੀ, ਦਸਮੀਂ, ਇਕਾਦਸੀ, ਦੁਆਦਸੀ, ਤ੍ਰੌਦਸੀ, ਚੌਦਸ, ਮਸਿਆ ਅਤੇ ਪੂਰਨਮਾਸ਼ੀ।

ਗੁਰੂ ਸਾਹਿਬ ਦੇ ਸਮੇਂ ਥਿਤਾਂ ਨਾਲ ਸੰਬੰਧਿਤ ਵੀ ਬਹੁਤ ਵਹਿਮ ਭਰਮ ਪ੍ਰਚਲਤ ਸਨ। ਬ੍ਰਾਹਮਣਾਂ ਨੇ ਆਮ ਲੋਕਾਂ ਨੂੰ ਉਲਝਾਇਆ ਹੋਇਆ ਸੀ। ਗੁਰੂ ਜੀ ਨੇ ਇਸ ਰਚਨਾ ਰਾਹੀਂ ਲੋਕਾਂ ਨੂੰ ਇਹਨਾਂ ਵਹਿਮਾਂ ਭਰਮਾਂ ਤੋਂ ਸੁਚੇਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਬਾਣੀਆਂ ਇਸ ਸਿਰਲੇਖ ਹੇਠ ਮਿਲਦੀਆਂ ਹਨ। ਭਗਤ ਕਬੀਰ ਜੀ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ। ਭਗਤ ਕਬੀਰ ਜੀ

---

172 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 841.

173 ਉਹੀ.

ਅਤੇ ਗੁਰੂ ਅਰਜਨ ਦੇਵ ਜੀ ਨੇ ਇਹ ਬਾਣੀ ਗਉੜੀ ਰਾਗ ਵਿਚ ਰਚੀ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ ਰਚੀ ਹੈ।

ਗੁਰੂ ਅਰਜਨ ਦੇਵ ਜੀ ਪੰਦਰਾਂ ਥਿਤਾਂ ਰਾਹੀਂ ਉਪਦੇਸ਼ ਦਿੰਦੇ ਹਨ। ਇਸ ਦੀਆਂ ਰਹਾਉ ਦੀਆਂ ਤੁਕਾਂ ਵਿਚ ਓਪਦੇਸ਼ ਹੈ ਕਿ ਸੰਤ ਜਨਾਂ ਨਾਲ ਮਿਲ ਕੇ ਹਰ ਵੇਲੇ ਪਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ। ਏਕਮ ਰਾਹੀਂ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਰੇ ਕਰਮ-ਕਾਂਡ ਵਿਅਰਥ ਹਨ। ਭਾਵੇਂ ਸਾਰੇ ਵੇਦ ਸ਼ਾਸ਼ਤਰ ਫੋਲ ਕੇ ਵੇਖ ਲਵੋ ਜਾਂ ਦਸਾਂ ਦਿਸ਼ਾਵਾਂ ਅਤੇ ਚਾਰੇ ਕੁੰਟਾਂ ਵਿਚ ਫਿਰ ਕੇ ਵੇਖ ਲਵੋ। ਹੋਰ ਕਿਤੇ ਕੁਝ ਮੰਗਣ ਦੀ ਜ਼ਰੂਰਤ ਨਹੀਂ। ਪਰਮਾਤਮਾ ਦੀ ਸ਼ਰਣ ਵਿਚ ਆ ਕੇ ਜੋ ਮੰਗੋ ਉਹ ਹੀ ਮਿਲਦਾ ਹੈ। ਦੂਜ ਰਾਹੀਂ ਉਪਦੇਸ਼ ਕਰਦੇ ਹਨ ਕਿ ਬੁਰੀ ਮਤ ਦੂਰ ਕਰ ਕੇ ਪ੍ਰਭੂ ਦਾ ਨਾਮ ਜਪਣ ਨਾਲ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਰਤਨ ਰੂਪੀ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਸਾਰੇ ਕਲੇਸ਼ ਅਤੇ ਜਨਮ ਮਰਣ ਮਿਟ ਜਾਂਦਾ ਹੈ। ਰਾਮ ਨਾਮ ਦਾ ਲਾਹਾ ਖਟਣ ਨਾਲ ਮਨੁਖ ਆਤਮਿਕ ਸ਼ਾਹ ਬਣ ਜਾਂਦਾ ਹੈ। ਤੀਜ ਰਾਹੀਂ ਦੱਸਦੇ ਹਨ ਕਿ ਮਾਇਆ ਦੇ ਤਿੰਨ ਗੁਣ ਮਨੁਖ ਨੂੰ ਨਰਕ, ਸਵਰਗ, ਹਰਖ, ਸੋਗ ਅਤੇ ਸੰਸਿਆਂ ਵਿਚ ਘੇਰੀ ਰਖਦੇ ਹਨ। ਰਸਾਂ ਕਸਾਂ ਕਰਕੇ ਮਨੁਖ ਆਧਿ, ਵਿਆਧਿ ਅਤੇ ਉਪਾਧਿ ਤਿੰਨੋਂ ਤਾਪਾਂ ਵਿਚ ਫਸਿਆ ਰਹਿੰਦਾ ਹੈ ਅਤੇ ਪੈਦਾ ਕਰਨ ਵਾਲੇ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ। ਚੌਥ ਰਾਹੀਂ ਦੱਸਦੇ ਹਨ ਕਿ ਉਹੀ ਚਤੁਰ, ਸਿਆਣਾ ਤੇ ਸੁਚਜਾ ਹੈ ਜੋ ਹੰਕਾਰ ਦਾ ਤਿਆਗ ਕਰਦਾ ਹੈ। ਪਰਮਾਤਮਾ ਦੇ ਨਾਮ ਵਿਚ ਹੀ ਚਾਰ ਪਦਾਰਥ ਅਤੇ ਅਠ ਕਰਾਮਾਤਾਂ ਹਨ। ਚਾਰ ਵੇਦਾਂ ਅਨੁਸਾਰ ਇਹੀ ਤਤ ਨਿਕਲਦਾ ਹੈ ਕਿ ਪਰਮਾਤਮਾ ਦਾ ਨਾਮ ਸਾਰੇ ਸੁਖਾਂ ਦਾ ਸਾਰ ਹੈ। ਜਿਸ ਨਾਲ ਨਰਕ, ਮੌਤ, ਕਲੇਸ਼, ਦੁਖ, ਦਲਿਦਰੀ ਅਤੇ ਭੈ ਤੋਂ ਛੁਟਕਾਰਾ ਹੋ ਜਾਂਦਾ ਹੈ। ਮਨ ਨਿਰਮਲ ਹੋ ਜਾਂਦਾ ਹੈ। ਪੰਚਮੀ ਰਾਹੀਂ ਦੱਸਦੇ ਹਨ ਕਿ ਉਹ ਪੰਚ ਜਨ ਭਾਵ ਮਹਾਂਪੁਰਸ਼ ਧੰਨ ਹਨ ਜਿਹਨਾਂ ਨੇ ਸੰਸਾਰ ਦੇ ਪਰਪੰਚ ਨੂੰ ਸਮਝ ਲਿਆ ਹੈ ਕਿ ਇਹ ਸੰਸਾਰ ਤਰ੍ਹਾਂ-ਤਰ੍ਹਾਂ ਦੀਆਂ ਸੁਗੰਧੀਆਂ ਵਾਲਾ ਮਾਇਆ ਦਾ ਪਸਾਰਾ ਮਿਥਿਆ ਅਤੇ ਠਗੀ ਹੈ:

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥

ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥[174]

ਸਾਰਾ ਜਗਤ ਇਸ ਦੇ ਰਸਾਂ ਵਿਚ ਗ੍ਰਸ ਕੇ ਮਸਤ ਹੋਇਆ ਰਹਿੰਦਾ ਹੈ ਅਤੇ ਬਾਰ ਬਾਰ ਜੰਮਦਾ ਮਰਦਾ ਰਹਿੰਦਾ ਹੈ। ਜਿਹੜੇ ਸ਼ਰਧਾ ਨਾਲ ਪਰਮਾਤਮਾ ਦੀ ਭਗਤੀ ਕਰਦੇ ਹਨ, ਉਹ ਪਰਪੰਚ ਤੋਂ ਅਲੇਪ ਰਹਿੰਦੇ ਹਨ।

---

[174] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 297.

**ਬਾਰਹਮਾਹ**: ਬਾਰਹਮਾਹ ਪੰਜਾਬੀ ਦਾ ਇਕ ਲੋਕ-ਕਾਵਿ ਰੂਪ ਹੈ, ਜਿਸ ਵਿਚ ਇਕ ਪਤਨੀ ਦੀ ਆਪਣੇ ਪਤੀ ਦੇ ਵਿਛੋੜੇ ਵਿਚ ਉਪਜੀ ਬਿਰਹਾ ਨੂੰ ਪੇਸ਼ ਕੀਤਾ ਜਾਂਦਾ ਹੈ। ਉਸਦੀ ਹਰ ਮਹੀਨੇ ਮੌਸਮ ਅਨੁਸਾਰ ਬਦਲਦੀ ਮਾਨਸਿਕ ਹਾਲਤ ਦਾ ਵਰਨਣ ਕੀਤਾ ਹੁੰਦਾ ਹੈ। ਪਹਿਲਾਂ ਪਹਿਲ ਮਨੁਖ ਦਾ ਮੁਖ ਕਿੱਤਾ ਖੇਤੀਬਾੜੀ ਸੀ। ਹੌਲੀ ਹੌਲੀ ਮਨੁਖ ਖੇਤੀ ਤੋਂ ਇਲਾਵਾ ਹੋਰ ਧੰਧੇ ਵੀ ਕਰਨ ਲੱਗਾ। ਜਿਹਨਾਂ ਵਿਚ ਵਪਾਰ ਪ੍ਰਮੁਖ ਸੀ। ਵਪਾਰ ਕਰਨ ਲਈ ਉਸ ਨੇ ਦੂਰ ਦੁਰਾਡੇ ਵੀ ਜਾਣਾ ਸ਼ੁਰੂ ਕਰ ਦਿਤਾ। ਪਿਛੇ ਘਰ ਵਿਚ ਪਤਨੀ ਇਕਲੀ ਰਹਿ ਜਾਂਦੀ ਹੈ। ਉਸ ਨੂੰ ਕਈ ਵਾਰ ਕੁਪੱਤੀ ਸੱਸ ਦੀਆਂ ਵਧੀਕੀਆਂ ਅਤੇ ਅਤਿਆਚਾਰਾਂ ਦਾ ਸਾਹਮਣਾ ਕਰਨਾ ਪੈਂਦਾ। ਇਸ ਸੰਤਾਪ ਅਤੇ ਪਤੀ ਦੇ ਵਿਛੋੜੇ ਦੀ ਸਤਾਈ ਉਹ ਇਕ ਇਕ ਪਲ ਗਿਣ ਕੇ ਪਤੀ ਦੇ ਆਉਣ ਦਾ ਇੰਤਜ਼ਾਰ ਕਰਦੀ। ਇਹਨਾਂ ਸੰਤਾਪਾਂ ਨੂੰ ਦਰਸਾਉਣ ਲਈ ਇਹੋ ਜਿਹੇ ਲੋਕ ਕਾਵਿ ਹੋਂਦ ਵਿਚ ਆਏ। ਜਿਸ ਵਿਚ ਇਕ ਬਿਰਹਨ ਇਸਤਰੀ ਦੀ ਆਪਣੇ ਪਤੀ ਪ੍ਰਤੀ ਬਿਰਹਾ ਅਤੇ ਤੜਪ ਦਾ ਜ਼ਿਕਰ ਹੁੰਦਾ ਹੈ। ਆਮ ਕਰ ਕੇ ਬਾਰਹ ਮਾਹ ਦਾ ਆਰੰਭ ਚੇਤ ਦੇ ਮਹੀਨੇ ਤੋਂ ਕੀਤਾ ਜਾਂਦਾ ਹੈ। ਫਿਰ ਹਰ ਮਹੀਨੇ ਵਿਚ ਮੌਸਮ ਦੇ ਅਨੁਸਾਰ ਬਿਰਹਨ ਦੀ ਅਵਸਥਾ ਦੱਸੀ ਜਾਂਦੀ ਹੈ। ਗਿਆਰਾਂ ਮਹੀਨਿਆਂ ਵਿਚ ਬਿਰਹਾ ਦਾ ਵਰਨਣ ਹੁੰਦਾ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਇਸਤਰੀ ਦਾ ਪਤੀ ਨਾਲ ਮਿਲਾਪ ਹੋ ਜਾਂਦਾ ਹੈ। ਉਸਦੇ ਦੁਖ ਸੁਖਾਂ ਵਿਚ ਬਦਲ ਜਾਂਦੇ ਹਨ।

ਪੰਜਾਬ ਵਿਚ ਬਾਰਹਮਾਹ ਦੀ ਪਰੰਪਰਾ ਬੜੀ ਪੁਰਾਣੀ ਹੈ। ਬਾਰ੍ਹਵੀਂ ਸਦੀ ਦੇ ਮੁਢ ਵਿਚ ਮਸ਼ਹੂਰ ਕਵੀ ਮਾਸਊਦ ਸਾਅਦ ਸੁਲੇਮਾਨ ਲਾਹੌਰੀ ਦਾ ਲਿਖਿਆ ਫਾਰਸੀ ਬਾਰਾਂ ਮਾਹ ਇਸ ਗੱਲ ਦਾ ਪੱਕਾ ਪ੍ਰਮਾਣ ਹੈ ਕਿ ਉਸ ਸਮੇਂ ਇਹ ਕਾਵਿ-ਰੂਪ ਭਾਰਤੀ ਸਾਹਿਤ ਵਿਚ ਕਾਫੀ ਪ੍ਰਸਿਧੀ ਰੱਖਦਾ ਸੀ। ਇਸੇ ਤੋਂ ਮੁਤਾਸਰ ਹੋ ਕੇ ਮਾਸਉਦ ਨੇ ਫਾਰਸੀ ਵਿਚ ਬਾਰਾਂਮਾਹ ਲਿਖਿਆ ਕਿਉਂਕਿ ਫ਼ਾਰਸੀ ਕਾਵਿ ਦੀ ਪਰੰਪਰਾ ਵਿਚ ਅਜਿਹੀ ਪਿਰਤ ਪਹਿਲੇ ਨਹੀਂ ਸੀ।[175] ਬਾਰਹਮਾਹ ਦਾ ਤਾਣਾ ਪੇਟਾ ਤਾਂ ਬਿਰਹੁ ਵਿਯੋਗ ਦਾ ਹੁੰਦਾ ਹੈ ਪਰ ਅੰਤ ਕਪੜਾ ਸੰਜੋਗ ਦਾ ਬੁਣਿਆ ਜਾਂਦਾ ਹੈ। ਇਸ ਕਪੜੇ ਨੂੰ ਬੁਣਨ ਵਾਲੀ ਕੁਦਰਤ ਹੈ ਜੋ ਗਿਆਰਾਂ ਮਹੀਨੇ ਦੀ ਲੁੱਛਦੀ ਸਿਕਦੀ ਫਿੱਕੀ ਫਿੱਕੀ ਜ਼ਿੰਦਗੀ ਨੂੰ ਫੱਗਣ ਦੀਆ ਬਹਾਰਾਂ ਵਿਚ ਵਸਲ ਦੇ ਰੰਗ ਨਾਲ ਰੰਗ ਕੇ ਇਕ ਨਵੀ ਹੋਲੀ ਖੇਡਦੀ ਹੈ।[176]

ਗੁਰੂ ਸਾਹਿਬਾਨ ਨੇ ਜਿਥੇ ਪ੍ਰਚਲਤ ਕਾਵਿ ਰੂਪਾਂ ਨੂੰ ਆਪਣੀ ਰਚਨਾ ਵਿਚ ਦਰਜ ਕੀਤਾ ਉਥੇ ਹੀ ਨਵੇਂ ਕਾਵਿ ਰੂਪਾਂ ਨੂੰ ਆਧਾਰ ਬਣਾ ਕੇ ਬਾਣੀ ਦੀ ਰਚਨਾ ਕੀਤੀ। ਗੁਰੂ ਸਾਹਿਬਾਨ ਇਹ ਗੱਲ ਬਾਖੂਬੀ ਜਾਣਦੇ

---

[175] ਪ੍ਰੋ. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 133.

[176] ਉਹੀ.

ਸਨ ਕਿ ਅਨੁਭਵੀ ਗਿਆਨ ਦੇ ਪ੍ਰਗਟਾਅ ਲਈ ਸਾਹਿਤ ਦਾ ਕਿਹੜਾ ਰੂਪ ਚੁਣਨਾ ਹੈ ਅਤੇ ਕਿਸ ਭਾਸ਼ਾ ਜਾਂ ਬੋਲੀ ਨੂੰ ਆਧਾਰ ਬਣਾਉਣਾ ਮਹੱਤਵਪੂਰਨ ਹੈ। ਇਸ ਕਰਕੇ ਜਿਥੇ ਗੁਰੂ ਸਾਹਿਬਾਨ ਨੇ ਬਾਣੀ ਦੇ ਪ੍ਰਗਟਾਅ ਲਈ ਜਿਥੇ ਲੋਕ-ਕਾਵਿ ਰੂਪਾਂ ਨੂੰ ਲਿਆ ਉਥੇ ਹੀ ਆਮ ਬੋਲੀ ਦੀ ਵਰਤੋਂ ਜ਼ਰੀਏ ਜਨ ਸਾਧਾਰਨ ਤਕ ਰਹਸਮਈ ਗਿਆਨ ਪਹੁੰਚਾਇਆ।

ਗੁਰੂ ਗ੍ਰੰਥ ਸਾਹਿਬ ਵਿਚ ਬਾਰਹਮਾਹ ਦੋ ਰਾਗਾਂ ਵਿਚ ਮਿਲਦਾ ਹੈ- ਰਾਗ ਤੁਖਾਰੀ ਵਿਚ ਨਾਨਕ ਦੇਵ ਜੀ ਅਤੇ ਰਾਗ ਮਾਝ ਵਿਚ ਗੁਰੂ ਅਰਜਨ ਦੇਵ ਜੀ ਦਾ। ਜੇਕਰ ਦੇਖਿਆ ਜਾਵੇ ਤਾਂ ਪੰਜਾਬੀ ਵਿਚ ਸੰਵਰੇ ਹੋਏ ਰੂਪ ਵਿਚ ਪਹਿਲਾ ਬਾਰਹ ਮਾਹ ਗੁਰੂ ਨਾਨਕ ਦੇਵ ਜੀ ਦਾ ਹੀ ਮਿਲਦਾ ਹੈ। ਜਿਸ ਵਿਚ ਗੁਰੂ ਜੀ ਨੇ ਹਰ ਮਹੀਨੇ ਨੂੰ ਇਕ ਇਕਾਈ ਬਣਾ ਕੇ ਨਾ ਕੇਵਲ ਬਿਰਹਾ ਹੀ ਦਰਸਾਈ ਹੈ, ਸਗੋਂ ਮਿਲਾਪ ਦਾ ਰਾਹ ਵੀ ਦਰਸਾਇਆ ਹੈ। 'ਤੁਖਾਰੀ ਬਾਰਾਂਮਾਹ' ਸਚਮੁਚ ਅਦਭੁਤ ਰਚਨਾ ਹੈ, ਸਮੁੱਚੇ ਅਧਿਆਤਮਕ ਸਾਹਿਤ ਵਿਚ ਅਜੇਹੀ ਰੰਗੀਨ ਤੇ ਰਹੱਸਵਾਦੀ ਰਸ-ਲੀਨ ਕਵਿਤਾ ਹੋਰ ਨਹੀ ਮਿਲਦੀ। ਇਹ ਇਸ਼ਕ ਹਕੀਕੀ ਤੇ ਇਸ਼ਕ ਮਿਜ਼ਾਜੀ ਦਾ ਸੁੰਦਰ ਸੁਮੇਲ ਹੈ ਕਵੀ ਇਕ ਵਿਯੋਗਣ ਸੁੰਦਰੀ ਦਾ ਪ੍ਰਤੀਕ ਵਰਤਦਾ ਰੂਹਾਨੀਅਤ ਦੀ ਗੱਲ ਰੋਮਾਂਟਿਕ ਢੰਗ ਨਾਲ ਕਰਦਾ ਹੈ। ਪਰ ਕਿਤੇ ਇੰਝ ਵਰਣਨ ਦੈਵੀ ਪੱਧਰ ਤੋਂ ਇਧਰ ਉਧਰ ਹੇਠ ਨਹੀਂ ਲਹਿੰਦਾ। ਵਿਅਕਤੀਗਤ ਛੋਹਾਂ ਹੁੰਦਿਆਂ ਹੋਇਆਂ ਸਮੁਚਾ ਪ੍ਰਭਾਵ ਅਧਿਆਤਮਕਤਾ ਦਾ ਹੀ ਰਹਿੰਦਾ ਹੈ। ਅਜੇਹੀਆ ਤੀਰਥ ਭਾਵਕ ਛਹਾਂ ਦੇ ਬਾਵਜੂਦ ਰੂਹਾਨੀ ਪਵਿਤ੍ਰਤਾ ਨੂੰ ਇਉ ਕਾਇਮ ਰੱਖਣਾ ਗੁਰੂ-ਕਾਵਿ ਕਲਾ ਦਾ ਕ੍ਰਿਸ਼ਮਾ ਹੈ।[177] ਪੁਰਾਤਨ ਜਨਮਸਾਖੀ ਅਨੁਸਾਰ ਇਹ ਰਚਨਾ ਗੁਰੂ ਜੀ ਨੇ ਆਪਣੇ ਅੰਤਮ ਸਮੇਂ ਵਿਚ ਕਰਤਾਰਪੁਰ ਵਿਖੇ ਰਚੀ। 'ਤੁਖਾਰ' ਤੋਂ ਭਾਵ ਹੈ ਬਰਫ਼। ਇਹ ਸਿਆਲਾਂ ਦਾ ਰਾਗ ਹੈ। ਇਹ ਇਲਾਕਾ ਹਿਮਾਲਾ ਦੇ ਉਤਰ ਪਛਮ ਵਲ ਪੈਂਦਾ ਹੈ। ਅਗਲਾ ਬਾਰਹ ਮਾਹ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਵਿਚ ਮਿਲਦਾ ਹੈ। ਜਿਸ ਤੋਂ ਬਾਅਦ ਪੰਜਾਬੀ ਵਿਚ ਬਾਰਹ ਮਾਹ ਰਚਣ ਦੀ ਇਕ ਲੰਮੀ ਪਰੰਪਰਾ ਚਲ ਪਈ। ਗੁਰੂ ਸਾਹਿਬਾਨ ਨੇ ਇਸ ਕਾਵਿ ਰੂਪ ਵਿਚ ਪਤੀ ਪਤਨੀ ਦਾ ਦ੍ਰਿਸ਼ਟਾਂਤ ਦੇ ਕੇ ਪਰਮਾਤਮਾ ਤੋਂ ਵਿਛੜੀ ਆਤਮਾ ਦੀ ਬਿਰਹਾ ਭਰੀ ਅਵਸਥਾ ਦਾ ਵਰਨਣ ਕੀਤਾ ਹੈ। ਬਿਰਹਨ ਨੂੰ ਵਿਛੋੜੇ ਕਾਰਨ ਗਰਮੀ ਦੀ ਤਪਸ਼ ਤੇ ਸਰਦੀ ਦੇ ਕਕਰ ਦਾ ਦੁਖ ਸਹਾਰਨਾ ਪੈਂਦਾ ਹੈ। ਗੁਰੂ ਸਾਹਿਬਾਨ ਨੇ ਇਸੇ ਕਾਵਿ ਰੂਪ ਵਿਚ ਆਤਮਾ ਦੀ ਪਰਮਾਤਮਾ ਤੋਂ ਵਿਛੋੜੇ ਵਿਚ ਬਿਰਹਾ ਭਰੀ ਅਵਸਥਾ ਦਾ ਵਰਨਣ ਕੀਤਾ ਹੈ। ਬਿਰਹਨ ਨੂੰ ਵਿਛੋੜੇ ਕਾਰਨ ਹਰ ਮੌਸਮ ਵਿਚ ਤਪਸ਼ ਹੀ ਮਹਿਸੂਸ ਹੁੰਦੀ ਹੈ। ਉਸ ਨੂੰ ਜੇਠ ਹਾੜ੍ਹਾਂ ਦੀ ਗਰਮੀ ਅਤੇ ਪੋਹ ਮਾਘ ਦੀ ਠੰਢ ਦੋਨੋਂ ਹੀ ਦੁਖ ਦਿੰਦੀਆਂ ਹਨ। ਪਰਮਾਤਮਾ ਤੋਂ ਵਿਛੜੀ ਬਿਰਹਨ ਇਸਤਰੀ ਦੀ ਹਾਲਤ ਬਹੁਤ ਦੁਖ ਭਰੀ

---

177 ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਨਾਨਕ ਸਾਗਰ, ਪੰਨਾ 134

ਹੁੰਦੀ ਹੈ। ਉਸ ਨੂੰ ਕੁਝ ਵੀ ਚੰਗਾ ਨਹੀਂ ਲਗਦਾ। ਉਸ ਨੂੰ ਵਸਦੇ ਨਗਰ ਵੀ ਉਜਾੜ ਨਜ਼ਰ ਆਉਂਦੇ ਹਨ। ਪਰਮਾਤਮਾ ਤੋਂ ਵਿਛੋੜੇ ਦਾ ਕਾਰਨ ਮਨੁਖ ਦੇ ਕੀਤੇ ਕਰਮ ਹਨ। ਪਰਮਾਤਮਾ ਤੋਂ ਵਿਛੜ ਕੇ ਕਿਸੇ ਤਰ੍ਹਾਂ ਦੇ ਹਾਰ ਸ਼ਿੰਗਾਰ ਕੋਈ ਰਸ ਨਹੀਂ ਦਿੰਦੇ। ਇਸ ਕਰ ਕੇ ਪਰਮਾਤਮਾ ਦਾ ਨਾਮ ਮੰਗਿਆ ਜਾਂਦਾ ਹੈ-

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥[178]

ਗੁਰੂ ਜੀ ਹਰ ਮਹੀਨੇ ਦੀ ਅਵਸਥਾ ਦਾ ਜ਼ਿਕਰ ਕਰਦੇ ਹਨ ਕਿ ਚੇਤ ਦਾ ਮਹੀਨਾ ਉਹਨਾਂ ਲਈ ਹੀ ਸੁਖਦਾਇਕ ਹੈ, ਜਿਹਨਾਂ ਨੂੰ ਪਤੀ ਪਰਮੇਸ਼ਰ ਦਾ ਮਿਲਾਪ ਨਸੀਬ ਹੋ ਜਾਂਦਾ ਹੈ। ਵੈਸਾਖ ਦੇ ਮਹੀਨੇ ਵਿਚ ਵੈਸਾਖੀ ਆਉਂਦੀ ਹੈ, ਜੋ ਕਿ ਖੁਸ਼ੀਆਂ ਨਾਲ ਆਲਾ ਦੁਆਲਾ ਭਰ ਦਿੰਦੀ ਹੈ। ਪਰ ਬਿਰਹਨ ਨੂੰ ਇਸ ਦੀ ਕੋਈ ਖੁਸ਼ੀ ਨਹੀਂ ਹੁੰਦੀ। ਇਸ ਮਹੀਨੇ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਸਾਕ ਸੰਬੰਧੀ ਅਤੇ ਧਨ ਦੌਲਤ ਕੁਝ ਵੀ ਸਾਥ ਨਹੀਂ ਨਿਭਾਉਂਦਾ। ਕੇਵਲ ਪਰਮਾਤਮਾ ਦਾ ਨਾਮ ਹੀ ਨਾਲ ਨਿਭਦਾ ਹੈ। ਇਹ ਮਹੀਨਾ ਤਾਂ ਹੀ ਸੁਹਾਵਣਾ ਹੈ ਜੇਕਰ ਸੰਤ ਜਨਾਂ ਦੀ ਸੰਗਤ ਮਿਲ ਜਾਵੇ ਤੇ ਪ੍ਰਭੂ ਦੇ ਮਿਲਾਪ ਦੀ ਆਸ ਬਝ ਜਾਵੇ। ਜੇਠ ਮਹੀਨੇ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਸਭ ਕੁਝ ਪਰਮਾਤਮਾ ਦੇ ਭਾਣੇ ਵਿਚ ਹੀ ਹੁੰਦਾ ਹੈ। ਉਹ ਭਾਗਾਂ ਵਾਲੇ ਹਨ, ਜਿਹਨਾਂ ਨੂੰ ਪ੍ਰਭੂ ਆਪਣੇ ਬਣਾ ਲੈਂਦਾ ਹੈ। ਹਾੜ੍ਹ ਦਾ ਮਹੀਨਾ ਉਹਨਾਂ ਨੂੰ ਹੀ ਤਪਾਉਂਦਾ ਹੈ ਜੋ ਪ੍ਰਭੂ ਤੋਂ ਵਿਛੜੇ ਹਨ। ਅਜਿਹੇ ਜੀਵ ਆਪਣਾ ਜੀਵਨ ਵਿਅਰਥ ਗਵਾ ਕੇ ਚਲੇ ਜਾਂਦੇ ਹਨ। ਜਿਹਨਾਂ ਨੂੰ ਸਾਧ ਜਨਾਂ ਦੀ ਸੰਗਤ ਮਿਲ ਜਾਂਦੀ ਹੈ, ਉਹ ਮੁਕਤ ਹੋ ਜਾਂਦੇ ਹਨ-

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥[179]

ਸਾਵਣ ਦੇ ਮਹੀਨੇ ਵਿਚ ਸਾਰੀ ਬਨਸਪਤੀ ਖਿੜ ਜਾਂਦੀ ਹੈ। ਹਰ ਪਾਸੇ ਹਰਿਆਵਲ ਹੁੰਦੀ ਹੈ। ਇਸ ਮਹੀਨੇ ਵਿਚ ਪ੍ਰਭੂ ਮਿਲਾਪ ਦੀ ਤਾਂਘ ਹੋਰ ਤੀਬਰ ਹੋ ਜਾਂਦੀ ਹੈ। ਭਾਦੋਂ ਦਾ ਮਹੀਨਾ ਭਰਮ ਵਿਚ ਪਾਉਣ ਵਾਲਾ ਹੁੰਦਾ ਹੈ, ਕਿਉਂਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੈ- ਭਾ+ਦੁਇ। ਭਾਵ ਦੋ ਭਾਅ। ਕਦੇ ਠੰਢ ਹੋ ਜਾਂਦੀ ਹੈ ਅਤੇ ਕਦੇ ਗਰਮੀ ਹੋ ਜਾਂਦੀ ਹੈ। ਲੋਕ ਕਦੇ ਸਰਦੀ ਤੋਂ ਬਚਣ ਦੇ ਵਸੀਲੇ ਕਰਦੇ ਹਨ ਅਤੇ ਕਦੇ ਗਰਮੀ ਤੋਂ। ਗੁਰੂ ਜੀ ਨੇ ਇਸ ਮਹੀਨੇ ਰਾਹੀਂ ਸਰੀਰ ਦੀ ਨਾਸ਼ਮਾਨਤਾ ਦੱਸੀ ਹੈ। ਪ੍ਰਭੂ ਤੋਂ ਬਿਨਾਂ ਹੋਰਾਂ ਨਾਲ ਕੀਤਾ ਮੋਹ ਨਿਰਾਰਥਕ ਹੈ। ਮਰਨ 'ਤੇ ਸਭ ਸਾਥ ਛਡ ਜਾਂਦੇ ਹਨ। ਅੱਸੂ ਮਹੀਨੇ ਵਿਚ ਪ੍ਰੇਮ ਹੋਰ ਵਧ ਜਾਂਦਾ ਹੈ ਅਤੇ

[178] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 133.

[179] ਉਹੀ, ਪੰਨਾ 134.

ਵਿਛੋੜੇ ਦੀ ਪੀੜ ਅਸਹਿ ਹੋ ਜਾਂਦੀ ਹੈ। ਜੀਵ ਰੂਪੀ ਇਸਤਰੀ ਕਿਸੇ ਵੀ ਤਰ੍ਹਾਂ ਪ੍ਰਭੂ ਪਤੀ ਨੂੰ ਪਾਉਣ ਦੇ ਸਾਧਨ ਲਭਦੀ ਹੈ। ਗੁਰੂ ਜੀ ਨੇ ਸੁਝਾਇਆ ਹੈ ਕਿ ਕੇਵਲ ਸੰਤ ਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਹਨ। ਕਤਕ ਦੇ ਮਹੀਨੇ ਰਾਹੀਂ ਪ੍ਰਭੂ ਤੋਂ ਵਿਛੋੜੇ ਦਾ ਕਾਰਨ ਜੀਵ ਦੇ ਕੀਤੇ ਕਰਮ ਦੱਸੇ ਹਨ। ਇਸ ਕਰ ਕੇ ਆਪਣੀ ਮੰਦੀ ਹਾਲਤ ਲਈ ਕਿਸੇ ਨੂੰ ਦੋਸ਼ ਦੇਣਾ ਵਿਅਰਥ ਹੈ। ਜੀਵ ਮਾਇਆ ਦੇ ਛਲਾਵਿਆਂ ਕਾਰਨ ਵਿਆਕੁਲ ਹੋ ਜਾਂਦਾ ਹੈ। ਅਜਿਹੇ ਜੀਵ ਨੂੰ ਅਨੇਕਾਂ ਤਨ ਤੇ ਮਨ ਦੇ ਰੋਗ ਲਗ ਜਾਂਦੇ ਹਨ ਅਤੇ ਪ੍ਰਭੂ ਤੋਂ ਜਨਮਾਂ ਜਨਮਾਂਤਰਾਂ ਦਾ ਵਿਛੋੜਾ ਪੈ ਜਾਂਦਾ ਹੈ। ਜਿਸ ਨੂੰ ਵਡੇ ਭਾਗਾਂ ਨਾਲ ਪ੍ਰਭੂ ਮਿਲ ਜਾਵੇ ਉਸ ਦੇ ਸਾਰੇ ਦੁਖੜੇ ਦੂਰ ਹੋ ਜਾਂਦੇ ਹਨ। ਮਘਰ ਮਹੀਨੇ ਰਾਹੀਂ ਦੱਸਦੇ ਹਨ ਕਿ ਪ੍ਰਭੂ ਨਾਲ ਮਿਲਾਪ ਹਾਸਲ ਕਰਨ ਵਾਲੀਆਂ ਜੀਵ ਇਸਤਰੀਆਂ ਸ਼ੋਭਾਵੰਤੀਆਂ ਹੋ ਜਾਂਦੀਆਂ ਹਨ ਅਤੇ ਸਾਧਸੰਗਤ ਨਾ ਕਰਨ ਵਾਲੀਆਂ ਇਕਲੀਆਂ ਰਹਿ ਕੇ ਦੁਖ ਭੋਗਦੀਆਂ ਹਨ। ਪੋਹ ਵਿਚ ਸਾਧਸੰਗਤ ਵਿਚ ਰਲ ਕੇ ਪ੍ਰਭੂ ਦੇ ਗੁਣ ਗਾਉਣ ਵਾਲੀਆਂ ਨੂੰ ਪੋਹ ਦੀ ਠੰਢ ਅਤੇ ਪਾਪਾਂ ਦੀ ਜ਼ਹਿਰ ਦੁਖ ਨਹੀਂ ਦੇ ਸਕਦੇ। ਹਿੰਦੂ ਮਤ ਵਿਚ ਮਾਘ ਦੇ ਮਹੀਨੇ ਕਈ ਤਰ੍ਹਾਂ ਦੇ ਤੀਰਥ ਇਸ਼ਨਾਨ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਮੰਨੀ ਜਾਂਦੀ ਹੈ। ਪਰ ਗੁਰੂ ਜੀ ਅਨੁਸਾਰ ਸਾਧਸੰਗਤ ਦੀ ਧੂੜ ਵਿਚ ਮਨ ਦਾ ਇਸ਼ਨਾਨ ਕਰਨ, ਜੀਵਾਂ 'ਤੇ ਦਇਆ ਕਰਨ, ਪਰਮਾਤਮਾ ਦਾ ਨਾਮ ਜਪਣ ਤੇ ਦਾਨ ਕਰਨ ਨਾਲ ਜਨਮਾਂ ਦੀ ਮੈਲ ਉਤਰ ਜਾਂਦੀ ਹੈ। ਹੰਕਾਰ ਮਿਟ ਜਾਂਦਾ ਹੈ ਅਤੇ ਦੁਨੀਆਂ ਵਿਚ ਵਡਿਆਈ ਮਿਲਦੀ ਹੈ। ਫਗਣ ਦੇ ਮਹੀਨੇ ਪ੍ਰਭੂ ਮਿਲਾਪ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਲੋਕ ਤੇ ਪਰਲੋਕ ਸਵਾਰਿਆ ਜਾਂਦਾ ਹੈ-

ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥[180]

ਉਹ ਮਹੀਨਾ, ਦਿਨ ਅਤੇ ਸਮਾਂ ਭਲਾ ਹੈ, ਜਦੋਂ ਪ੍ਰਭੂ ਦੀ ਮਿਹਰ ਹੋ ਜਾਵੇ ਤੇ ਉਸਦੀ ਮਿਲਾਪ ਹੋ ਜਾਵੇ:

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥[181]

**ਰੁਤੀ:** ਇਹ ਰੁਤਾਂ 'ਤੇ ਆਧਾਰਿਤ ਲੋਕ-ਕਾਵਿ ਹੈ। ਇਸ ਵਿਚ ਪ੍ਰੇਮੀ ਦੇ ਵਿਛੋੜੇ ਵਿਚ ਬਿਰਹਾ ਵਿੰਨ੍ਹੀਂ ਪ੍ਰੇਮਿਕਾ ਦੀ ਮਨੋਦਸ਼ਾ ਦਾ ਵਰਨਣ ਹੁੰਦਾ ਹੈ ਅਤੇ ਉਸਦੀ ਵਿਛੋੜੇ ਤੋਂ ਮਿਲਾਪ ਵਲ ਵਧਦੀ ਹਾਲਤ ਦਾ ਉਲੇਖ

---

180 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 136.

181 ਉਹੀ.

ਮਿਲਦਾ ਹੈ। ਸੂਰਜ ਦੀ ਗਤੀ ਅਨੁਸਾਰ ਸਾਲ ਵਿਚ ਛੇ ਰੁਤਾਂ ਮੰਨੀਆਂ ਜਾਂਦੀਆਂ ਹਨ। ਹਰ ਰੁਤ ਦਾ ਆਪਣਾ ਪ੍ਰਭਾਵ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਛੇ ਰੁਤਾਂ ਇਸ ਤਰ੍ਹਾਂ ਹਨ:

ਬਸੰਤ ਰੁਤ- ਚੇਤ-ਵੈਸਾਖ

ਗ੍ਰੀਖਮ(ਗਰਮੀ)- ਜੇਠ-ਹਾੜ

ਬਰਖਾ- ਸਾਉਣ-ਭਾਦੋਂ

ਸਰਦ(ਸਰਦੀ)- ਅੱਸੂ-ਕੱਤਕ

ਹਿਮ - ਮਘਰ-ਫੱਗਣ

ਸਿਸਰ- ਮਾਘ-ਫੱਗਣ[182]

ਡਾ. ਮਹਿੰਦਰ ਕੌਰ ਗਿਲ ਅਨੁਸਾਰ, "ਭਾਰਤੀ ਕਾਵਿ ਸਾਹਿਤ ਵਿਚ 'ਖਟ ਰਿਤੂ ਵਰਣਨ' ਇਕ ਸੁਤੰਤਰ ਕਾਵਿ-ਰੂਪ ਹੈ। ਕਾਲੀ ਦਾਸ ਨੇ ਹੀ ਇਸ ਰੂਪ ਦਾ ਆਰੰਭ ਕੀਤਾ ਹੋਵੇ, ਸੰਦੇਹ ਯੁਕਤ ਹੈ। ਪਰ ਇਤਨਾ ਤਾਂ ਨਿਸ਼ਚਿਤ ਹੀ ਹੈ ਕਿ ਕਾਲੀਦਾਸ ਨੇ ਆਪਣੀਆਂ ਰਚਨਾਵਾਂ ਵਿਚ ਖ਼ਾਸ ਰੁੱਤਾਂ ਦਾ ਵਰਣਨ ਸੁੰਦਰ ਢੰਗ ਨਾਲ ਕੀਤਾ ਹੈ ਜੇਹਾ ਕਿ ਮੇਘਦੂਤ ਵਿਚ ਬਰਖਾ ਰੁੱਤ ਦਾ ਵਰਣਨ। ਇਸ ਤੋਂ ਛੁਟ ਕਾਲੀਦਾਸ ਨੇ ਰਿਤੂ ਸੰਹਾਰ ਵਿਚ 'ਸ਼ਡ ਰਿਤੂ ਵਰਣਨ' ਕਰਕੇ ਇਸ ਕਾਵਿ ਰੂਪ ਦੀ ਸੁਤੰਤਰ ਹੋਂਦ ਨੂੰ ਸੁਰਜੀਤ ਰਖਿਆ ਹੈ। ਸੰਸਕ੍ਰਿਤ ਸਾਹਿਤ ਵਿਚ 'ਖਟ ਰਿਤੂ' ਵਰਣਨ ਦੀ ਪਰੰਪਰਾ ਦੇਰ ਤਕ ਚਲਦੀ ਰਹੀ ਜੇਹਾ ਕਿ ਅਠਵੀਂ ਸਦੀ ਦੀ ਰਚਨਾ: ਅਮਰ ਸ਼ਤਕ।" ....... ਗੁਰੂ ਅਰਜਨ ਦੇਵ ਜੀ ਨੇ 'ਖਟ ਰਿਤੂ' ਨੂੰ ਹੀ 'ਰੁਤੀ' ਸਿਰਲੇਖ ਹੇਠ ਬਿਆਨ ਕੀਤਾ ਹੈ। ਰੁਤੀ ਰੁੱਤ ਦਾ ਬਹੁਵਚਨ ਹੈ। ਸ਼ਾਇਦ ਉਸ ਸਮੇਂ ਲੋਕਾਂ ਵਿਚ ਪਹਿਰਾਂ, ਦਿਨਾਂ, ਥਿਤਾਂ ਦੇ ਨਾਲ ਨਾਲ ਰੁਤਾਂ ਸੰਬੰਧੀ ਵੀ ਵਹਿਮ ਭਰਮ ਪ੍ਰਚਲਤ ਹੋ ਗਏ ਸਨ। ਇਸ ਕਰ ਕੇ ਗੁਰੂ ਸਾਹਿਬ ਨੇ ਇਹ ਬਾਣੀ ਰਚੀ।[183]

ਗੁਰੂ ਅਰਜਨ ਦੇਵ ਜੀ ਨੇ 'ਰੁਤੀ' ਬਾਣੀ ਰਾਹੀਂ ਉਪਦੇਸ਼ ਦਿਤਾ ਹੈ ਕਿ ਪਰਮਾਤਮਾ ਸਾਰੇ ਸੁਖਾਂ ਦਾ ਦਾਤਾ ਅਤੇ ਦੁਖਾਂ ਦਾ ਹਰਤਾ ਹੈ। ਉਸਦੇ ਗੁਣ ਗਾਉਣ ਨਾਲ ਮੂਰਤ, ਘੜੀਆਂ, ਮਹੀਨੇ ਅਤੇ ਰੁਤਾਂ ਸੁਹਾਵਣੇ ਹੋ ਜਾਂਦੇ ਹਨ:

ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ ॥
ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ ॥[184]

---

182 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼(ਭਾਗ ਦੂਜਾ), ਪੰਨਾ 778

183 ਡਾ. ਮਹਿੰਦਰ ਕੌਰ ਗਿਲ, ਆਦਿ ਗ੍ਰੰਥ ਲੋਕ ਰੂਪ, ਪੰਨਾ 141.

184 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 927.

ਉਸ ਦੀ ਅਰਾਧਨਾ ਦੇ ਤੁਲ ਹੋਰ ਕੋਈ ਵੀ ਪੁੰਨ ਦਾਨ ਆਦਿਕ ਕਿਰਿਆ ਨਹੀਂ ਹੈ। ਚੇਤ ਅਤੇ ਵੈਸਾਖ ਦੇ ਮਹੀਨੇ ਬਸੰਤ ਰੁਤ ਹੁੰਦੀ ਹੈ। ਜਿਹਨਾਂ ਕੋਲ ਕੰਤ ਹੁੰਦਾ ਹੈ, ਉਹਨਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਦੂਜੇ ਪਾਸੇ ਜੀਵ ਆਤਮਾ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਣ 'ਤੇ ਬਸੰਤ ਰੁਤ ਵਰਗਾ ਸੁਖ ਆਨੰਦ ਮਿਲਦਾ ਹੈ। ਜੇਠ ਹਾੜ੍ਹ ਗਰਮੀ ਦੀ ਰੁਤ, ਜੋ ਬੜੀ ਤਪਦੀ ਹੈ। ਜੀਵ ਰੂਪੀ ਇਸਤਰੀ ਪਰਮਾਤਮਾ ਦੇ ਵਿਛੋੜੇ ਵਿਚ ਅਤੇ ਇਸ ਰੁਤ ਦੀ ਤਪਸ਼ ਕਾਰਨ ਤਪਦੀ ਹੈ। ਉਤੋਂ ਪਾਪ, ਵਿਕਾਰ ਅਤੇ ਅਹੰਕਾਰ ਆਦਿਕ ਇਸ ਨੂੰ ਹੋਰ ਤੜਪਾਉਂਦੇ ਹਨ। ਜਿੰਦ ਹਰ ਵੇਲੇ ਮੱਛੀ ਦੀ ਤਰ੍ਹਾਂ ਤੜਪਦੀ ਰਹਿੰਦੀ ਹੈ। ਜਮਾਂ ਦਾ ਡਰ ਪਿਆ ਰਹਿੰਦਾ ਹੈ। ਸਾਵਣ ਭਾਦਰੋਂ ਮਹੀਨਿਆਂ ਵਿਚ ਵਰਖਾ ਦੀ ਰੁਤ ਆਉਂਦੀ ਹੈ, ਜਿਸ ਵਿਚ ਹਰ ਪਾਸੇ ਸੁਹਾਵਣਾ ਮੌਸਮ ਹੁੰਦਾ ਹੈ। ਬੱਦਲ ਵਰ੍ਹਦੇ ਹਨ ਅਤੇ ਮੀਂਹ ਨਾਲ ਮਿੱਟੀ ਦੀ ਮਹਿਕ ਹਰ ਪਾਸੇ ਖਿਲਰੀ ਹੁੰਦੀ ਹੈ। ਬਨਸਪਤੀ ਮੌਲ ਜਾਂਦੀ ਹੈ। ਇਸੇ ਤਰ੍ਹਾਂ ਜਿਹਨਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ, ਉਹਨਾਂ ਦੇ ਅੰਦਰ ਨਾਮ ਦੇ ਖ਼ਜ਼ਾਨੇ ਭਰ ਜਾਂਦੇ ਹਨ। ਹਿਰਦਾ ਗਦਗਦ ਹੋ ਜਾਂਦਾ ਹੈ। ਅੱਸੂ ਕਤਕ ਸਰਦ ਰੁਤ ਵਿਚ ਪਰਮਾਤਮਾ ਦੀ ਪ੍ਰਾਪਤੀ ਦੀ ਤਾਂਘ ਉਠਦੀ ਹੈ। ਪ੍ਰਭੂ ਤੋਂ ਬਿਨਾਂ ਸਾਰੇ ਸ਼ਿੰਗਾਰ ਦੁਖਦਾਈ ਲਗਦੇ ਹਨ। ਬਿਹਬਲ ਜੀਵ ਇਸਤਰੀ ਦਸਾਂ ਦਿਸ਼ਾਵਾਂ ਵਲ ਪਰਮਾਤਮਾ ਦੀ ਭਾਲ ਕਰਦੀ ਹੈ ਅਤੇ ਕੋਈ ਅਜਿਹਾ ਲਭਦੀ ਹੈ, ਜੋ ਪ੍ਰਭੂ ਨੂੰ ਮਿਲਾ ਦੇਵੇ। ਫਿਰ ਪ੍ਰਭੂ ਅਗੇ ਹੀ ਮਿਲਾਪ ਦੀ ਬੇਨਤੀ ਕਰਦੀ ਹੈ। ਮਘਰ, ਪੋਹ ਸਿਆਲ ਦੀ ਰੁਤ ਵਿਚ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ। ਦ੍ਵੈਤ ਭਾਵਨਾ ਅਤੇ ਸਾਰੇ ਭ੍ਰਮ ਮਿਟ ਜਾਂਦੇ ਹਨ। ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪਰਮਾਤਮਾ ਦੀ ਸ਼ਰਧਾ ਤੇ ਭਗਤੀ ਮਿਲ ਜਾਣ ਨਾਲ ਜਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਅਜਿਹਾ ਮਿਲਾਪ ਹੁੰਦਾ ਹੈ ਕਿ ਫਿਰ ਕਦੇ ਵਿਛੋੜਾ ਨਹੀਂ ਹੁੰਦਾ। ਮਾਘ ਫਗਣ ਹਿਮਕਰ(ਬਰਫਾਨੀ) ਰੁਤ ਮਾਘ ਅਤੇ ਫੱਗਣ ਵਿਚ ਆਉਂਦੀ ਹੈ। ਇਹ ਰੁਤ ਮਨ ਨੂੰ ਬਹੁਤ ਭਾਉਂਦੀ ਹੈ। ਪ੍ਰਭੂ ਪ੍ਰਾਪਤੀ ਦੀ ਖੁਸ਼ੀ ਵਿਚ ਸੰਤ ਰੂਪੀ ਸਖੀਆਂ ਵਲੋਂ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ। ਹਿਰਦੇ ਰੂਪੀ ਸੇਜ ਸ਼ੋਭਨੀਕ ਬਣ ਜਾਂਦੀ ਹੈ। ਹਰ ਪਾਸੇ ਹਰਿਆਲੀ ਦਿਸਦੀ ਹੈ। ਜਦੋਂ ਪਰਮਾਤਮਾ ਹਿਰਦੇ ਵਿਚ ਸਦਾ ਲਈ ਟਿਕ ਜਾਵੇ ਤਾਂ ਸਾਰੇ ਦੁਖ, ਕਲੇਸ਼ ਮਿਟ ਜਾਂਦੇ ਹਨ। ਮਨ ਆਤਮਿਕ ਅਡੋਲਤਾ ਅਤੇ ਸਦਾ ਸੁਖ ਦੀ ਅਵਸਥਾ ਵਿਚ ਆ ਜਾਂਦਾ ਹੈ:

ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥

ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥[185]

[185] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 929.

### 3.3.3. ਸਤੁਤੀ ਆਤਮਕ

**ਸੋ ਦਰੁ:** 'ਸੋ ਦਰੁ' ਬਾਣੀ ਆਸਾ ਰਾਗ ਵਿਚ ਰਚੀ ਗਈ ਹੈ। ਇਹ ਨਿਤਨੇਮ ਦੀ ਬਾਣੀ ਰਹਿਰਾਸ ਸਾਹਿਬ ਵਿਚ ਵੀ ਆਉਂਦੀ ਹੈ। ਇਸ ਵਿਚ ਪਰਮਾਤਮਾ ਦੀ ਸਿਫ਼ਤ ਕਰਨ ਵਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਪਰਮਾਤਮਾ ਦਾ ਉਹ ਘਰ ਅਤੇ ਦਰ ਬੜਾ ਹੀ ਅਸਚਰਜ ਹੈ, ਜਿਥੇ ਬੈਠ ਕੇ ਉਹ ਸਾਰੇ ਸੰਸਾਰ ਨੂੰ ਚਲਾਉਂਦਾ ਹੈ। ਉਥੇ ਉਸਦੀ ਸਿਫ਼ਤ ਵਿਚ ਅਨੇਕਾਂ ਰਾਗ ਤੇ ਵਾਜੇ ਵਜਦੇ ਹਨ ਤੇ ਉਹਨਾ ਦੇ ਵਜਾਉਣ ਵਾਲੇ ਸ਼ੋਭਦੇ ਹਨ। ਉਥੇ ਪਰਮਾਤਮਾ ਦੀ ਸਿਫ਼ਤ ਹੁੰਦੀ ਹੈ, ਜਿਸ ਵਿਚ ਹਵਾ, ਪਾਣੀ, ਅਗ, ਧਰਮਰਾਜ, ਚਿਤਰਗੁਪਤ, ਬ੍ਰਹਮਾ, ਸ਼ਿਵ, ਇੰਦਰ ਹੋਰ ਦੇਵੀ ਦੇਵਤੇ, ਸਿਧ, ਸਾਧ, ਜਤੀ, ਸਤੀ(ਦਾਨੀ), ਸੰਤੋਖੀ, ਸੂਰਮੇ, ਪੰਡਤ, ਮਹਾਂਰਿਸ਼ੀ, ਮੋਹਣੀਆਂ ਇਸਤਰੀਆਂ, ਤਿੰਨੋਂ ਲੋਕ(ਸਵਰਗ, ਪਾਤਾਲ ਅਤੇ ਧਰਤੀ), ਅਠਾਹਠ ਤੀਰਥ, ਜੋਧੇ, ਮਹਾਂਬਲੀ, ਚਾਰੇ ਖਾਣੀਆਂ ਦੇ ਜੀਵ, ਸਾਰਾ ਬ੍ਰਹਿਮੰਡ ਆਦਿਕ ਆਪਣੀ ਸ਼ਮੂਲੀਅਤ ਕਰ ਰਹੇ ਹਨ। ਪਰਮਾਤਮਾ ਦੀ ਸਿਫ਼ਤ ਵੀ ਉਹੀ ਕਰ ਸਕਦੇ ਹਨ ਅਤੇ ਉਹਨਾਂ ਦੀ ਕੀਤੀ ਹੀ ਸਫਲ ਹੈ, ਜੋ ਉਸ ਨੂੰ ਭਾਉਂਦੇ ਹਨ ਅਤੇ ਜੋ ਉਸ ਦੇ ਪਿਆਰ ਵਿਚ ਭਿਜ ਕੇ ਗਾਉਂਦੇ ਹਨ।

ਅਸਲ ਵਿਚ ਇਸ ਸ਼ਬਦ ਵਿਚ ਇਹ ਗੱਲ ਦ੍ਰਿੜਾਈ ਗਈ ਹੈ ਕਿ ਪਰਮਾਤਮਾ ਦੀ ਭਗਤੀ ਅਤੇ ਸਿਫ਼ਤ ਸਾਲਾਹ ਦੇ ਤੁਲ ਹੋਰ ਕਿਸੇ ਦੀ ਭਗਤੀ ਕਰਨੀ ਨਿਰਮੂਲ ਹੈ। ਸਭ ਕੁਝ ਪਰਮਾਤਮਾ ਨੇ ਪੈਦਾ ਕੀਤਾ ਹੈ ਅਤੇ ਉਸ ਦੇ ਹੀ ਅਧੀਨ ਹੈ। ਸਾਰੇ ਬ੍ਰਹਿਮੰਡ ਦੀ ਹਰ ਹਸਤੀ ਉਸ ਦੀ ਮਹਿਮਾ ਵਿਚ ਲਗੀ ਹੋਈ ਹੈ। ਕੇਵਲ ਉਹ ਹੀ ਸਭ ਦਾ ਕਰਤਾ ਅਤੇ ਮਾਲਕ ਹੈ। ਉਹਦੇ ਅਗੇ ਕਿਸੇ ਦਾ ਹੁਕਮ ਨਹੀਂ ਚਲਦਾ, ਇਸ ਕਰਕੇ ਹੀ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ:

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥[186]

ਇਸ ਤਰ੍ਹਾਂ ਇਹ ਬਾਣੀ ਅਨਯ ਪੂਜਾ ਨੂੰ ਤਿਆਗ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਦਾ ਉਪਦੇਸ਼ ਦਿੰਦੀ ਹੈ।

**ਸੋ ਪੁਰਖ:** 'ਸੋ ਪੁਰਖ' ਸਿਰਲੇਖ ਹੇਠ ਰਚਿਆ ਸ਼ਬਦ ਗੁਰੂ ਰਾਮਦਾਸ ਜੀ ਦੀ ਰਚਨਾ ਹੈ। ਇਸ ਸ਼ਬਦ ਵਿਚ ਵੀ ਪਰਮਾਤਮਾ ਦੀ ਬੇਅੰਤਤਾ ਅਤੇ ਅਸੀਮ ਗੁਣਾਂ ਦਾ ਗੁਣਗਾਨ ਕੀਤਾ ਗਿਆ ਹੈ। ਉਹ ਪਰਮਾਤਮਾ ਅਗਮ, ਅਗੋਚਰ ਅਤੇ ਅਪਾਰ ਹੈ। ਉਹ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਅਤੇ ਪਾਲਕ ਹੈ। ਉਹ ਆਪੇ ਮਾਲਕ ਅਤੇ ਸੇਵਕ, ਦਾਤਾ ਅਤੇ ਭੁਗਤਾ ਹੈ। ਉਸਦੀ ਭਗਤੀ ਕਰਨ ਵਾਲਿਆਂ ਦੀ ਆਵਾਗਉਣ ਤੋਂ ਬੰਦ ਖਲਾਸੀ ਹੋ ਜਾਂਦੀ ਹੈ:

---

[186] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 9.

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥[187]

ਉਸ ਨੂੰ ਧਿਆਉਣ ਵਾਲਿਆਂ ਨੂੰ ਸਦਾ ਸੁਖ, ਨਿਰਭੈਤਾ ਅਤੇ ਮੁਕਤੀ ਮਿਲਦੀ ਹੈ। ਕੋਈ ਉਸ ਨੂੰ ਸਿਫ਼ਤਾਂ ਕਰ ਕੇ, ਕੋਈ ਪੂਜਾ ਕਰ ਕੇ, ਕੋਈ ਤਪ ਕਰ ਕੇ, ਕੋਈ ਧਰਮ ਗ੍ਰੰਥਾਂ ਦਾ ਅਧਿਐਨ ਕਰ ਕੇ ਅਤੇ ਕੋਈ ਕਰਮ ਧਰਮ ਕਰ ਕੇ ਅਰਾਧਦਾ ਹੈ। ਪਰ ਉਹ ਹੀ ਪਰਵਾਨ ਹਨ ਜੋ ਉਸ ਨੂੰ ਚੰਗੇ ਲਗਦੇ ਹਨ।

ਇਸ ਸ਼ਬਦ ਤੋਂ ਵੀ ਕੇਵਲ ਪਰਮਾਤਮਾ ਦੀ ਹੀ ਭਗਤੀ ਕਰਨ ਦੀ ਪ੍ਰੇਰਣਾ ਮਿਲਦੀ ਹੈ। ਭਗਤੀ ਦੀ ਸਫ਼ਲਤਾ ਲਈ ਪਰਮਾਤਮਾ ਦੀ ਬਖਸ਼ਿਸ਼ ਮੁਖ ਹੈ।

### 3.3.4 ਉਦਯੋਗਾਤਮਕ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੰਧੀ ਭਾਸ਼ਾ ਦੇ ਸ਼ਬਦ 'ਕਰਹਲੇ' ਤੋਂ ਭਾਵ ਹੈ ਊਠ, ਸ਼ੁਤਰ, ਦੀਰਘਜੰਘ. ਪੁਰਾਣੇ ਜ਼ਮਾਨੇ ਦੇਸ਼ਾਂਤਰਾਂ ਵਿੱਚ ਵਪਾਰ ਦੀ ਸਾਮਗ੍ਰੀ ਊੱਠਾਂ 'ਤੇ ਲੱਦ ਕੇ ਲੈ ਜਾਈਦੀ ਸੀ ਅਤੇ ਊੱਠ ਸਦਾ ਪਰਦੇਸਾਂ ਵਿੱਚ ਫਿਰਦੇ ਰਹਿੰਦੇ ਸਨ. ਇਸੀ ਓਪ ਨੂੰ ਲੈ ਕੇ ਚੌਰਾਸੀ ਭ੍ਰਮਣ ਵਾਲੇ ਜੀਵ ਨੂੰ ਗੁਰਬਾਣੀ ਵਿੱਚ ਊਠ ਆਖਿਆ ਹੈ।[188]

**ਕਰਹਲੇ**: 'ਕਰਹਲੇ' ਬਿਰਹੋਂ ਭਰਿਆ ਕਾਵਿ ਹੈ ਜਿਸ ਵਿਚ ਪਰਦੇਸੀ ਜੀਵਨ ਦੇ ਦੁਖਾਂ ਅਤੇ ਅਨਿਸ਼ਚਤਤਾ ਦਰਸਾਈ ਗਈ ਹੈ। ਇਹ ਸੰਸਾਰ ਪਰਦੇਸ਼ ਹੈ, ਜਿਸ ਵਿਚ ਜੀਵ ਪਰਦੇਸ਼ੀ ਹੈ। ਗੁਰੂ ਜੀ ਇਸ ਪਰਦੇਸ਼ ਵਿਚ ਹੀ ਖਚਿਤ ਹੋਏ ਜੀਵ ਨੂੰ ਸੁਚੇਤ ਕਰਦੇ ਹਨ ਕਿ ਇਹ ਤੇਰਾ ਘਰ ਨਹੀਂ। ਇਸ ਕਰਕੇ ਆਪਣੇ ਅਸਲੀ ਘਰ ਜਾਣ ਦਾ ਹੀਲਾ ਕਰ। ਜੀਵ ਊਠ ਦੇ ਬੱਚੇ ਵਾਂਗ ਇਸ ਜਗਤ ਵਿਚ ਬੇ-ਮੁਹਾਰ ਹੋ ਜਾਂਦਾ ਹੈ। ਭਟਕੇ ਹੋਏ ਨੂੰ ਵਿਆਪਕ ਪਰਮਾਤਮਾ ਨਜ਼ਰ ਨਹੀਂ ਆਉਂਦਾ। ਇਸ ਦਾ ਕਾਰਨ ਮਾਇਆ ਦਾ ਪ੍ਰਭਾਵ ਹੈ। ਜਿਸ ਕਾਰਨ ਜੀਵ ਪਾਖੰਡੀ ਬਣ ਜਾਂਦਾ ਹੈ ਅਤੇ ਸਾਕ ਸੰਬੰਧੀਆਂ ਦੇ ਮੋਹ ਵਿਚ ਫਸ ਜਾਂਦਾ ਹੈ, ਪਰ ਇਹ ਉਸਦੇ ਨਾਲ ਨਹੀਂ ਜਾਂਦੇ। ਇਸ ਕਰਕੇ ਗੁਰੂ ਜੀ ਜੀਵ ਨੂੰ ਉਪਦੇਸ਼ ਦਿੰਦੇ ਹਨ ਕਿ ਦੇਸ਼ ਨੂੰ(ਪਰਮਾਤਮਾ ਦੇ ਘਰ ਨੂੰ) ਮੁੜਨ ਦੇ ਰਸਤੇ ਦਾ ਖਰਚ ਜੁਟਾ। ਇਹ ਖਰਚ ਜਾਂ ਰਸਦ ਅਤੇ ਪਰਮਾਤਮਾ ਕੇਵਲ ਗੁਰੂ ਦੁਆਰਾ ਅਤੇ ਸਤਸੰਗਤ

187 ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 11.

188 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼(ਭਾਗ ਪਹਿਲਾ), ਪੰਨਾ 225.

ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦਾ ਨਾਮ ਹੀ ਜੀਵ ਲਈ ਪਰਦੇਸ਼ ਵਿਚ ਖਟਣ ਲਈ ਨੌਂ ਤਰ੍ਹਾਂ ਦਾ ਖਜ਼ਾਨਾ ਹੈ। ਇਹ ਜੀਵ ਪੰਛੀ ਦੀ ਤਰ੍ਹਾਂ ਹੈ ਅਤੇ ਇਹ ਜਗਤ ਇਕ ਦਰਖਤ ਹੈ। ਜਿਸ 'ਤੇ ਰਾਤ ਕਟਣ ਲਈ ਜੀਵ ਪੰਛੀ ਆਪਣਾ ਟਿਕਾਣਾ ਕਰ ਸਕਦਾ ਹੈ।

ਗੁਰੂ ਰਾਮਦਾਸ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਇਹ ਸੰਸਾਰ ਵੀ ਇਕ ਪਰਦੇਸ ਹੈ। ਇਹ ਮਨੁਖ ਦਾ ਸਦੀਵੀ ਟਿਕਾਣਾ ਨਹੀਂ ਹੈ। ਇਕ ਦਿਨ ਇਥੋਂ ਜਾਣਾ ਪੈਣਾ ਹੈ। ਜੀਵਦਾ ਮਲ ਵਿਕਾਰਾਂ ਨਾਲ ਮੈਲਾ ਹੋ ਗਿਆ ਹੈ। ਜੀਵ ਸਾਕ ਸੰਬੰਧੀ ਅਤੇ ਧਨ ਆਦਿਕ ਮਾਇਕ ਪਦਾਰਥ ਦੇ ਲਾਲਚ ਵਿਚ ਪਿਆ ਰਹਿੰਦਾ ਹੈ। ਦਾ ਅਸਲੀ ਨਿਕਾਣਾ ਪਰਮਾਤਮਾ ਹੈ। ਜੀਵ ਨੂੰ ਜਗਤ ਰੂਪੀ ਪਰਦੇਸ ਵਿਚ ਉਸਦੇ ਨਾਮ ਦਾ ਹੀ ਵਪਾਰ ਕਰਨਾ ਚਾਹੀਦਾ ਹੈ। ਇਹ ਧਨ ਗੁਰੂ ਦੀ ਸ਼ਰਣ ਵਿਚ ਅਤੇ ਸਤਸੰਗਤ ਵਿਚ ਜਾ ਕੇ ਹੀ ਖਟਿਆ ਜਾ ਸਕਦਾ ਹੈ। ਸੋ ਜੀਵ ਨੂੰ ਮਾਇਆ ਦਾ ਖਹਿੜਾ ਛਡ ਕੇ ਉਸਦੇ ਨਾਮ ਰੂਪੀ ਧਨ ਦੀ ਕਮਾਈ ਕਰ ਕੇ ਆਪਣੇ ਨਿਜ ਘਰ ਮੁੜਨਾ ਚਾਹੀਦਾ ਹੈ:

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥
..............................................................
ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥[189]

### 3.3.5 ਲੋਕ ਮੁਹਾਵਰਾ ਬੋਧਕ

**ਗੁਣਵੰਤੀ:** ਗੁਣਵੰਤੀ ਤੋਂ ਭਾਵ ਹੈ ਗੁਣਾਂ ਭਰੀ ਇਸਤਰੀ। ਇਹ ਬਾਣੀ ਇਸਤਰੀ ਦਾ ਬਿਰਤਾਂਤ ਲੈ ਕੇ ਜੀਵ ਨੂੰ ਸੰਬੋਧਿਤ ਕੀਤੀ ਗਈ ਹੈ। ਜਿਸ ਤਰ੍ਹਾਂ ਇਕ ਇਸਤਰੀ ਵਿਆਹ ਤੋਂ ਪਹਿਲਾਂ ਪੇਕੇ ਘਰ ਵਿਚ ਬੇਫਿਕਰ ਹੋ ਕੇ ਵਿਚਰਦੀ ਹੈ ਪਰ ਸਹੁਰੇ ਘਰ ਜਾ ਕੇ ਉਸ ਨੂੰ ਤਾਂ ਹੀ ਮਾਣ ਮਿਲਦਾ ਹੈ ਅਤੇ ਪਤੀ ਦਾ ਪਿਆਰ ਪ੍ਰਾਪਤ ਕਰ ਸਕਦੀ ਹੈ, ਜੇਕਰ ਉਸ ਵਿਚ ਕੁਝ ਵਿਸ਼ੇਸ਼ ਗੁਣ ਹੋਣ। ਹਰ ਪੇਕੇ ਘਰ ਰਹਿੰਦੀ ਇਸਤਰੀ ਨੂੰ ਕੁਝ ਦਾਜ ਅਤੇ ਚੰਗੇ ਗੁਣ ਸਿਖਣ ਦੀ ਲੋੜ ਹੁੰਦੀ ਹੈ। ਜਿਹੜੀ ਇਸਤਰੀ ਇਹ ਗੁਣ ਗ੍ਰਹਿਣ ਕਰ ਲੈਂਦੀ ਹੈ, ਉਹ ਸਹੁਰੇ ਘਰ ਸੁਖੀ ਵਸਦੀ ਹੈ। ਜਿਹੜੀ ਇਸਤਰੀ ਸਮੇਂ ਦੀ ਸੰਭਾਲ ਨਾ ਕਰਦੀ ਹੋਈ ਇਹ ਗੁਣ ਗ੍ਰਹਿਣ ਨਹੀਂ ਕਰਦੀ, ਉਹ ਪਛਤਾਵੇ ਵਿਚ ਝੂਰਦੀ ਰਹਿੰਦੀ ਹੈ। ਇਸ ਰਚਨਾ ਵਿਚ ਗੁਰੂ ਜੀ ਨੇ ਪਰਮਾਤਮਾ ਪਤੀ ਨੂੰ ਮਿਲਣ ਦਾ ਰਸਤਾ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਨਾ ਅਤੇ ਗੁਰੂ ਦੀ ਸ਼ਰਣ ਵਿਚ ਜਾਣਾ ਦੱਸਿਆ ਹੈ। ਗੁਰੂ ਦੀ ਸ਼ਰਣ ਵਿਚ ਜਾ

---

[189] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 234.

ਕੇ ਗੁਰੂ ਦੇ ਦੱਸੇ ਉਪਦੇਸ਼ ਨੂੰ ਕਮਾਉਣ ਅਤੇ ਆਪਣਾ ਆਪਾ ਗੁਰੂ ਨੂੰ ਅਰਪਣ ਕਰਨ ਨਾਲ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਦੀ ਦਿਤੀ ਮਤ ਧਾਰਨ ਕਰ ਕੇ ਅਤੇ ਪ੍ਰਭੂ-ਪਤੀ ਤੋਂ ਦੂਰ ਲਿਜਾਣ ਵਾਲੀ ਮਨ ਦੀ ਖੋਟੀ ਮਤ ਦਾ ਤਿਆਗ ਕਰ ਕੇ ਸਾਰੇ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਭਗਤੀ ਰੂਪੀ ਖਜ਼ਾਨਾ ਮਿਲ ਜਾਂਦਾ ਹੈ:

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥[190]

ਇਸ ਖਜ਼ਾਨੇ ਨੂੰ ਪਾ ਕੇ ਮਨ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ ਅਤੇ ਪੂਰਨ ਤ੍ਰਿਪਤੀ ਹੋ ਜਾਂਦੀ ਹੈ।

**ਬਿਰਹੜੇ**: ਬਿਰਹੜੇ ਬਿਰਹਾ ਦਾ ਵਿਖਿਆਨ ਹੈ। ਇਸ ਵਿਚ ਬਿਰਹਨ ਦਾ ਦਰਦ ਦਰਸਾਇਆ ਜਾਂਦਾ ਹੈ। ਗੁਰਬਾਣੀ ਵਿਚ ਬਿਰਹਾ ਨੂੰ ਬੜਾ ਵਡਾ ਸਥਾਨ ਹਾਸਲ ਹੈ। ਇਸ ਨੂੰ ਸੁਲਤਾਨ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਿਰਹੜੇ 'ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾ ਕੀ ਜਤਿ' ਸਿਰਲੇਖ ਨਾਲ ਸ਼ੁਰੂ ਹੁੰਦੇ ਹਨ। ਇਹਨਾਂ ਵਿਚ ਬਿਰਹਾ ਦੇ ਦਰਦ ਅਤੇ ਮਿਲਾਪ ਦੀ ਤਾਂਘ ਦੇ ਨਾਲ ਨਾਲ ਮਿਲਾਪ ਦਾ ਰਾਹ ਵੀ ਦੱਸਿਆ ਹੈ। ਬਿਰਹਾ ਕੁਠੀ ਜੀਵ ਆਤਮਾ ਪਰਮਾਤਮਾ ਦੇ ਵਿਛੋੜੇ ਵਿਚ ਤੜਪਦੀ ਰਹਿੰਦੀ ਹੈ। ਉਸ ਦੇ ਵਿਛੋੜੇ ਵਿਚ ਸ਼ਿੰਗਾਰ ਵੀ ਕਿਸੇ ਕੰਮ ਦੇ ਨਹੀਂ:

ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥[191]

ਪਰਮਾਤਮਾ ਦੇ ਮਿਲਾਪ ਨਾਲ ਜਨਮ ਮਰਨ ਕਟਿਆ ਜਾਂਦਾ ਹੈ, ਪਰ ਵਿਛੜੇ ਹੋਏ ਜੀਵ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਦੁਖ ਸੁਖ ਦੇਣ ਵਾਲਾ ਪਰਮਾਤਮਾ ਆਪ ਹੀ ਹੈ। ਜੀਵ ਉਹੀ ਕਰਦੇ ਹਨ, ਜੋ ਉਹਨਾਂ ਦੇ ਲੇਖਾਂ ਵਿਚ ਲਿਖਿਆ ਹੁੰਦਾ ਹੈ। ਸੰਤ ਜਨ ਪਰਮਾਤਮਾ ਦਾ ਮਿਲਾਪ ਕਰਵਾ ਸਕਦੇ ਹਨ। ਉਹ ਸੰਸਾਰ ਸਾਗਰ ਤੋਂ ਪਾਰ ਕਰਵਾ ਸਕਦੇ ਹਨ। ਸੋ ਉਹਨਾਂ ਅਗੇ ਆਪਣਾ ਆਪਾ ਅਰਪਿਤ ਕਰਨਾ ਚਾਹੀਦਾ ਹੈ। ਗੁਰੂ ਰਾਹੀਂ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਪਰਮਾਤਮਾ ਨੂੰ ਸਿਮਰ ਕੇ ਹੀ ਸਾਰੇ ਦੁਖਾਂ ਦਾ ਨਾਸ਼ ਹੋ ਸਕਦਾ ਹੈ। ਉਹੀ ਦਿਨ ਅਤੇ ਰਾਤ ਸੁਹਾਵਣੇ ਲਗਦੇ ਹਨ, ਜਦੋਂ ਹਰੀ ਦਾ ਨਾਮ ਜਪਿਆ ਜਾਂਦਾ ਹੈ। ਜੇਕਰ ਪਰਮਾਤਮਾ ਨਾਲ ਪ੍ਰੀਤ ਪੈ ਜਾਵੇ, ਤਾਂ ਸਦਾ ਸੁਖ ਮਿਲ ਜਾਂਦਾ ਹੈ ਅਤੇ ਪਰਮਾਤਮਾ ਦੀ ਪ੍ਰੀਤ ਕਦੇ ਟੁਟਦੀ ਨਹੀਂ। ਸੋ ਪਰਮਾਤਮਾ ਅਗੇ ਵਿਛੋੜੇ ਨੂੰ ਦੂਰ ਕਰਨ ਅਤੇ ਆਪਣਾ ਮਿਲਾਪ ਬਖਸ਼ਣ ਦੀ ਬੇਨਤੀ ਕਰਨੀ ਚਾਹੀਦੀ ਹੈ:

ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ ॥[192] -

---

[190] ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ, ਪੰਨਾ 763.

[191] ਉਹੀ, ਪੰਨਾ 431.

[192] ਉਹੀ, ਪੰਨਾ 432.

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਅਧਿਆਤਮਕ ਰਹਸਾਂ ਨੂੰ ਜਨ ਸਾਧਾਰਨ ਤਕ ਪਹੁੰਚਾਉਣ ਲਈ ਲੋਕ ਕਾਵਿ ਰੂਪਾਂ ਨੂੰ ਚੁਣਿਆ ਅਤੇ ਜਨ ਸਾਧਾਰਨ ਨੂੰ ਪਹਿਰਿਆਂ, ਦਿਨਾਂ, ਥਿਤਾਂ, ਮਹੀਨਿਆਂ ਤੇ ਰੁਤਾਂ ਆਦਿਕ ਸੰਬੰਧੀ ਬਣੇ ਵਹਿਮਾਂ ਭਰਮਾਂ ਵਿਚੋਂ ਕਢ ਕੇ ਜੀਵਨ ਮਨੋਰਥ ਦੀ ਪੂਰਤੀ ਦੇ ਸਹੀ ਮਾਰਗ ਵਲ ਪ੍ਰੇਰਿਆ। ਜਿਸ ਨਾਲ ਬ੍ਰਾਹਮਣਵਾਦ ਨੂੰ ਠਲ੍ਹ ਪਈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮਨੁਖਾ ਜੀਵਨ ਦਾ ਇਕ ਵਿਧੀ ਵਿਧਾਨ ਜਾਂ ਮਰਯਾਦਾ ਹੈ। ਜਿਸ ਦੇ ਅਧੀਨ ਇਹ ਜੀਵਨ ਬਤੀਤ ਕਰਦਾ ਹੈ। ਸਭਿਆਚਾਰਕ ਪੱਖ ਤੋਂ ਇਸ ਨੂੰ ਪ੍ਰਤਿਮਾਨਕ ਸਭਿਆਚਾਰ ਦਾ ਨਾਂ ਦਿਤਾ ਜਾਂਦਾ ਹੈ। ਪ੍ਰਤਿਮਾਨਕ ਸਭਿਆਚਾਰ ਨੂੰ ਖਾਸ ਮੌਕਿਆਂ 'ਤੇ ਨਿਭਾਉਂਦੇ ਦੇਖਿਆ ਜਾ ਸਕਦਾ ਹੈ, ਜਿਵੇ ਜਨਮ, ਵਿਆਹ ਅਤੇ ਮਰਨ ਆਦਿ। ਕੁਝ ਪ੍ਰਤਿਮਾਨ ਜ਼ਿੰਦਗੀ ਵਿਚ ਵਧ ਅਹਿਮੀਅਤ ਰਖਦੇ ਹਨ ਜਦਕਿ ਕੁਝ ਗੌਣ ਹੁੰਦੇ ਹਨ। ਕੁਝ ਪ੍ਰਤਿਮਾਨ ਕਿਸੇ ਸਮਾਜ ਵਿਚ ਇੰਨੇ ਰੂੜ੍ਹ ਹੋ ਚੁਕੇ ਹੁੰਦੇ ਹਨ ਕਿ ਉਹਨਾਂ ਨੂੰ ਛਡਣਾ ਅਸੰਭਵ ਹੁੰਦਾ ਹੈ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਰੂੜ੍ਹ ਹੋਏ ਪ੍ਰਤਿਮਾਨ ਲੋਕਾਚਾਰ ਵਜੋਂ ਹੀ ਨਿਭਾਏ ਜਾਂਦੇ ਹਨ। ਪਰ ਇਹਨਾਂ ਪਿਛੇ ਕੀ ਤਰਕ ਹੈ ਇਸ ਬਾਰੇ ਪਤਾ ਨਹੀਂ ਹੁੰਦਾ। ਅਕਸਰ ਇਹ ਕਾਫ਼ੀ ਹਦ ਤਕ ਫ਼ਜ਼ੂਲ ਹੀ ਹੁੰਦੇ ਹਨ। ਮਧਕਾਲ ਵਿਚ ਧਰਮ ਦੇ ਖੇਤਰ ਵਿਚ ਵਖ ਵਖ ਢੰਗ ਪਰਮਾਤਮਾ ਪ੍ਰਾਪਤੀ ਸੰਬੰਧੀ ਪ੍ਰਚਲਿਤ ਸਨ। ਦੋ ਅਜਿਹੇ ਰਾਹ ਸਨ ਜਿਹਨਾਂ ਨੇ ਮਨੁਖਤਾ ਨੂੰ ਸਮਾਜ ਨਾਲੋਂ ਅਤੇ ਇਕ ਦੂਜੇ ਰਾਹ ਦੇ ਅਨੁਯਾਈਆਂ ਨੂੰ ਨਿਖੇੜਿਆ ਹੋਇਆ ਸੀ। ਗੁਰਮਤਿ ਵਿਚ ਇਹਨਾਂ ਦੋਹਾਂ ਨਿਖੜੇ ਪੰਧਾਂ ਦਾ ਸੁਮੇਲ ਕੀਤਾ ਗਿਆ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਸੰਨਿਆਸੀ ਜਾਂ ਕਰਮਕਾਂਡੀ ਹੋਣ ਦੀ ਲੋੜ ਨਹੀਂ, ਸਗੋਂ ਪਰਮਾਤਮਾ ਦੀ ਯਾਦ ਹਿਰਦੇ ਵਿਚ ਵਸਾ ਕੇ ਗ੍ਰਿਹਸਥ ਦੇ ਫ਼ਰਜ਼ ਨਿਭਾਉਂਦਿਆਂ ਘਰ ਬੈਠੇ ਹੀ ਉਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰਮਤਿ ਦਾ ਮਾਰਗ ਨਾਮ ਦਾ ਮਾਰਗ ਹੈ ਜਿਸ ਨੂੰ ਮਧ ਮਾਰਗ ਵੀ ਕਿਹਾ ਜਾਂਦਾ ਹੈ। ਗੁਰਮਤਿ ਵਿਚ ਸਰੀਰ ਨੂੰ ਕਸ਼ਟ ਦੇਣ ਜਾਂ ਮਨੁਖੀ ਪ੍ਰਵਿਰਤੀਆਂ ਨੂੰ ਮਾਰਨ ਦੀ ਥਾਂ ਉਹਨਾਂ ਦੀ ਸਹੀ ਦਿਸ਼ਾ ਨਿਰਦੇਸ਼ਨ ਦੀ ਗੱਲ ਕੀਤੀ ਗਈ ਹੈ। ਇਸ ਮਾਰਗ ਦੀ ਨਿਸ਼ਾਨਦੇਹੀ ਦੇਣ ਲਈ ਗੁਰਬਾਣੀ ਰਚੀ ਗਈ ਅਤੇ ਹੋਰ ਸਿਖ ਸਰੋਤ ਹੋਂਦ ਵਿਚ ਆਏ। ਸੰਗੀਤ ਦਾ ਮਨ ਉਤੇ ਬਹੁਤ ਅਸਰ ਮਨੁਖੀ ਮਨ 'ਤੇ ਬਹੁਤ ਛੇਤੀ ਹੁੰਦਾ ਹੈ ਇਸ ਲਈ ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਲੋਕ ਸਾਹਿਤ ਦੀ ਪਕੜ ਸਮਾਜ 'ਤੇ ਸਭ ਤੋਂ ਵਧ ਹੁੰਦੀ ਹੈ ਇਸ ਲਈ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਗਈ। ਇਹਨਾਂ ਵਿਚ ਸਮਾਜ ਵਿਚ ਪ੍ਰਚਲਤ ਫੋਕੇ ਕਰਮਕਾਂਡਾਂ, ਰਸਮਾਂ, ਰਿਵਾਜਾਂ, ਰੀਤਾਂ, ਵਹਿਮਾਂ, ਭਰਮਾਂ, ਰੂੜ੍ਹੀਆਂ ਆਦਿ ਦਾ ਖੰਡਨ ਕੀਤਾ ਗਿਆ ਹੈ। ਦਿਨਾਂ, ਥਿਤਾਂ, ਸ਼ਗਨਾਂ, ਅਪਸ਼ਗਨਾਂ, ਵਰਤ, ਭੇਖਾਂ ਆਦਿ ਦਾ ਵਿਰੋਧ ਕੀਤਾ ਗਿਆ ਹੈ।

# ਅਧਿਆਇ ਚੌਥਾ

# ਪਦਾਰਥਕ ਸਭਿਆਚਾਰ

ਪਦਾਰਥ ਬਾਹਰਮੁਖੀ ਯਥਾਰਥ ਹੈ ਤੇ ਇਸ ਦੀ ਹੋਂਦ ਮਨੁਖੀ ਚੇਤਨਤਾ ਤੋਂ ਸੁਤੰਤਰ ਹੈ ਅਤੇ ਮਨੁਖੀ ਚੇਤਨਾ ਇਸ ਨੂੰ ਪ੍ਰਤੀਬਿੰਬਿਤ ਕਰਦੀ ਹੈ। ਲੈਨਿਨ ਨੇ ਦਰਸ਼ਨ ਦੀ ਦ੍ਰਿਸ਼ਟੀ ਤੋਂ ਪਦਾਰਥ ਦੀ ਵਿਆਖਿਆ ਕੀਤੀ ਹੈ। ਉਹ ਕਹਿੰਦਾ ਹੈ ਕਿ ਪਦਾਰਥ ਇੱਕ ਦਾਰਸ਼ਨਿਕ ਸੰਕਲਪ ਹੈ ਜੋ ਮਨੁਖ ਨੂੰ ਬਾਹਰੀ ਯਥਾਰਥ ਦਾ ਅਨੁਭਵ ਉਸ ਦੀਆਂ ਸੰਵੇਦਨਾਵਾਂ ਰਾਹੀਂ ਕਰਾਉਂਦਾ ਹੈ। ਪਦਾਰਥ ਨੂੰ ਨਾ ਸਿਰਜਿਆ ਜਾ ਸਕਦਾ ਹੈ ਤੇ ਨਾ ਖਤਮ ਕੀਤਾ ਜਾ ਸਕਦਾ ਹੈ ਪਰ ਇਸ ਤੋਂ ਭਾਵ ਇਹ ਨਹੀਂ ਹੈ ਕਿ ਪਦਾਰਥ ਸਥਿਰ ਹੁੰਦਾ ਹੈ ਇਹ ਹਮੇਸ਼ਾ ਸਮੇਂ ਤੇ ਸਥਾਨ ਵਿੱਚ ਗਤੀਮਾਨ ਰਹਿੰਦਾ ਹੈ। ਅੰਗਰੇਜ਼ੀ ਵਿੱਚ ਇਸ ਲਈ ਸ਼ਬਦ matter ਲਾਤੀਨੀ ਸ਼ਬਦ māteria ਤੋਂ ਆਇਆ ਹੈ।[1]

ਗੁਰਮਤਿ ਦਾ ਰਾਹ ਸੰਜਮ ਦਾ ਰਾਹ ਹੈ। ਗੁਰਮਤਿ ਦਾ ਆਦਰਸ਼ ਮਨੁਖ ਜੀਵਨ ਦੇ ਹਰ ਖੇਤਰ ਵਿਚ ਸੰਜਮ, ਬਿਬੇਕ ਅਤੇ ਸੰਤੋਖ ਤੋਂ ਕੰਮ ਲੈਂਦਾ ਹੈ। ਉਹ ਪਦਾਰਥਾਂ ਪ੍ਰਤਿ ਉਲਾਰ ਨਹੀਂ ਹੁੰਦਾ, ਸਗੋਂ ਸਬਰ ਅਤੇ ਸੰਤੋਖ ਤੋਂ ਕੰਮ ਲੈਦਾ ਹੈ। ਅਕਸਰ ਮਨੁਖੀ ਮਨ ਬਾਹਰੀ ਸੰਸਾਰਕ ਪਦਾਰਥਾਂ ਵਲ ਹੀ ਰੁਚਿਤ ਰਹਿੰਦਾ ਹੈ। ਮਨ ਨੂੰ ਅੰਤਰੀਵੀ ਰੁਖ ਦੇਣ ਲਈ ਇਸ ਨੂੰ ਇਕਾਗਰ ਕਰਨਾ ਜ਼ਰੂਰੀ ਹੈ। ਪਿਆਰਾ ਸਿੰਘ ਪਦਮ ਅਨੁਸਾਰ, "ਗੁਰਮਤਿ ਸਰੀਰਕ ਭੋਗ, ਇੰਦ੍ਰੇ-ਰਸ ਤੇ ਹਉਮੈਂ-ਮਮਤਾ ਦੀ ਸੰਤੁਸ਼ਟਤਾ ਵਿਚ ਹੀ ਸੁਖ ਨਹੀਂ ਮੰਨਦੀ, ਸਗੋਂ ਉਹ ਤਾਂ ਭੋਗਾਂ ਦੀ ਥਾਂ ਤਿਆਗ-ਵੈਰਾਗ, ਇੰਦਰੇ-ਰਸ ਦੀ ਥਾਂ ਜਤਿ- ਸਤਿ ਸੰਜਮ, ਹਉਮੈਂ-ਮਮਤਾ ਦੀ ਥਾਂ ਨਿਰਮਾਣਤਾ ਤੇ ਪਰਉਪਕਾਰ ਵਿਚ ਸੁਖ ਮੰਨਦੀ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਗੁਰੂ ਸਾਹਿਬ ਖਾਣ ਪੀਣ ਜਾਂ ਇੰਦ੍ਰੀਆਂ ਦੇ ਸੁਆਦਾਂ ਦੇ ਵਿਰੁੱਧ ਹਨ, ਸਗੋਂ ਅਨੁਰੋਧ ਇਤਨਾ ਹੀ ਹੈ ਕਿ ਇਨ੍ਹਾਂ ਵਿਚ ਖਚਿਤ ਨਾ ਹੋ ਕੇ ਜੀਵਨ-ਆਦਰਸ਼ ਨਾ ਭੁਲਾਇਆ ਜਾਵੇ ਕਿਉਂਕਿ ਖਚਿਤ ਹੋਣ ਨਾਲ ਸੁਖ ਦੀ ਥਾਂ ਦੁਖ ਹੁੰਦਾ ਹੈ, ਖੁਆਰੀ ਹੁੰਦੀ ਹੈ।"[2]

ਇਸ ਅਧਿਆਇ ਵਿਚ ਪਦਾਰਥਕ ਸਭਿਆਚਾਰ ਦੇ ਅੰਗਾਂ ਵਜੋਂ ਕਿੱਤੇ ਅਤੇ ਕਿੱਤਾਕਾਰਾਂ, ਮਨੋਰੰਜਨ ਦੇ ਸਾਧਨਾਂ ਅਤੇ ਖਾਣ ਪੀਣ ਬਾਰੇ ਵੀਚਾਰ ਫਕੀਤੀ ਗਈ ਹੈ। ਇਹਨਾਂ ਬਾਰੇ ਵਰਣਨ ਇਸ ਤਰ੍ਹਾਂ ਹੈ:

## 4.1 ਕਿੱਤੇ ਅਤੇ ਕਿੱਤਾਕਾਰ :

ਕਿੱਤੇ ਤੋਂ ਭਾਵ ਹੈ ਜੀਵਿਕਾ ਕਮਾਉਣ ਲਈ ਕੀਤਾ ਜਾਣ ਵਾਲਾ ਕੋਈ ਕੰਮ। ਭਾਰਤੀ ਸਮਾਜ ਵਿਚ

---

[1] https://pa.wikipedia.org/s/ec4

[2] ਪ੍ਰੋ. ਪ੍ਰੀਤਮ ਸਿੰਘ (ਸੰਪਾ.), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ, ਪੰਨਾ 136.

ਪ੍ਰਾਚੀਨ ਕਾਲ ਤੋਂ ਹੀ ਕਿੱਤਿਆਂ ਦੇ ਆਧਾਰ 'ਤੇ ਸਮਾਜ ਦੀ ਵਰਗ ਵੰਡ ਕੀਤੀ ਗਈ। ਜਿਸ ਨੇ ਜਾਤ-ਪਾਤ ਭੈੜੀ ਪ੍ਰਥਾ ਨੂੰ ਜਨਮ ਦਿਤਾ। ਮਨੂੰ ਨੇ ਇਸ ਵੰਡ ਨੂੰ ਹੋਰ ਵੀ ਜਟਿਲ ਕਰ ਦਿਤਾ। ਜਿਸ ਕਰਕੇ ਭਾਰਤੀ ਸਮਾਜ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ। ਪਹਿਲੀ ਸ਼੍ਰੇਣੀ ਵਿਚ ਬ੍ਰਾਹਮਣਾਂ ਨੂੰ ਰਖਿਆ ਗਿਆ। ਉਹਨਾਂ ਕੋਲ ਸਿਖਿਆ ਤੋਂ ਇਲਾਵਾ ਹੋਰ ਸਾਰੇ ਅਧਿਕਾਰ ਰਾਖਵੇਂ ਸਨ, ਜਿਹੜੇ ਕਿ ਹੋਰ ਵਰਗਾਂ ਨੂੰ ਪ੍ਰਾਪਤ ਨਹੀਂ ਸਨ। ਦੂਜੇ ਦਰਜੇ ਉਤੇ ਖੱਤਰੀਆਂ ਨੂੰ ਰਖਿਆ ਗਿਆ ਜਿਹਨਾਂ ਨੂੰ ਬ੍ਰਾਹਮਣਾਂ ਨੇ ਘੱਟ ਅਧਿਕਾਰ ਦਿਤੇ, ਉਹ ਹਥਿਆਰ ਚਲਾਉਂਦੇ ਸਨ ਅਤੇ ਬ੍ਰਾਹਮਣਾਂ ਦੀ ਅਤੇ ਪਰਜਾ ਦੀ ਰਖਿਆ ਕਰਦੇ ਸਨ। ਤੀਜੇ ਦਰਜੇ ਉਪਰ ਵੈਸ਼ ਸਨ ਜਿਹੜੇ ਖੇਤੀ ਤੇ ਵਣਜ ਵਗੈਰਾ ਦਾ ਕੰਮ ਕਰਿਆ ਕਰਦੇ ਸਨ, ਚੌਥੇ ਦਰਜੇ ਉਪਰ ਸ਼ੂਦਰ ਸਨ। ਜਿਹੜੇ ਬਾਕੀਆਂ ਨਾਲੋਂ ਨਿਮਨ ਦਰਜੇ 'ਤੇ ਸੀ। ਸ਼ੂਦਰ ਦਾ ਕੰਮ ਸੀ ਉਪਰੋਕਤ ਤਿੰਨਾਂ ਵਰਗਾਂ ਦੀ ਸੇਵਾ ਕਰਨਾ। ਉਸ ਕੋਲ ਕੋਈ ਵੀ ਅਧਿਕਾਰ ਨਹੀਂ ਸੀ ਕਿ ਉਹ ਆਪਣੀ ਮਰਜ਼ੀ ਅਨੁਸਾਰ ਕੁਝ ਕਰ ਸਕੇ। ਸਨਾਤਨੀ ਧਰਮ ਦੀ ਵੰਡ ਮੂਲ ਰੂਪ ਵਿਚ ਕਿੱਤਾ ਆਧਾਰਤ ਹੀ ਸੀ। ਸਨਾਤਨ ਧਰਮ ਵਿਚ ਕਿੱਤਾ ਆਧਾਰ 'ਤੇ ਜਾਤਾਂ, ਉਪ ਜਾਤਾਂ, ਇਸ ਤੋਂ ਵੀ ਅੱਗੇ ਗੋਤਾਂ ਵਿਚ ਵੰਡਿਆ ਹੋਇਆ ਸੀ। ਇਸ ਵੰਡ ਨੇ ਭਾਰਤੀਆਂ ਨੂੰ ਇਸ ਕਦਰ ਪਾੜ ਕੇ ਰਖ ਦਿਤਾ ਕਿ ਮਨੁਖ ਦਾ ਮਨੁਖ ਲਈ ਵਰਤਾਰਾ ਅਮਾਨਵੀ ਅਤੇ ਕਦਰਾਂ ਕੀਮਤਾਂ ਤੋਂ ਹੀਣਾ ਹੋ ਗਿਆ।

ਗੁਰੂ ਨਾਨਕ ਸਾਹਿਬ ਨੇ ਕਿੱਤਿਆਂ ਪ੍ਰਤੀ ਸਨਾਤਨੀ ਪਹੁੰਚ ਨੂੰ ਬਿਲਕੁਲ ਗਲਤ ਠਹਿਰਾਇਆ। ਉਹਨਾਂ ਅਨੁਸਾਰ ਕਿੱਤੇ ਦੇ ਆਧਾਰ ‘ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਗੁਰਮਤਿ ਵਿਚ ਮਨੁਖੀ ਸਮਾਜ ਦੇ ਹੋਰ ਪਖਾਂ ਤੋਂ ਇਲਾਵਾ ਆਰਥਿਕ ਪਖ ਵਲ ਵੀ ਵਿਸ਼ੇਸ਼ ਧਿਆਨ ਦਿਤਾ ਗਿਆ ਹੈ। ਇਸ ਲਈ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਿਧਾਂਤ ਦਿਤਾ। ਦਾਨ ਵੀ ਕਿਰਤ ਕਮਾਈ ਕਰਕੇ ਕੀਤਾ ਹੀ ਪ੍ਰਵਾਨ ਹੈ ਨਾ ਕਿ ਲੁਟ ਖਸੁਟ ਦੀ ਕਮਾਈ ਦਾ। ਇਸ ਕਰਕੇ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਕਿੱਤਿਆਂ ਦੀਆਂ ਉਦਾਹਰਨਾਂ ਰਾਹੀਂ ਗੁਰਮਤਿ ਦੇ ਉਪਦੇਸ਼ ਨੂੰ ਆਮ ਲੋਕਾਂ ਤੱਕ ਪਹੁੰਚਾਇਆ। ਗੁਰੂ ਸਾਹਿਬ ਕਿਸੇ ਕੰਮ ਨੂੰ ਛੋਟਾ ਵੱਡਾ ਨਹੀਂ ਦਸਿਆ ਸਗੋਂ ਮਨੁਖ ਨੂੰ ਸੱਚੀ ਕਿਰਤ ਵੱਲ ਪ੍ਰੇਰਿਤ ਕੀਤਾ। ਬੰਦੇ ਦੇ ਚੰਗੇ ਤੇ ਮਾੜੇ ਕਰਮਾਂ (ਕੰਮਾਂ) ਦੇ ਆਧਾਰ 'ਤੇ ਹੀ ਬੰਦੇ ਦੀ ਵਡਿਆਈ ਜਾਂ ਨਿੰਦਾ ਹੁੰਦੀ ਹੈ। ਕੁਝ ਲੋਕ ਚੰਗੇ ਕਰਮ ਕਰਦੇ ਹਨ ਅਤੇ ਕੁਝ ਬੁਰੇ। ਜੋ ਲੋਕ ਆਪਣੇ ਕੰਮਾਂ ਨਾਲ ਦੂਜਿਆਂ ਦਾ ਨੁਕਸਾਨ ਕਰਦੇ ਹਨ ਜਾਂ ਦੂਜਿਆਂ ਨੂੰ ਦੁਖ ਦਿੰਦੇ ਹਨ, ਉਹ ਦੁਨੀਆਂ ਵਿਚ ਅਪਜਸ ਖਟਦੇ ਹਨ। ਉਹਨਾਂ ਨੂੰ ਇਹਨਾਂ ਕਰਮਾਂ ਦਾ ਮਾੜਾ ਫਲ਼ ਵੀ ਭੋਗਣਾ ਪੈਂਦਾ ਹੈ। ਪਰ ਜੋ ਲੋਕ ਚੰਗੇ ਕਰਮ ਕਰਦੇ ਹਨ ਜਾਂ ਜਿਹਨਾਂ ਦੀ ਕਿਰਤ ਨਾਲ ਦੂਜਿਆਂ ਨੂੰ ਸੁਖ ਮਿਲਦਾ ਹੈ ਅਤੇ ਦੁਖਾਂ ਤੋਂ ਰਾਹਤ ਮਿਲਦੀ ਹੈ, ਉਹਨਾਂ ਦੀ ਸੰਸਾਰ ਵਿਚ ਵਡਿਆਈ ਹੁੰਦੀ ਹੈ। ਉਹਨਾਂ ਨੂੰ ਇਹਨਾਂ ਕਰਮਾਂ ਦਾ ਫਲ਼ ਵੀ ਚੰਗਾ ਹੀ ਮਿਲਦਾ ਹੈ। ਚੰਗੀ ਕਿਰਤ ਵਾਲਿਆਂ ਦੀ ਸੰਗਤ ਕਰਨ ਦਾ ਫਲ਼ ਚੰਗਾ ਅਤੇ ਬੁਰੀ

ਕਿਰਤ ਵਾਲਿਆਂ ਦੀ ਸੰਗਤ ਦਾ ਫਲ਼ ਵੀ ਬੁਰਾ ਮਿਲਦਾ ਹੈ। ਕਿਰਤ ਓਹੀ ਭਲੀ ਹੈ ਜਿਸ ਨਾਲ ਦੂਜਿਆਂ ਦਾ ਭਲਾ ਹੋਵੇ। ਭਾਈ ਗੁਰਦਾਸ ਜੀ ਲੋਹੇ ਦਾ ਕੰਮ ਕਰਨ ਵਾਲਿਆਂ ਦੀ ਉਦਾਹਰਨ ਦਿੰਦੇ ਹਨ ਕਿ ਇਕ ਰਣ ਵਿਚ ਲੜਨ ਲਈ ਹਥਿਆਰ ਬਣਾਉਂਦੇ ਹਨ ਅਤੇ ਦੂਸਰੇ ਸੰਜੋਆਂ ਅਤੇ ਕਵਚ ਬਣਾਉਂਦੇ ਹਨ। ਹਥਿਆਰ ਸਰੀਰ ਨੂੰ ਜਖ਼ਮ ਦਿੰਦੇ ਹਨ ਪਰ ਸੰਜੋਅ ਅਤੇ ਲੋਹੇ ਦਾ ਕਵਚ ਜਖ਼ਮਾਂ ਤੋਂ ਬਚਾਉਂਦੇ ਹਨ। ਸ਼ਸ਼ਤਰ ਬਣਾਉਣ ਵਾਲੇ ਮਾਣ ਕਰਦੇ ਹਨ ਕਿ ਸਾਡੇ ਹਥਿਆਰ ਬਹੁਤ ਚੰਗੇ ਹਨ ਪਰ ਇਹਨਾਂ ਦਾ ਕੰਮ ਜਿੰਨਾ ਵਧੀਆ ਹੋਵੇਗਾ ਓਨਾ ਹੀ ਜ਼ਿਆਦਾ ਨੁਕਸਾਨ ਪਹੁੰਚਾਏਗਾ ਅਤੇ ਸੰਜੋਅ, ਕਵਚ ਬਣਾਉਣ ਵਾਲੇ ਜਿੰਨੇ ਵਧੀਆ ਬਣਾਉਣਗੇ ਓਨਾ ਹੀ ਬਚਾਅ ਹੋਵੇਗਾ। ਬੁਰੀ ਕਿਰਤ ਵਿਚ ਕੀਤੀ ਮਿਹਨਤ ਵੀ ਦੁਖਦਾਈ ਹੋ ਨਿਬੜਦੀ ਹੈ:

ਇਕ ਵੇਚਨਿ ਹਥੀਆਰ ਘੜਿ ਇਕ ਸਵਾਰਨਿ ਸਿਲਾ ਸੰਜੋਆ।
ਰਣ ਵਿਚਿ ਘਾਉ ਬਚਾਉ ਕਰਿ ਦੁਇ ਦਲ ਨਿਤਿ ਉਠਿ ਕਰਦੇ ਢੋਆ।
ਘਾਇਲੁ ਹੋਇ ਨੰਗਾਸਣਾ ਬਖਤਰ ਵਾਲਾ ਨਵਾਂ ਨਿਰੋਆ।
ਕਰਨਿ ਗੁਮਾਨੁ ਕਮਾਨਗਰ ਖਾਨਜਰਾਦੀ ਬਹੁਤੁ ਬਖੋਆ।
ਜਗ ਵਿਚਿ ਸਾਧ ਅਸਾਧ ਸੰਗੁ ਸੰਗ ਸੁਭਾਇ ਜਾਇ ਫਲੁ ਭੋਆ।
ਕਰਮ ਸੁ ਧਰਮ ਅਧਰਮ ਕਰਿ ਸੁਖ ਦੁਖ ਅੰਦਰਿ ਆਇ ਪਰੋਆ।
ਭਲੇ ਬੁਰੇ ਜਸੁ ਅਪਜਸੁ ਹੋਆ ॥12॥[3]

ਗੁਰਮਤਿ ਵਿਚ ਕਿੱਤਿਆਂ ਅਤੇ ਕਿੱਤਾਕਾਰਾਂ ਦੀ ਬਹੁਤ ਅਹਿਮੀਅਤ ਦੱਸੀ ਗਈ ਹੈ। ਸਾਰੇ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰ ਅਤੇ ਗੁਰਮਤਿ ਸਾਹਿਤਕਾਰ ਕਿਰਤੀ ਸਨ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਉਣ ਵੇਲੇ 52 ਕਿੱਤਾਕਾਰ ਵੀ ਇਥੇ ਵਸਾਏ। ਗੁਰਮਤਿ ਵਿਚ ਅਨੇਕਾਂ ਕਿੱਤਾਕਾਰਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ। ਜਿਹਨਾਂ ਦਾ ਜ਼ਿਕਰ ਇਸ ਤਰ੍ਹਾਂ ਹੈ:

**ਵਣਜ ਅਤੇ ਵਪਾਰੀ:** ਸੰਸਾਰ ਇਕ ਬਾਜ਼ਾਰ ਦੀ ਤਰ੍ਹਾਂ ਹੈ। ਇਸ ਵਿਚ ਪਰਮਾਤਮਾ ਨੇ ਤਰ੍ਹਾਂ-ਤਰ੍ਹਾਂ ਦੀਆਂ ਹੱਟੀਆਂ ਪਾਈਆਂ ਹੋਈਆਂ ਹਨ। ਸਾਰੇ ਮਨੁਖ ਗਾਹਕ ਹਨ। ਆਪਣੇ-ਆਪਣੇ ਸੁਭਾਅ ਮੁਤਾਬਿਕ ਗਾਹਕ ਹੱਟੀਆਂ 'ਤੇ ਸੌਦਾ ਖ਼ਰੀਦਣ ਜਾਂਦੇ ਹਨ। ਪਰ ਸਭ ਤੋਂ ਉਤਮ ਕਿਸਮ ਦਾ ਸੌਦਾ ਨਾਮ ਦਾ ਹੈ। ਇਹ ਸੌਦਾ ਸਾਧਸੰਗਤ ਰੂਪੀ ਹੱਟੀ ਤੋਂ ਮਿਲਦਾ ਹੈ। ਇਹ ਸੌਦਾ ਕਦੇ ਘਾਟੇ ਦਾ ਨਹੀਂ ਹੁੰਦਾ ਕਿਉਂਕਿ ਇਸ ਦਾ ਮਾਲਕ ਪਰਮਾਤਮਾ ਆਪ ਹੈ ਜੋ ਕਿ ਸੱਚਾ ਪਾਤਸ਼ਾਹ ਹੈ। ਇਹ ਸੌਦਾ ਉਹ ਹੀ ਖਟ ਸਕਦੇ ਹਨ ਜੋ ਗੁਰੂ ਦੀ ਸ਼ਰਣ

[3] ਵਾਰਾਂ ਭਾਈ ਗੁਰਦਾਸ ਜੀ, ਵਾਰ 31 ਪਉੜੀ 12

ਵਿਚ ਆਉਂਦੇ ਹਨ। ਸਾਧਸੰਗਤ ਰੂਪੀ ਹੱਟੀ ਵਿਚ ਇਸ ਸੌਦੇ ਦਾ ਸਦਾ ਉਪਭੋਗ ਕੀਤਾ ਜਾ ਸਕਦਾ ਹੈ। ਸੋ ਮਨੁਖ ਨੂੰ ਇਕ ਸੱਟ ਨਾਲ ਹੀ ਆਪਣੇ ਚੌਲ ਚਿਟੇ ਕਰ ਲੈਣੇ ਚਾਹੀਦੇ ਹਨ। ਭਾਵ ਇਸੇ ਜਨਮ ਵਿਚ ਹੀ ਇਹ ਸੌਦਾ ਖਟ ਲੈਣਾ ਚਾਹੀਦਾ ਹੈ ਤਾਂ ਕਿ ਦੁਬਾਰਾ ਜਨਮ ਨਾ ਲੈਣਾ ਪਵੇ। ਇਹ ਵਣਜ ਕਰ ਕੇ ਜਮਾਂ ਦੀ ਫਾਹੀ ਕਟ ਦੇਣੀ ਚਾਹੀਦੀ ਹੈ। ਭਾਈ ਗੁਰਦਾਸ ਇਸ ਬਾਬਤ ਕਹਿੰਦੇ ਹਨ:

ਸਉਦਾ ਇਕਤੁ ਹਟਿ ਸਬਦਿ ਵਿਸਾਹੀਐ। ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।
ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ। ਪੂਰੇ ਸਤਿਗੁਰ ਖਟਿ ਅਖੁਟ ਸਮਾਹੀਐ।
ਸਾਧਸੰਗਤਿ ਪਰਗਟਿ ਸਦਾ ਨਿਬਾਹੀਐ। ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।
ਜਮ ਦੀ ਫਾਹੀ ਕਟਿ ਦਾਦਿ ਇਲਾਹੀਐ। [4]

ਸੱਚੇ ਗੁਰੂ ਤੋਂ ਬਿਨਾਂ ਦੁਨੀਆਂ ਦੇ ਹੋਰ ਸਾਰੇ ਵਣਜ ਵਪਾਰ ਕੂੜੇ ਹਨ। ਵਪਾਰ ਨਾਲ ਬਣਾਏ ਘਰ ਤੇ ਧਨ ਦੌਲਤ ਆਖਰ ਨੂੰ ਮਿੱਟੀ ਵਿਚ ਹੀ ਮਿਲਣੇ ਹਨ। ਭਗਤ ਫਰੀਦ ਜੀ ਕਹਿੰਦੇ ਹਨ ਕਿ ਘਰ-ਬਾਰ ਬਣਾਉਂਦਾ ਮਨੁਖ ਪਰ ਅੰਤ ਕਬਰ ਵਿਚ ਜਾ ਕੇ ਪੈ ਜਾਂਦਾ ਹੈ ਅਜਿਹੇ ਕੂੜੇ ਵਪਾਰ ਦਾ ਕੀ ਲਾਭ ਜੋ ਅੰਤ ਸਮੇਂ ਮਨੁਖ ਦੇ ਕੰਮ ਨਾ ਆਵੇ:

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥[5]

ਸੱਚੇ ਗੁਰੂ ਨੂੰ ਛਡ ਕੇ ਬਾਕੀ ਸਾਰੇ ਵਪਾਰੀ ਅਤੇ ਸ਼ਾਹ ਝੂਠੇ ਹਨ। ਸਭ ਤੋਂ ਵਡਾ ਸ਼ਾਹ ਗੁਰੂ ਹੈ। ਗੁਰੂ ਨਾਲ ਹੀ ਅਸਲੀ ਵਪਾਰ ਹੋਣਾ ਚਾਹੀਦਾ ਹੈ। ਦੁਨਿਆਵੀ ਵਪਾਰ ਕੇਵਲ ਜੀਵਨ ਨਿਰਬਾਹ ਲਈ ਹੀ ਹੋਣਾ ਚਾਹੀਦਾ ਹੈ। ਗੁਰੂ ਦੀ ਸਿਖਿਆ ਨੂੰ ਛਡ ਕੇ ਦੁਨਿਆਵੀ ਵਪਾਰ ਨੂੰ ਹੀ ਆਪਣਾ ਮਨੋਰਥ ਬਣਾ ਲੈਣਾ ਕਦੇ ਵੀ ਸਹੀ ਵਪਾਰ ਨਹੀਂ ਹੋ ਸਕਦਾ, ਕਿਉਂਕਿ ਕਿਸੇ ਵੀ ਕਿੱਤੇ ਨੂੰ ਇਮਾਨਦਾਰੀ ਅਤੇ ਮਿਹਨਤ ਨਾਲ ਕਰਨ ਦੀ ਸਿਖਿਆ ਗੁਰੂ ਤੋਂ ਹੀ ਮਿਲਦੀ ਹੈ। ਸੌਦਾਗਰ ਘੋੜਿਆਂ ਦਾ ਵਪਾਰ ਕਰਦੇ ਹਨ। ਜੌਹਰੀ ਰਤਨਾਂ, ਹੀਰਿਆਂ ਅਤੇ ਮਾਣਕਾਂ ਦਾ ਵਪਾਰ ਕਰਦੇ ਹਨ। ਸਰਾਫ ਸੋਨੇ, ਚਾਂਦੀ ਦਾ ਅਤੇ ਬਜਾਜ ਕਪੜੇ ਦਾ ਦਾ ਵਪਾਰ ਕਰਦੇ ਹਨ। ਜਿਮੀਂਦਾਰ ਖੇਤੀ ਕਰਕੇ ਫ਼ਸਲਾਂ ਦੇ ਢੇਰ ਲਗਾ ਦਿੰਦੇ ਹਨ। ਇਹਨਾਂ ਨੂੰ ਕਦੀ ਘਾਟਾ ਪੈ ਜਾਂਦਾ ਹੈ ਅਤੇ ਕਦੀ ਲਾਭ। ਗੁਰੂ ਦੀ ਸਿਖਿਆ ਨੂੰ ਭੁਲਾ ਕੇ ਇਹਨਾਂ ਵਿਚ ਹੀ ਖਚਿਤ ਹੋਣ ਵਾਲਾ ਮਨੁਖ ਸਦਾ ਦੁਖੀ ਹੀ ਹੁੰਦਾ ਰਹਿੰਦਾ ਹੈ:

---

4 ਵਾਰਾਂ ਭਾਈ ਗੁਰਦਾਸ ਜੀ, ਵਾਰ 3, ਪਉੜੀ 6

5 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1360

ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥
ਏਨੈ ਚਿਤਿ ਕਠੋਰਿ ਸੇਵ ਗਵਾਈਐ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਖੈ ਘਟਿ ਹਉਮੈ ਜਾਈਐ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥[6]

ਇਸੇ ਪ੍ਰਸੰਗ ਵਿਚ ਭਾਈ ਗੁਰਦਾਸ ਜੀ ਕਹਿੰਦੇ ਹਨ:

ਸਤਿਗੁਰੁ ਸਾਹੁ ਅਥਾਹੁ ਛਡਿ ਕੂੜੇ ਸਾਹੁ ਕੂੜੇ ਵਣਜਾਰੇ।
ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨਿ ਅਤਿ ਭਾਰੇ।
ਰਤਨਾ ਪਰਖ ਜਵਾਹਰੀ ਹੀਰੇ ਮਾਣਕ ਵਣਜ ਪਸਾਰੇ।
ਹੋਇ ਸਰਾਫ ਬਜਾਜ ਬਹੁ ਸੁਇਨਾ ਰੁਪਾ ਕਪੜੁ ਤਾਰੇ।
ਕਿਰਸਾਣੀ ਕਿਰਸਾਣ ਕਰਿ ਬੀਜ ਲੁਣਨਿ ਬੋਹਲ ਵਿਸਥਾਰੇ।
ਲਾਹਾ ਤੋਟਾ ਵਰੁ ਸਰਾਪੁ ਕਰਿ ਸੰਜੋਗੁ ਵਿਜੋਗੁ ਵਿਚਾਰੇ।
ਗੁਰ ਪੂਰੇ ਵਿਣੁ ਦੁਖੁ ਸੈਂਸਾਰੇ ॥ [7]

**ਸਰਾਫ਼:** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ''ਸਰਾਫ਼ ਉਹ ਹੈ ਜੋ ਰੁਪਇਆ, ਪੈਸਾ, ਪਰਖਦਾ ਅਤੇ ਵਟਾਂਦਰਾ ਕਰਦਾ ਹੈ, ਨਕਦੀ ਦਾ ਵਪਾਰ ਕਰਦਾ ਹੈ।[8] ਪੈਸੇ ਦੇ ਲੈਣ-ਦੇਣ ਸੰਬੰਧੀ ਇਸ ਦੀ ਸਮਾਜ ਵਿਚ ਬਹੁਤ ਮਹਾਨਤਾ ਹੈ। ਇਸ ਤੋਂ ਇਲਾਵਾ ਸਰਾਫ਼ ਸੋਨੇ, ਚਾਂਦੀ ਆਦਿ ਦਾ ਵਪਾਰ ਵੀ ਕਰਦੇ ਹਨ। ਗੁਰਬਾਣੀ ਅਨੁਸਾਰ ਸਭ ਤੋਂ ਵੱਡਾ ਸਰਾਫ਼ ਪਰਮਾਤਮਾ ਹੈ ਜੋ ਜੀਵ ਰੂਪੀ ਧਾਤਾਂ ਨੂੰ ਪਰਖਦਾ ਹੈ। ਪਰਮਾਤਮਾ ਦੀ ਭਗਤੀ ਕਰਨ ਨਾਲ ਸਰੀਰ ਸੋਨੇ ਵਰਗਾ ਹੋ ਜਾਂਦਾ ਹੈ ਅਤੇ ਨਾਮ ਦਾ ਸੋਹਣਾ ਰੰਗ ਚੜ੍ਹ ਜਾਂਦਾ ਹੈ। ਜਿਸ ਜੀਵ ਉਤੇ ਪਰਮਾਤਮਾ ਦੀ ਕਿਰਪਾ ਭਰੀ ਨਜ਼ਰ ਪੈ ਜਾਵੇ, ਉਸ ਸਰਾਫ਼ ਪਰਮਾਤਮਾ ਪਰਵਾਨ ਕਰ ਲੈਂਦਾ ਹੈ। ਅਜਿਹੇ ਜੀਵ ਵਾਰ-ਵਾਰ ਆਵਾਗਵਣ ਦੀ ਭੱਠੀ ਵਿਚ ਨਹੀਂ ਤਪਦੇ:

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥[9]

---

6 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 146.

7 ਵਾਰਾਂ ਭਾਈ ਗੁਰਦਾਸ ਜੀ, ਵਾਰ 15, ਪਉੜੀ 8.

8 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 387.

9 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 146.

**ਖੇਤੀ ਅਤੇ ਕਿਸਾਨ:** ਯੁਗਾਂ ਯੁਗਾਂ ਤੋਂ ਭਾਰਤ ਵਿਚ ਆਮਦਨ ਦਾ ਮੁਖ ਸਾਧਨ ਖੇਤੀਬਾੜੀ ਦੀ ਪੈਦਾਵਾਰ ਰਿਹਾ ਹੈ। ਆਰੀਆ ਲੋਕਾਂ ਨੇ ਭਾਰਤ ਵਿਚ ਪ੍ਰਵੇਸ਼ ਕਰਕੇ ਖੇਤੀ ਨੂੰ ਬਹੁਤ ਵਿਕਸਿਤ ਕੀਤਾ। ਸਿੰਜਾਈ ਦੇ ਸਾਧਨ ਵਿਕਸਿਤ ਨਹੀਂ ਸਨ ਜਿਸ ਕਰਕੇ ਫਸਲ ਦੀ ਜ਼ਿਆਦਾ ਪੈਦਾਵਾਰ ਲਈ ਮੀਂਹ, ਉਪਰ ਨਿਰਭਰ ਕਰਨਾ ਪੈਂਦਾ ਸੀ। ਮੀਂਹ ਦਾ ਦੇਵ ਇੰਦਰ ਹੈ। ਖੇਤੀ ਪ੍ਰਧਾਨ ਸਮਾਜ ਦਾ ਬਾਰਸ਼ਾਂ ਉਤੇ ਜੀਵਨ ਨਿਰਭਰ ਕਰਦਾ ਹੈ। ਇਸ ਕਰਕੇ ਇੰਦਰ ਦਾ ਹਰਮਨ ਹੋਣਾ ਸੁਭਾਵਕ ਸੀ। ਉਹ ਫਸਲਾਂ ਨੂੰ ਸੋਕੇ ਤੋਂ ਬਚਾਉਂਦਾ ਸੀ ਅਤੇ ਜੇ ਹੜ੍ਹ ਆ ਜਾਣ ਉਸ ਅਗੇ ਸ਼ਾਂਤ ਹੋ ਜਾਣ ਦੀ ਪ੍ਰਥਾਨਾ ਕੀਤੀ ਜਾਂਦੀ ਸੀ। ਗੁਰਬਾਣੀ ਅਨੁਸਾਰ ਖੇਤੀ ਤੇ ਵਪਾਰ ਤਾਂ ਪਰਮਾਤਮਾ ਦੇ ਹੁਕਮ ਵਿਚ ਹਨ। ਉਸ ਦੇ ਹੁਕਮ ਨੂੰ ਮਨਣ ਦੇ ਨਾਲ ਇਸ ਵਿਚ ਵਾਧਾ ਮਿਲਦਾ ਹੈ:

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ।। [10]

ਗੁਰੂ ਗ੍ਰੰਥ ਸਾਹਿਬ ਵਿਚ ਖੇਤੀਬਾੜੀ ਦੇ ਪ੍ਰਸੰਗ ਅਧੀਨ ਕਾਫੀ ਜ਼ਿਕਰ ਮਿਲਦਾ ਹੈ। ਡਾ. ਮਨਮੋਹਨ ਸਹਿਗਲ ਅਨੁਸਾਰ "ਗੁਰੂ ਕਾਲ ਸਮੇਂ ਦੇ ਸਮਾਜ ਦੇ ਖੇਤੀਬਾੜੀ ਖੇਤਰ ਵਿਚ ਯਕੀਨਨ ਹੀ ਦੋ ਸ਼੍ਰੇਣੀਆਂ ਰਹੀਆਂ ਹੋਣਗੀਆ- ਜ਼ਿਮੀਦਾਰ ਤੇ ਕਿਸਾਨ। ਜ਼ਿਮੀਦਾਰ ਪਿੰਡ ਦੀ ਸਮੁਚੀ ਜ਼ਮੀਨ ਦਾ ਮਾਲਕ ਹੁੰਦਾ ਸੀ। ਕਿਸਾਨ ਇਕ ਤਰ੍ਹਾਂ ਨਾਲ ਉਸਦੀ ਪਰਜਾ ਸਨ।"[11] ਗੁਰਬਾਣੀ ਵਿਚ ਉਦਾਹਰਨ ਪੇਸ਼ ਕਰਦੇ ਹਨ:

ਹਉ ਆਇਆ ਸਾਮੈ ਤਿਹੰਡੀਆ॥
ਪੰਜਿ ਕਿਰਸਾਣ ਮੁਜੇਰੇ ਮਿਹਡਿਆ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥[12]

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਅਕਾਲ ਪੁਰਖ ਵਾਹਿਗੁਰੂ ਦੀ ਤੇਰੀ ਸ਼ਰਣ ਵਿਚ ਆ ਗਿਆ ਹਾਂ ਤੇ ਕਿਸਾਨ ਰੂਪੀ ਪੰਜ ਵਿਕਾਰਾਂ ਨੂੰ ਮੈਂ ਆਪਣੇ ਗੁਲਾਮ ਬਣਾ ਲਿਆ ਹੈ। ਹੁਣ ਕੋਈ ਵੀ ਵਿਕਾਰ ਮੇਰੇ ਤੇ ਹਮਲਾ ਨਹੀਂ ਕਰ ਸਕਦਾ ਕਿਉਂਕਿ ਮੇਰੇ ਇੰਦਰੇ ਵਸ ਵਿਚ ਆ ਗਏ ਹਨ। ਹੁਣ ਵਾਹਿਗੁਰੂ ਦੀ ਕਿਰਪਾ ਨਾਲ ਭਲੇ ਗੁਣਾਂ ਦਾ ਸੰਘਣਾਂ ਵਾਸ ਮੇਰੇ ਅੰਦਰ ਹੋ ਗਿਆ ਹੈ। ਇਸ ਦ੍ਰਿਸ਼ਟਾਂਤ ਰਾਹੀਂ ਗੁਰੂ ਸਾਹਿਬ ਉਸ ਸਮੇਂ ਦੀ ਕਿਰਸਾਨੀ ਦੀ ਦਸ਼ਾ ਨੂੰ ਪੇਸ਼ ਕਰਦੇ ਹਨ।

ਗੁਰਬਾਣੀ ਆਤਮਕ ਖੇਤੀ ਦੀ ਗਲ ਕਰਦੀ ਹੈ ਕਿ ਮਨੁਖ ਤੂੰ ਚੇਤੰਨ ਹੋ ਜਾ ਜੀਵਨ ਦੀ ਪ੍ਰਾਣ ਰੂਪੀ ਫਸਲ ਨੂੰ ਸਾਂਭਣ ਦੀ ਗੱਲ ਕਰਦੀ ਹੈ। ਜੇਕਰ ਸਮਾਂ ਨਾ ਸਾਂਭਿਆ ਗਿਆ ਤਾਂ ਕੂੰਜ ਰੂਪੀ ਜਮਾ ਨੇ ਤੇਰੇ ਪ੍ਰਾਣਾ

---

[10] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 569.

[11] ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ, ਪੰਨਾ 726.

[12] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 73.

ਨੂੰ ਹਰ ਲੈਣਾ ਹੈ ਤੇ ਤੂੰ ਘਾਟੇ ਵਿਚ ਆਪਣਾ ਜੀਵਨ ਬਤੀਤ ਕਰਕੇ ਜਾਵੇਗਾ:

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ॥

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥[13]

ਭਾਈ ਗੁਰਦਾਸ ਜੀ ਖੇਤ ਦੀ ਸਿੰਜਾਈ ਦੇ ਰਾਹੀਂ ਸਮਝਾਂਉਂਦੇ ਹਨ ਕਿ ਸਾਧਸੰਗਤ ਰੂਪੀ ਹਰਟ ਵਿਚੋਂ ਸਿੰਝਦੇ ਨਾਮ ਰੂਪੀ ਪਾਣੀ ਨਾਲ ਆਪਣੀ ਸੁਰਤ ਰੂਪੀ ਪਰਮਾਤਮਾ ਰੂਪੀ ਖੇਤੀ ਨੂੰ ਹਰੀ-ਭਰੀ ਰਖੀਏ। ਭਾਵ ਪਰਮਾਤਮਾ ਨੂੰ ਹਿਰਦੇ ਵਿਚ ਪ੍ਰਗਟ ਕਰੀਏ :

ਪਾਣੀ ਜਿਉ ਹਰਿਹਟਿ ਸੁ ਖੇਤ ਉਮਾਹੀਐ ॥[14]

**ਮਰਾਸੀ:** ਕਿੱਤਾਕਾਰਾਂ ਦਾ ਇਕ ਵਰਗ ਅਜਿਹਾ ਹੈ ਜੋ ਅਮੀਰ ਲੋਕਾਂ ਦੀ ਵਡਿਆਈ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇਹ ਲੋਕ ਆਪਣੀ ਰੋਜ਼ੀ ਲਈ ਪਰਮਾਤਮਾ ਜਾਂ ਸੱਚੇ ਪੁਰਸ਼ਾਂ ਦੀ ਵਡਿਆਈ ਛਡ ਕੇ ਅਮੀਰਾਂ ਦੀ ਵਡਿਆਈ ਕਰਦੇ ਹਨ ਜੋ ਕਿ ਵਡਿਆਈ ਦੇ ਲਾਇਕ ਹੀ ਨਹੀਂ ਹੁੰਦੇ। ਢਾਡੀ ਝੂਠੇ ਮਾਣ ਖਾਤਰ ਜੂਝਣ ਵਾਲੇ ਅਤੇ ਵੈਰ ਵਿਰੋਧ ਕਮਾਉਣ ਵਾਲੇ ਯੋਧਿਆਂ ਦੀਆਂ ਵਾਰਾਂ ਗਾਉਂਦੇ ਹਨ। ਨਾਈ ਉਹਨਾਂ ਦੀਆਂ ਵਡਿਆਈਆਂ ਦੇ ਵੈਣ ਪਾਉਂਦੇ ਹਨ ਜੋ ਭੈੜੇ ਰਸਤਿਆਂ 'ਤੇ ਚਲ ਕੇ ਬੁਰੇ ਕੰਮ ਕਰਦੇ ਮਰ ਗਏ। ਭੱਟ ਉਹਨਾਂ ਦੀ ਵਡਿਆਈ ਦੇ ਕਬਿਤ ਬਣਾ-ਬਣਾ ਕੇ ਪੜ੍ਹਦੇ ਹਨ ਜੋ ਹਮੇਸ਼ਾਂ ਕੂੜ ਅਤੇ ਭੈੜਾ ਹੀ ਬੋਲਦੇ ਰਹੇ। ਪੁਰੋਹਿਤ ਆਪਣੇ ਜ਼ਜ਼ਮਾਨਾਂ ਨੂੰ ਭਰਮਾ ਕੇ ਉਹਨਾਂ ਨੂੰ ਲੁਟਦੇ ਹਨ। ਪਰ ਪੂਰੇ ਗੁਰੂ ਤੋਂ ਬਿਨਾਂ ਸਭ ਅਸੰਤੁਸ਼ਟ ਹੋ ਕੇ ਕਲਪਣਾ ਰੂਪੀ ਰੋਣਾ ਰੋਂਦੇ ਫਿਰਦੇ ਹਨ। ਕਦੇ ਵੀ ਰੱਜ ਨਹੀਂ ਆਉਂਦਾ:

ਸਚੁ ਦਾਤਾਰੁ ਵਿਸਾਰਕੈ ਮੰਗਤਿਆਂ ਨੋ ਮੰਗਣ ਜਾਹੀ।
ਢਾਢੀ ਵਾਰਾਂ ਗਾਂਵਦੇ ਵੈਰ ਵਿਰੋਧ ਜੋਧ ਸਾਲਾਹੀ।
ਨਾਈ ਗਾਵਨਿ ਸੱਦੜੇ ਕਰਿ ਕਰਤੂਤਿ ਮੁਏ ਬਦਰਾਹੀ।
ਪੜਦੇ ਭਟ ਕਵਿਤ ਕਰਿ ਕੂੜ ਕੁਸਤੁ ਮੁਖਹਿ ਅਲਾਹੀ।
ਹੋਇ ਅਸਿਰਿਤ ਪੁਰੋਹਿਤਾ ਪ੍ਰੀਤਿ ਪਰੀਤੈ ਵਿਰਤਿ ਮੰਗਾਹੀ।
ਛੁਰੀਆ ਮਾਰਨਿ ਪੰਖੀਏ ਹਟਿ ਹਟਿ ਮੰਗਦੇ ਭਿਖ ਭਵਾਹੀ।
ਗੁਰ ਪੂਰੇ ਵਿਣੁ ਰੋਵਨਿ ਧਾਹੀ ॥6॥[15]

---

13 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 34.

14 ਵਾਰਾਂ ਭਾਈ ਗੁਰਦਾਸ ਜੀ, ਵਾਰ 3, ਪਉੜੀ 6.

15 ਉਹੀ, ਵਾਰ 15, ਪਉੜੀ 6.

**ਵੈਦ ਅਤੇ ਵੈਦਗੀ:** ਵੈਦ ਤੋਂ ਭਾਵ ਪੰਡਤ, ਡਾਕਟਰ, ਹਕੀਮ ਅਤੇ ਵਿਦਵਾਨ ਹੈ। ਵੈਦ ਦਾ ਸੰਬੰਧ ਦਵਾਈਆਂ ਨਾਲ ਹੈ। ਪੁਰਾਣੇ ਸਮਿਆਂ ਵਿਚ ਹਕੀਮ ਹੀ ਹਰ ਰੋਗ ਦਾ ਇਲਾਜ ਕਰਦੇ ਸਨ। ਇਹ ਦੇਸੀ ਜੜ੍ਹੀ-ਬੂਟੀਆਂ ਤੋਂ ਹੀ ਦਵਾਈਆਂ ਤਿਆਰ ਕਰਦੇ ਸਨ। ਅਜ ਇਹ ਵਿਦਿਆ ਅਕਾਦਮਿਕਤਾ ਦਾ ਵਿਸ਼ਾ ਬਣ ਗਈ ਹੈ। ਸਰੀਰ ਦੇ ਇਕ ਇਕ ਅੰਗ ਦੇ ਮਾਹਿਰ ਡਾਕਟਰ ਅਜ ਉਪਲਬਧ ਹਨ। ਗੁਰੂ ਜੀ ਨੇ ਸਿਆਣੇ ਵੈਦ ਦੀ ਖਾਸੀਅਤ ਦੱਸੀ ਹੈ ਕਿ ਸਿਆਣਾ ਵੈਦ ਉਹ ਹੈ ਜੋ ਰੋਗੀ ਨੂੰ ਚੰਗੀ ਤਰ੍ਹਾਂ ਪਰਖੇ ਕਿ ਉਸ ਨੂੰ ਕਿਹੜਾ ਰੋਗ ਹੈ। ਰੋਗ ਲੱਭਣ ਦੀ ਸਮਰਥਾ ਦੇ ਨਾਲ-ਨਾਲ ਉਸ ਕੋਲ ਰੋਗ ਨੂੰ ਠੀਕ ਕਰਨ ਵਾਲੀ ਦਵਾਈ ਬਣਾਉਣ ਦਾ ਵੱਲ ਵੀ ਹੋਵੇ। ਉਸ ਦੀ ਦਵਾਈ ਅਜਿਹੀ ਹੋਵੇ ਕਿ ਰੋਗ ਠੀਕ ਹੋ ਕੇ ਸਰੀਰ ਤੰਦਰੁਸਤ ਹੋ ਜਾਵੇ। ਸਭ ਤੋਂ ਵਡੀ ਗੱਲ, ਉਸ ਨੂੰ ਆਪ ਨੂੰ ਕੋਈ ਰੋਗ ਨਾ ਲੱਗਾ ਹੋਵੇ। ਸੋ ਵੈਦ ਨੂੰ ਰੋਗ ਤੇ ਦਵਾਈ ਦਾ ਸੰਪੂਰਨ ਗਿਆਨ ਹੋਣਾ ਲਾਜ਼ਮੀ ਹੈ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥2॥ [16]

ਜਾਂ

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ [17]

ਅਸਲ ਵਿਚ ਇਹਨਾਂ ਪੰਕਤੀਆਂ ਰਾਹੀਂ ਗੁਰੂ ਜੀ ਧਾਰਮਿਕ ਆਗੂਆਂ ਨੂੰ ਸੁਚੇਤ ਕਰਦੇ ਹਨ ਕਿ ਉਹ ਦੁਨੀਆਂ ਦੇ ਵਿਕਾਰ ਰੂਪੀ ਰੋਗਾਂ ਦਾ ਇਲਾਜ ਤਾਂ ਹੀ ਕਰ ਸਕਦੇ ਹਨ ਜੇਕਰ ਉਹ ਇਹਨਾਂ ਰੋਗਾਂ ਦੀ ਰਮਜ਼ ਸਮਝਦੇ ਹੋਣ ਇਹਨਾਂ ਦਾ ਸਹੀ ਇਲਾਜ ਕਰਨਾ ਜਾਣਦੇ ਹੋਣ ਅਤੇ ਆਪ ਇਹਨਾਂ ਰੋਗਾਂ ਤੋਂ ਬਚੇ ਹੋਏ ਹੋਣ। ਤਾਂ ਹੀ ਲੋਕਾਂ ਨੂੰ ਉਪਦੇਸ਼ ਦੇ ਸਕਦੇ ਹਨ ਜੇ ਇਹ ਉਪਦੇਸ਼ ਉਹਨਾਂ ਦੀ ਜ਼ਿੰਦਗੀ ਵਿਚ ਹੰਢੇ ਵਰਤੇ ਹੋਣ।

**ਜੰਤ੍ਰੀ:** ਹਥ ਵਿਚ ਕੋਈ ਸਾਜ ਲੈ ਕੇ ਵਜਾਉਣ ਵਾਲੇ ਨੂੰ ਜੰਤ੍ਰੀ ਕਿਹਾ ਜਾਂਦਾ ਹੈ। ਸਾਜ ਵਜਾਉਣ ਵਾਲੇ ਸ਼ਬਦ ਅਤੇ ਸਾਜ ਦੀ ਧੁਨ ਵਿਚ ਆਪਣੀ ਸੁਰਤ ਨੂੰ ਜੋੜ ਕੇ ਖੁਦ ਮਗਨ ਹੁੰਦੇ ਹਨ ਅਤੇ ਦੂਜਿਆਂ ਨੂੰ ਵੀ ਖੁਸ਼ ਕਰਦੇ ਹਨ। ਗੁਰਬਾਣੀ ਅਨੁਸਾਰ ਮਨੁਖ ਆਪ ਇਕ ਜੰਤ ਹੈ, ਜੋ ਪਰਮਾਤਮਾ ਜੰਤ੍ਰੀ ਹੈ ਜੀਵ ਉਸਦੇ ਹੁਕਮ ਵਿਚ ਵੱਜ ਰਿਹਾ ਹੈ। ਪਰਮਾਤਮਾ ਦੀ ਖੇਡ ਵਿਚ ਅਜਿਹਾ ਵਰਤਾਰਾ ਉਹ ਪਰਮਾਤਮਾ ਆਪ ਹੀ ਵਰਤਾਉਂਦਾ

---

16 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1279.

17 ਉਹੀ, ਪੰਨਾ 148.

ਹੈ। ਉਹ ਆਪ ਹੀ ਵਖਿਆਨ ਕਰਨ ਵਾਲਾ ਅਤੇ ਆਪ ਹੀ ਵਕਤਾ ਹੈ। ਆਪ ਹੀ ਲਿਵ ਜੋੜ ਕੇ ਸਮਾਧੀ ਲਾਉਂਦਾ ਹੈ। ਸਾਰਾ ਵਰਤਾਰਾ ਵੇਖ ਕੇ ਉਹ ਆਪ ਹੀ ਆਨੰਦ ਮਾਣਦਾ ਹੈ ਕਿਉਂਕਿ ਉਹ ਆਪ ਹੀ ਸਾਜ ਵਜਾਉਣ ਵਾਲਿਆਂ, ਗਾਉਣ ਵਾਲਿਆਂ ਅਤੇ ਸੁਣਨ ਵਾਲਿਆਂ ਵਿਚ ਸਮਾਇਆ ਹੋਇਆ ਹੈ:

ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥
ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ ॥[18]

ਭਾਈ ਗੁਰਦਾਸ ਜੀ ਇਸ ਬਾਬਤ ਲਿਖਦੇ ਹਨ:

ਜਿਉ ਜੰਤ੍ਰੀ ਹਥਿ ਜੰਤ੍ਰ ਲੈ ਸਭਿ ਰਾਗ ਵਜਾਏ।
ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।
ਸਬਦੁ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ।
ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।
ਆਪੇ ਆਪਿ ਵਿਸਮਾਦੁ ਹੋਇ ਸਰਬੰਗਿ ਸਮਾਏ। [19]

**ਜੁਲਾਹਾ :** ਜੁਲਾਹਾ ਇਕ ਜਾਤ ਹੈ। ਇਹ ਜਾਤ ਦੇ ਲੋਕ ਕਪੜੇ ਦੀ ਬੁਣਤੀ ਦੇ ਕਾਰੀਗਰ ਹਨ। ਕਪੜਾ ਬੁਣਨਾ ਹੀ ਇਹਨਾਂ ਦਾ ਮੁਖ ਕੰਮ ਹੈ। ਭਗਤ ਕਬੀਰ ਜੀ ਇਸ ਕਿੱਤੇ ਨਾਲ ਜੁੜੇ ਹੋਏ ਸਨ। ਉਹ ਆਪਣੀ ਬਾਣੀ ਵਿਚ ਵਾਰ-ਵਾਰ ਜ਼ਿਕਰ ਕਰਦੇ ਹਨ:

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥[20]

ਭਾਈ ਗੁਰਦਾਸ ਜੀ ਆਪਣੇ ਸਮੇਂ ਵਿਚ ਕਪੜੇ ਤਿਆਰ ਕਰਨ ਦਾ ਢੰਗ ਬਿਆਨ ਕਰਦੇ ਹਨ। ਕਪਾਹ ਦਾ ਸੂਤਰ ਬਣਦਾ ਸੀ। ਸੂਤਰ ਦਾ ਤਾਣਾ ਤੇ ਪੇਟਾ ਬਣਦਾ ਸੀ। ਇਸ ਤਾਣੇ ਪੇਟੇ ਤੋਂ ਤਰ੍ਹਾਂ-ਤਰ੍ਹਾਂ ਦੀਆਂ ਕਿਸਮਾਂ ਦੇ ਕਪੜੇ ਤਿਆਰ ਕੀਤੇ ਜਾਂਦੇ ਸਨ। ਚਾਰ ਤਾਰਾਂ ਤੋਂ ਚਉਸੀ ਬਣਦੀ ਸੀ ਜਿਸ ਨੂੰ ਗੰਗਾ ਕਲੀ ਭੀ ਕਿਹਾ ਜਾਂਦਾ ਸੀ। ਖਾਸਾ, ਮਲਮਲ, ਸਿਰੀਸਾਫ, ਤਨਸੁਖ ਆਦਿਕ ਨਾਂ ਦੇ ਕਪੜੇ ਤਿਆਰ ਕੀਤੇ ਜਾਂਦੇ ਸਨ। ਸਰੀਰ ਦੇ ਵਖ-ਵਖ ਅੰਗਾਂ ਨੂੰ ਢਕਣ ਵਾਲੇ ਕਪੜੇ ਬਣਾਏ ਜਾਂਦੇ ਸਨ, ਜਿਵੇਂ-ਪੱਗ, ਦੁਪਟਾ, ਕੁੜਤਾ, ਕਮਰ ਬੰਦ ਆਦਿ। ਇਸ ਦ੍ਰਿਸ਼ਟਾਂਤ ਰਾਹੀਂ ਭਾਈ ਸਾਹਿਬ ਦਸਦੇ ਹਨ ਕਿ ਜਿਵੇਂ ਤਰ੍ਹਾਂ-ਤਰ੍ਹਾਂ ਦੇ ਕਪੜਿਆਂ ਵਿਚ ਇਕੋ ਸੂਤ ਵਰਤੀਂਦਾ ਹੈ, ਤਿਵੇਂ ਹੀ ਸਾਰੇ ਆਕਾਰਾਂ ਵਿਚ ਉਹ ਇਕ ਪਰਮਾਤਮਾ ਆਪ ਹੀ ਵਰਤਦਾ ਹੈ।

---

18 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 652

19 ਵਾਰਾਂ ਭਾਈ ਗੁਰਦਾਸ ਜੀ, ਵਾਰ 2, ਪਉੜੀ 2

20 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487

ਗੁਰਮੁਖ ਉਸਦੇ ਰੰਗ ਨੂੰ ਮਾਣਦੇ ਹਨ:

ਹੋਵੇ ਸੂਤ ਕਪਾਹ ਦਾ ਕਰਿ ਤਾਣਾ ਵਾਣਾ।
ਸੂਤਹੁ ਕਪੜੁ ਜਾਣੀਐ ਆਖਾਣ ਵਖਾਣਾ।
ਚਉਸੀ ਤੈ ਚਉਤਾਰ ਹੋਇ ਗੰਗਾ ਜਲੁ ਜਾਣਾ।
ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।
ਪਾਗ ਦੁਪਟਾ ਚੋਲਣਾ ਪਟਕਾ ਪਰਵਾਣਾ।
ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ ॥ [21]

**ਦਾਈ ਤੇ ਦਾਇਆ** : ਦਾਈ ਤੋਂ ਭਾਵ ਚੁੰਘਾਵੀ ਜਾਂ ਖਿਡਾਵੀ ਹੈ। ਦਾਇਆ ਤੋਂ ਭਾਵ ਖਿਡਾਵਾ ਅਤੇ ਪਾਲਣ ਵਾਲਾ ਹੈ। ਆਧੁਨਿਕ ਸਮੇਂ ਵਿਚ ਇਹਨਾਂ ਦੀ ਥਾਂ ਡਾਕਟਰਾਂ, ਨਰਸਾਂ, ਹਸਪਤਾਲਾਂ ਨੇ ਲੈ ਲਈ ਹੈ। ਪੁਰਾਣੇ ਸਮੇਂ ਵਿਚ ਬੱਚੇ ਨੂੰ ਜਨਮ ਦਿਵਾਉਣ ਅਤੇ ਚੁੰਘਾਉਣ ਦਾ ਕੰਮ ਦਾਈ ਹੀ ਕਰਦੀ ਸੀ। ਡਾਕਟਰੀ ਸਹੂਲਤਾਂ ਘਟ ਹੋਣ ਕਰਕੇ ਦਾਈ ਦੀ ਸਮਾਜ ਵਿਚ ਬਹੁਤ ਅਹਿਮੀਅਤ ਸੀ। ਦਾਇਆ ਬੱਚੇ ਨੂੰ ਖਿਡਾਉਣ ਦਾ ਕੰਮ ਕਰਦਾ ਸੀ। ਸ਼ਾਹੀ ਘਰਾਣੇ ਆਪਣੇ ਬੱਚਿਆਂ ਲਈ ਖਿਡਾਵੇ ਰਖਦੇ ਸਨ। ਕਈਆਂ ਦਾ ਇਤਿਹਾਸ ਵਿਚ ਜ਼ਿਕਰ ਵੀ ਆਉਂਦਾ ਹੈ।

ਗੁਰੂ ਜੀ ਨੇ ਦਿਨ ਅਤੇ ਰਾਤ ਨੂੰ ਦਾਈ ਅਤੇ ਦਾਇਆ ਕਿਹਾ ਹੈ। ਦਿਨ ਧੰਦਿਆਂ ਦੀ ਖੇਡ ਵਿਚ ਲਾ ਕੇ ਜੀਵ ਨੂੰ ਪਰਚਾਈ ਰਖਦਾ ਹੈ ਅਤੇ ਰਾਤ ਰੂਪੀ ਦਾਈ ਸੁਲਾ ਦਿੰਦੀ ਹੈ। ਇਸ ਤਰ੍ਹਾਂ ਇਹ ਦਿਨ ਅਤੇ ਰਾਤ ਸਾਰੇ ਜਗਤ ਨੂੰ ਖਿਡਾਈ ਜਾਂਦੇ ਹਨ:

ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ [22]

**ਸ਼ਾਹ:** ਸ਼ਾਹ ਤੋਂ ਭਾਵ ਬਾਦਸ਼ਾਹ ਤੇ ਸ਼ਾਹੂਕਾਰ ਹੈ। ਬਾਦਸ਼ਾਹ ਤੇ ਸ਼ਾਹੂਕਾਰ ਦੋਵੇਂ ਆਮ ਜਨਤਾ 'ਤੇ ਰੋਅਬ ਅਤੇ ਦਬਦਬਾ ਰਖਣ ਵਾਲੇ ਹਨ ਕਿਉਂਕਿ ਦੋਵੇਂ ਚੰਗੀ ਦੌਲਤ ਦੇ ਮਾਲਕ ਹੁੰਦੇ ਹਨ। ਤਾਂ ਹੀ ਸਾਰੀ ਦੁਨੀਆਂ ਇਹਨਾਂ ਦੀ ਮੁਥਾਜ ਹੁੰਦੀ ਹੈ। ਬਾਦਸ਼ਾਹ ਦੀ ਹਕੂਮਤ ਅੱਗੇ ਸਭ ਨੂੰ ਝੁਕਣਾ ਪੈਂਦਾ ਹੈ। ਇਸ ਤੋਂ ਇਲਾਵਾ ਸ਼ਾਹ ਸ਼ਬਦ ਸੌਦਾਗਰ ਲਈ ਵੀ ਵਰਤਿਆ ਗਿਆ ਹੈ। ਗੁਰੂ ਜੀ ਨੇ ਸ਼ਾਹ ਸ਼ਬਦ ਦੋ ਅਰਥਾਂ ਸ਼ਾਹੂਕਾਰ ਅਤੇ ਸੌਦਾਗਰ ਲਈ ਵਰਤੇ ਹਨ। ਗੁਰੂ ਜੀ ਅਨੁਸਾਰ ਸਭ ਤੋਂ ਵੱਡਾ ਸ਼ਾਹੂਕਾਰ ਪਰਮਾਤਮਾ ਹੈ ਅਤੇ ਜੀਵ ਛੋਟੇ ਵਪਾਰੀ ਹਨ। ਸ਼ਾਹੂਕਾਰ ਪਰਮਾਤਮਾ ਜੀਵ ਰੂਪੀ ਵਪਾਰੀਆਂ ਨੂੰ ਸਾਹ ਰੂਪੀ ਪੂੰਜੀ ਦੇ ਕੇ ਵਪਾਰ ਕਰਨ ਲਈ ਭੇਜਦਾ ਹੈ ਅਤੇ ਨਾਲ ਹੀ ਜੀਵਾਂ ਦਾ ਸਾਰਾ ਲੇਖਾ-ਜੋਖਾ ਵੀ ਰਖਦਾ ਹੈ। ਕੁਝ ਜੀਵ ਤਾਂ ਲਾਹਾ ਖੱਟ ਕੇ ਭਾਵ

[21] ਵਾਰਾਂ ਭਾਈ ਗੁਰਦਾਸ ਜੀ, ਵਾਰ 2 ਪਉੜੀ, 10

[22] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 146

ਨਾਮ ਦੀ ਕਮਾਈ ਕਰਕੇ ਜਾਂਦੇ ਹਨ ਅਤੇ ਕੁਝ ਆਪਣੀ ਸਾਹਾਂ ਰੂਪੀ ਪੂੰਜੀ ਨੂੰ ਵਿਅਰਥ ਗਵਾ ਕੇ ਲਾਹਾ ਖੱਟਣ ਦੀ ਵਜਾਇ ਆਪਣਾ ਮੂਲ ਵੀ ਗਵਾ ਕੇ ਚਲੇ ਜਾਂਦੇ ਹਨ। ਖੱਟਣ ਵਾਲੇ ਅਤੇ ਗਵਾਉਣ ਵਾਲੇ ਦੋਹਾਂ ਨੇ ਹੀ ਪਰਮਾਤਮਾ ਤੋਂ ਸਾਹ ਰੂਪੀ ਧਨ ਮੰਗਿਆ, ਪਰ ਸਫ਼ਲ ਉਸੇ ਦਾ ਹੋਇਆ ਜਿਸ ਨੇ ਆਪਣੀ ਸਾਰੀ ਪੂੰਜੀ(ਸਾਹ)ਪਰਮਾਤਮਾ ਦੀ ਪਰਾਪਤੀ ਵਿਚ ਲਗਾ ਦਿੱਤੀ:

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥
ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮਾਲਿ ॥
ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥
ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥
ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥
ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥1॥ [23]

ਸੌਦਾਗਰ ਦੇ ਅਰਥਾਂ ਵਿਚ ਉਹ ਮਨੁਖ ਅਸਲੀ ਸ਼ਾਹ ਉਹ ਹੈ ਜਿਸ ਨੇ ਨਾਮ ਰੂਪੀ ਧਨ ਖਟ ਲਿਆ ਹੈ। ਇਸ ਧਨ ਨੂੰ ਪ੍ਰਾਪਤ ਕਰਨ ਵਾਲਾ ਮਨੁਖ ਹਰ ਤਰ੍ਹਾਂ ਦੇ ਫ਼ਿਕਰਾਂ ਤੋਂ ਸੁਰਖਰੂ ਹੋ ਜਾਂਦਾ ਹੈ:

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥[24]

**ਚਾਕਰ ਅਤੇ ਚਾਕਰੀ:** ਚਾਕਰ ਤੋਂ ਭਾਵ ਨੌਕਰ, ਸੇਵਕ ਹੈ। ਜਦੋਂ ਕੋਈ ਮਨੁਖ ਕਿਸੇ ਦੂਜੇ ਮਨੁਖ ਦੇ ਅਧੀਨ ਕੰਮ ਕਰੇ ਅਤੇ ਬਦਲੇ ਵਿਚ ਉਸ ਨੂੰ ਮਿਹਨਤਾਨਾ ਮਿਲੇ, ਚਾਕਰੀ ਕਹਾਉਂਦੀ ਹੈ। ਕੰਮ ਕਰਨ ਵਾਲਾ ਚਾਕਰ ਅਤੇ ਕਰਾਉਣ ਵਾਲਾ ਮਾਲਕ ਹੁੰਦਾ ਹੈ। ਗੁਰੂ ਜੀ ਅਨੁਸਾਰ ਅਸਲੀ ਚਾਕਰ ਉਹ ਹੈ ਜੋ ਰੱਬ ਦੀ ਚਾਕਰੀ ਕਰਦਾ ਹੈ। ਰੱਬ ਦੀ ਹੀ ਚਾਕਰੀ ਉਸ ਦੀ ਸੱਚੀ ਭਗਤੀ ਹੈ। ਰੱਬ ਦੀ ਸੱਚੀ ਭਗਤੀ ਕਰਨ ਵਾਲਾ ਹੀ ਅਸਲੀ ਚਾਕਰ ਹੈ। ਇਹੀ ਚਾਕਰੀ ਪਰਵਾਨ ਹੈ। ਜਿਸ ਤਰ੍ਹਾਂ ਇਕ ਚਾਕਰ ਆਪਣੀ ਮਰਜ਼ੀ ਤਿਆਗ ਕੇ ਉਹੀ ਕੰਮ ਕਰਦਾ ਹੈ ਜੋ ਉਸਦਾ ਮਾਲਕ ਕਹਿੰਦਾ ਹੈ ਅਤੇ ਕਿਸੇ ਤਰ੍ਹਾਂ ਦਾ ਕਿੰਤੂ ਪ੍ਰੰਤੂ ਨਹੀਂ ਕਰਦਾ, ਉਸੇ ਤਰ੍ਹਾਂ ਰਬ ਦਾ ਭਗਤ ਵੀ ਆਪਣਾ ਹੰਕਾਰ ਤਿਆਗ ਕੇ ਰਬ ਦੀ ਸੱਚੀ ਭਗਤੀ ਭਾਵ ਚਾਕਰੀ ਕਰਦਾ ਹੈ। ਜਿਹੜਾ ਚਾਕਰ ਚਾਕਰੀ ਵੀ ਕਰੇ ਅਤੇ ਅਗੋਂ ਕਿੰਤੂ-ਪ੍ਰੰਤੂ ਤੇ ਸੁਆਲ-ਜੁਆਬ ਵੀ ਕਰੇ, ਉਹ ਆਪਣੇ ਮਾਲਕ ਦੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਦਾ। ਮਾਲਕ ਦੀ ਖੁਸ਼ੀ ਪ੍ਰਾਪਤ ਕਰਨ ਲਈ ਆਪਾ ਭਾਵ ਗੁਆਉਣਾ ਪੈਂਦਾ ਹੈ:

---

[23] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1238.

[24] ਉਹੀ, ਪੰਨਾ 146.

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥1॥ [25]

**ਝਿਊਰ** : ਝਿਊਰ ਦਾ ਕੰਮ ਮਛੀਆਂ ਫੜਨਾ, ਭਠੀਆਂ 'ਤੇ ਦਾਣੇ ਭੁੰਨਣਾ ਅਤੇ ਵਿਆਹ ਆਦਿਕ ਸਮਾਗਮਾਂ 'ਤੇ ਲੋਕਾਂ ਦੇ ਘਰਾਂ ਵਿਚ ਕੰਮ ਕਰਨਾ ਹੈ। ਅਕਸਰ ਝਿਊਰ ਥੋੜ੍ਹਾ ਪਾਣੀ ਦੇਖ ਕੇ ਜਾਲ ਪਾਉਂਦੇ ਸਨ ਕਿਉਂਕਿ ਉਥੋਂ ਮਛੀਆਂ ਆਸਾਨੀ ਨਾਲ ਫੜੀਆਂ ਜਾ ਸਕਦੀਆਂ ਹਨ। ਇਸੇ ਪ੍ਰਸੰਗ ਵਿਚ ਭਗਤ ਕਬੀਰ ਜੀ ਕਹਿੰਦੇ ਹਨ ਕਿ ਜਦੋਂ ਜੀਵ ਰੂਪੀ ਮਛਲੀ ਦੁਨਿਆਵੀ ਧਨ ਪਦਾਰਥ, ਹੋਰ ਭੋਗਾਂ ਰੂਪੀ ਜਲ ਵਿਚ ਵਾਸਾ ਕਰਦੀ ਹੈ ਤਾਂ ਉਸ ਉਤੇ ਵਿਕਾਰ ਰੂਪੀ ਝਿਊਰ ਆ ਕੇ ਆਪਣੀ ਪਕੜ ਜਮਾ ਲੈਂਦੇ ਹਨ। ਇਸ ਕਰਕੇ ਇਹਨਾਂ ਤੋਂ ਬਚਣ ਲਈ ਭੋਗ ਪਦਾਰਥ ਰੂਪੀ ਟੋਭੇ ਨੂੰ ਛਡ ਕੇ ਪਰਮਾਤਮਾ ਦੇ ਨਾਮ ਰੂਪੀ ਸਮੁੰਦਰ ਵਿਚ ਵਾਸਾ ਕਰਨਾ ਚਾਹੀਦਾ ਹੈ, ਤਾਂ ਵਿਕਾਰ ਰੂਪੀ ਝਿਊਰ ਪਕੜ ਨਹੀਂ ਕਰ ਸਕਦੇ:

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥੪੯॥[26]

ਗੁਰੂ ਨਾਨਕ ਦੇਵ ਜੀ ਤ੍ਰਿਸ਼ਨਾ ਨੂੰ ਝਿਊਰ ਕਹਿੰਦੇ ਹਨ ਜਿਹੜੀ ਜੀਵ ਨੂੰ ਆਤਮਕ ਤੌਰ 'ਤੇ ਮਾਰ ਦਿੰਦੀ ਹੈ। ਤ੍ਰਿਸ਼ਨਾ ਵਿਚ ਅੰਨ੍ਹੇ ਹੋਏ ਤ੍ਰਿਸ਼ਨਾਲੂ ਜੀਵ ਨੂੰ ਪਤਾ ਹੀ ਨਹੀਂ ਚਲਦਾ ਕਦੋਂ ਉਸ ਉਤੇ ਮਾਰ ਪੈ ਜਾਂਦੀ ਹੈ:

ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ ॥

ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ ॥[27]

**ਗੋਲਾ (ਗੁਲਾਮ)**: ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲੁੱਟ ਵਿਚ ਹੱਥ ਆਇਆ ਜਾਂ ਮੁੱਲ ਲਿਆ ਹੋਇਆ ਸੇਵਕ ਗੋਲਾ ਹੈ। ਪੁਰਾਣੇ ਸਮੇਂ ਯੁਧ ਵਿਚੋਂ ਵੈਰੀ ਦੇ ਫੜੇ ਹੋਏ ਆਦਮੀਆਂ ਨੂੰ ਜਾਨੋ ਨਹੀਂ ਮਾਰਦੇ ਸਨ, ਸਗੋਂ ਕਾਬੂ ਕਰਕੇ ਕੈਦ ਕਰ ਲੈਂਦੇ ਸਨ ਕੁਝ ਚਿਰ ਮਗਰੋਂ ਜਾਂ ਤਾਂ ਇਨ੍ਹਾਂ ਤੋਂ ਕਰੜੀ ਮਿਹਨਤ ਦੇ ਕੰਮ ਕਰਾਉਂਦੇ, ਜਾਂ ਡੰਗਰਾਂ ਵਾਂਙ ਵੇਚ ਦਿੰਦੇ ਸਨ। ਅਸਲ ਵਿਚ ਗੁਲਾਮ ਉਸਨੂੰ ਕਿਹਾ ਜਾਂਦਾ ਸੀ ਜੋ ਪਸ਼ੂਆਂ ਦੀ ਤਰ੍ਹਾਂ ਆਪਣੇ ਮਾਲਕ ਦੇ ਅਧੀਨ ਹੁੰਦਾ ਸੀ। ਉਸ ਦੀ ਇੰਨੀ ਸਮਰਥਾ ਨਹੀਂ ਸੀ ਕਿ ਆਪਣੀ ਇਛਾ ਅਨੁਸਾਰ ਕੋਈ

---

25 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 474.

26 ਉਹੀ, ਪੰਨਾ 1367.

27 ਉਹੀ, ਪੰਨਾ 955.

ਭੀ ਕੰਮ ਕਰ ਸਕੇ।[28]

ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੇ ਮੁਲ ਖਰੀਦੇ ਹੋਏ ਗੋਲਿਆਂ ਦਾ ਵੀ ਗੋਲਾ ਬਣਨ ਨਾਲ ਸ਼ੋਭਾ ਮਿਲਦੀ ਹੈ। ਆਪਾ ਭਾਵ ਗੁਆ ਕੇ ਉਸਦੇ ਹੁਕਮ ਵਿਚ ਚਲਣਾ ਗੋਲੇ ਦਾ ਕਰਮ ਹੈ। ਪਰਮਾਤਮਾ ਨਾਲ ਜੁੜਨ ਨਾਲ ਮਤ(ਬਿਬੇਕ) ਰੂਪੀ ਮਾਂ ਅਤੇ ਸੰਤੋਖ ਰੂਪੀ ਪਿਤਾ ਦੀ ਛਾਇਆ ਵਿਚ ਆ ਜਾਂਦਾ ਹੈ। ਉਸਦੀ ਭਗਤੀ ਕਰਨ ਨਾਲ ਬਿਬੇਕ ਰੂਪੀ ਮਾਂ ਅਤੇ ਸੰਤੋਖ ਰੂਪੀ ਪਿਤਾ ਜੀਵ ਅੰਦਰ ਉਛਾਲੇ ਮਾਰਦੇ ਹਨ। ਪਰਮਾਤਮਾ ਦਾ ਗੋਲਾ ਉਸਦੇ ਦਾਸਾਂ ਦਾ ਪਾਣੀ ਢੋਂਦਾ, ਚਕੀ ਪੀਂਹਦਾ, ਚਰਨ ਧੋਂਦਾ ਅਤੇ ਹਮੇਸ਼ਾ ਉਸਦਾ ਨਾਮ ਜਪਦਾ ਰਹਿੰਦਾ ਹੈ। ਜੀਵ(ਗੁਲਾਮ) ਹਮੇਸ਼ਾ ਗਲਤੀਆਂ ਕਰਦੇ ਰਹਿੰਦੇ ਹਨ ਪਰ ਪਰਮਾਤਮਾ ਦੀ ਵਡਿਆਈ ਹੈ ਕਿ ਉਹ ਬਖ਼ਸ਼ ਲੈਂਦਾ ਹੈ। ਇਹ ਉਸ ਦੀ ਹੀ ਕਿਰਪਾ ਹੈ ਕਿ ਕੋਈ ਜੀਵ ਉਸਦਾ ਗੋਲਾ ਬਣਦਾ ਹੈ। ਉਸਦੇ ਗੋਲੇ ਵਿਚ ਇਹ ਗੁਣ ਹੁੰਦੇ ਹਨ:

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥[29]

**ਦਰਜੀ:** ਦਰਜੀ ਨੂੰ ਛੀਂਬਾ ਵੀ ਕਿਹਾ ਜਾਂਦਾ ਹੈ। ਮਧਕਾਲ ਸਮੇਂ ਇਹ ਅਖੌਤੀ ਨੀਂਵੀਆਂ ਜਾਤਾਂ ਵਿਚ ਗਿਣੇ ਜਾਂਦੇ ਸਨ। ਇਹਨਾਂ ਨੂੰ ਭਗਤੀ ਕਰਨ ਦਾ ਵੀ ਹਕ ਨਹੀਂ ਸੀ। ਸਾਰੇ ਭਗਤ ਇਸ ਹਾਲਤ ਦੀ ਗਵਾਹੀ ਆਪਣੀ ਬਾਣੀ ਵਿਚ ਭਰਦੇ ਹਨ। ਭਗਤ ਨਾਮਦੇਵ ਜੀ ਨੂੰ ਬ੍ਰਾਹਮਣ ਭਗਤੀ ਕਰਦਿਆਂ ਮੰਦਰ 'ਚੋਂ ਉਠਾ ਦਿੰਦੇ ਹਨ। ਇਸ ਗੱਲ ਤੋਂ ਦੁਖੀ ਹੋ ਕੇ ਭਗਤ ਨਾਮਦੇਵ ਜੀ ਪਰਮਾਤਮਾ ਨੂੰ ਨਿਹੋਰਾ ਮਾਰਦੇ ਹਨ ਕਿ ਉਹਨਾਂ ਦਾ ਜਨਮ ਇਸ ਜਾਤ ਵਿਚ ਕਿਉਂ ਹੋਇਆ ਜੇਕਰ ਉਹ ਭਗਤੀ ਹੀ ਨਹੀਂ ਕਰ ਸਕਦੇ:

---

28 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਪਹਿਲਾ), ਪੰਨਾ 317.

29 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 991.

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥

ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥[30]

ਪਰਮਾਤਮਾ ਦੀ ਭਗਤੀ ਸਦਕਾ ਮਾਣ ਪ੍ਰਾਪਤ ਕਰਕੇ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਜਿਸ ਦਾ ਮਨ ਪਰਮਾਤਮਾ ਦੇ ਨਾਮ ਵਿਚ ਲਗ ਗਿਆ ਤਾਂ ਪਰਮਾਤਮਾ ਉਚੀ ਜਾਤ ਵਾਲਿਆਂ ਨੂੰ ਛਡ ਕੇ ਉਸਦਾ ਪਖ ਕਰਦਾ ਹੈ। ਭਗਤਾਂ ਦੀ ਨਮੋਸ਼ੀ ਅਤੇ ਨੀਂਵਾਪਣ ਦੂਰ ਹੋ ਕੇ ਉਚੀ ਪਦਵੀ ਮਿਲ ਜਾਂਦੀ ਹੈ। ਫਿਰ ਅਜਿਹੇ ਗਰੀਬ ਭਗਤਾਂ ਅਗੇ ਵਡੇ ਵਡੇ ਰਈਸ ਝੁਕਦੇ ਹਨ:

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥[31]

ਦਰਜੀ ਦੇ ਕੰਮ ਰਾਹੀਂ ਗੁਰੂ ਨਾਨਕ ਦੇਵ ਜੀ ਦ੍ਰਿਸ਼ਟਾਂਤ ਦਿੰਦੇ ਹਨ ਕਿ ਦਰਜੀ ਦਾ ਕੰਮ ਕਪੜੇ ਸੀਉਣਾ ਹੈ। ਦਰਜੀ ਨਵੇਂ ਕਪੜੇ ਸੀਉਂਦਾ ਹੈ। ਜਦੋਂ ਪੁਰਾਣੇ ਹੋ ਕੇ ਫਟ ਜਾਣ ਤਾਂ ਵੀ ਸਿਉਂ ਦਿੰਦਾ ਹੈ ਤਾਂ ਕਿ ਕਪੜਾ ਕੁਝ ਸਮਾਂ ਹੋਰ ਚਲ ਸਕੇ। ਇਸੇ ਤਰ੍ਹਾਂ ਪਰਮਾਤਮਾ ਜੀਵ ਦੀ ਪਤ ਨੂੰ ਸਿਉਂ ਦਿੰਦਾ ਹੈ। ਸਚ ਨਾਲ ਜੁੜਨ ਵਾਲੇ ਦੀ ਪਤ ਹਮੇਸ਼ਾ ਕਾਇਮ ਰਹਿੰਦੀ ਹੈ, ਕਿਉਂਕਿ ਸਚ ਨਾ ਕਦੇ ਫਟਦਾ ਹੈ ਅਤੇ ਨਾ ਹੀ ਕਦੇ ਪੁਰਾਣਾ ਹੁੰਦਾ ਹੈ:

ਵੇਲਿ ਪਿੰਞਾਇਆ ਕਤਿ ਵੁਣਾਇਆ ॥

ਕਟਿ ਕੁਟਿ ਕਰਿ ਖੁੰਬਿ ਚੜਾਇਆ ॥

ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥

ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ ॥

ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥

ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ ॥

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥

ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥[32]

**ਸੁਨਿਆਰ:** ਸੁਨਿਆਰ ਸੋਨੇ ਦੇ ਗਹਿਣੇ ਬਣਾਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੋਨੇ ਦਾ ਸਾਮਾਨ ਬਣਾਉਣ ਵਾਲਾ, ਸੁਨਾਰਾ।"[33]

---

30 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164.

31 ਉਹੀ, ਪੰਨਾ 733.

32 ਉਹੀ, ਪੰਨਾ 955.

33 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 161.

ਸੁਨਿਆਰ ਦਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਹਿੰਦੇ ਹਨ ਕਿ ਸੁਨਿਆਰ ਸੋਨੇ ਦੇ ਗਹਿਣੇ ਘੜਨ ਲਈ ਸੋਨੇ ਨੂੰ ਭਠੀ ਵਿਚ ਤਪਾ ਕੇ ਹਥੌੜੇ ਨਾਲ ਸਟ ਮਾਰਦਾ ਹੈ ਅਤੇ ਮਨਚਾਹਿਆ ਆਕਾਰ ਦੇ ਦਿੰਦਾ ਹੈ। ਉਸੇ ਤਰ੍ਹਾਂ ਜੀਵ ਦੀ ਮਤ ਦੀ ਘਾੜਤ ਘੜਨ ਲਈ ਸੰਜਮ ਰੂਪੀ ਭਠੀ ਵਿਚ ਪਰਮਾਤਮਾ ਦੇ ਨਿਰਮਲ ਭੈ ਦੀ ਧੌਂਕਣੀ ਨਾਲ ਤਪਾ ਕੇ ਗਿਆਨ ਰੂਪੀ ਹਥੌੜੇ ਨਾਲ ਸਟ ਮਾਰ ਕੇ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਮਤ ਦੀ ਘਾੜਤ ਘੜੀ ਜਾਂਦੀ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥[34]

**ਢਾਡੀ:** ਰਾਜਿਆਂ ਦੇ ਦਰਬਾਰ ਵਿਚ ਢਾਡੀ ਗਾਉਂਦੇ ਸਨ। ਉਹ ਢਾਡੀ ਪਰਵਾਣ ਹੈ ਜੋ ਦਿਨ ਰਾਤ ਭਾਵ ਹਰ ਵੇਲੇ ਪਰਮਾਤਮਾ ਦੇ ਅਪਾਰ ਗੁਣਾਂ ਦੀ ਸਿਫਤ ਕਰਦਾ ਹੈ। ਪਰਮਾਤਮਾ ਤੋਂ ਇਵਜ਼ਾਨੇ ਵਿਚ ਉਸਦੇ ਨਾਮ ਅੰਮ੍ਰਿਤ ਮੰਗਦਾ ਹੈ। ਪਰਮਾਤਮਾ ਦਾ ਨਾਮ ਹੀ ਅਜਿਹੇ ਢਾਡੀ ਦਾ ਕਜਣ ਅਤੇ ਖਾਣਾ ਹੈ। ਉਸ ਨੂੰ ਪਰਮਾਤਮਾ ਨਾਲ ਡਾਢਾ ਪਿਆਰ ਹੁੰਦਾ ਹੈ। ਅਜਿਹਾ ਢਾਡੀ ਭਾਗਾਂ ਵਾਲਾ ਹੈ ਕਿਉਂਕਿ ਪਰਮਾਤਮਾ ਆਪ ਉਸ ਨੂੰ ਚਾਹੁੰਦਾ ਹੈ। ਉਸ ਨੂੰ ਪਰਮਾਤਮਾ ਦਾ ਪਿਆਰ ਅਤੇ ਦਰ ਹਾਸਲ ਹੋ ਜਾਂਦਾ ਹੈ। ਅਜਿਹਾ ਢਾਡੀ ਜੀਵਨ ਦੀ ਬਾਜ਼ੀ ਜਿਤ ਜਾਂਦਾ ਹੈ:

ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥
ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥
ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥
ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥
ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥[35]

---

[34] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8.

[35] ਉਹੀ, ਪੰਨਾ 932.

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਤਾਂ ਬੇਕਾਰ ਸੀ ਪਰ ਵਾਹਿਗੁਰੂ ਨੇ ਕਿਰਪਾ ਕਰਕੇ ਮੈਨੂੰ ਆਪਣਾ ਢਾਡੀ ਬਣਾ ਕੇ ਕੰਮ ਲਾ ਦਿਤਾ। ਉਸਨੇ ਮੈਨੂੰ ਦਿਨ ਰਾਤ ਆਪਣਾ ਜਸ ਕਰਨ ਦਾ ਹੁਕਮ ਦਿਤਾ। ਉਸਨੇ ਆਪਣੇ ਮਹਿਲ ਵਿਚ ਬੁਲਾ ਕੇ ਪਹਿਨਣ ਲਈ ਆਪਣੀ ਵਡਿਆਈ ਦਾ ਕਪੜਾ ਅਤੇ ਖਾਣ ਲਈ ਨਾਮ ਅੰਮ੍ਰਿਤ ਰੂਪੀ ਭੋਜਨ ਦਿਤਾ। ਜਿਸ ਨੂੰ ਹੰਢਾ ਕੇ ਮਨ ਦੀ ਤ੍ਰਿਪਤੀ ਹੋ ਗਈ। ਉਸਦੀ ਵਡਿਆਈ ਕਰਕੇ ਉਸਦੀ ਪ੍ਰਾਪਤੀ ਵੀ ਹੋ ਜਾਂਦੀ ਹੈ।

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥[36]

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਮੈਂ ਵਾਹਿਗੁਰੂ ਦਾ ਢਾਡੀ ਹਾਂ। ਮੈਂ ਉਸਦੇ ਦਰ 'ਤੇ ਗਿਆ। ਉਸਨੇ ਮੇਰੀ ਪੁਕਾਰ ਸੁਣ ਕੇ ਮੈਨੂੰ ਪੁਛਿਆ ਕਿ ਤੂੰ ਕਿਸ ਲਈ ਆਇਆ ਹੈਂ, ਤਾਂ ਮੈਂ ਉਸ ਤੋਂ ਨਾਮ ਦੀ ਦਾਤ ਮੰਗੀ। ਉਸ ਨੇ ਇਹ ਦਾਤ ਬਖਸ਼ ਕੇ ਮੈਨੂੰ ਇਜ਼ਤ ਬਖਸ਼ੀ:

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥੨੧॥੧॥[37]

**ਮਾਲੀ:** ਮਾਲੀ ਦਾ ਕੰਮ ਬਾਗ ਬਗੀਚਿਆਂ ਦੀ ਦੇਖਭਾਲ ਕਰਨੀ ਹੈ। ਪੁਰਾਤਨ ਕਾਲ ਤੋਂ ਹੀ ਇਹ ਕਿੱਤਾ ਪ੍ਰਚਲਤ ਰਿਹਾ ਹੈ ਅਤੇ ਖਾਸ ਅਹਿਮੀਅਤ ਰਖਦਾ ਰਿਹਾ ਹੈ। ਰਾਜੇ ਮਹਾਰਾਜੇ ਮਨੋਰੰਜਨ ਲਈ ਇਹਨਾਂ ਵਿਚ ਸੈਰ ਕਰਦੇ ਅਤੇ ਮਨੋਰੰਜਨ ਕਰਦੇ ਸਨ। ਰਾਜਿਆਂ ਦੇ ਗਲਾਂ ਵਿਚ ਮਾਲਾ ਪਾਉਣ ਲਈ ਫੁਲਾਂ ਦੀ ਵਰਤੋਂ ਹੁੰਦੀ ਸੀ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਭ ਤੋਂ ਵਡਾ ਮਾਲੀ ਉਹ ਪਰਮਾਤਮਾ ਹੈ ਜੋ ਸਾਰੇ ਜਗਤ ਰੂਪੀ ਵਾੜੀ ਦੀ ਪਾਲਨਾ ਕਰਦਾ ਹੈ। ਜਿਹੋ ਜਿਹੀ ਸੁਗੰਧੀ ਕਿਸੇ ਜੀਵ ਵਿਚ ਉਹ ਪਾਉਂਦਾ ਹੈ ਉਹੋ ਜਿਹੀ ਹੀ ਬਾਹਰ ਪ੍ਰਗਟ ਹੁੰਦੀ ਹੈ। ਭਾਵ ਜੀਵ ਦੇ ਗੁਣ ਔਗੁਣਾਂ ਵਿਚ ਪਰਮਾਤਮਾ ਦਾ ਹੀ ਹਥ ਹੈ। ਜੀਵ ਦੇ ਚੰਗੇ ਕਰਮਾਂ ਦੁਆਰਾ ਹੀ ਪਰਮਾਤਮਾ ਦੀ ਖੁਸ਼ਬੂ ਮਹਿਕਦੀ ਪ੍ਰਤੀਤ ਹੁੰਦੀ ਹੈ:

---

36 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150.

37 ਉਹੀ, ਪੰਨਾ 91.

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ ਕੋ ਨਾਹੀ ਖਾਲੀ॥

ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ॥੫॥[38]

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਵਖ ਵਖ ਕਿੱਤਿਆਂ ਅਤੇ ਕਿੱਤਾਕਾਰਾਂ ਦਾ ਬਾਖ਼ੂਬੀ ਜ਼ਿਕਰ ਕੀਤਾ ਹੈ ਜਿਵੇਂ; ਪੰਡਿਤ (ਧਾਰਮਿਕ ਕਰਮ-ਕਾਂਡ ਕਰਨ ਵਾਲਾ), ਜੋਤਸ਼ੀ (ਜੋਤਸ਼ ਵਿੱਦਿਆ ਦੱਸਣ ਵਾਲਾ), ਪਾਂਧਾ (ਵਿੱਦਿਆ ਪੜ੍ਹਾਉਣ ਵਾਲਾ), ਵੈਦ, ਰਾਜਾ, ਰਾਉ (ਛੋਟਾ ਰਾਜਾ), ਮਹਿਤਾ, ਚੌਧਰੀ, ਬਜਾਜ, ਸਰਾਫ, ਜੌਹਰੀ, ਪਸਾਰੀ, ਪਰਚੂਨੀਏ ਅਤੇ ਦਲਾਲ, ਪਾਤਸ਼ਾਹ, ਵਜ਼ੀਰ (ਰਾਜੇ ਨੂੰ ਸਲਾਹ ਦੇਣ ਵਾਲੇ), ਉਮਰਾਉ, ਹਕੀਮ, ਧਨੁਖਧਾਰੀ, ਨੌਕਰ, ਤਵੇਲਦਾਰ (ਘੋੜਿਆਂ ਦੇ ਤਵੇਲੇ ਵਿਚ ਕੰਮ ਕਰਨ ਵਾਲੇ), ਮਹਾਵਤ (ਹਾਥੀ ਚਲਾਉਣ ਵਾਲੇ), ਮੀਰ, ਫਰਾਸ (ਪਾਤਸ਼ਾਹ ਦੀ ਵਿਛਾਈ ਕਰਨ ਵਾਲੇ), ਸਾਰਵਾਨ (ਊਠ ਚਾਰਨ ਵਾਲੇ), ਘੋੜਿਆਂ ਦੇ ਅਫਸਰ, ਸਈਸ, ਜਲੇਬਦਾਰ, ਗਡੀਆਂ ਚਲਾਉਣ ਵਾਲੇ, ਛੜੀਦਾਰ (ਰਾਜੇ ਨੂੰ ਹਸਾਉਣ ਖਿਡਾਉਣ ਵਾਲੇ ਚੋਬਦਾਰ), ਨਗਾਰਚੀ (ਨਗਾਰੇ ਵਜਾਉਣ ਵਾਲੇ), ਢੋਲੀ (ਢੋਲ ਵਜਾਉਣ ਵਾਲੇ), ਤਾਇਫੇ , ਢਾਡੀ, ਕਲੌਤ , ਬਹੁਰੂਪੀਏ (ਸਾਂਗ ਉਤਾਰਨ ਵਾਲੇ), ਮਦਾਰੀ, ਭੰਡ, ਅਤਾਈ, ਮਸ਼ਾਲਚੀ (ਸ਼ਮਾਂ, ਮੋਮਬਤੀ, ਚਿਰਾਗ ਆਦਿਕ ਬਾਲ਼ ਕੇ ਰੌਸ਼ਨੀ ਕਰਦੇ ਹਨ), ਕੋਰਚੀ (ਬਸਤਨੀਏ), ਆਮਲ (ਹਾਕਮ), ਆਬਦਾਰ, ਬਾਵਰਚੀ (ਰਸੋਈਏ), ਤੰਬੋਲੀ (ਪਾਨ ਵਾਲੇ), ਤੋਸਕਚੀਫ, ਖੁਸਬੋਇਦਾਰ (ਅੱਤਾਰ-ਅਤਰ ਵੇਚਣ ਵਾਲੇ, ਗਾਂਧੀ-ਗੰਧ ਵੇਚਣ ਵਾਲੇ), ਰੰਗਰੇਜ਼ (ਲਿਲਾਰੀ), ਮੇਵੇਦਾਰ (ਫ਼ਲ ਵੇਚਣ ਵਾਲੇ), ਹੁਡਕੀਏ (ਸ਼ਰਤਾਂ ਬੰਨ੍ਹ ਕੇ ਸੌਦੇ ਕਰਨ ਵਾਲੇ), ਲੋਲੀ (ਵੇਸ਼ਵਾਵਾਂ), ਖਿਜਮਤਗਾਰ (ਨੀਵੇਂ ਨੌਕਰ), ਖਵਾਸ (ਦਰਵਾਰੀ ਅਹਿਲਕਾਰ), ਗੋਲੰਦਾਜ (ਗੋਲਾ ਸੁਟਣ ਵਾਲੇ), ਤੋਪਕੀ (ਤੋਪ ਚਲਾਉਣ ਵਾਲੇ), ਮੋਦੀ (ਮੋਦੀਖਾਨਾ ਸਾਂਭਣ ਵਾਲੇ), ਤਹਿਵੀਲਦਾਰ (ਰੋਕੜੀਏ), ਮੁਸਰਫਦਾਰ, ਦਰੋਗੇ, ਓਲੀ (ਰਸਦ ਦੇਣ ਵਾਲੇ), ਕਿਸਾਨ, ਮੁਸਤੌਫੀ, ਬੂਤਾਤ, ਮੀਰਸਾਮੇ, ਬਖਸੀ, ਲੈ, ਕੋਲੀ, ਦੀਵਾਨ (ਆਮਦਨ ਦਾ ਹਿਸਾਬ ਕਿਤਾਬ ਰਖਣ ਵਾਲੇ), ਵਪਾਰੀ, ਸੌਦਾਗਰ, ਕਾਸੇਰੇ (ਭਾਂਡੇ ਵੇਚਣ ਵਾਲੇ), ਸਿਕਲੀਗਰ (ਹਥਿਆਰ ਘੜਨ ਵਾਲੇ), ਕਮਗਰ (ਕਮਾਨਗਰ), ਕੁਮ੍ਹਿਆਰ, ਲੂਣਾਰੀ (ਕਾਗਜ਼ ਕੁਟਣ ਵਾਲੇ), ਦਰਜੀ, ਭੜਭੂੰਜੇ (ਦਾਣੇ ਭੁੰਨਣ ਵਾਲੇ), ਭਠਿਆਰੀ (ਤੰਦੂਰ ਵਾਲੇ), ਕਰੂੰਜੜੇ, ਦਗਬਰ, ਕਸਾਈ, ਮੁਨਿਆਰ, ਅਰਾਈਂ ਆਦਿਕ:

ਕੋਈ ਪੰਡਿਤੁ ਜੋਤਿਕੀ ਕੋ ਪਾਧਾ ਕੋ ਵੈਦੁ ਸਦਾਏ।

ਕੋਈ ਰਾਜਾ ਰਾਉ ਕੋ ਕੋ ਮਹਤਾ ਚਉਧਰੀ ਅਖਾਏ।

ਕੋਈ ਬਜਾਜੁ ਸਰਾਫੁ ਕੋ ਕੋ ਜਉਹਰੀ ਜੜਾਉ ਜੜਾਏ।

---

38 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 118.

ਪਾਸਾਰੀ ਪਰਚੂਨੀਆ ਕੋਈ ਦਲਾਲੀ ਕਿਰਸਿ ਕਮਾਏ।

ਜਾਤਿ ਸਨਾਤ ਸਹੰਸ ਲਖ ਕਿਰਤ ਵਿਰਤਿ ਕਰਿ ਨਾਉ ਗਣਾਏ।

ਸਾਧਸੰਗਤਿ ਗੁਰਸਿਖਿ ਮਿਲਿ ਆਸਾ ਵਿਚਿ ਨਿਰਾਸੁ ਵਲਾਏ।

ਸਬਦੁ ਸੁਰਤਿ ਲਿਵ ਅਲਖੁ ਲਖਾਏ ॥5॥[39]

ਕੇਤੜਿਆ ਪਤਿਸਾਹ ਜਗਿ ਕਿਤੜੇ ਮਸਲਤਿ ਕਰਨਿ ਵਜੀਰਾ।

ਕੇਤੜਿਆ ਉਮਰਾਉ ਲਖ ਮਨਸਬਦਾਰ ਹਜਾਰ ਵਡੀਰਾ।

ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ ਬੰਦ ਅਮੀਰਾ।

ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰਾ।

ਲਖ ਫਰਾਸ ਲਖ ਸਾਰਵਾਨ ਮੀਰਾਂ ਖੋਰ ਸਈਸ ਵਹੀਰਾ।

ਕਿਤੜੇ ਲਖ ਜਲੇਬਦਾਰ ਗਾਡੀਵਾਨ ਚਲਾਇ ਗਡੀਰਾ।

ਛੜੀਦਾਰ ਦਰਵਾਨ ਖਲੀਰਾ ॥19॥

ਕਿਤੜੇ ਲਖ ਨਗਾਰਚੀ ਕੇਤੜਿਆ ਢੋਲੀ ਸਹਨਾਈ।

ਕੇਤੜਿਆ ਹੀ ਤਾਇਫੇ ਢਾਢੀ ਬਚੇ ਕਲਾਵਤ ਗਾਈ।

ਕੇਤੜਿਆ ਬਹੁਰੂਪੀਏ ਬਾਜੀਗਰ ਲਖ ਭੰਡ ਅਤਾਈ।

ਕਿਤੜੇ ਲਖ ਮਸਾਲਚੀ ਸਮਾ ਚਰਾਗ ਕਰਨਿ ਰੁਸਨਾਈ।

ਕੇਤੜਿਆ ਹੀ ਕੋਰਚੀ ਆਮਲ ਪੋਸ ਸਿਲਹ ਸੁਖਦਾਈ।

ਕੇਤੜਿਆ ਹੀ ਆਬਦਾਰ ਕਿਤੜੇ ਬਾਵਰਚੀ ਨਾਨਵਾਈ।

ਤੰਬੋਲੀ ਤੋਸਕਚੀ ਸੁਹਾਈ ॥20॥

ਕੇਤੜਿਆ ਖੁਸਬੋਇਦਾਰ ਕੇਤੜਿਆ ਰੰਗਰੇਜ ਰੰਗੋਲੀ।

ਕਿਤੜੇ ਮੇਵੇਦਾਰ ਹਨਿ ਹੁਡਕ ਹੁਡਕੀਏ ਲੋਲਣਿ ਲੋਲੀ।

ਖਿਜਮਤਿਗਾਰ ਖਵਾਸ ਲਖ ਗੋਲੰਦਾਜ ਤੋਪਕੀ ਤੋਲੀ।

ਕੇਤੜਿਆ ਤਹਵੀਲਦਾਰ ਮੁਸਰਫਦਾਰ ਦਰੋਗੇ ਓਲੀ।

ਕੇਤੜਿਆ ਕਿਰਸਾਣ ਹੋਇ ਕਰਿ ਕਿਰਸਾਣੀ ਅਤੁਲੁ ਅਤੋਲੀ।

ਮੁਸਤੌਫੀ ਬੂਤਾਤ ਲਖ ਮੀਰਸਾਮੇ ਬਖਸੀ ਕੋਲ ਕੋਲੀ।

---

[39] ਵਾਰਾਂ ਭਾਈ ਗੁਰਦਾਸ ਜੀ, ਵਾਰ 5 ਪਉੜੀ 5.

ਕੇਤੜਿਆ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ।

ਰਤਨ ਪਦਾਰਥ ਮੋਲ ਅਮੋਲੀ ॥21॥

ਕੇਤੜਿਆ ਹੀ ਜਉਹਰੀ ਲਖ ਸਰਾਫ ਬਜਾਜ ਵਪਾਰੀ।

ਸਉਦਾਗਰ ਸਉਦਾਗਰੀ ਗਾਂਧੀ ਕਾਸੇਰੇ ਪਾਸਾਰੀ।

ਕੇਤੜਿਆ ਪਰਚੂਨੀਏ ਕੇਤੜਿਆ ਦਲਾਲ ਬਜਾਰੀ।

ਕੇਤੜਿਆ ਸਿਕਲੀਗਰਾਂ ਕਿਤੜੇ ਲਖ ਕਮਗਰ ਕਾਰੀ।

ਕੇਤੜਿਆ ਕੁਮ੍ਹਿਆਰ ਲਖ ਕਾਗਦ ਕੁਟ ਘਣੇ ਲੂਣਾਰੀ।

ਕਿਤੜੇ ਦਰਜੀ ਧੋਬੀਆਂ ਕਿਤੜੇ ਜਰ ਲੋਹੇ ਸਿਰ ਹਾਰੀ।

ਕਿਤੜੇ ਭੜਭੂੰਜੇ ਭਠਿਆਰੀ ॥22॥

ਕੇਤੜਿਆ ਕਾਰੂੰਜੜੇ ਕੇਤੜਿਆ ਦਬਗਰ ਕਾਸਾਈ।

ਕੇਤੜਿਆ ਮੁਨਿਆਰ ਲਖ ਕੇਤੜਿਆ ਚਮਿਆਰ ਅਰਾਈ।

ਭੰਗਹੇਰੇ ਹੋਇ ਕੇਤੜੇ ਬਗਨੀਗਰਾ ਕਲਾਲ ਹਵਾਈ।

ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ।

ਕੇਤੜਿਆ ਕਹਾਰ ਲਖ ਗੁਜਰ ਲਖ ਅਹੀਰ ਗਣਾਈ।

ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤ ਅਲਾਈ।

ਨਾਵ ਥਾਵ ਲਖ ਕੀਮ ਨ ਪਾਈ ॥23॥[40]

ਸਤਿਗੁਰੁ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ।

ਸਾਧਸੰਗਤਿ ਸਚਿਖੰਡੁ ਹੈ ਆਇ ਝਰੋਖੈ ਖੋਲੈ ਬਾਰੀ।

ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ।

ਪਾਤਿਸਾਹਾਂ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ।

ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।

ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।

ਭਗਤ ਵਛਲ ਹੋਇ ਭਗਤ ਭੰਡਾਰੀ ॥1॥[41]

ਸਤਿਗੁਰੁ ਸਾਹੁ ਅਥਾਹੁ ਛਡਿ ਕੂੜੇ ਸਾਹੁ ਕੂੜੇ ਵਣਜਾਰੇ।

---

[40] ਵਾਰਾਂ ਭਾਈ ਗੁਰਦਾਸ ਜੀ, ਵਾਰ 8 ਪਉੜੀ 19-23.

[41] ਉਹੀ, ਵਾਰ 11 ਪਉੜੀ 1.

ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨਿ ਅਤਿ ਭਾਰੇ।
ਰਤਨਾ ਪਰਖ ਜਵਾਹਰੀ ਹੀਰੇ ਮਾਣਕ ਵਣਜ ਪਸਾਰੇ।
ਹੋਇ ਸਰਾਫ ਬਜਾਜ ਬਹੁ ਸੁਇਨਾ ਰੁਪਾ ਕਪੜੁ ਤਾਰੇ।
ਕਿਰਸਾਣੀ ਕਿਰਸਾਣ ਕਰਿ ਬੀਜ ਲੁਣਨਿ ਬੋਹਲ ਵਿਸਥਾਰੇ।
ਲਾਹਾ ਤੋਟਾ ਵਰੁ ਸਰਾਪੁ ਕਰਿ ਸੰਜੋਗੁ ਵਿਜੋਗੁ ਵਿਚਾਰੇ।
ਗੁਰ ਪੂਰੇ ਵਿਣੁ ਦੁਖੁ ਸੈਂਸਾਰੇ ॥8॥[42]
ਸਚੁ ਦਾਤਾਰੁ ਵਿਸਾਰਕੈ ਮੰਗਤਿਆਂ ਨੋ ਮੰਗਣ ਜਾਹੀ।
ਢਾਢੀ ਵਾਰਾਂ ਗਾਵਦੇ ਵੈਰ ਵਿਰੋਧ ਜੋਧ ਸਾਲਾਹੀ।
ਨਾਈ ਗਾਵਨਿ ਸਦੜੇ ਕਰਿ ਕਰਤੂਤਿ ਮੁਏ ਬਦਰਾਹੀ।
ਪੜਦੇ ਭਟ ਕਵਿਤ ਕਰਿ ਕੂੜ ਕੁਸਤੁ ਮੁਖਹੁ ਅਲਾਹੀ।
ਹੋਇ ਅਸ ਰੀਤਿ ਪੁਰੋਹਤਾ ਪ੍ਰੀਤਿ ਪਰੀਤੈ ਵਿਰਤਿ ਮੰਗਾਹੀ।
ਛੁਰੀਆ ਮਾਰਨਿ ਪੰਖੀਏ ਹਟਿ ਹਟਿ ਮੰਗਦੇ ਭਿਖ ਭਵਾਹੀ।
ਗੁਰ ਪੂਰੇ ਵਿਣੁ ਰੋਵਨਿ ਧਾਹੀ ॥6॥[43]

ਇਹਨਾਂ ਸਾਰੇ ਕਿੱਤਾਕਾਰਾਂ ਵਿਚ ਇਕ ਦੂਜੇ ਪ੍ਰਤੀ ਸਹਿਚਾਰ ਦੀ ਕੜੀ ਕੰਮ ਕਰਦੀ ਹੈ। ਜਿੰਨਾ ਵੀ ਲੋਕਾਂ ਵਿਚ ਲੈਣ-ਦੇਣ ਹੁੰਦਾ ਹੈ, ਉਸਦਾ ਮੁਖ ਕਾਰਨ ਇਕ ਦੂਜੇ ਦੀਆਂ ਲੋੜਾਂ ਦੀ ਪੂਰਤੀ ਹੈ। ਪਰ ਗੁਰਮੁਖਾਂ ਦਾ ਸਹਿਚਾਰ ਆਪਸੀ ਗੌਂ ਪੂਰਤੀ ਨਹੀਂ, ਉਹ ਤਾਂ ਨਿਰਾਸ(ਨਿਰ+ਆਸ) ਹੋ ਕੇ ਵਿਚਰਦੇ ਹਨ। ਭਾਵ ਇਕ ਦੂਜੇ ਨਾਲ ਸਾਂਝ ਦਾ ਕਾਰਨ ਕੋਈ ਗਰਜ਼ ਨਹੀਂ, ਸਗੋਂ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨ ਦੀ ਚਾਹਤ ਹੈ। ਚਾਰ ਖਾਣੀਆਂ, ਸਾਰੇ ਵਰਨਾਂ ਦੇ ਲੋਕ ਸਾਧਸਘਗਤ ਵਿਚ ਆ ਕੇ ਉਹਨਾਂ ਨੂੰ ਸੋਝੀ ਆ ਜਾਂਦੀ ਹੈ ਅਤੇ ਉਹਨਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ:

ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥
ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥[44]
ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥੨॥[45]

---

42 ਵਾਰਾਂ ਭਾਈ ਗੁਰਦਾਸ ਜੀ, ਵਾਰ 15 ਪਉੜੀ 8.

43 ਉਹੀ, ਵਾਰ 15 ਪਉੜੀ 6.

44 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 835.

45 ਉਹੀ, ਪੰਨਾ 498.

ਖੇਤੀ, ਵਪਾਰ, ਨੌਕਰੀ, ਪੁੰਨ-ਦਾਨ ਆਦਿਕ ਜੀਵਿਕਾ ਦੇ ਸਾਧਨ ਹਨ। ਇਹ ਜੀਵਨ ਨਿਰਬਾਹ ਲਈ ਜ਼ਰੂਰੀ ਹਨ ਪਰ ਇਹਨਾਂ ਨਾਲ ਸਦਾ ਦਾ ਸੁਖ ਨਹੀਂ ਮਿਲ ਸਕਦਾ। ਅਕਸਰ ਬੰਦਾ ਸਦਾ ਸੁਖੀ ਰਹਿਣ ਲਈ ਹੀ ਪਦਾਰਥ ਇਕਠੇ ਕਰਦਾ ਹੈ ਅਤੇ ਉਚੇ ਤੋਂ ਉਚੇ ਕਿੱਤੇ ਜਾਂ ਰੁਤਬੇ ਦੀ ਲਾਲਸਾ ਰਖਦਾ ਹੈ ਇਹਨਾਂ ਪਦਾਰਥਾਂ ਵਿਚੋਂ ਸਦੀਵੀ ਸੁਖ ਨਹੀਂ ਮਿਲ ਸਕਦਾ। ਅਸਲੀ ਸੁਖ ਤਾਂ ਸਾਧਸੰਗਤ ਵਿਚ ਜਾ ਕੇ, ਗੁਰੂ ਦੀ ਸਿਖਿਆ ਗ੍ਰਹਿਣ ਕਰਕੇ ਅਤੇ ਗ੍ਰਹਿਣ ਕੀਤੀ ਸਿਖਿਆ ਅਨੁਸਾਰ ਜੀਵਨ ਬਣਾ ਕੇ ਹੀ ਮਿਲ ਸਕਦਾ ਹੈ। ਇਸ ਰਸਤੇ 'ਤੇ ਵਿਰਲੇ ਹੀ ਚਲਦੇ ਹਨ:

ਕਿਰਸਾਣੀ ਕਿਰਸਾਣ ਕਰਿ ਖੇਤ ਬੀਜਿ ਸੁਖ ਫਲੁ ਨ ਲਹੰਦੇ।
ਵਣਜੁ ਕਰਨਿ ਵਾਪਾਰੀਏ ਲੈ ਲਾਹਾ ਨਿਜ ਘਰਿ ਨ ਵਸੰਦੇ।
ਚਾਕਰ ਕਰਿ ਕਰਿ ਚਾਕਰੀ ਹਉਮੈ ਮਾਰਿ ਨ ਸੁਲਹ ਕਰੰਦੇ।
ਪੁੰਨ ਦਾਨ ਚੰਗਿਆਈਆਂ ਕਰਿ ਕਰਿ ਕਰਤਬ ਥਿਰੁ ਨ ਰਹੰਦੇ।
ਰਾਜੇ ਪਰਜੇ ਹੋਇ ਕੈ ਕਰਿ ਕਰਿ ਵਾਦੁ ਨ ਪਾਰਿ ਪਵੰਦੇ।
ਗੁਰ ਸਿਖ ਸੁਣਿ ਗੁਰੁਸਿਖ ਹੋਇ ਸਾਧਸੰਗਤਿ ਕਰਿ ਮੇਲ ਮਿਲੰਦੇ।
ਗੁਰਮਤਿ ਚਲਦੇ ਵਿਰਲੇ ਬੰਦੇ ॥20॥[46]

ਵਪਾਰੀਆਂ ਦੇ ਵਣਜ ਵਿਚ, ਕਿਸਾਨਾਂ ਦੀ ਖੇਤੀ ਵਿਚ, ਨੌਕਰਾਂ ਦੀ ਨੌਕਰੀ ਵਿਚ, ਜੋਗੀਆਂ ਦੇ ਜੋਗ ਵਿਚ ਘਾਟਾ ਵਾਧਾ ਚਲਦਾ ਰਹਿੰਦਾ ਹੈ ਪਰ ਗੁਰੂ ਦੇ ਵਣਜ ਵਿਚ ਕਦੇ ਘਾਟਾ ਨਹੀਂ ਪੈਂਦਾ, ਸਗੋਂ ਵਾਧਾ ਹੀ ਵਾਧਾ ਹੈ:

ਵਣਜੁ ਕਰੈ ਵਾਪਾਰੀਆ ਤਿਤੁ ਲਾਹਾ ਤੋਟਾ।
ਕਿਰਸਾਣੀ ਕਿਰਸਾਣੁ ਕਰਿ ਹੋਇ ਦੁਬਲਾ ਮੋਟਾ।
ਚਾਕਰੁ ਲਗੈ ਚਾਕਰੀ ਰਣਿ ਖਾਂਦਾ ਚੋਟਾਂ।
ਰਾਜੁ ਜੋਗੁ ਸੰਸਾਰੁ ਵਿਚਿ ਵਣ ਖੰਡ ਗੜ ਕੋਟਾ।
ਅੰਤਿ ਕਾਲਿ ਜਮਜਾਲੁ ਪੈ ਪਾਏ ਫਲ ਫੋਟਾ।
ਪੀਰ ਮੁਰੀਦਾਂ ਪਿਰਹੜੀ ਹੁਇ ਕਦੇ ਨਾ ਤੋਟਾ ॥[47]

## 4.2 ਮਨੋਰੰਜਨ :

ਮਨੋਰੰਜਨ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ 'ਮਨ' ਅਤੇ 'ਰੰਜਨ'। ਭਾਈ ਕਾਨ੍ਹ ਸਿੰਘ ਨਾਭਾ

---

[46] ਵਾਰਾਂ ਭਾਈ ਗੁਰਦਾਸ ਜੀ, ਵਾਰ 28 ਪਉੜੀ 20

[47] ਉਹੀ, ਪਉੜੀ 8

ਅਨੁਸਾਰ ਮਨਰੰਜਨ ਤੋਂ ਭਾਵ "ਮਨ ਪ੍ਰਸੰਨ ਕਰਨ ਦੀ ਕ੍ਰਿਯਾ"।[48] ਸਮੁਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਰੀਰਕ ਜਾਂ ਮਾਨਸਿਕ ਕ੍ਰਿਆ ਜਿਸ ਨਾਲ ਮਨ ਨੂੰ ਖੁਸ਼ੀ ਮਿਲੇ, ਉਹ ਮਨੋਰੰਜਨ ਹੈ। ਅਜਿਹੀ ਕ੍ਰਿਆ ਦੇ ਲਈ ਵਰਤੇ ਜਾਂਦੇ ਜਰੀਏ ਨੂੰ ਮਨੋਰੰਜਨ ਦਾ ਸਾਧਨ ਕਿਹਾ ਜਾਂਦਾ ਹੈ। ਸਰੀਰਕ ਤੰਦਰੁਸਤੀ ਤੇ ਮਾਨਸਿਕ ਸੰਤੁਲਨ ਰਖਣ ਲਈ ਸਮਾਜ ਵਿਚ ਖੇਡਾਂ, ਗੀਤ ਸੰਗੀਤ ਅਤੇ ਨਾਚ ਨੂੰ ਮਨ ਪਰਚਾਵੇ ਦੇ ਸਾਧਨ ਵਜੋਂ ਕਾਇਮ ਕੀਤਾ ਗਿਆ। ਗੁਰੂ ਸਾਹਿਬਾਨ ਨੇ ਇਹਨਾਂ ਸਾਧਨਾਂ ਦਾ ਵਿਰੋਧ ਨਹੀਂ ਕੀਤਾ, ਬਲਕਿ ਜਗਤ ਦੇ ਮਨੋਰੰਜਨ ਨੂੰ ਅਧਿਆਤਮਕ ਰੂਪ ਵਿਚ ਵਰਨਣ ਕਰਕੇ ਇਹਨਾਂ ਪ੍ਰਤੀ ਚੌਕਸ ਤੇ ਰੁਚੀਪੂਰਨ ਦ੍ਰਿਸ਼ਟੀਕੋਣ ਪੈਦਾ ਕੀਤਾ ਹੈ। ਹੇਠਾਂ ਮਨੋਰੰਜਨ ਦੇ ਕੁਝ ਸਾਧਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ:

**ਖੇਡਾਂ**: ਮਨੋਵਿਗਿਆਨਕ ਦ੍ਰਿਸ਼ਟੀ ਤੋਂ ਖੇਡਾਂ ਮਨੁਖ ਦੀ ਫਾਲਤੂ ਗਰਮੀ ਬਾਹਰ ਨਿਕਲਣ ਦਾ ਰਸਤਾ ਹਨ। ਕੁਝ ਇਸ ਨੂੰ ਮਨੋਰੰਜਨ, ਕਸਰਤ ਅਤੇ ਵਿਹਲਾ ਸਮਾਂ ਬਿਤਾਉਣ ਦਾ ਸਾਧਨ ਮੰਨਦੇ ਹਨ।[49] ਗੁਰੂ ਸਾਹਿਬ ਸੰਸਾਰ ਨੂੰ ਹੀ ਪਰਮਾਤਮਾ ਦੀ ਖੇਡ ਦੱਸ ਰਹੇ ਹਨ ਕਿ ਉਹ ਸਾਰਿਆਂ ਸਰੀਰਾਂ ਵਿਚ ਆਪ ਵਰਤ ਕੇ ਇਸ ਦਾ ਆਨੰਦ ਮਾਣ ਰਿਹਾ ਹੈ। ਉਸ ਨੇ ਇਹ ਜਗਤ ਨੂੰ ਮੈਦਾਨ ਦੀ ਨਿਆਈਂ ਬਣਾਇਆ ਹੈ ਤੇ ਮਨੁਖ ਇਸ ਵਿਚ ਖਿਡਾਰੀ ਦੀ ਤਰ੍ਹਾਂ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਗਤ ਰੂਪੀ ਖੇਡ ਵਿਚੋਂ ਬਿਨਸਣਹਾਰ ਵਸਤਾਂ ਨਹੀਂ ਲੈਣੀਆਂ ਸਗੋਂ ਨਾਮ ਦਾ ਅਭਿਆਸ, ਜੀਵਨ ਦੀ ਸਾਰਥਿਕਤਾ ਅਤੇ ਸਦੀਵੀ ਆਨੰਦ ਪ੍ਰਾਪਤ ਕਰਨਾ ਹੈ। ਮਨੁਖ ਆਪਣੀਆਂ ਲਾਲਸਾਵਾਂ ਤੇ ਹਉਮੈਂ ਦੇ ਕਾਰਨ ਜਗਤ ਰੂਪੀ ਖੇਡ ਵਿਚੋਂ ਆਪਣਾ ਜੀਵਨ ਹਾਰ ਕੇ ਆਵਾਗਵਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ। ਇਸ ਵਿਚੋਂ ਨਿਕਲਣ ਲਈ ਅਧਿਆਤਮਕ ਖੇਡ ਖੈਡਣ ਦੀ ਤਕੀਦ ਕੀਤੀ ਹੈ। ਪਰ ਗੁਰੂ ਸਾਹਿਬ ਸਰੀਰਕ ਤੌਰ 'ਤੇ ਵੀ ਸਿੱਖਾਂ ਨੂੰ ਉਤਸਾਹਿਤ ਕਰਦੇ ਰਹਿੰਦੇ ਸੀ। ਜਿਸ ਦੇ ਹਵਾਲੇ ਇਤਿਹਾਸ ਵਿਚ ਮਿਲ ਜਾਂਦੇ ਹਨ। ਗੁਰਬਾਣੀ ਵਿਚ ਵੀ ਰਵਾਇਤੀ ਖੇਡਾਂ ਜਿਕਰ ਆਇਆ ਹੈ। ਛਿੰਝ ਸ਼ਬਦ ਪੰਜਾਬ ਵਿਚ ਗਭਰੂਆਂ ਦੇ ਘੋਲ ਜਾਂ ਮਲਾਂ ਦੀ ਕੁਸ਼ਤੀਆਂ ਕਰਵਾਉਣ ਲਈ ਵਰਤਿਆ ਜਾਂਦਾ ਹੈ। ਛਿੰਝ ਸ਼ਬਦ ਦਾ ਸਮਾਆਰਥਕ ਸ਼ਬਦ ਮਲਾਖਾੜਾ ਹੈ। ਪੰਜਾਬ ਵਿਚ ਹਰ ਮੇਲੇ ਵਿਚ ਮਨੋਰੰਜਨ ਦੇ ਤੌਰ 'ਤੇ ਛਿੰਝਾਂ ਲਗਦੀਆਂ ਹਨ। ਇਹ ਜ਼ਿਆਦਾ ਤਰ ਧਾਰਮਕ ਅਸਥਾਨਾਂ ਉਪਰ ਕਰਵਾਈਆਂ ਜਾਂਦੀਆ ਹਨ। ਛਿੰਝਾਂ ਵਿਚ ਇਲਾਕੇ ਦੇ ਗਭਰੂਆਂ ਦੇ ਘੋਲ ਹੁੰਦੇ ਹਨ। ਜਿਤੇ ਹੋਏ ਮਲ ਨੂੰ ਇਨਾਮ ਦਿਤੇ ਜਾਂਦੇ ਹਨ। ਪੰਜਾਬ ਜੋਸ਼ੀਲੇ ਤੇ ਸਰੀਰਕ ਤੌਰ 'ਤੇ ਤਕੜੇ ਗਭਰੂਆ ਦਾ ਖੇਤਰ ਹੈ। ਡਾ. ਵਣਜਾਰਾ ਬੇਦੀ ਅਨੁਸਾਰ "ਛਿੰਜਾਂ ਵਿਚ ਇਥੋਂ (ਪੰਜਾਬ) ਦੇ ਕੋਮੀ ਚਰਿਤ੍ਰ ਦਾ ਇਕ ਅੰਗ-ਸੂਰਮਗਤੀ ਆਪਣਾ ਰੰਗ ਵਿਖਾਂਦੀ ਰਹੀ ਹੈ। ਇਸੇ ਲਈ

48 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨਕੋਸ਼ (ਭਾਗ ਦੂਜਾ), ਪੰਨਾ 713.

49 ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ, ਪੰਨਾ 634

ਛਿੰਜਾਂ ਪੰਜਾਬੀ ਸਭਿਆਚਾਰ ਦਾ ਅੰਗ ਬਣੀਆ ਹੋਈਆਂ ਹਨ।"[50]

ਪਰ ਗੁਰੂ ਸਾਹਿਬ ਨੇ ਜਗਤ ਨੂੰ ਅਧਿਆਤਮਕ ਪਹਿਲਵਾਨਾਂ ਦਾ ਅਖਾੜਾ ਕਿਹਾ। ਜਿਸ ਵਿਚ ਗੁਰਮੁਖ ਦਾ ਪੰਜ ਵਿਕਾਰਾਂ (ਕਾਮ. ਕਰੋਧ, ਲੋਭ, ਮੋਹ ਅਤੇ ਅਹੰਕਾਰ) ਨਾਲ ਮੁਕਾਬਲਾ ਹੈ ਇਹ ਛਿੰਝ ਪਰਮਾਤਮਾ ਦੁਆਰਾ ਪਾਈ ਗਈ ਹੈ। ਇਹ ਛਿੰਝ ਗੁਰਮੁਖ ਸਤਸੰਗਤ ਦੇ ਮਿਲਾਪ ਨਾਲ ਹੀ ਜਿਤ ਸਕਦਾ ਹੈ:

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥
ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥
ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥
ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥[51]

ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮੈਂ ਗੁਸਾਂਈ (ਪਰਮਾਤਮਾ)ਦਾ ਪਹਿਲਵਾਨ ਹਾਂ। ਜਿਹੜੇ ਵਿਕਾਰ ਮੇਰੇ ਤੇ ਪ੍ਰਭੂ ਦੇ ਮਿਲਾਪ ਵਿਚ ਅੜਿਕਾ ਬਣਦੇ ਸਨ ਉਹਨਾਂ ਨੂੰ ਮੈਂ ਗੁਰੂ ਦੀ ਕਿਰਪਾ ਦੇ ਨਾਲ ਜਿਤ ਲਿਆ ਹੈ:

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥[52]

ਚਉਪੜ ਇਕ ਖੇਡ ਜਿਹੜੀ ਚਾਰ ਪਲਿਆਂ ਵਾਲੇ ਕੱਪੜੇ 'ਤੇ ਖਾਨੇ ਬਣਾ ਕੇ ਖੇਡੀ ਜਾਂਦੀ ਹੈ। ਇਸ ਖੇਡ ਵਿਚ ਬਾਜ਼ੀ ਦੀ ਪਕਿਆਈ ਨੂੰ ਸਮਝਣਾ ਬਹੁਤ ਜਰੂਰੀ ਹੈ। ਚੌਪੜ ਦੀ ਗਿੱਟੀ(ਨਰਦ) ਜਦ ਵਿਚਕਾਰੋਂ ਚਲ ਕੇ ਖਾਨੇ ਪਾਰ ਕਰ ਲੈਂਦੀ ਹੈ ਤਾਂ ਪੱਕੀ ਹੋ ਜਾਂਦੀ ਹੈ। ਇਸੇ ਖੇਡ ਰਾਹੀਂ ਗੁਰੂ ਸਾਹਿਬ ਮਨੁਖ ਨੂੰ ਸਮਝਾਉਣ ਦਾ ਯਤਨ ਕਰਦੇ ਹਨ ਕਿ ਸੰਸਾਰ ਤਾਂ ਚਉਪੜ ਖੇਡ ਦੀ ਨਿਆਈਂ ਹੈ ਤੂੰ ਹਉਮੈਂ ਕਰਕੇ ਬਾਜੀ

---

[50] ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 894.

[51] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1280.

[52] ਉਹੀ, ਪੰਨਾ 74.

ਨਾ ਹਾਰੀ ਜਾ ਚੁਰਾਸੀ ਦੇ ਚੱਕਰਾਂ ਵਿਚੋਂ ਪਾਰ ਲੰਘ ਜਾ ਇਹੋ ਜੀਵਨ ਬਾਜੀ ਜਿੱਤਣ ਦੇ ਬਰਾਬਰ ਹੋਵੇਗਾ। ਡਾ. ਮਨਮੋਹਨ ਸਹਿਗਲ ਅਨੁਸਾਰ "ਹੁਕਮ ਨੂੰ ਮੰਨਣਾ' ਚੌਪੜ ਖੇਡਣਾ, ਮਨ ਜਿਤਣਾ ਪਾਸਾ ਸੁੱਟਣਾ ਅਤੇ 'ਨਾਮ ਸਿਮਰਨ' ਦੁਆਰਾ ਨਰਦ ਦਾ ਪੁਗਣਾ(ਜੀਵ ਦੀ ਆਵਾਗੌਣ ਤੋਂ ਮੁਕਤੀ) ਸਵੀਕਾਰ ਕੀਤਾ ਗਿਆ ਹੈ।[53]

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥[54]

ਬਾਜ਼ੀ ਪਾਉਣੀ ਵੀ ਇਕ ਖੇਡ ਹੈ। ਬਾਜ਼ੀ ਦਾ ਭਾਵ ਹੀ ਖੇਡ ਹੈ ਬਾਜ਼ੀਗਰ ਤੋਂ ਭਾਵ ਖੇਡ-ਤਮਾਸ਼ੇ ਕਰਨ ਵਾਲਾ। ਇਹ ਪਿੰਡਾਂ ਵਿਚ ਤਮਾਸ਼ੇ ਕਰਕੇ ਆਪਣੀ ਰੋਜੀ ਰੋਟੀ ਕਮਾਉਂਦੇ ਹਨ। ਆਮ ਤੌਰ 'ਤੇ ਇਹ ਬਾਂਸਾਂ 'ਤੇ ਰਸੀਆ ਨਾਲ ਖੇਡ ਕਰਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸੰਸਾਰ ਨੂੰ ਬਾਜ਼ੀਗਰ ਦਾ ਖੇਲ ਕਿਹਾ ਗਿਆ ਹੈ। ਜਿਸ ਵਿਚ ਪੂਰਾ ਸੰਸਾਰ ਖੇਡ ਦੇਖਣ ਆਇਆ ਹੋਇਆ ਹੈ:

ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥
ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥[55]

ਸ਼ਿਕਾਰ ਪੁਰਾਤਨ ਸਭਿਅਤਾ ਦਾ ਰੋਜ਼ੀ ਲਈ ਜੁੜਿਆ ਜਰੂਰੀ ਅੰਗ ਹੈ। ਕਬਾਇਲੀ ਲੋਕ ਖਾਣੇ ਦੀ ਲੋੜ ਨੂੰ ਪੂਰਾ ਕਰਨ ਲਈ ਇਸ ਨੂੰ ਮਨੋਰੰਜਨ ਦਾ ਸਾਧਨ ਬਣਾ ਲਿਆ। ਹੌਲੀ-ਹੌਲੀ ਰਾਜਿਆਂ ਨੇ ਇਸ ਨੂੰ ਮਨੋਰੰਜਨ ਦੇ ਤੌਰ 'ਤੇ ਵਰਤਣਾ ਸ਼ੁਰੂ ਕਰ ਦਿਤਾ। ਉਹ ਆਪਣੇ ਸ਼ੌਂਕ ਨੂੰ ਪੂਰਾ ਕਰਨ ਲਈ ਜੰਗਲਾਂ ਵਿਚ ਪਸ਼ੂਆਂ ਦਾ ਸ਼ਿਕਾਰ ਕਰਿਆ ਕਰਦੇ ਸਨ। ਗੁਰਬਾਣੀ ਮਨੁਖ ਨੂੰ ਪਸ਼ੂਆ ਦੇ ਸ਼ਿਕਾਰ ਦੀ ਹਾਮੀ ਨਹੀਂ ਭਰਦੀ ਸਗੋਂ ਸਰੀਰ ਰੂਪੀ ਜੰਗਲ ਵਿਚ ਘੁੰਮ ਰਹੇ ਵਿਕਾਰਾਂ ਰੂਪੀ ਪਸ਼ੂਆ ਦਾ ਸ਼ਿਕਾਰ ਕਰਨਾ ਹੈ। ਇਹ ਸ਼ਿਕਾਰ ਨਾਮ ਰੂਪੀ ਹਥਿਆਰ ਨਾਲ ਕੀਤਾ ਜਾ ਸਕਦਾ ਹੈ:

ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥ਅਹੇਰਾ ਪਾਇਓ ਘਰ ਕੈ ਗਾਂਇ ॥੨॥

53 ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ, ਪੰਨਾ 636.

54 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793.

55 ਉਹੀ, ਪੰਨਾ 655.

ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥

ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥[56]

**ਸੰਗੀਤ**: ਗੁਰਮਤਿ ਦਾ ਸੰਗੀਤ ਦਾ ਵਿਸ਼ੇਸ਼ ਸਥਾਨ ਹੈ। ਇਸ ਦੇ ਮਹਤਵ ਦਾ ਗਿਆਨ ਗੁਰਬਾਣੀ ਦੀ ਕਾਵਿਕ ਰਚਨਾ ਤੋਂ ਹੀ ਹੋ ਜਾਂਦਾ ਹੈ। ਦੂਜਾ ਗੁਰਬਾਣੀ ਨੂੰ ਰਾਗਬਧ ਕਰਕੇ ਸੰਪਾਦਤ ਕਰਨਾ ਇਸ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ। ਗੁਰਬਾਣੀ ਵਿਚ ਗੁਰੂ ਅਰਜਨ ਸਾਹਿਬ ਨੇ ਸਚ ਦੀ ਬਾਣੀ ਦੇ ਉਪਦੇਸ਼ ਨੂੰ ਰਾਗ-ਅਲਾਪ ਵਿਚ ਗਾਉਣ ਦੀ ਤਾਕੀਦ ਕੀਤੀ ਹੈ। ਕਿਉਂਕਿ ਗੁਰਬਾਣੀ ਅਵਤ੍ਰਣ ਸਮੇਂ ਮੁਗਲਾਂ ਦਾ ਰਾਜ ਸੀ ਤੇ ਮੁਗਲ ਦਰਬਾਰਾਂ ਵਿਚ ਸਾਕਤ ਸੰਗੀਤ ਦਾ ਗਾਇਨ ਆਮ ਹੁੰਦਾ ਸੀ। ਇਸ ਕਰਕੇ ਗੁਰੂ ਸਾਹਿਬ ਕਹਿੰਦੇ ਹਨ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਸਦ ਬਲਿਹਾਰੈ ਜਾਉ ॥
ਤਿਨ ਕੀ ਧੂੜਿ ਹਮ ਬਾਛਦੇ ਕਰਮੀ ਪਲੈ ਪਾਇ ॥
ਜੋ ਰਤੇ ਰੰਗਿ ਗੋਵਿਦ ਕੈ ਹਉ ਤਿਨ ਬਲਿਹਾਰੈ ਜਾਉ ॥ [57]

ਗੁਰੂ ਸਾਹਿਬ ਇਹੋ ਜਿਹੇ ਸੰਗੀਤ ਦੀ ਹਾਮੀ ਭਰਦੇ ਹਨ ਜਿਹਨਾਂ ਨਾਲ ਤਾਮਸੀ ਬਿਰਤੀ ਤੋਂ ਖਹਿੜਾ ਛੁਟੇ ਤੇ ਅੰਦਰ ਦੀ ਸ਼ਾਂਤੀ ਪ੍ਰਾਪਤੀ ਹੋਵੇ। ਜਿਹੜੇ ਸੰਗੀਤ ਦੇ ਨਾਲ ਤਨ ਨੂੰ ਰੋਗ ਚਿੰਬੜਨ, ਉਸ ਨੂੰ ਬਿਵਰਜਿਤ ਕੀਤਾ ਹੈ:

ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥
ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥[58]

**ਨਚਣਾ**: ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਸਰੀਰਕ ਅੰਗਾਂ ਦਾ ਇਕ ਖਾਸ ਮੁਦਰਾ ਵਿਚ ਹਰਕਤ ਕਰਨ ਨੂੰ ਨਚਣਾ ਕਹਿੰਦੇ ਹਨ। ਇਹ ਅੰਤ੍ਰੀਵ ਭਾਵਾਂ ਨੂੰ ਪ੍ਰਗਟਣਾ ਹੀ ਨਾਚ ਦੀ ਥਰਕਦੀ ਤਸਵੀਰ ਹੈ। ਵੈਸ਼ਨਵ ਭਗਤੀ ਲਹਿਰ ਵਿਚ ਕ੍ਰਿਸ਼ਨ ਦੀ ਭਗਤੀ ਲਈ ਰਾਸ ਲੀਲਾ ਵਿਚ ਨਚਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਲਹਿਰ ਦੇ ਸੰਬੰਧ ਵਿਚ ਹੀ ਹਵਾਲੇ ਦਿਤੇ ਹਨ। ਇਸ ਭਗਤੀ ਵਿਚ ਕ੍ਰਿਸ਼ਨ ਜੀ ਦੀ ਮੂਰਤੀ ਅਗੇ ਨਚਿਆ ਜਾਂਦਾ ਹੈ ਤੇ ਭਗਤੀ ਭਾਵ ਵਾਲੇ ਗੀਤ ਗਾਏ ਜਾਂਦੇ ਹਨ। ਇਸ ਵਿਚ ਉਹਨਾਂ ਦੀਆਂ ਬਾਲ ਲੀਲਾਵਾਂ ਤੇ

56 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1166.

57 ਉਹੀ, ਪੰਨਾ 958.

58 ਉਹੀ, ਪੰਨਾ 1010.

ਗੋਪੀਆਂ ਦੇ ਵਿਛੋੜੇ ਦੀਆਂ ਲੀਲਾਵਾਂ ਕੀਤੀਆਂ ਜਾਂਦੀਆਂ ਸਨ। ਗੁਰੂ ਨਾਨਕ ਸਾਹਿਬ ਇਸ ਨੂੰ "ਰੋਟੀਆ ਕਾਰਣਿ ਪੂਰਹਿ ਤਾਲ: ਸਦਦੇ ਹਨ। ਇਸ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਸਗੋਂ ਲੋਕ ਹਸਦੇ ਹਨ ਤੇ ਦੇਖਕੇ ਘਰਾਂ ਨੂੰ ਮੁੜ ਜਾਂਦੇ ਹਨ। ਜੇਕਰ ਭਗਤੀ ਹੀ ਕਰਨੀ ਹੈ ਤਾਂ ਕਰਮ ਦੀ ਕਰ ਜਿਸ ਨਾਲ ਜਿਸ ਨਾਲ ਮਨ ਸਚੀ ਖੁਸ਼ੀ ਮਿਲ ਸਕੇ। ਨਹੀਂ ਤਾਂ ਅੰਤ ਸਮੇਂ ਰੋਣ ਤੋਂ ਕੁਝ ਵੀ ਪੱਲੇ ਨਹੀਂ ਰਹਿ ਜਾਵੇਗਾ। ਇਸ ਲਈ ਨਚਣਾ ਕੁਦਣਾ ਤਾਂ ਮਨ ਦਾ ਚਾਉ ਹੈ ਅਸਲੀ ਗਲ ਤਾਂ ਪਰਮਾਤਮਾ ਦੇ ਭਾਉ ਦੀ ਹੈ ਜਿਸ ਨਾਲ ਸਦੀਵੀ ਆਨੰਦ ਪ੍ਰਾਪਤ ਹੁੰਦਾ ਹੈ:

> ਵਾਇਨਿ ਚੇਲੇ ਨਚਨਿ ਗੁਰ ॥ਪੈਰ ਹਲਾਇਨਿ ਫੇਰਨ੍ਹਿ ਸਿਰ ॥
> ਉਡਿ ਉਡਿ ਰਾਵਾ ਝਾਟੈ ਪਾਇ॥ਵੇਖੈ ਲੋਕੁ ਹਸੈ ਘਰਿ ਜਾਇ ॥
> ..............................................................
> ਨਚਿ ਨਚਿ ਹਸਹਿ ਚਲਹਿ ਸੇ ਰੋਇ ॥ਉਡਿ ਨ ਜਾਹੀ ਸਿਧ ਨ ਹੋਹਿ॥
> ਨਚਣੁ ਕੁਦਣੁ ਮਨ ਕਾ ਚਾਉ॥ਨਾਨਕ ਜਿਨ੍ ਮਨਿ ਭਉ ਤਿਨਾ ਮਨਿ ਭਾਉ ॥[59]

ਗੁਰਬਾਣੀ ਮਨ ਨੂੰ ਨਚਣ ਦੀ ਤਾਕੀਦ ਕਰਦੀ ਹੈ। ਗੁਰਮਤਿ ਵਿਚ ਗੁਰੂ ਦੇ ਭਾਣੇ ਵਿਚ ਤੁਰਨਾ ਹੀ ਹੈ ਨਾ ਕਿ ਰਾਸ ਲੀਲਾਵਾਂ ਪਾਉਣੀਆਂ। ਇਹ ਤਾਂ ਹੁਕਮ ਦੇ ਵਿਚ ਤੁਰਨਾ ਹੈ। ਗੁਰਮਤਿ ਦੇ ਅਨੁਸਾਰ ਜੀਵਨ ਬਤੀਤ ਕਰਨਾ ਹੈ। ਸੰਸਾਰ ਵਿਚ ਰਹਿ ਚਰਿਤਰ ਨੂੰ ਉਚਾ ਚੁਕਣਾ ਹੈ ਤੇ ਨਾਮ ਦਾ ਅਭਿਆਸ ਕਰਨਾ ਹੈ। ਗੁਰਬਾਣੀ ਦਾ ਫੁਰਮਾਨ ਹੈ:

> ਨਾਚੁ ਰੇ ਮਨ ਗੁਰ ਕੈ ਆਗੈ॥ ਗੁਰ ਕੈ ਭਾਣੈ ਨਾਚਹਿ
> ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥[60]

## 4.3 ਖਾਣ-ਪੀਣ :

ਮਨੁਖੀ ਸਰੀਰ ਨੂੰ ਜ਼ਿੰਦਾ ਅਤੇ ਚਲਦਾ ਰਖਣ ਲਈ ਭੋਜਨ ਜ਼ਰੂਰੀ ਹੈ। ਮਨੁਖ ਤਾਂ ਕੀ ਸ੍ਰਿਸ਼ਟੀ ਦਾ ਹਰ ਜੀਵ ਭੋਜਨ ਉਤੇ ਆਧਾਰਿਤ ਹੈ। ਆਹਾਰ ਤੋਂ ਬਿਨਾਂ ਤਾਂ ਕੇਵਲ ਪਰਮਾਤਮਾ ਹੀ ਹੈ।

**4.3.1 ਖਾਣੇ ਦੇ ਪ੍ਰਕਾਰ:** ਸੰਸਾਰ ਵਿਚ ਖਾਣਿਆਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਕਿਸਮਾਂ ਮਿਲਦੀਆਂ ਹਨ। ਭਾਰਤ ਵਿਚ ਵੈਦਿਕ ਪਰੰਪਰਾ ਵਿਚ ਛੇ ਰਸਾਂ ਅਤੇ ਛਤੀ ਪ੍ਰਕਾਰ ਦੇ ਭੋਜਨਾਂ ਦਾ ਜ਼ਿਕਰ ਮਿਲਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਛਤੀਹ ਭੋਜਨ ਅਤੇ ਛੇ ਰਸ ਇਸ ਤਰ੍ਹਾਂ ਹਨ:

1. ਹਰ ਕਿਸਮ ਦੀ ਰੋਟੀ 2. ਹਰ ਤਰ੍ਹਾਂ ਦੀ ਪੂਰੀ 3. ਕਚੌਰੀ 4. ਪੂੜੇ 5.ਹਰ ਪ੍ਰਕਾਰ ਦੇ ਚਾਵਲ

---

[59] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 465.

[60] ਉਹੀ, ਪੰਨਾ 506.

6.ਦਾਲਾਂ 7. ਸਾਗ, ਸਬਜ਼ੀਆਂ, ਭੁਰਜੀਆਂ 8. ਕੜ੍ਹੀਆਂ 9. ਵੜੀਆਂ 10. ਸੇਵੀਆਂ 11. ਖਿਚੜੀ 12. ਸਭ ਤਰ੍ਹਾਂ ਦੀਆਂ ਸਲੂਣੀਆਂ ਚੀਜ਼ਾਂ, ਚਣੇ, ਪਕੌੜੇ ਆਦਿ 13. ਚਟਣੀਆਂ 14. ਆਚਾਰ 15. ਮੁਰੱਬੇ 16. ਬੂੰਦੀ, ਭੱਲੇ, ਦਹੀਂ ਆਦਿ 17. ਰਾਇਤੇ 18. ਪਾਪੜ 19.ਕੜਾਹ 20. ਖੀਰਾਂ 21. ਕਚਾਰ, ਸਤੂ, ਪੰਜੀਰੀ ਅਤੇ ਚੂਰਮਾ 22. ਲੱਡੂ, ਜਲੇਬੀ, ਅੰਮ੍ਰਿਤੀ, ਪੇੜਾ, ਸ਼ੀਰਨੀਆਂ ਆਦਿ 23. ਲਾਪਸੀ 24. ਰਬੜੀ 25. ਮਲਾਈ 26. ਮਿਸਰੀ, ਮਖਣ ਆਦਿ 27. ਸਿਖਰਣੀ 28. ਬੁਧ ਮਿਸ਼ਰਤ ਆਂਬਰਸਾ 29. ਦਧਿਤਕਰ 30. ਕਾਂਜੀ 31. ਫਲ 32. ਮੇਵਾ 33. ਮਠੀ, ਮਠੇ 34. ਫੇਣੀਆਂ 35. ਘੇਵਰ 36. ਚੂਰਣ ਸ੍ਵਾਦ।[61] ਛੇ ਰਸ ਹਨ- ਮਿਠਾ, ਖੱਟਾ, ਸਲੂਣਾ, ਚਟਪਟਾ, ਕੌੜਾ, ਕਸੈਲਾ।[62]

ਗੁਰਬਾਣੀ ਅਨੁਸਾਰ ਭਾਰਤੀ ਪਰੰਪਰਾ ਵਿਚ ਮੰਨੇ ਜਾਂਦੇ ਛੇ ਰਸ ਅਤੇ ਛਤੀਹ ਪ੍ਰਕਾਰ ਦੇ ਭੋਜਨਾਂ ਦਾ ਆਨੰਦ ਪ੍ਰਮਾਤਮਾ ਦੇ ਨਾਮ ਵਿਚੋਂ ਪ੍ਰਾਪਤ ਹੋ ਸਕਦਾ ਹੈ। ਇਹ ਭੋਜਨ ਮਨ ਨੂੰ ਆਨੰਦਿਤ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੇ ਨਾਮ ਵਿਚ ਸੁਰਤ ਜੁੜ ਜਾਵੇ ਤਾਂ ਇਕ ਬਹੁਤ ਹੀ ਸੁਆਦਲਾ ਭੋਜਨ ਤਿਆਰ ਹੁੰਦਾ ਹੈ। ਨਾਮ ਮੰਨਣ ਨਾਲ ਮਿਠਾ ਸੁਆਦ ਪ੍ਰਾਪਤ ਹੁੰਦਾ ਹੈ। ਨਾਮ ਸੁਣਨ ਨਾਲ ਸਲੂਣਾ ਸੁਆਦ ਆਉਂਦਾ ਹੈ। ਨਾਮ ਨੂੰ ਮੂੰਹੋਂ ਜਪਣ ਨਾਲ ਛੇ ਤਰ੍ਹਾਂ ਦੇ ਖਟੇ ਰਸਾਂ ਦਾ ਸੁਆਦ ਆਉਂਦਾ ਹੈ। ਪਰਮਾਤਮਾ ਦੀ ਵਡਿਆਈ ਜਾਂ ਗੁਣਗਾਨ ਖਾਧ ਪਦਾਰਥਾਂ ਵਿਚ ਪਾਏ ਜਾਣ ਵਾਲੇ ਮਸਾਲੇ ਸਮਾਨ ਹੈ। ਉਸ ਵਾਹਿਗੁਰੂ ਨਾਲ ਪ੍ਰੇਮ ਕਰਨ ਨਾਲ ਛਤੀ ਪ੍ਰਕਾਰ ਦੇ ਭੋਜਨ ਖਾਣ ਵਾਲਾ ਆਨੰਦ ਮਿਲ ਜਾਂਦਾ ਹੈ। ਇਸ ਤਰ੍ਹਾਂ ਵਾਹਿਗੁਰੂ ਦੇ ਨਾਮ ਸਿਮਰਨ ਵਿਚ ਰਚਣ ਅਤੇ ਜੀਵਨ ਵਿਚ ਧਾਰਨ ਨਾਲ ਸੁਆਦਲਾ ਭੋਜਨ ਤਿਆਰ ਹੁੰਦਾ ਹੈ। ਜੋ ਜਗਿਆਸੂ ਦੀ ਰੂਹ ਨੂੰ ਸਰਸ਼ਾਰ ਕਰ ਦਿੰਦਾ ਹੈ। ਪਰ ਇਹ ਸੁਆਦ ਉਹੀ ਚਖ ਸਕਦਾ ਹੈ, ਜਿਸ ਉਤੇ ਪਰਮਾਤਮਾ ਦੀ ਮਿਹਰ ਹੋ ਜਾਵੇ:

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥[63]

ਗੁਰੂ ਅਰਜਨ ਦੇਵ ਜੀ ਅਨੁਸਾਰ ਮਨੁਖ ਦੇ ਹਿਰਦੇ ਰੂਪੀ ਰਸੋਈ ਵਿਚ ਪਰਮਾਤਮਾ ਦੀ ਸਿਫ਼ਤ-ਸਾਲਾਹ ਰੂਪੀ ਭੋਜਨ ਤਿਆਰ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਜਿਵੇਂ ਇਕ ਇਸਤਰੀ ਰਸੋਈ ਨੂੰ ਸਾਫ਼ ਕਰਕੇ ਆਪਣੇ ਪਤੀ ਲਈ ਮਿਠੇ ਤੇ ਰਸੀਲੇ ਪਦਾਰਥ ਬਣਾਉਂਦੀ ਹੈ, ਉਸੇ ਤਰ੍ਹਾ ਮੈਂ ਆਪਣੇ ਹਿਰਦੇ ਨੂੰ ਰਸੋਈ

---

61 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 487.

62 ਉਹੀ, ਪੰਨਾ 361.

63 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16.

ਬਣਾ ਕੇ ਭੋਜਨ ਤਿਆਰ ਕੀਤਾ ਹੈ। ਕਿਰਪਾ ਕਰਕੇ ਇਸ ਨੂੰ ਕਬੂਲ ਕਰੋ:

ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥[64]

ਖਾਣ ਦੇ ਤਰੀਕੇ ਨੂੰ ਮੁਖ ਰਖ ਕੇ ਭੋਜਨ ਨੂੰ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(ੳ) ਭਖਯ- ਜੋ ਦੰਦ ਦਾੜ੍ਹਾਂ ਦੀ ਸਹਾਇਤਾ ਨਾਲ ਖਾਧੇ ਜਾਣ, ਜਿਵੇਂ ਰੋਟੀ, ਪੂਰੀ, ਕਚੌਰੀ ਆਦਿ।

(ਅ) ਭੋਜਯ- ਜੋ ਕੇਵਲ ਦਾੜ੍ਹਾਂ ਦੀ ਸਹਾਇਤਾ ਨਾਲ ਖਾਧੇ ਜਾਣ, ਜਿਵੇਂ ਭੁਜੇ ਦਾਣੇ, ਬਦਾਮ ਆਦਿ।

(ੲ) ਲੇਹਯ- ਜੋ ਜੀਭ ਨਾਲ ਚੱਟੇ ਜਾਣ, ਲਾਪਸੀ ਚਟਨੀ ਆਦਿ।

(ਸ) ਪੇਯ- ਜੋ ਪੀਤੇ ਜਾਣ, ਦੁੱਧ, ਦਹੀਂ, ਸ਼ਰਬਤ ਆਦਿ।

(ਹ) ਚੋਸ਼ਯ- ਜੋ ਚੂਸੇ ਜਾਣ, ਅੰਬ, ਗੰਨਾ ਆਦਿ।[65]

ਗੁਰਮਤਿ ਵਿਚ ਭੋਜਨ ਨੂੰ ਸਰੀਰ ਦੀ ਜ਼ਰੂਰੀ ਲੋੜ ਗਰਦਾਨਿਆ ਗਿਆ ਹੈ ਪਰ ਨਾਲ ਹੀ ਖਾਣ ਸੰਬੰਧੀ ਕੁਝ ਸੇਧਾਂ ਵੀ ਦਿਤੀਆਂ ਗਈਆਂ ਹਨ। ਇਹਨਾਂ ਦੀ ਪਾਲਨਾ ਸਰੀਰਕ ਰਿਸ਼ਟਪੁਸ਼ਤਾ ਅਤੇ ਬੀਮਾਰੀਆਂ ਦੇ ਬਚਾਅ ਲਈ ਲਾਹੇਵੰਦ ਹੈ। ਗੁਰਬਾਣੀ ਵਿਚ ਸੁਆਦਿਸ਼ਟ ਖਾਣੇ ਖਾਣ ਤੋਂ ਮਨਾਹੀ ਨਹੀਂ ਕੀਤੀ ਗਈ, ਪਰ ਖਾਣਾ ਸੰਜਮ ਵਿਚ ਰਹਿ ਕੇ ਖਾਣਾ ਚਾਹੀਦਾ ਹੈ। ਗੁਰਬਾਣੀ ਵਿਚ ਖਾਣੇ ਸੰਬੰਧੀ ਮਿਲਦੀਆਂ ਸੇਧਾਂ ਨੂੰ ਮੁਖ ਰਖ ਕੇ ਖਾਧ ਪਦਾਰਥਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

1. ਖਾਣਯੋਗ ਪਦਾਰਥਾਂ ਸੰਬੰਧੀ ਅਤੇ

2. ਨਾ ਖਾਣਯੋਗ ਪਦਾਰਥਾਂ ਸੰਬੰਧੀ।

**1. ਖਾਣਯੋਗ ਪਦਾਰਥਾਂ ਵਿਚ ਹੇਠ ਲਿਖੇ ਪਦਾਰਥ ਆਉਂਦੇ ਹਨ:**

ਖਾਣਯੋਗ ਪਦਾਰਥ ਉਹਨਾਂ ਪਦਾਰਥਾਂ ਨੂੰ ਕਿਹਾ ਜਾ ਸਕਦਾ ਹੈ, ਜਿਹੜੇ ਸਰੀਰ ਅਤੇ ਮਨ ਨੂੰ ਤੰਦਰੁਸਤ ਰਖਣ। ਮਿਠੇ ਪਦਾਰਥਾਂ ਵਿਚ ਸ਼ਹਿਦ, ਰਸ, ਗੁੜ, ਖੰਡ, ਮਿਸਰੀ, ਕਲੀਕੰਦ, ਮਠਿਆਈਆਂ[66] ਆਦਿਕ ਆਉਂਦੇ ਹਨ। ਦੁਧ ਪਦਾਰਥਾਂ ਵਿਚ ਦਹੀਂ, ਮਖਣ, ਪਨੀਰ, ਲੱਸੀ, ਘਿਓ, ਖੋਇਆ, ਖੀਰ[67] ਅਦਿਕ

---

64 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1266.

65 ਗੁਰਮਤ ਮਾਰਤੰਡ (ਭਾਗ ਪਹਿਲਾ), ਪੰਨਾ 318.

66 ਗੰਨਾ ਕੋਲੂ ਪੀੜੀਐ ਰਸੁ ਦੇ ਦਰਹਾਲਾ। ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।
ਕੋਈ ਖੰਡ ਸਵਾਰਦਾ ਮਖਣ ਮਸਾਲਾ। ਹੋਵੈ ਮਿਸਰੀ ਕਲੀਕੰਦ ਮਿਠਿਆਈ ਢਾਲਾ। (ਵਾਰਾਂ ਭਾਈ ਗੁਰਦਾਸ ਜੀ, ਵਾਰ 2 ਪਉੜੀ 12)

67 ਦੁਧਹੁ ਦਹੀ ਜਮਾਈਐ ਕਰਿ ਨਿਹਚਲੁ ਧਰਣਾ।
ਦਹੀ ਵਿਲੋਇ ਅਲੋਈਐ ਛਾਹਿ ਮਖਣ ਤਰਣਾ।
ਮਖਣੁ ਤਾਇ ਅਉਟਾਇਕੈ ਘਿਉ ਨਿਰਮਲ ਕਰਣਾ। (ਵਾਰਾਂ ਭਾਈ ਗੁਰਦਾਸ ਜੀ, ਵਾਰ 2 ਪਉੜੀ 13)

ਆਉਂਦੇ ਹਨ।

ਫਲਾਂ ਵਿਚ ਅੰਬ, ਆੜੂ, ਸੇਬ, ਪੀਲੂ, ਪੀਂਡੂ, ਕੇਲੇ, ਜਾਮਣ, ਤੂਤੀਆਂ, ਖਜ਼ੂਰ, ਦਾਖਾਂ, ਬੇਰ, ਅਖਰੋਟ ਅਨਾਰ ਆਦਿਕ ਆਉਂਦੇ ਹਨ ਪਰ ਅੱਕ ਦੇ ਟਿਡੇ ਨੂੰ ਇਹ ਬਿਲਕੁ ਵੀ ਚੰਗੇ ਨਹੀਂ ਲਗਦੇ। ਉਹ ਇਹਨਾਂ ਫਲਾਂ ਨੂੰ ਛਡ ਕੇ ਅਕ ਦੇ ਬੂਟੇ 'ਤੇ ਜਾ ਕੇ ਬੈਠੇਗਾ। ਇਸੇ ਤਰ੍ਹਾਂ ਨਸ਼ਈ ਵੀ ਚੰਗੇ ਖਾਧ ਪਦਾਰਥ ਛਡ ਕੇ ਨਸ਼ਿਆਂ ਵਲ ਭਜਦੇ ਹਨ। ਮਨਮੁਖ ਬੰਦੇ ਸਤਸੰਗਤ ਰੂਪੀ ਚੰਗੇ ਪਦਾਰਥਾਂ ਦੀ ਖਾਣ ਵਿਚ ਜਾ ਕੇ ਵੀ ਵਿਕਾਰ ਹੀ ਕਮਾਉਂਦਾ ਹੈ। ਅਜਿਹਾ ਮਨੁਖ ਲੋਕ ਪਰਲੋਕ ਕਿਤੇ ਢੋਈ ਨਹੀਂ ਪਾ ਸਕਦਾ:

ਵਣ ਵਿਚਿ ਫਲੈ ਵਣਾਸਪਤਿ ਬਹੁ ਰਸ ਗੰਧ ਸੁਗੰਧ ਸੁਹੰਦੇ।
ਅੰਬ ਸਦਾ ਫਲ ਸੋਹਣੇ ਆੜੂ ਸੇਵ ਅਨਾਰ ਫਲੰਦੇ।
ਦਾਖ ਬਿਜਉਰੀ ਜਾਮਣੂ ਖਿਰਣੀ ਤੂਤ ਖਜੂਰਿ ਅਨੰਦੇ।
ਪੀਲੂ ਪੇਝੂ ਬੇਰ ਬਹੁ ਕੇਲੇ ਤੇ ਅਖਰੋਟ ਬਣੰਦੇ।
ਮੂਲਿ ਨ ਭਾਵਨਿ ਅਕਟਿਡਿ ਅੰਮ੍ਰਿਤ ਫਲ ਤਜਿ ਅਕਿ ਵਸੰਦੇ।
ਜੇ ਥਣ ਜੋਕ ਲਵਾਈਐ ਦੁਧ ਨ ਪੀਐ ਲੋਹੂ ਗੰਦੇ।
ਸਾਧਸੰਗਤਿ ਗੁਰੁ ਸਬਦੁ ਸੁਣਿ ਗਣਤੀ ਅੰਦਰਿ ਝਾਖ ਝਖੰਦੇ।
ਕਪਟ ਸਨੇਹ ਨ ਥੇਹਿ ਜੜੰਦੇ ॥19॥[68]

ਗੁਰਬਾਣੀ ਵਿਚ ਸੰਤੁਲਨ ਦੀ ਬੜੀ ਮਹਤਤਾ ਹੈ। ਅੰਨ ਸੰਬੰਧੀ ਭਾਵੇਂ ਸੁਆਦਲੇ ਪਦਾਰਥਾਂ ਦੀ ਮਨਾਹੀ ਨਹੀਂ, ਪਰ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਮਨੁਖ ਨੂੰ ਆਪਣੀ ਸਮਰਥਾ ਅਨੁਸਾਰ ਹੀ ਖਾਣਾ ਪੀਣਾ ਚਾਹੀਦਾ ਹੈ। ਕਿਸੇ ਦੀ ਰੀਸ ਕਰਕੇ ਖਾਧਾ ਹੋਇਆ ਜ਼ਿੰਦਗੀ ਦੇ ਗੁਜ਼ਾਰੇ ਦਾ ਸੰਤੁਲਨ ਵਿਗਾੜ ਦਿੰਦਾ ਹੈ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥[69]

ਬਾਬਾ ਫਰੀਦ ਜੀ ਕਹਿੰਦੇ ਹਨ ਕਿ ਮੇਰੀ ਰੋਟੀ ਮਿਹਨਤ ਦੀ ਕਮਾਈ ਦੀ ਹੈ ਅਤੇ ਨਾਲ ਖਾਣ ਵਾਸਤੇ ਸਬਜ਼ੀ ਵਜੋਂ ਮੇਰੀ ਭੁਖ ਹੈ। ਜਿਹਨਾਂ ਨੇ ਮਿਹਨਤ ਤੋਂ ਬਿਨਾਂ ਕਮਾਇਆ ਸੁਆਦਿਸ਼ਟ ਭੋਜਨ ਖਾਧਾ, ਉਹਨਾਂ ਨੂੰ ਦੁਖਾਂ ਦਾ ਸਾਹਮਣ ਕਰਨਾ ਪਵੇਗਾ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥

---

68 ਵਾਰਾਂ ਭਾਈ ਗੁਰਦਾਸ ਜੀ, ਵਾਰ 17 ਪਉੜੀ 19.

69 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379.

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥[70]

ਗੁਰਬਾਣੀ ਇਕ ਥਾਲ ਹੈ ਜਿਸ ਵਿਚ ਸ਼ਬਦ ਰੂਪੀ ਮਿਠੀਆਂ ਰੋਟੀਆਂ ਪਈਆਂ ਹਨ। ਇਹਨਾਂ ਰੋਟੀਆਂ ਦਾ ਆਨੰਦ ਉਹੀ ਮਾਣ ਸਕਦਾ ਹੈ, ਜਿਸ ਨੇ ਸ਼ਬਦ ਦੀ ਵੀਚਾਰ ਕਰਕੇ ਉਸ ਦੇ ਆਸ਼ੇ ਅਨੁਸਾਰ ਚਲ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ। ਉਹੀ ਇਸ ਭੋਜਨ ਦਾ ਰਜ-ਰਜ ਕੇ ਆਨੰਦ ਮਾਣਦੇ ਹਨ:

ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥[71]

**2. ਨਾ ਖਾਣਯੋਗ ਪਦਾਰਥ:**

ਜਿਹੜੇ ਪਦਾਰਥ ਸਰੀਰ ਅਤੇ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਹਨਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਗੁਰਮਤਿ ਵਿਚ ਕਿਸੇ ਵੀ ਅਮਲ ਨੂੰ ਪ੍ਰਵਾਨਗੀ ਨਹੀਂ ਹੈ ਕਿਉਂਕਿ ਇਹ ਕਿਸੇ ਤਰ੍ਹਾਂ ਵੀ ਸਰੀਰ ਅਤੇ ਮਨ ਨੂੰ ਤੰਦਰੁਸਤੀ ਨਹੀਂ ਦਿੰਦੇ। ਅਮਲੀ ਬੰਦੇ ਦਾ ਧਿਆਨ ਹਮੇਸ਼ਾ ਵਿਕਾਰਾਂ ਵਿਚ ਰਹਿੰਦਾ ਹੈ। ਸਰੀਰ ਨੂੰ ਕਮਜ਼ੋਰ ਅਤੇ ਸੁਸਤ ਬਣਾ ਦਿੰਦਾ ਹੈ। ਮਨੁਖ ਚੰਗੇ ਕੰਮਾਂ ਤੋਂ ਭਜਦਾ ਹੈ ਅਤੇ ਬੁਰੇ ਕੰਮਾਂ ਵਲ ਪ੍ਰੇਰਿਤ ਹੁੰਦਾ ਹੈ। ਅਮਲ ਸਭਿਅਕ ਮਨੁਖ ਨੂੰ ਅਸਭਿਅਕ ਅਤੇ ਆਚਰਣਹੀਨ ਬਣਾ ਦਿੰਦੇ ਹਨ। ਇਸ ਸੰਬੰਧੀ ਗੁਰਮਤ ਮਾਰਤੰਡ ਲਿਖਿਆ ਹੈ:

> "ਅਮਲ ਕੋਈ ਖਾਏ ਨਹੀ, ਅਮਲ ਖਾਣਾ ਇਸ ਵਾਸਤੇ ਮਨਹਿ ਹੈ, ਜੋ ਦੇਹ ਨੂੰ ਸੁਸਤੀ ਕਰਦਾ ਹੈ। ਸਿਮਰਣ ਅਤੇ ਦੁਨੀਆਂ ਦੀ ਕਿਰਤ ਸੇ ਫੇਰ ਰੱਖਦਾ ਹੈ, ਕਰਣੇ ਨਾਹੀਂ ਦਿੰਦਾ, ਅਰੁ ਬਦ-ਅਮਲਾਂ ਨੂੰ ਦੌੜਾਉਂਦਾ ਹੈ, ਸਵਾਦਾਂ ਨੂੰ ਚਾਂਹਦਾ ਹੈ, ਸਵਾਦ ਕਰ ਕੈ ਬਦ-ਅਮਲ ਹੁੰਦੇ ਹੈਨ।[72]

ਗੁਰਬਾਣੀ ਵਿਚ ਕਈ ਥਾਵਾਂ 'ਤੇ ਅਜਿਹੇ ਵੀਚਾਰ ਮਿਲਦੇ ਹਨ ਜਿਹਨਾਂ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਪਣੀ ਜੀਭ ਦੇ ਸੁਆਦ ਕਾਰਨ ਦੂਸਰੇ ਜੀਵਾਂ ਨੂੰ ਮਾਰ ਕੇ ਉਹਨਾਂ ਦਾ ਮਾਸ ਖਾਣਾ ਅਯੋਗ ਹੈ। ਭਗਤ ਕਬੀਰ ਜੀ ਤਾਂ ਮਾਸ ਖਾਣ ਨੂੰ ਸਿਧਾ ਹੀ ਪਾਪ ਐਲਾਨਦੇ ਹਨ ਅਤੇ ਆਖਦੇ ਹਨ ਕਿ ਜੀਵਾਂ ਦਾ ਮਾਸ ਖਾਣ ਦੇ ਇਵਜ ਵਜੋਂ ਖਾਣ ਵਾਲੇ ਨੂੰ ਆਪਣਾ ਗਲਾ ਕਟਵਾਉਣਾ ਪਵੇਗਾ। ਭਾਵ ਇਹ ਇਕ ਅਪਰਾਧ ਹੈ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥

---

[70] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379.

[71] ਉਹੀ, ਪੰਨਾ 1096.

[72] ਗੁਰਮਤ ਮਾਰਤੰਡ (ਭਾਗ ਪਹਿਲਾ), ਪੰਨਾ 322.

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੯੮॥[73]

ਹਲਾਲ ਮਾਸ ਖਾਣ ਬਾਰੇ ਭਗਤ ਕਬੀਰ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥

ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥[74]

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥ [75]

ਮਾਸ ਖਾਣ ਵਾਲਾ ਨਿਰਦਈ ਹੁੰਦਾ ਹੈ। ਉਪਰੋਕਤ ਪੰਕਤੀਆਂ ਵਿਚ ਆਏ 'ਦਈ' ਸ਼ਬਦ ਬਾਰੇ ਪ੍ਰੋ. ਸਾਹਿਬ ਸਿੰਘ ਕਹਿੰਦੇ ਹਨ ਕਿ 'ਦਈ' ਸ਼ਬਦ ਦਾ ਅਰਥ ਹੈ ਸਭ ਨੂੰ ਪਿਆਰ ਕਰਨ ਵਾਲਾ। ਉਹਨਾਂ ਅਨੁਸਾਰ, "ਜੋ ਲੋਕ ਇਹ ਯਕੀਨ ਰੱਖਦੇ ਹਨ ਕਿ ਖ਼ੁਦਾ ਕਿਸੇ ਕੁਰਬਾਨੀ ਦੇ ਦੇਣ ਨਾਲ ਖ਼ੁਸ਼ ਹੁੰਦਾ ਹੈ ਅਤੇ ਗੁਨਾਹ ਬਖ਼ਸ਼ ਦੇਂਦਾ ਹੈ, ਉਹ ਉਸ ਨੂੰ 'ਰੱਬਲਿ-ਆਲਮੀਨ' ਭੀ ਆਖਦੇ ਹਨ। ਸਾਰੇ ਆਲਮ ਦਾ ਪਾਲਣਹਾਰ ਹੁੰਦਿਆਂ ਉਹ ਉਸ ਗਾਂ ਆਦਿਕ ਪਸ਼ੂ ਨੂੰ ਭੀ ਪਾਲਦਾ ਤੇ "ਪਿਆਰਦਾ" ਹੈ। ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਬੰਦੇ ਨਾਲ ਖੁਸ਼ ਹੋਵੇ ਜੋ ਉਸੇ ਦੇ ਹੀ ਪਿਆਰੇ ਤੇ ਪਾਲੇ ਹੋਏ ਨੂੰ ਉਸੇ ਦੀ ਖ਼ਾਤਰ ਜ਼ਬਹ ਕਰੇ, ਤੇ ਆਪੇ ਖਾ ਪੀ ਕੇ ਇਹ ਸਮਝ ਲਏ ਕਿ ਇਹ ਕੁਰਬਾਨੀ ਖ਼ੁਦਾ ਨੂੰ ਅੱਪੜ ਗਈ ਹੈ, ਤੇ ਉਸ ਨੇ ਮੇਰੇ ਗੁਨਾਹ ਬਖ਼ਸ਼ ਦਿਤੇ ਹਨ। ਜੋ ਪ੍ਰਾਣੀ, ਸ਼ਰਾਬ, ਭੰਗ ਅਤੇ ਹੋਰ ਨਸ਼ਿਆਂ ਦਾ ਸੇਵਨ ਕਰਦੇ ਹਨ ਅਤੇ ਮਛੀ ਆਦਿਕ ਦਾ ਮਾਸ ਖਾਂਦੇ ਹਨ, ਉਹਨਾਂ ਦੇ ਤੀਰਥ, ਵਰਤ ਅਤੇ ਹੋਰ ਪੁੰਨ ਕਰਮ ਗਰਕ ਹੋ ਜਾਂਦੇ ਹਨ ਭਾਵ ਵਿਅਰਥ ਹਨ। [76]

ਗੁਰੂ ਸਾਹਿਬ ਦੇ ਸਮੇਂ ਕਾਜੀ ਰਿਸ਼ਵਤਖੋਰ ਸਨ ਅਤੇ ਇਹਨਾਂ ਅਗੇ ਕੰਮ ਕਰਨ ਵਾਲੇ ਖਤਰੀ ਲੋਕ ਗਲਾਂ ਵਿਚ ਤਾਂ ਜਨੇਊ ਪਾਉਂਦੇ ਸਨ ਪਰ ਇਹ ਵੀ ਆਮ ਲੋਕਾਂ 'ਤੇ ਜ਼ੁਲਮ ਕਮਾਉਂਦੇ ਸਨ। ਮਾਨੋ ਇਹ ਵੀ ਅਨਿਆਂ ਦੀਆਂ ਛੁਰੀਆਂ ਹਥਾਂ ਵਿਚ ਫੜ ਕੇ ਮਜ਼ਲੂਮਾਂ ਨੂੰ ਲੁਟਦੇ ਸਨ। ਇਸ ਤਰ੍ਹਾਂ ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਕਮਾਈਆਂ ਵਿਚ ਗਰੀਬਾਂ ਦਾ ਖ਼ੂਨ ਸੀ। ਬ੍ਰਾਹਮਣ ਆਪਣੇ ਆਪ ਨੂੰ ਸਭ ਤੋਂ ਪਵਿਤਰ ਸਮਝਦੇ ਸਨ। ਉਹ ਸ਼ੂਦਰਾਂ ਨੂੰ ਆਪਣੇ ਤੋਂ ਦੂਰ ਹੀ ਰਖਦੇ ਸਨ। ਇਹ ਬ੍ਰਾਹਮਣ ਖਤਰੀਆਂ ਦੇ ਘਰਾਂ ਵਿਚ ਜਾ ਕੇ ਨਾਦ ਪੂਰਦੇ ਹਨ। ਅਗੋਂ ਖਤਰੀ ਉਹਨਾਂ ਨੂੰ ਦਾਨ ਕਰਦੇ ਸਨ। ਬ੍ਰਾਹਮਣ ਗਰੀਬਾਂ ਦਾ ਇਹ ਰੱਤ ਭਿੱਜਾ ਅੰਨ ਲੈ ਕੇ ਚਉਂਕੇ 'ਤੇ ਪਕਾਉਂਦੇ ਸਨ ਅਤੇ ਚੌਂਕੇ ਦੇ ਦੁਆਲੇ ਲਕੀਰਾਂ ਖਿਚ ਦਿੰਦੇ ਸਨ ਕਿ ਕੋਈ ਸ਼ੂਦਰ

---

73 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374.

74 ਉਹੀ, ਪੰਨਾ 1375.

75 ਉਹੀ, ਪੰਨਾ 1377.

76 ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ 60.

ਨਾ ਚੜ੍ਹ ਜਾਵੇ ਪਰ ਉਹਨਾਂ ਦਾ ਅੰਨ ਤਾਂ ਪਹਿਲਾਂ ਹੀ ਭਿਟਿਆ ਹੁੰਦਾ ਸੀ। ਇਹਨਾਂ ਦਾ ਸਰੀਰ ਵੀ ਅਪਵਿਤਰ ਸੀ ਅਤੇ ਮਨ ਵੀ। ਅਪਵਿਤਰ ਮਨ ਨਾਲ ਹੀ ਇਹ ਚੁਲੀਆਂ ਕਰਦੇ ਹਨ। ਅਸਲੀ ਸੁਚ ਤਾਂ ਉਦੋਂ ਹੀ ਹੋ ਸਕਦੀ ਜੇ ਪਿਆਰੇ ਦਾ ਮੇਲ ਹੋ ਜਾਵੇ:

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥

.............................................................................

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥[77]

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥

....................................................

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥[78]

ਭਾਈ ਦੇਸਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਕਹਿੰਦੇ ਹਨ ਕਿ ਜੋ ਮਨੁਖ ਕੁਠਾ ਮਾਸ, ਤੰਮਾਕੂ, ਚਰਸ, ਗਾਂਜਾ ਆਦਿਕ ਨਸ਼ੇ ਨਹੀਂ ਕਰਦਾ, ਉਹ ਹੀ ਰਹਿਤ ਵਾਲਾ ਸਿਖ ਹੈ:

ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ॥30॥

ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਜੋ ਸਿੰਘ ਬਿਸੇਖੈ।[79]

ਮੁਸਲਮਾਨਾਂ ਵਿਚ ਇਹ ਮਨੌਤ ਹੈ ਕਿ ਜੇਕਰ ਕਪੜਿਆਂ ਨੂੰ ਖ਼ੂਨ ਲਗ ਜਾਵੇ ਤਾਂ ਉਹ ਅਪਵਿਤਰ ਹੋ ਜਾਂਦੇ ਹਨ ਅਤੇ ਨਮਾਜ਼ ਪੜ੍ਹਨ ਦੇ ਯੋਗ ਨਹੀਂ ਰਹਿੰਦੇ। ਉਹ ਦਿਲ ਜਿਹੜੇ ਗਰੀਬਾਂ ਦੇ ਹਕ ਰੂਪੀ ਖ਼ੂਨ ਪੀਂਦੇ ਹਨ ਅਤੇ ਜੀਵਾਂ ਨੂੰ ਮਾਰ ਕੇ ਉਹਨਾਂ ਦਾ ਖ਼ੂਨ ਅਤੇ ਮਾਸ ਖਾਂਦੇ ਹਨ ਉਹ ਕਿਵੇਂ ਪਵਿਤਰ ਰਹਿ ਸਕਦੇ ਹਨ। ਸੱਚੇ ਮਨ ਨਾਲ ਲਿਆ ਪਰਮਾਤਮਾ ਦਾ ਨਾਮ ਹੀ ਸਫਲ ਹੈ। ਇਸ ਤੋਂ ਬਿਨਾਂ ਤਾਂ ਸਭ ਵਿਅਰਥ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥[80]

---

[77] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472.

[78] ਉਹੀ, ਪੰਨਾ 1195.

[79] ਉਦਰਿਤ, ਪ੍ਰੋ. ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 130.

[80] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 140.

ਖਾਣ ਪੀਣ ਦੇ ਮਸਲੇ ਵਿਚ ਬਹੁਤ ਸੋਚ ਸਮਝ ਕੇ ਚਲਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਦੀ ਆਮ ਕਹਾਵਤ ਹੈ ਕਿ 'ਜੈਸਾ ਅੰਨ ਤੈਸਾ ਮਨ' ਭਾਵ ਜਿਹੋ ਜਿਹਾ ਖਾਣਾ ਖਾਧਾ ਜਾਵੇ, ਉਸੇ ਤਰ੍ਹਾਂ ਦਾ ਮਨ ਬਣ ਜਾਂਦਾ ਹੈ। ਪਰਮਾਤਮਾ ਦੀ ਯਾਦ ਤੋਂ ਬਿਨਾਂ ਖਾਣਾ ਪੀਣਾ ਧ੍ਰਿਗ ਹੈ ਜਿਵੇਂ ਕੋਈ ਕੁਤਾ ਜੂਠ ਖਾਂਦਾ ਹੈ। ਨਾਮ ਤੋਂ ਬਿਨਾਂ ਕੀਤੇ ਰਸ ਭੋਗ ਸੁਖ ਨਹੀਂ ਦਿੰਦੇ ਅਤੇ ਸਰੀਰ ਨੂੰ ਰੋਗ ਲਾ ਦਿੰਦੇ ਹਨ:

ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥੧॥

……………………………………………………………….

ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥[81]

ਗੁਰਮਤਿ ਵਿਚ ਪਾਨ ਸੁਪਾਰੀ[82], ਬੀੜੀਆਂ[83], ਭੰਗ, ਸ਼ਰਾਬ, ਆਦਿਕ ਨਸ਼ਿਆਂ ਦੀ ਸਖਤ ਮਨਾਹੀ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਸਾਰੇ ਰਸ ਫਿਕੇ ਹਨ। ਦੁਨਿਆਵੀ ਰਸਾਂ ਨਾਲ ਤਨ ਤੇ ਮਨ ਫਿਕਾ ਹੋ ਜਾਂਦਾ ਹੈ:

ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥

ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥[84]

ਮਨੁਖੀ ਭੁਖ ਦੀ ਤ੍ਰਿਪਤੀ ਕੇਵਲ ਪਰਮਾਤਮਾ ਦੇ ਨਾਮ ਵਿਚ ਹੀ ਹੈ। ਮਨੁਖ ਪਰਮਾਤਮਾ ਦੀਆਂ ਦਾਤਾਂ ਨਾਲ ਹੀ ਰਜ ਸਕਦਾ ਹੈ। ਕੋਈ ਮਨੁਖ ਕਿਸੇ ਦੀ ਤ੍ਰਿਪਤੀ ਨਹੀਂ ਕਰ ਸਕਦਾ ਇਸ ਲਈ ਕਿਸੇ ਦੀ ਮੁਥਾਜੀ ਨਹੀਂ ਕਰਨੀ ਚਾਹੀਦੀ, ਸਗੋਂ ਪਰਮਾਤਮਾ ਤੋਂ ਹੀ ਮਗਣਾ ਚਾਹੀਦਾ ਹੈ:

ਹਰਿ ਜੀਉ ਤੇਰੀ ਦਾਤੀ ਰਾਜਾ ॥

ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥[85]

ਸਾਰੀ ਦੁਨੀਆਂ ਭੁਖ ਦੇ ਵਸ ਹੈ। ਹਰ ਕੋਈ ਭੁਖ ਦੀ ਤ੍ਰਿਪਤੀ ਦੇ ਪਿਛੇ ਤੁਰਿਆ ਫਿਰਦਾ ਹੈ। ਭੁਖ ਕੇਵਲ ਭੋਜਨ ਤਕ ਹੀ ਸੀਮਤ ਨਹੀਂ, ਸਗੋਂ ਘਰਬਾਰ, ਕੋਠੀਆਂ, ਕਾਰਾਂ, ਅਹੁਦੇ, ਵਡਿਆਈ ਆਦਿਕ ਦੀ ਵੀ ਹੁੰਦੀ ਹੈ। ਇਹਨਾਂ ਪਿਛੇ ਮਨੁਖ ਕਮਲਾ ਹੋਇਆ ਫਿਰਦਾ ਹੈ। ਪਰ ਗੁਰਬਾਣੀ ਅਨੁਸਾਰ ਉਹ ਮਨੁਖ ਵਡੇ

---

81 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 240.

82 ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥
ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥੩੪॥ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1366

83 ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 26

84 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨ 158.

85 ਉਹੀ, ਪੰਨਾ 609.

ਭਾਗਾਂ ਵਾਲਾ ਹੈ, ਜਿਸ ਨੂੰ ਪਰਮਾਤਮਾ ਦੇ ਮਿਲਾਪ ਦੀ ਤਾਂਘ ਹੈ। ਪਰਮਾਤਮਾ ਦੀ ਕਿਰਪਾ ਜਿਸ ਦੀ ਉਸ ਨਾਲ ਸਾਂਝ ਪੈ ਜਾਂਦੀ ਹੈ ਉਸ ਦੀ ਮਾਇਆ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ ਅਤੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ:

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥2॥[86]
ਠਾਕੁਰ ਸਿਉ ਜਾ ਕੀ ਬਨਿ ਆਈ ॥ਭੋਜਨ ਪੂਰਨ ਰਹੇ ਅਘਾਈ ॥੧॥[87]

ਭੋਜਨਾਂ ਦੀ ਸੰਸਾਰ ਵਿਚ ਘਾਟ ਨਹੀਂ। ਨਿਤ ਨਵੇਂ ਭੋਜਨਾਂ ਦੀਆਂ ਹੋਰ ਕਿਸਮਾਂ ਬਣ ਰਹੀਆਂ ਹਨ। ਪਰ ਗੁਰਮਤਿ ਨੇ ਅਜਿਹੇ ਭੋਜਨ ਨੂੰ ਤਰਜੀਹ ਦਿਤੀ ਹੈ, ਜਿਸ ਦੇ ਖਾਇਆਂ ਮਨ ਦੀ ਤ੍ਰਿਪਤੀ ਹੁੰਦੀ ਹੈ ਅਤੇ ਜੀਵਨ ਸਫਲ ਹੋ ਜਾਵੇ। ਸਤ, ਸੰਤੋਖ ਅਤੇ ਸ਼ਬਦ ਦੇ ਵੀਚਾਰ ਨੂੰ ਮਿਲਾ ਕੇ ਜੋ ਭੋਜਨ ਬਣਦਾ ਹੈ, ਉਸ ਨੂੰ ਖਾਣ ਅਤੇ ਪਚਾਉਣ ਨਾਲ ਜੀਵਨ ਦਾ ਆਧਾਰ ਹੋ ਜਾਂਦਾ ਹੈ। ਇਹ ਅਜਿਹਾ ਭੋਜਨ ਹੈ ਕਿ ਜਿਸ ਨੇ ਛਕ ਲਿਆ, ਉਸ ਅੰਦਰ ਇਸ ਦਾ ਸੁਆਦ ਰਚ ਗਿਆ ਜੋ ਮੁੜ ਕੇ ਕਦੇ ਵੀ ਛਡਿਆ ਨਹੀਂ ਜਾ ਸਕਦਾ:

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥[88]

ਗੁਰਬਾਣੀ ਵਿਚ ਸੰਤੁਲਨ ਦੀ ਬੜੀ ਮਹਤਤਾ ਹੈ। ਅੰਨ ਸੰਬੰਧੀ ਭਾਵੇਂ ਸੁਆਦਲੇ ਪਦਾਰਥਾਂ ਦੀ ਮਨਾਹੀ ਨਹੀਂ, ਪਰ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਮਨੁਖ ਨੂੰ ਆਪਣੀ ਸਮਰਥਾ ਅਨੁਸਾਰ ਹੀ ਖਾਣਾ ਪੀਣਾ ਚਾਹੀਦਾ ਹੈ। ਕਿਸੇ ਦੀ ਰੀਸ ਕਰਕੇ ਖਾਧਾ ਹੋਇਆ ਜ਼ਿੰਦਗੀ ਦੇ ਗੁਜ਼ਾਰੇ ਦਾ ਸੰਤੁਲਨ ਵਿਗਾੜ ਦਿੰਦਾ ਹੈ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥[89]

ਬਾਬਾ ਫਰੀਦ ਜੀ ਕਹਿੰਦੇ ਹਨ ਕਿ ਮੇਰੀ ਰੋਟੀ ਮਿਹਨਤ ਦੀ ਕਮਾਈ ਦੀ ਹੈ ਅਤੇ ਨਾਲ ਖਾਣ

---

86 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 10.

87 ਉਹੀ, ਪੰਨਾ 390.

88 ਉਹੀ, ਪੰਨਾ 1429.

89 ਉਹੀ, ਪੰਨਾ 1379.

ਵਾਸਤੇ ਸਬਜ਼ੀ ਵਜੋਂ ਮੇਰੀ ਭੁਖ ਹੈ। ਜਿਹਨਾਂ ਨੇ ਮਿਹਨਤ ਤੋਂ ਬਿਨਾਂ ਕਮਾਇਆ ਸੁਆਦਿਸ਼ਟ ਭੋਜਨ ਖਾਧਾ, ਉਹਨਾਂ ਨੂੰ ਦੁਖਾਂ ਦਾ ਸਾਹਮਣ ਕਰਨਾ ਪਵੇਗਾ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥[90]

ਗੁਰਬਾਣੀ ਇਕ ਥਾਲ ਹੈ ਜਿਸ ਵਿਚ ਸ਼ਬਦ ਰੂਪੀ ਮਿਠੀਆਂ ਰੋਟੀਆਂ ਪਈਆਂ ਹਨ। ਇਹਨਾਂ ਰੋਟੀਆਂ ਦਾ ਆਨੰਦ ਉਹੀ ਮਾਣ ਸਕਦਾ ਹੈ, ਜਿਸ ਨੇ ਸ਼ਬਦ ਦੀ ਵੀਚਾਰ ਕਰਕੇ ਉਸ ਦੇ ਆਸ਼ੇ ਅਨੁਸਾਰ ਚਲ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ। ਉਹੀ ਇਸ ਭੋਜਨ ਦਾ ਰਜ-ਰਜ ਕੇ ਆਨੰਦ ਮਾਣਦੇ ਹਨ:

ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥[91]

ਮਨੁਖ ਤੇ ਕੀ ਹਰ ਜੀਵ ਦਾ ਖਾਣ ਪੀਣ ਮੁਹਈਆ ਕਰਵਾਉਣਾ ਪਰਮਾਤਮਾ ਦੇ ਹਥ ਹੈ। ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਪੈਦਾ ਕਰਕੇ ਉਸ ਵਿਚਲੇ ਸਾਰੇ ਜੀਵਾਂ ਲਈ ਨਾਲ ਹੀ ਭੋਜਨ ਦਾ ਪ੍ਰਬੰਧ ਵੀ ਕੀਤਾ ਹੈ। ਪਰਮਾਤਮਾ ਨੇ ਜਲ, ਥਲ, ਪਥਰਾਂ ਆਦਿਕ ਹਰ ਥਾਂ ਪੈਦਾ ਕੀਤੇ ਜੀਵਾਂ ਦਾ ਆਹਾਰ ਸੁਵਿਧਾ ਅਨੁਸਾਰ ਉਥੇ ਹੀ ਪੈਦਾ ਕੀਤਾ ਹੋਇਆ ਹੈ। ਇਸ ਕਰਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁਖ ਨੂੰ ਆਪਣੀ ਰੋਜ਼ੀ ਤਾਂ ਖੁਦ ਮਿਹਨਤ ਦੀ ਕਮਾਈ ਨਾਲ ਕਮਾਉਣੀ ਚਾਹੀਦੀ ਹੈ, ਪਰ ਰੋਜ਼ੀ ਦੀ ਕਦੇ ਫ਼ਿਕਰ ਨਹੀਂ ਕਰਨੀ ਚਾਹੀਦੀ, ਕਿਉਂਕਿ ਇਹ ਫ਼ਿਕਰ ਪਰਮਾਤਮਾ ਦੀ ਹੈ। ਪਰਮਾਤਮਾ ਪਾਣੀ ਵਿਚ ਜੀਵ ਪੈਦਾ ਕਰਦਾ ਹੈ। ਉਥੇ ਕੋਈ ਹਟ ਨਹੀਂ ਚਲਦੀ ਅਤੇ ਨਾ ਹੀ ਕੋਈ ਖੇਤੀ ਕਰਕੇ ਅੰਨ ਪੈਦਾ ਕਰਦਾ ਹੈ। ਉਥੇ ਕਿਸੇ ਤਰ੍ਹਾਂ ਦਾ ਚੀਜ਼ਾਂ ਲੈਣ ਦੇਣ ਦਾ ਸੌਦਾ ਵੀ ਨਹੀਂ ਹੁੰਦਾ। ਉਥੇ ਪਰਮਾਤਮਾ ਨੇ ਜੀਵ ਹੀ ਦੂਜੇ ਜੀਵਾਂ ਦਾ ਆਹਾਰ ਬਣਾਏ ਹਨ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥੧॥[92]

---

[90] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379.

[91] ਉਹੀ, ਪੰਨਾ 1086.

[92] ਉਹੀ, ਪੰਨਾ 955.

ਇਹ ਆਹਰ ਪਰਮਾਤਮਾ ਦਾ ਹੈ। ਜੀਵ ਜਿਥੇ ਵੀ ਹੈ, ਉਸ ਦਾ ਆਹਾਰ ਪਰਮਾਤਮਾ ਨੇ ਪਹੁੰਚਾਉਣਾ ਹੈ:

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥[93]

ਪਰਮਾਤਮਾ ਸਭ ਨੂੰ ਦੇਣ ਵਾਲਾ ਦਾਤਾ ਹੈ। ਜਿਸ ਕਿਸੇ ਨੂੰ ਜਸ ਵੀ ਮਿਲਦਾ ਹੈ, ਉਹ ਉਸ ਦੀ ਰਜ਼ਾ ਨਾਲ ਹੀ ਮਿਲਦਾ ਹੈ। ਕਿਸੇ ਨੂੰ ਪਰਮਾਤਮਾ ਇੰਨਾ ਦਿੰਦਾ ਹੈ ਕਿ ਚੰਗੇ ਚੰਗੇ ਪਦਾਰਥ ਵੀ ਪਸੰਦ ਨਹੀਂ ਆਉਂਦੇ ਅਤੇ ਕਿਸੇ ਨੂੰ ਸੁਕੀ ਰੋਟੀ ਲਈ ਵੀ ਘਰ ਘਰ ਮੰਗਣਾ ਪੈਂਦਾ ਹੈ। ਕੋਈ ਰੂੜੀਆਂ ਵਿਚੋਂ ਖਾਣ ਨੂੰ ਦਾਣੇ ਲਭਦਾ ਹੈ:

ਕਬਹੂ ਖੀਰਿ ਖਾਡ ਘੀਉ ਨ ਭਾਵੈ ॥
ਕਬਹੂ ਘਰ ਘਰ ਟੂਕ ਮਗਾਵੈ ॥
ਕਬਹੂ ਕੂਰਨੁ ਚਨੇ ਬਿਨਾਵੈ ॥੧॥[94]

**ਖਾਣ ਪੀਣ ਸੰਬੰਧੀ ਵਖ ਵਖ ਧਰਮਾਂ ਅਤੇ ਮਤਾਂ ਵਿਚ ਵਖਰੇਵੇਂ:**

ਮਧਕਾਲ ਵਿਚ ਭਾਰਤੀ ਸਮਾਜ ਵਿਚ ਦੋ ਮੁਖ ਧਰਮ ਪ੍ਰਚਲਿਤ ਸਨ-ਹਿੰਦੂ ਤੇ ਮੁਸਲਿਮ। ਇਸ ਤੋਂ ਇਲਾਵਾ ਜੈਨ ਧਰਮ, ਬੁਧ ਧਰਮ ਸਨ ਅਤੇ ਜੋਗੀਆਂ, ਨਾਥਾਂ ਦਾ ਬੋਲਬਾਲਾ ਸੀ। ਉਸ ਸਮੇਂ ਇਹਨਾਂ ਧਰਮਾਂ ਦੇ ਸਿਧਾਂਤਾਂ ਅਤੇ ਅਮਲੀ ਜੀਵਨ ਵਿਚ ਇਕ ਬਹੁਤ ਵੱਡਾ ਪਾੜਾ ਪੈ ਚੁਕਾ ਸੀ। ਹਿੰਦੂ ਅਤੇ ਮੁਸਲਮਾਨ ਦੋਨੋਂ ਆਪੋ ਆਪਣੇ ਧਾਰਮਿਕ ਅਕੀਦੇ ਤੋਂ ਗਿਰ ਗਏ ਸਨ। ਹੋਰ ਧਰਮਾਂ ਵਿਚ ਵੀ ਗਿਲਾਨੀ ਆ ਗਈ ਸੀ। ਇਹਨਾਂ ਦੀ ਹਾਲਤ ਬਾਰੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਜ਼ਿਕਰ ਕੀਤਾ ਹੈ:

ਵੇਦ ਕਤੇਬ ਵਖਾਣਦੇ ਸੂਫੀ ਹਿੰਦੂ ਮੁਸਲਮਾਣਾ।
ਮੁਸਲਮਾਣ ਖੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ।
............................................................
ਮੁਸਲਮਾਨ ਮੁਰੀਦ ਪੀਰ ਗੁਰੁ ਸਿਖੀ ਹਿੰਦੂ ਲੋਭਾਣਾ।
ਹਿੰਦੂ ਦਸ ਅਵਤਾਰ ਕਰਿ ਮੁਸਲਮਾਣ ਇਕੋ ਰਹਿਮਾਣਾ।[95]

ਹਿੰਦੂ ਅਤੇ ਮੁਸਲਮਾਨ ਧਰਮ ਉਸ ਵੇਲੇ ਚਾਰ ਵਰਣਾਂ ਵਿਚ ਵੰਡੇ ਹੋਏ ਸਨ। ਮੁਸਲਮਾਨਾਂ ਨੂੰ ਪਰਮਾਤਮਾ ਨੂੰ ਖੁਦਾ ਕਹਿਣਾ ਚੰਗਾ ਲੱਗਦਾ ਤੇ ਹਿੰਦੂਆਂ ਨੂੰ ਪਰਮੇਸ਼ਰ ਕਹਿਣਾ ਚੰਗਾ ਲੱਗਦਾ। ਚਾਰ

---

93 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 495.

94 ਉਹੀ, ਪੰਨਾ 1164.

95 ਭਾਈ ਗੁਰਦਾਸ ਜੀ, ਵਾਰ 39, ਪਉੜੀ 10ਵੀਂ.

ਮਜ਼ਹਬ, ਚਾਰ ਵਰਣ, ਛੇ ਸ਼ਾਸ਼ਤਰ, ਛੇ ਮਤ ਤੇ ਛੇ ਗੁਰੂ ਆਪੋ ਆਪਣੇ ਭਿੰਨ-ਭਿੰਨ ਉਪਦੇਸ਼ ਕਰਦੇ ਸਨ। ਮੁਸਲਮਾਨ ਆਗੂ ਆਪਣੇ ਮੁਰੀਦ ਅਤੇ ਹਿੰਦੂ ਆਗੂ ਆਪਣੇ ਚੇਲੇ ਤੇ ਆਪਣੇ ਆਪਣੇ ਪੰਥ ਵਧਾਉਣ ਦੇ ਲਾਲਚ ਲੱਗੇ ਹੋਏ ਸਨ। ਹਿੰਦੂ ਦਸ ਅਵਤਾਰਾਂ ਅਤੇ ਮੁਸਲਮਾਨ ਇਕੋ ਖੁਦਾ `ਤੇ ਭਰੋਸਾ ਰਖਦੇ ਸਨ। ਇਹਨਾਂ ਨੇ ਦੋ ਵਖੋ-ਵਖਰੇ ਰਾਹ ਬਣਾ ਲਏ। ਆਪਣੇ ਧਾਰਮਕ ਗ੍ਰੰਥ ਬੇਦਾਂ ਕਤੇਬਾਂ ਨੂੰ ਭੁਲਾ ਕੇ ਸ਼ੈਤਾਨ ਬਣ ਗਏ ਅਤੇ ਦੁਨੀਆਂ ਦੇ ਝੂਠੇ ਲਾਲਚਾਂ ਵਿਚ ਫਸ ਗਏ। ਹਿੰਦੂਆਂ ਦੀ ਮਰਿਆਦਾ ਵਿਚ ਗਊ ਦਾ ਮਾਸ ਖਾਣਾ ਨਖਿਧ ਹੋ ਗਿਆ ਅਤੇ ਮੁਸਲਮਾਨਾਂ ਨੇ ਸੂਰ ਮਾਸ ਨਾ ਖਾਣ ਦੀ ਸਹੁੰ ਖਾ ਲਈ:

ਜਿਉ ਮਿਰਜਾਦਾ ਹਿੰਦੂਆਂ ਗਊ ਮਾਸੁ ਅਖਾਜੁ।
ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।[96]

ਖਾਣ ਪੀਣ ਸੰਬੰਧੀ ਕਈ ਤਰ੍ਹਾਂ ਦੇ ਵਿਸ਼ਵਾਸ ਵੀ ਬਣ ਗਏ ਸਨ। ਜਿਵੇਂ ਗੁਰਮਤ ਮਾਰਤੰਡ ਅਨੁਸਾਰ ਲਿਖਿਆ ਹੈ ਕਿ, "ਉਮਰ ਵਧਾਉਣੀ ਹੋਵੇ ਤਾਂ ਪੂਰਬ ਵੱਲ ਮੂੰਹ ਕਰਕੇ ਯਸ ਵਾਸਤੇ ਦੱਖਣ, ਧਨ ਦੀ ਪ੍ਰਾਪਤੀ ਵਾਸਤੇ, ਪੱਛਮ ਸੱਚ ਦੀ ਪ੍ਰਾਪਤੀ ਵਾਸਤੇ, ਉੱਪਰ ਵਲ ਮੂੰਹ ਕਰਕੇ ਭੋਜਨ ਕਰਨਾ ਚਾਹੀਏ।"[97]

ਨਾਥ, ਸਿਧ, ਸੰਨਿਆਸੀ ਅਤੇ ਜੋਗੀ ਆਦਿਕ ਨੇ ਤਾਂ ਦੁਨਿਆਵੀ ਪਦਾਰਥਾਂ ਤੋਂ ਲੋਕਾਂ ਨੂੰ ਇਕਲਾਂਭੇ ਹੀ ਕਰ ਦਿਤਾ। ਉਹਨਾਂ ਅਨੁਸਾਰ ਜੇਕਰ ਪਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਤਾਂ ਰਸਾਂ ਕਸਾਂ ਦਾ ਤਿਆਗ ਕਰਨਾ ਅਵਸ਼ਕ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇਹ ਧਾਰਨਾ ਦਾ ਖੰਡਨ ਕੀਤਾ ਹੈ। ਉਹਨਾਂ ਅਨੁਸਾਰ ਸਰੀਰ ਨੂੰ ਜ਼ਿੰਦਾ ਰਖਣ ਲਈ ਖੁਰਾਕ ਅਤਿ ਜ਼ਰੂਰੀ ਹੈ। ਖੁਰਾਕ ਤੋਂ ਬਿਨਾਂ ਸਰੀਰ ਦਾ ਨਿਰਬਾਹ ਹੀ ਨਹੀਂ ਹੋ ਸਕਦਾ। ਪਰਮਾਤਮਾ ਦੀ ਪ੍ਰਾਪਤੀ ਲਈ ਉਸ ਨਾਲ ਪ੍ਰੇਮ ਦੀ ਜ਼ਰੂਰਤ ਹੈ, ਨਾ ਕਿ ਅੰਨ ਤਿਆਗਣ ਦੀ। ਇਸ ਸੰਬੰਧ ਵਿਚ ਭਗਤ ਕਬੀਰ ਜੀ ਕਹਿੰਦੇ ਹਨ :

ਭੂਖੇ ਭਗਤਿ ਨ ਕੀਜੈ ॥
ਯਹ ਮਾਲਾ ਅਪਨੀ ਲੀਜੈ ॥[98]

ਅਸਲ ਵਿਚ ਇਹ ਲੋਕ ਸਮਾਜ 'ਤੇ ਬੋਝ ਸਨ। ਇਹ ਆਪ ਤਾਂ ਘਰਬਾਰ ਤਿਆਗ ਕੇ ਜੰਗਲਾਂ ਵਿਚ ਰਹਿੰਦੇ ਸਨ ਅਤੇ ਗ੍ਰਿਹਸਥੀਆਂ ਨੂੰ ਮਾੜਾ ਸਮਝਦੇ ਸਨ, ਫਿਰ ਉਹਨਾਂ ਦੇ ਘਰਾਂ ਵਿਚ ਹੀ ਮੰਗਣ ਜਾਂਦੇ ਸਨ। ਗੁਰੂ ਸਾਹਿਬ ਨੇ ਇਹਨਾਂ ਨੂੰ ਨਕਾਰਦਿਆਂ ਗ੍ਰਿਹਸਥੀਆਂ ਦੀ ਵਡਿਆਈ ਕੀਤੀ ਹੈ, ਜੋ ਆਪਣੀ ਹੀ ਰੋਜ਼ੀ ਨਹੀਂ ਕਮਾਉਂਦੇ, ਸਗੋਂ ਇਹਨਾਂ ਨੂੰ ਵੀ ਰਿਜ਼ਕ ਦਿੰਦੇ ਹਨ। ਸਰੀਰਕ ਲੋੜਾਂ ਵਿਚ ਭੋਜਨ ਦੀ ਅਤਿ ਮਹਤਤਾ

96 ਵਾਰਾਂ ਭਾਈ ਗੁਰਦਾਸ ਜੀ, ਵਾਰ 39, ਪਉੜੀ 10ਵੀਂ.

97 ਗੁਰਮਤ ਮਾਰਤੰਡ (ਭਾਗ ਪਹਿਲਾ), ਪੰਨਾ 319.

98 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 656.

ਨੂੰ ਦ੍ਰਿੜਾਉਂਦੇ ਹੋਏ ਭਗਤ ਧੰਨਾ ਜੀ ਪਰਮਾਤਮਾ ਤੋਂ ਦੁਧ ਘਿਓ ਆਦਿਕ ਲਈ ਲਵੇਰੀਆਂ ਮਝਾਂ ਗਾਵਾਂ ਮੰਗਦੇ ਹਨ। ਦਾਲ ਅਤੇ ਹੋਰ ਖਾਣ ਦਾ ਸੀਧਾ ਮੰਗਦੇ ਹਨ:

ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥

ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥

ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥[99]

ਆਹਾਰ ਦੀ ਮਹਤਤਾ ਨੂੰ ਦਰਸਾਉਣ ਲਈ ਹੀ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਦਾ ਆਰੰਭ ਕੀਤਾ। ਗੁਰੂ ਅੰਗਦ ਦੇਵ ਜੀ ਨੇ ਇਸ ਨੂੰ ਸੰਸਥਾਗਤ ਰੂਪ ਦਿਤਾ। ਗੁਰੂ ਅਮਰਦਾਸ ਜੀ ਨੇ ਲੰਗਰ ਦੇ ਨਾਲ ਪੰਗਤ ਦੀ ਪ੍ਰਥਾ ਜੋੜ ਦਿਤੀ। ਮਾਨਵਤਾ ਦੇ ਉਥਾਨ ਲਈ ਗੁਰੂ ਅਮਰਦਾਸ ਸਾਹਿਬ ਨੇ ਇਸ ਸੰਸਥਾ ਨੂੰ ਜਿਸ ਪ੍ਰਪਕ ਤੇ ਸੁਚਜੇ ਢੰਗ ਨਾਲ ਅੱਗੇ ਤੋਰਿਆ ਭਾਰਤੀ ਸਭਿਆਚਾਰ ਵਿਚ ਇਕ ਇਨਕਾਲਾਬੀ ਕਦਮ ਸੀ। **ਮਹਿਮਾ ਪ੍ਰਕਾਸ਼** ਗ੍ਰੰਥ ਵਿਚ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ:

ਮੱਧਿਆਨ ਸਮੇਂ ਪ੍ਰਸਾਦਿ ਪ੍ਰਭ ਪਾਵੈਂ। ਲੇ ਸਤਗੁਰ ਸੰਗਤ ਲੰਗਰ ਮੇਂ ਆਵੈਂ।

ਪਵਿਤ੍ਰ ਚੌਕੇ ਹੋਵੈ ਪ੍ਰਸਾਦਿ। ਤਹਾ ਬਰਨ ਆਸ੍ਰਮ ਕਾ ਨਾਹ ਬਿਬਾਦ।੧੨। [100]

ਲੰਗਰ ਮੇਂ ਪ੍ਰਸਾਦ ਜੁ ਪਾਵੈ।ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ।

ਸਤਗੁਰ ਕੋ ਦਰਸਨ ਨਹੀਂ ਪਾਇ।੧੫। [101]

ਸੁਨੀ ਦਿਆਲ ਤਿਸ ਕਹਿਓ ਪਠਾਇ।ਲੰਗਰ ਪ੍ਰਸਾਦ ਕਰ ਦਰਸਨ ਆਇ।

ਬਿਨ ਸੰਜਮ ਪ੍ਰਸਾਦਿ ਨ ਪਾਵੈ।ਪ੍ਰਭ ਬਿਨ ਖਾਏ ਦਰਸਨ ਨ ਦਿਖਾਵੈ।[102]

ਭਾਈ ਸੰਤੋਖ ਸਿੰਘ ਜੀ ਨੇ **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** ਵਿਚ ਇਸ ਗੱਲ ਦੀ ਪੁਸ਼ਟੀ ਇਸ ਪ੍ਰਕਾਰ ਕੀਤੀ ਹੈ:

ਪ੍ਰਥਮ ਦੇਗ ਮਹਿਂ ਜਾਇਕੇ ਭੋਜਨ ਕੋ ਖਾਵੈ।

ਪੁਨ ਦਰਸ਼ਨ ਗੁਰਕੋ ਕਰਹਿ ਚਲਿਕਰਿ ਢਿਗ ਜਾਵੈ।

ਜੋ ਨਹਿਂ ਅਚਹਿ ਅਹਾਰ ਕੋ ਸੁਚ ਸੰਜਮਵੰਤਾ।

---

[99] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 695.

[100] ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਪੰਨਾ 102.

[101] ਉਹੀ, ਪੰਨਾ 102.

[102] ਉਹੀ, ਪੰਨਾ 163.

ਤਿਸ ਕੋ ਦਰਸ਼ਨ ਹੋਤਿ ਨਹਿੰ ਹਟਿ ਘਰ ਗਮਨੰਤਾ॥ ੨੭॥

ਆਸ਼੍ਰਮ ਬਰਨ ਜਿ ਭੇਦ ਮਹਿੰ ਲਹਿੰ ਮਿਲਹਿੰ ਹਦੂਰਾ।

ਖਾਵਹਿੰ ਕੁਨਕਾ ਦੇਗ ਕੋ ਦਰਸਹਿੰ ਗੁਰ ਪੂਰਾ।

ਨਿਤਿ ਪ੍ਰਤਿ ਆਨਹਿੰ ਅੰਨ ਕੋ ਸਿੱਖ ਸੇਵਕ ਜੋਈ।

ਹੋਤਿ ਦੇਗ ਬਿਨ ਤੋਟ ਕੇ ਖਾਵੈ ਸਭ ਕੋਈ॥ ੨੮॥[103]

ਭੇਦਭਾਵ ਖਤਮ ਕਰਨ ਦੀ ਸਭ ਤੋਂ ਵਡੀ ਉਦਾਹਰਨ ਉਸ ਸਮੇਂ ਦੇ ਬਾਦਸ਼ਾਹ ਅਕਬਰ ਦਾ ਗੁਰੂ ਦਰਬਾਰ ਵਿਚ ਆਉਣਾ ਅਤੇ ਗੁਰੂ ਜੀ ਦੇ ਬਣਾਏ ਨਿਯਮ ਅਨੁਸਾਰ ਲੰਗਰ 'ਚੋਂ ਪ੍ਰਸ਼ਾਦਾ ਛਕ ਕੇ ਗੁਰੂ ਜੀ ਦੇ ਦਰਸ਼ਨ ਕਰਨਾ ਹੈ ਜੋ ਭੇਦਭਾਵ ਨੂੰ ਖਤਮ ਕਰਕੇ ਮਨੁਖੀ ਏਕਤਾ ਦਾ ਸਿਖਰ ਸੀ:

ਅਕਬਰ ਪਾਤਸਾਹ ਸੁਲਤਾਨ। ਦਿਲੀ-ਪਤ ਆਦਲ ਪਰਮਾਨ।

ਤਿਨ ਸਤਗੁਰ ਸੋ ਪਰਤਗਿਆ ਪਾਇਆ।ਮਨ ਪਰਤੀਤ ਦਰਸਨ ਕੋ ਆਇਆ।੨।

ਦਸਤਬੋਸੀ ਨਿਕਟ ਹੋਇ ਕਰੀ।ਪ੍ਰੀਤ ਰੀਤ ਮਨ ਮੋ ਦ੍ਰਿੜ ਧਰੀ।

ਨਹੀ ਕਹ ਸਕੇ ਕਉ ਬਾਤ ਬਸੇਖਾ।7।ਸਤਗੁਰ ਪ੍ਰਣ ਕੈਸੇ ਕੈ ਦੁਰੀ।

ਅਕਬਰ ਕੈ ਮਨ ਮੈ ਯਹ ਫੁਰੀ। ਸਤਗੁਰ ਸੌ ਪੂਛੀ ਯਹ ਬਾਤ।

ਕਿਆ ਭਜਨ (ਭੋਜਨ)ਸਾਹਿਬ ਹੈ ਖਾਤ ।[104]

ਜਦੋਂ ਅਕਬਰ ਗੁਰੂ ਜੀ ਨੂੰ ਮਿਲਣ ਗਿਆ ਤਾਂ ਉਹ ਬਿਨਾਂ ਲੰਗਰ ਛਕੇ ਮਿਲਣ ਚਲਾ ਗਿਆ। ਗੁਰੂ ਜੀ ਨੇ ਉਸ ਨਾਲ ਕੋਈ ਵਾਰਤਾਲਾਪ ਨਾ ਕੀਤਾ। ਉਸ ਨੇ ਇਸਦਾ ਕਾਰਨ ਪੁਛਿਆ ਤਾਂ ਗੁਰੂ ਜੀ ਬਣਾਏ ਨਿਯਮ ਬਾਰੇ ਪਤਾ ਲੱਗਾ। ਭੋਜਨ ਖਾ ਕੇ ਅਕਬਰ ਬਾਦਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਹੁਣ ਮੇਰੀ ਬੇਨਤੀ ਕਬੂਲ ਕਰੋ ਤੇ ਮੇਰੇ ਉਤੇ ਸਦਾ ਮਿਹਰ ਦੀ ਨਜ਼ਰ ਰਖਣਾ:

ਅਕਬਰ ਗਏ ਲਹੌਰ ਕੋ ਬਿਨੇ ਕਰੀ ਕਰ ਜੋਰ।

ਸਦਾ ਮਿਹਰ ਹਮ ਪਰ ਕਰੋ ਦੇਖੋ ਬਾਬਰ ਓਰ।16।[105]

ਅੰਨ ਦਾਨ ਕਰਨਾ ਸਭ ਤੋਂ ਵਡਾ ਦਾਨ ਮੰਨਿਆ ਗਿਆ ਹੈ। ਇਸ ਨਾਲ ਮਹਾਂਸੁਖ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਲੋੜਵੰਦ ਅਤੇ ਭੁਖੇ ਨੂੰ ਭੋਜਨ ਛਕਾਉਣ ਦਾ ਬਹੁਤ ਵਡਾ ਫਲ ਹੈ:

ਅੰਨ ਦਾਨ ਸਮ ਨਾਂਹਿਨ ਅੰਨ। ਛੁਧਿਤ ਪਿਖਤਿ ਹੀ ਦੇ ਨਰ ਧੰਨ।

[103] ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1442

[104] ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਪੰਨੇ 240-241

[105] ਉਹੀ, ਪੰਨਾ 243

ਅੰਨ ਦਾਨ ਨਹਿੰ ਸਮੋਂ ਬਿਚਾਰੈ। ਰੈਨ ਕਿਧੋਂ ਦਿਨ ਸੰਝ ਸਕਾਰੈ।

ਪੂੰਨਯੋ ਦਰਸ ਆਦਿ ਜੇ ਪਰਬ। ਨਹਿਨ ਪ੍ਰਤੀਖਹਿ ਤਯਾਗਹਿ ਸਰਬ।

ਪਾਤ੍ਰ ਅਪਾਤ੍ਰ ਨੂੰ ਹੇਰਤਿ ਕੋਇ। ਊਚ ਨੀਚ ਕੈਸੋ ਨਰ ਹੋਇ ।।

ਦੇਖਤਿ ਛੁਧਤਿ ਅੰਨ ਕੌ ਦੇਯ। ਸਕਲ ਦਾਨ ਤੇਫਲ ਅਧਿਕੇਯ।

ਮਮ ਸਿਖ ਪਯਾਰੋ ਦੇਗ ਜੁ ਕਰੈ। ਛੁਧਤਿ ਨਰਨ ਕੀ ਛੁਧਾ ਸੁ ਹਰੈ।

ਸਭ ਦਾਨਨ ਤੇ ਉੱਤਮ ਦਾਨ। ਜਿਸ ਕੇ ਦਿਏ ਬਚਤ ਹੈਂ ਪ੍ਰਾਨ।

ਯਾਂ ਤੇ ਇਸ ਸਮਾਨ ਨਹਿੰ ਆਨ। ਲੇਹੁ ਮਹਾਂ ਫਲ ਸਿਖ ਸੁਜਾਨ।[106]

ਇਕ ਆਦਰਸ਼ ਮਨੁਖ ਨੂੰ ਚਾਹੀਦਾ ਹੈ ਕਿ ਉਹ ਹਰ ਰੋਜ਼ ਆਪਣੀ ਕਮਾਈ ਦੇ ਬਣਾਏ ਭੋਜਨ ਵਿਚੋਂ ਕਿਸੇ ਜ਼ਰੂਰਤਮੰਦ ਨੂੰ ਜ਼ਰੂਰ ਛਕਾਵੇ। ਗੁਰਮਤ ਮਾਰਤੰਡ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ:

"ਪ੍ਰਸਾਦ ਜਬ ਤਯਾਰ ਹੋਇ ਏਕ ਜਗਹ ਅੱਛੀ ਬਨਾਇ ਕੈ ਸ਼ਤਰੰਜੀ, ਕੰਬਲ, ਲੋਈ ਕਿਛੁ ਹੋਰ ਕਪੜਾ ਹੋਵੈ ਵਛਾਏ, ਤਿਸ ਪਰ ਬੈਠ ਕਪੜਿਆਂ ਨਾਲ ਛਕੈ ਚਉਕੈ ਕਾ ਭਰਮ ਨਾ ਕਰੈ, ਖਾਣਾ ਪੀਣਾ ਪਵਿੱਤਰ ਹੈ ਅਕਾਲ ਬਖਸ (ਚੌਕਾਂ) ਹੈ। ਅਰ ਉਸ ਵਕਤ ਪ੍ਰਸਾਦ ਪਰੋਸ ਕੇ ਅਗੇ ਰਖੀਆ ਧਿਆਨ ਪਰਮ ਗੁਰੂ ਕਾ ਕਰੈ, ਅਰ ਮਨ ਬਚ ਕ੍ਰਮ ਕਹੈ ਜੋ 'ਏ ਸ੍ਰੀ ਅਕਾਲ ਪੁਰਖ! ਕੋਈ ਜੀਅ ਤਲਬਦਾਰ ਭੇਜ ਜੇ ਖ਼ਾਲਸੇ ਦਾ ਏਹ (ਪ੍ਰਸਾਦ) ਪਵਿਤ੍ਰ ਹੋਵੈ, ਕਬੂਲ ਹੋਵੈ ਅਤੇ ਜੇ ਕੋਈ ਸਹਜ ਅਤਵੈ ਤਾਂ ਜਾਣੈ ਜੋ ਆਪ ਬਣ ਆਇਆ ਤੇ, ਇਸ ਵਿਚ ਭੇਦ ਨਹੀਂ। ਅੱਛੀ ਜਗਤਿ ਨਾਲ ਆਦਰ ਨਾਲ ਖੁਲਾਵੈ ਖੁਸ਼ੀ ਲੈਵੇ ਜੋ ਕਦਾਂਚ ਆਪ ਤੇ ਕੋਈ ਨੂੰ ਅਵੈ, ਤਾਂ ਆਪ ਬੁਲਾਇ ਲਿਆਵੈ, ਸਬੱਬ ਪਾਇ ਕੈ ਹੱਥ ਨਾ ਆਵੈ ਤਾਂ ਇਕ ਅਹਾਰ ਪਰੋਸਵਾਇ ਕੈ ਪਹਿਲਾ ਹੀ ਜੁਦਾ ਕਰ ਛਡੇ ਫੇਰ ਜੋ ਕੋਈ ਹਿੰਦੂ, ਮੁਸਲਮਾਨਮ ਖਾਲਸਾ, ਖੁਧਿਆਰਥੀ ਆਵੈ ਉਸਨੂੰ ਦੇਵੈ, ਏਹ ਪ੍ਰਸਾਦ ਦਰਗਹ ਕਬੂਲ ਪੰਵਦਾ ਇਸ ਵਿਚ ਫੇਰ ਨਾਹੀ। ਅੰਨ ਬਹੁਤ ਭੁਖ ਲਗੇ ਤਾਂ ਖਾਣਾ, ਭਰੇ ਉਪਰ ਭਰੇ ਨਾਹੀ ਜੋ ਖਟ ਕਰਮੀ ਕਹਤੇ ਹੈਂ ਅਮੁਕਾ ਅਮੁਕ ਅੰਨ ਨਾ ਖਾਈ, ਸੋ ਸਭ ਭਰਮ ਹੈ, ਅੰਨ ਸਭ ਪਵਿੱਤ੍ਰ ਹੈ।[107]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਦਾ ਮਾਰਗ ਗ੍ਰਿਹਸਥ ਦਾ ਮਾਰਗ ਹੈ, ਇਸ ਵਿਚ ਭਾਂਜਵਾਦੀ ਬਿਰਤੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਗੁਰਮਤਿ ਪਹਿਲਾ ਉਪਦੇਸ਼ ਹੀ ਕਿਰਤ ਕਰਨ ਦਿੰਦੀ ਹੈ, ਉਸ ਤੋਂ ਬਾਅਦ ਵੰਡ ਛਕਣਾ ਅਤੇ ਨਾਮ ਜਪਣ ਦੀ ਤਾਕੀਦ ਕਰਦੀ ਹੈ। ਕਿਉਂ ਕਿ ਕਿਰਤੀ ਮਨੁਖ ਹੀ ਅਸਲ ਅਰਥਾਂ ਵਿਚ ਗ੍ਰਿਹਸਥੀ ਹੈ ਗੁਰੂ ਨਾਨਕ ਸਾਹਿਬ ਜੀ ਨੇ ਮਲਿਕ ਭਾਗੋ ਨੂੰ ਛਡ ਕੇ ਭਾਈ ਲਾਲੋ ਨੂੰ

---

[106] ਗੁਰਮਤ ਮਾਰਤੰਡ (ਭਾਗ ਦੂਜਾ), ਪੰਨਾ 584.

[107] ਉਹੀ, ਪੰਨਾ 321.

ਤਰਜੀਹ ਦਿਤੀ ਸੀ। ਗੁਰੂ ਰਾਮਦਾਸ ਜੀ ਨੇ ਵੀ ਰਾਮਦਾਸਪੁਰ ਨਗਰ ਵਸਾ ਕੇ ਉਥੇ 52 ਤਰ੍ਹਾਂ ਦੇ ਕਿੱਤਾਕਾਰ ਵਸਾਏ ਸਨ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਅਦ ਪਿਛਲੀ ਉਮਰੇ ਖੇਤੀ ਕੀਤੀ। ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਪ੍ਰਥਾ ਚਲਾਈ ਪਰ ਆਪ ਉਹ ਲੰਗਰ ਚੋਂ ਪ੍ਰਸ਼ਾਦਾ ਨਹੀਂ ਛਕਦੇ ਸਨ, ਸਗੋਂ ਬਾਣ ਵਟ ਕੇ ਗੁਜ਼ਾਰਾ ਕਰਦੇ ਸਨ। ਲਗਪਗ ਸਾਰੇ ਭਗਤ ਹੀ ਕੋਈ ਨਾ ਕੋਈ ਕਿਰਤ ਕਰਦੇ ਸਨ। ਗੁਰਬਾਣੀ ਅਤੇ ਹੋਰ ਸਿਖ ਸਰੋਤਾਂ ਵਿਚ ਇਸ ਬਾਰੇ ਵਰਣਨ ਮਿਲਦਾ ਹੈ। ਅਸਲੀ ਮਨੁਖ ਉਹ ਹੈ ਜੋ ਕਿਰਤ ਕਰਕੇ ਆਪਣਾ ਤੇ ਪਰਿਵਾਰ ਦਾ ਗੁਜ਼ਾਰਾ ਕਰੇ ਅਤੇ ਲੋੜਵੰਦਾਂ ਤੇ ਧਾਰਮਿਕ ਕੰਮਾਂ ਲਈ ਦਾਨ ਕਰੇ। ਅਜਿਹਾ ਤਾਂ ਹੀ ਸੰਭਵ ਹੈ ਜੇ ਮਨੁਖ ਸਚਾ ਸੁਚਾ ਕਿਰਤੀ ਹੋਵੇ। ਮਨੋਰੰਜਨ ਮਨ ਲਈ ਅਤਿ ਜ਼ਰੂਰੀ ਹੈ। ਗੁਰਬਾਣੀ ਤਾਂ ਇਥੋਂ ਤਕ ਵੀ ਕਹਿੰਦੀ ਹੈ ਕਿ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਆਪਣਾ ਮਨੋਰੰਜਨ ਕਰਨ ਲਈ ਹੀ ਰਚੀ ਹੈ। ਇਸ ਕਰਕੇ ਮਨੁਖੀ ਮਨ ਵੀ ਮਨੋਰੰਜਨ ਚਾਹੁੰਦਾ ਹੈ। ਮਨੁਖ ਨੇ ਇਸ ਰੁਚੀ ਅਧੀਨ ਤਰ੍ਹਾਂ ਤਰ੍ਹਾਂ ਦੇ ਮਨੋਰੰਜਨ ਦੇ ਸਾਧਨ ਪੈਦਾ ਕੀਤੇ ਹਨ। ਮਨੁਖ ਦੀ ਬਿਰਤੀ ਅਨੁਸਾਰ ਸੰਸਾਰ ਵਿਚ ਤਰ੍ਹਾਂ ਤਰ੍ਹਾਂ ਦੇ ਮਨੋਰੰਜਨ ਦੇ ਸਾਧਨ ਪੈਦਾ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ। ਜਿਹਨਾਂ ਵਿਚ ਕਈ ਤਰ੍ਹਾਂ ਦੇ ਗਲਤ ਸਾਧਨ ਵੀ ਪੈਦਾ ਹੋ ਗਏ ਹਨ ਜੋ ਮਨੁਖ ਅਤੇ ਸਮਾਜ ਲਈ ਘਾਤਕ ਸਾਬਿਤ ਹੁੰਦੇ ਹਨ। ਅਜਿਹੇ ਸਾਧਨਾਂ ਵਿਖ ਖਚਿਤ ਹੋਣ ਤੋਂ ਗੁਰਮਤਿ ਵਰਜਦੀ ਹੈ। ਓਹੀ ਸਾਧਨ ਪ੍ਰਵਾਨ ਹਨ ਜੋ ਮਨ ਅਤੇ ਤਨ ਨੂੰ ਤੰਦਰੁਸਤੀ ਬਖਸ਼ਣ। ਗੁਰਮਤਿ ਦਾ ਤਾਂ ਰਾਹ ਹੀ ਸਰਲ ਹੈ। ਗੁਰਮਤਿ ਕਹਿੰਦੀ ਹੈ ਕਿ ਰੰਗ ਤਮਾਸ਼ੇ ਛਡਣ ਦੀ ਲੋੜ ਨਹੀਂ। ਸਗੋਂ ਇਹਨਾਂ ਵਿਚ ਰਹਿੰਦਿਆਂ ਅਤੇ ਸਹੀ ਚੋਣ ਅਤੇ ਵਰਤੋਂ ਕਰਦਿਆਂ ਮਨੋਰੰਜਨ ਵੀ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਦੀ ਲਾਗ ਤੋਂ ਬਚਦੇ ਹੋਏ ਮਨੁਖੀ ਟੀਚੇ ਦੀ ਪ੍ਰਾਪਤੀ ਵੀ ਕੀਤੀ ਜਾ ਸਕਦੀ ਹੈ। ਪਰਮਾਤਮਾ ਦੇ ਨਾਮ ਵਿਚ ਜੁੜਨ ਨਾਲ ਸਾਰੇ ਰੰਗ ਤਮਾਸ਼ਿਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਖਾਣ ਪੀਣ ਦੀ ਮਹਤਤਾ ਇਹ ਹੈ ਕਿ ਇਸ ਤੋਂ ਬਿਨਾਂ ਜੀਵ ਦਾ ਨਿਰਬਾਹ ਹੋ ਹੀ ਨਹੀਂ ਸਕਦਾ। ਇਸ ਕਰਕੇ ਗੁਰੂ ਘਰਾਂ ਵਿਚ ਲੰਗਰ ਦਾ ਪ੍ਰਵਾਹ ਚਲਿਆ। ਦੂਜਾ ਇਸ ਨਾਲ ਗਲਤ ਸਾਧਨਾ ਮਾਰਗਾਂ ਨੂੰ ਚੋਟ ਪਹੁੰਚੀ। ਗੁਰਮਤਿ ਦਾ ਪ੍ਰਮੁਖ ਉਪਦੇਸ਼ ਹੈ ਕਿ ਸਰੀਰ ਨੂੰ ਕਸ਼ਟ ਦੇਣ ਨਾਲ ਰਬ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਭੁਖੇ ਰਹਿ ਕੇ ਕਦੇ ਵੀ ਰਬ ਦੀ ਪ੍ਰਾਪਤੀ ਨਹੀਂ ਹੁੰਦੀ, ਉਲਟਾ ਸਰੀਰ ਦਾ ਨੁਕਸਾਨ ਹੁੰਦਾ ਹੈ। ਨਾਲ ਦੀ ਨਾਲ ਇਹ ਵੀ ਦਰਸਾਇਆ ਗਿਆ ਹੈ ਕਿ ਭਾਵੇਂ ਖੁਰਾਕ ਸਰੀਰ ਲਈ ਜ਼ਰੂਰੀ ਹੈ ਪਰ ਇਸ ਦੀ ਚੋਣ ਅਤੇ ਮਾਤਰਾ ਸੰਬੰਧੀ ਬਿਬੇਕ ਤੋਂ ਕੰਮ ਲੈਣਾ ਚਾਹੀਦਾ ਹੈ। ਖੁਰਾਕ ਓਨੀ ਕੁ ਹੀ ਖਾਧੀ ਜਾਵੇ, ਜਿਸ ਨੂੰ ਸਰੀਰ ਆਸਾਨੀ ਨਾਲ ਪਚਾ ਸਕੇ ਅਤੇ ਕਿਸੇ ਕਿਸਮ ਦਾ ਰੋਗ ਨਾ ਲਗੇ। ਦੂਜਾ ਓਹੀ ਭੋਜਨ ਖਾਧਾ ਜਾਵੇ ਜੋ ਸਿਹਤ ਲਈ ਲਾਭਦਾਇਕ ਹੋਵੇ ਅਤੇ ਜਿਸ ਨੂੰ ਖਾ ਕੇ ਮਨ ਟਿਕਾਅ ਵਿਚ ਰਹੇ। ਖਾਣਾ ਬਣਾਉਣ ਵਾਲੇ ਦੀ ਬਿਰਤੀ ਦਾ ਵੀ ਖਾਣੇ 'ਤੇ ਪ੍ਰਭਾਵ ਪੈਂਦਾ ਹੈ। ਇਸ ਕਰਕੇ ਸਾਤਵਿਕ ਬਿਰਤੀ ਲਈ ਸਿਹਤਮੰਦ ਅਤੇ ਸ਼ੁਧ ਢੰਗ ਨਾਲ ਬਣਿਆ ਖਾਣਾ ਲਾਹੇਵੰਦ ਹੈ। ਜਿਵੇਂ ਕਿ ਪੰਜਾਬੀ ਦੀ ਆਮ ਕਹਾਵਤ ਹੈ- 'ਜੈਸਾ ਅੰਨ ਤੈਸਾ ਮਨ'।

# ਸਾਰ

ਮੂਲ ਰੂਪ ਵਿਚ ਗੁਰਮਤਿ ਦਾ ਉਦੇਸ਼ ਪਰਮਾਤਮਾ ਵਿਚ ਅਭੇਦਤਾ ਹੈ ਅਤੇ ਅਭੇਦਤਾ ਪ੍ਰਾਪਤ ਮਨੁਖ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ, ਸੰਤ, ਸਾਧ ਆਦਿ ਬਣ ਜਾਂਦਾ ਹੈ। ਅਜਿਹਾ ਮਨੁਖ ਅਧਿਆਤਮਕਤਾ ਦੇ ਨਾਲ ਨਾਲ ਸਮਾਜਿਕ ਪਖੋਂ ਵੀ ਸੰਪੂਰਨ ਹੁੰਦਾ ਹੈ। ਜਦੋਂ ਅਸੀਂ ਗੁਰਮਤਿ ਦਾ ਡੂੰਘਾ ਅਧਿਐਨ ਕਰਦੇ ਹਾਂ ਤਾਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਵਿਚੋਂ ਚਿੰਨ੍ਹਾਂ ਅਤੇ ਪ੍ਰਤੀਕਾਂ ਦੇ ਰੂਪ ਵਿਚ ਆਦਰਸ਼ ਸਮਾਜਕ ਜੀਵਨ ਦੀਆਂ ਸੇਧਾਂ ਮਿਲਦੀਆਂ ਹਨ। ਇਹ ਸੇਧਾਂ ਭਾਵੇਂ ਪ੍ਰਤਖ ਨਾ ਹੋ ਕੇ ਲੁਕਵੀਆਂ ਹਨ, ਪਰ ਫਿਰ ਵੀ ਹਥਲੇ ਖੋਜ-ਕਾਰਜ ਵਿਚ ਥਾਂ-ਥਾਂ ਉਪਰ ਸਮੂਹਕ ਜੀਵਨ, ਨੈਤਿਕ ਆਚਰਨ ਅਤੇ ਸਮਾਜਕ ਜੀਵਨ ਸੰਬੰਧੀ ਚਿੰਨ੍ਹਾਂ ਅਤੇ ਪ੍ਰਤੀਕਾਂ ਵਿਚ ਮਿਲਦੀਆਂ ਉਦਾਹਰਨਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਜਿਸ ਨਾਲ ਇਕ ਆਦਰਸ਼ਕ ਮਨੁਖ ਦੀ ਘਾੜਤ ਘੜੀ ਜਾ ਸਕਦੀ ਹੈ।

ਹਥਲੇ ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਲਈ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਜਿਸ ਦਾ ਪਹਿਲਾ ਅਧਿਆਇ ***ਸਭਿਆਚਾਰ ਦਾ ਅਰਥ, ਪਰਿਭਾਸ਼ਾ ਅਤੇ ਸਰੂਪ*** ਹੈ। ਇਸ ਅਧਿਆਇ ਵਿਚ ਸਭਿਆਚਾਰ ਦੇ ਅਰਥਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਖ-ਵਖ ਵਿਦਵਾਨਾਂ ਦੀਆਂ ਦਿਤੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਸਭਿਆਚਾਰ ਦੇ ਅੰਗਾਂ ਬਾਰੇ ਵੀਚਾਰ ਕੀਤੀ ਗਈ ਹੈ। ਜਿਸ ਵਿਚ ਡਾ. ਗੁਰਬਖਸ਼ ਸਿੰਘ ਦੁਆਰਾ ਦਿਤੀ ਵੰਡ ਨੂੰ ਮਿਆਰੀ ਮੰਨਿਆ ਗਿਆ। ਇਹ ਤਿੰਨ ਅੰਗ ਹਨ— ਬੌਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਅਤੇ ਅੰਤ ਵਿਚ ਸਭਿਆਚਾਰ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ।

ਦੂਜਾ ਅਧਿਆਇ ***ਬੌਧਾਤਮਕ ਸਭਿਆਚਾਰ*** ਹੈ। ਇਸ ਅਧਿਆਇ ਵਿਚ ਗੁਰਮਤਿ ਫਲਸਫ਼ੇ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਅਧੀਨ ਗੁਰਮਤਿ ਫਲਸਫ਼ੇ ਦੇ ਤਿੰਨ ਮੁਖ ਸੰਕਲਪਾਂ ਪਰਮਾਤਮਾ, ਸ੍ਰਿਸ਼ਟੀ ਅਤੇ ਮਨੁਖ ਨੂੰ ਲਿਆ ਹੈ। ਇਸ ਖੋਜ ਕਾਰਜ ਵਿਚ ਇਹਨਾਂ ਸੰਕਲਪਾਂ ਦਾ ਸਭਿਆਚਾਰਕ ਅਧਿਐਨ ਕੀਤਾ ਗਿਆ ਹੈ। ਪਰਮਾਤਮਾ ਬਾਰੇ ਗੁਰੂ ਅਰਜਨ ਦੇਵ ਜੀ ਨੇ ਵੈਦਿਕ ਪਰੰਪਰਾ ਵਿਚ ਆਏ ਪਰਮਾਤਮਾ ਦੇ ਨਾਂਵਾਂ ਦਾ ਰੂਪਾਂਤਰਣ ਕਰਕੇ ਉਹਨਾਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲ ਕੇ 'ਕਿਰਤਮ ਨਾਮ' ਦੀ ਸੰਗਿਆ ਦਿਤੀ ਹੈ। ਗੁਰੂ ਜੀ ਅਨੁਸਾਰ ਇਹ ਨਾਮ ਨਿਰੋਲ ਪਰਮਾਤਮਾ ਨਾਲ ਸੰਬੰਧਿਤ ਹਨ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਅਵਤਾਰ ਨਾਲ। ਗੁਰਮਤਿ ਨੇ ਵੈਦਿਕ ਧਰਮ ਦੇ ਪਰਮਾਤਮਾ ਸੰਬੰਧੀ ਤ੍ਰੈਮੂਰਤੀ ਅਤੇ ਬਹੁਦੇਵਵਾਦ ਦੇ ਸਿਧਾਂਤ ਨੂੰ ਨਕਾਰਦਿਆਂ ਇਹ ਸਿਧਾਂਤ ਦ੍ਰਿੜਾਇਆ ਹੈ ਕਿ ਸ੍ਰਿਸ਼ਟੀ ਦਾ ਸੰਪੂਰਨ ਸੰਚਾਲਨ ਕਰਨ ਵਾਲੀ ਹਸਤੀ ਕੇਵਲ ਇਕ ਪਰਮਾਤਮਾ ਹੈ। ਬਾਕੀ ਜਿੰਨੀਆਂ ਵੀ ਹਸਤੀਆਂ ਮੰਨੀਆਂ ਜਾਂਦੀਆਂ ਹਨ, ਉਹ ਉਸ

ਪਰਮਾਤਮਾ ਦੀ ਹੀ ਕ੍ਰਿਤ ਹਨ ਅਤੇ ਉਸਦੇ ਦੁਆਰੇ 'ਤੇ ਭਿਖਾਰੀ ਬਣ ਕੇ ਖੜ੍ਹੀਆਂ ਹਨ। ਮਨੁਖ ਬਾਰੇ ਗੁਰਮਤਿ ਦਾ ਵੀਚਾਰ ਹੈ ਕਿ ਸਭਿਅਕ ਅਤੇ ਆਦਰਸ਼ ਮਨੁਖ ਗੁਰਮੁਖ ਹੈ। ਗੁਰਮੁਖ ਲਈ ਗੁਰਬਾਣੀ ਵਿਚ ਭਗਤ, ਸੰਤ, ਸਾਧ, ਜਨ, ਸਚਿਆਰ ਆਦਿਕ ਪਦ ਵਰਤੇ ਹਨ। ਆਦਰਸ਼ ਮਨੁਖ ਅਧਿਆਤਮਕ ਅਤੇ ਦੁਨਿਆਵੀ ਰਹਿਣੀ ਵਿਚ ਪ੍ਰਪਕ ਹੁੰਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਮਾਇਆ ਨਾਲ ਜੂਝਦਾ ਹੈ ਨਾ ਕਿ ਸੰਸਾਰ ਨੂੰ ਛਡ ਕੇ ਸੰਨਿਆਸੀ ਬਣਦਾ ਹੈ।

ਤੀਜਾ ਅਧਿਆਇ ***ਪ੍ਰਤਿਮਾਨਕ ਸਭਿਆਚਾਰ*** ਹੈ। ਪ੍ਰਤਿਮਾਨਕ ਸਭਿਆਚਾਰ ਵਿਚ ਮਨੁਖੀ ਵਿਵਹਾਰ ਨੂੰ ਇਸ ਤਰ੍ਹਾਂ ਨਿਯਮਬਧ ਤੇ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਮਨੁਖ ਅਤੇ ਸਮਾਜ ਦਾ ਸੰਤੁਲਨ ਬਣਿਆ ਰਹੇ। ਗੁਰਮਤਿ ਦਾ ਵਿਚਾਰ ਹੈ ਕਿ ਜਦ ਰਬ ਦੀ ਕੁਦਰਤ ਕਿਸੇ ਨਿਯਮਾਂਵਲੀ ਵਿਚ ਚਲ ਰਹੀ ਹੈ ਤੇ ਮਨੁਖ ਕਿਉਂ ਨਾ? ਗੁਰਮਤਿ ਆਪਣੇ ਪੈਰੋਕਾਰਾਂ ਨੂੰ ਹੀ ਨਹੀਂ ਸਗੋਂ ਸਮੁਚੇ ਜਗਤ ਨੂੰ ਹੀ ਇਕ ਨਿਯਮਾਂਵਲੀ ਵਿਚ ਚਲਣ ਦਾ ਸਿਧਾਂਤ ਪ੍ਰਦਾਨ ਕਰਦੀ ਹੈ। ਹਥਲੇ ਖੋਜ ਕਾਰਜ ਵਿਚ ਪ੍ਰਤਿਮਾਨਕ ਸਭਿਆਚਾਰ ਅਧੀਨ ਗੁਰਮਤਿ ਲੋਕ ਕਾਵਿ ਰੂਪ, ਸਾਧਨਾ ਮਾਰਗ ਅਤੇ ਸੰਸਕਾਰ ਲਏ ਹਨ।

ਚੌਥਾ ਅਧਿਆਇ ***ਪਦਾਰਥਕ ਸਭਿਆਚਾਰ*** ਹੈ। ਪਦਾਰਥਕ ਸਭਿਆਚਾਰ ਮਨੁਖ ਦੇ ਕੁਦਰਤ ਨਾਲ ਦਵੰਦਾਤਮਕ ਸੰਬੰਧ ਵਿਚੋਂ ਉਤਪੰਨ ਹੁੰਦਾ ਹੈ। ਇਹ ਮਨੁਖ ਦੁਆਰਾ ਆਪਣੇ ਆਪ ਨੂੰ ਕੁਦਰਤ ਅਤੇ ਕਿਸੇ ਹਦ ਤਕ ਕੁਦਰਤ ਨੂੰ ਆਪਣੇ ਅਨੁਸਾਰ ਢਾਲਣ ਦੇ ਸਕਾਰਥ ਯਤਨਾਂ ਦਾ ਨਤੀਜਾ ਹੈ। ਮਨੁਖ ਕੁਦਰਤ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਕੁਝ ਹਾਸਿਲ ਕਰਨ ਲਈ ਅਤੇ ਕੁਦਰਤੀ ਵਸਤਾਂ ਨੂੰ ਆਪਣੇ ਵਰਤਣ ਯੋਗ ਬਣਾਉਣ ਲਈ ਕੁਦਰਤ ਨਾਲ ਦਵੰਦਾਤਮਕ ਸੰਬੰਧ ਰਚਦਾ ਹੈ। ਪਦਾਰਥਕ ਸਭਿਆਚਾਰ ਵਿਚ ਮਨੁਖ ਦੁਆਰਾ ਸਿਰਜੀਆਂ ਅਤੇ ਉਸ ਦੁਆਰਾ ਵਰਤੀਆਂ ਜਾਂਦੀਆਂ ਕੁਦਰਤੀ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਆਮ ਕਰਕੇ ਮਨੁਖ ਦੀਆਂ ਸਰੀਰਕ ਲੋੜਾਂ ਨਾਲ ਸੰਬੰਧਿਤ ਅੰਸ਼ ਆ ਜਾਂਦੇ ਹਨ। ਇਸ ਅਧਿਆਇ ਵਿਚ ਖਾਣ-ਪੀਣ, ਕਿੱਤੇ, ਮਨੋਰੰਜਨ ਦੇ ਸਾਧਨ ਬਾਰੇ ਵੀਚਾਰ ਕੀਤੀ ਗਈ ਹੈ। ਪ੍ਰਮੁਖ ਤੌਰ 'ਤੇ ਇਸ ਖੋਜ ਕਾਰਜ ਵਿਚ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਆਮ ਤੌਰ 'ਤੇ ਵਿਦਵਾਨਾਂ ਨੇ ਧਰਮ ਨੂੰ ਬੌਧਾਤਮਕ ਸਭਿਆਚਾਰ ਦੇ ਅਧੀਨ ਸਭਿਆਚਾਰ ਦਾ ਇਕ ਉਪ ਅੰਗ ਮੰਨਿਆ ਹੈ, ਪਰੰਤੂ ਧਰਮ ਦਾ ਆਪਣਾ ਇਕ ਸੰਪੂਰਨ ਸਭਿਆਚਾਰ ਹੁੰਦਾ ਹੈ। ਧਰਮ, ਸਭਿਆਚਾਰ ਦੇ ਸਹਾਇਕ ਅੰਗ ਵਜੋਂ ਕਿਰਿਆਸ਼ੀਲ ਨਹੀਂ ਹੁੰਦਾ, ਬਲਕਿ ਸਭਿਆਚਾਰ ਧਰਮ ਵਿਚੋਂ ਉਤਪੰਨ ਹੁੰਦਾ ਹੈ।

ਇਸ ਖੋਜ ਕਾਰਜ ਰਾਹੀਂ ਗੁਰਬਾਣੀ ਵਿਚ ਸੰਮਲਿਤ ਸਮਕਾਲੀ ਸਭਿਆਚਾਰ ਦੀ ਪਛਾਣ ਕੀਤੀ ਗਈ ਹੈ।

- ਭਾਰਤੀ ਸਭਿਆਚਾਰ ਦੇ ਪਰੰਪਰਾਗਤ ਸਰੂਪ ਵਿਚ ਆਈਆਂ ਗਿਰਾਵਟਾਂ ਦੀ ਨਿਸ਼ਾਨਦੇਹੀ ਅਤੇ

ਸਿਧਾਂਤ ਤੋਂ ਹੀਣੀਆਂ ਹੋ ਚੁਕੀਆਂ ਫੋਕੀਆਂ ਰਸਮਾਂ ਨੂੰ ਖੋਜਿਆ ਗਿਆ ਹੈ ਅਤੇ ਉਹਨਾਂ ਦੀ ਗੁਰਮਤਿ ਅਨੁਸਾਰ ਵਿਆਖਿਆ ਕੀਤੀ ਗਈ ਹੈ।

- ਗੁਰਮਤਿ ਸਭਿਆਚਾਰ ਨੂੰ ਤਿੰਨ ਵੱਖ-ਵੱਖ ਅੰਗਾਂ ਬੌਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਸਭਿਆਚਾਰ ਦੇ ਅਧੀਨ ਰਖਕੇ ਵੀਚਾਰਿਆ ਗਿਆ ਹੈ।
- ਬੌਧਾਤਮਕ ਸਭਿਆਚਾਰ ਵਿਚ ਗੁਰਮਤਿ ਫਲਸਫਾ ਪੇਸ਼ ਕੀਤਾ ਗਿਆ ਹੈ। ਪਹਿਲਾਂ ਭਾਰਤੀ ਫਲਸਫਾ ਦੇ ਕੇ ਫਿਰ ਉਸਦੀ ਤੁਲਨਾ ਗੁਰਮਤਿ ਫਲਸਫੇ ਨਾਲ ਕੀਤੀ ਗਈ ਹੈ ਅਤੇ ਭਾਰਤੀ ਫਲਸਫੇ ਨੂੰ ਗੁਰਮਤਿ ਦੇ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਅੰਤ ਵਿਚ ਗੁਰਮਤਿ ਦਾ ਫਲਸਫਾ ਦਿਤਾ ਹੈ।
- ਪ੍ਰਤਿਮਾਨਕ ਸਭਿਆਚਾਰ ਵਿਚ ਸਥਾਪਤ ਫੋਕੀਆਂ ਰਵਾਇਤਾਂ, ਪ੍ਰਤਿਮਾਨਾਂ, ਰਸਮਾਂ, ਮਾਰਗਾਂ ਦੀ ਅਲੋਚਨਾ ਕਰਕੇ ਗੁਰਮਤਿ ਦੇ ਨਜ਼ਰੀਏ ਤੋਂ ਸਹੀ ਮਾਰਗ ਪੇਸ਼ ਕੀਤਾ ਹੈ।
- ਪਦਾਰਥਕ ਸਭਿਆਚਾਰ ਅਧੀਨ ਮਨੁਖ ਦੀਆਂ ਵਿਅਕਤੀਗਤ ਤੇ ਸਮਾਜਕ ਲੋੜਾਂ ਦੀ ਗੱਲ ਕੀਤੀ ਗਈ ਹੈ। ਜਿਸ ਵਿਚ ਉਸਦਾ ਖਾਣ-ਪੀਣ, ਮਨੋਰੰਜਨ, ਕਿੱਤੇ ਅਤੇ ਰਿਸ਼ਤੇਦਾਰੀਆਂ ਦੇ ਬਾਰੇ ਸੇਧ ਦਿਤੀ ਗਈ ਹੈ।

ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕ ਅਤੇ ਗ਼ੈਰ ਅਕਾਦਮਿਕ ਦੋਹਾਂ ਪੱਖਾਂ ਤੋਂ ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿਚ ਯੋਗਦਾਨ ਪਾਵੇਗਾ।

# ਪੁਸਤਕ ਸੂਚੀ


ਅੱਛਰ ਸਿੰਘ ਕਾਹਲੋਂ (ਡਾ.), ਗੁਰਮਤਿ ਵਿਚ ਮਾਇਆ ਦਾ ਸੰਕਲਪ, ਲਾਹੌਰ ਬੁਕ ਸ਼ਾਪ, ਲੁਧਿਆਣਾ, 1990.

ਅਮਰਜੀਤ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ, ਲੁਧਿਆਣਾ, 1994.

ਇੰਦਰਜੀਤ ਸਿੰਘ ਵਾਸੂ (ਡਾ.), ਮਨੁੱਖ ਦਾ ਸੰਕਲਪ: ਇਕ ਸਿਧਾਂਤਕ ਅਧਿਐਨ, ਵਾਸੂ ਪ੍ਰਕਾਸ਼ਨ, ਫਗਵਾੜਾ, 1989.

ਸਰਦੂਲ ਸਿੰਘ ਕਵੀਸ਼ਰ (ਸੰਪਾ.), ਸਿਖ ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਰਜਿੰਦਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪਟਿਆਲਾ, 1971.

ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸਿਮਰਜੀਤ ਸਿੰਘ (ਸੰਪਾ.), ਗੁਰਮਤਿ-ਦਰਸ਼ਨ ਅਤੇ ਸਿੱਖ ਸਭਿਆਚਾਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.

ਸੁਰਜੀਤ ਸਿੰਘ (ਪ੍ਰਿੰ.) (ਸੰਪਾ.), ਸੁ ਅੰਮ੍ਰਿਤ ਗੁਰ ਤੇ ਪਾਇਆ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਲੁਧਿਆਣਾ, 1991.

__________, ਗੁਰਮਤਿ ਮੰਥਨ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000.

ਸ.ਸ. ਅਮੋਲ (ਸੰਪਾ.), 'ਏਕ ਮੂਰਤ ਅਨੇਕ ਦਰਸ਼ਨ', ਲਾਇਲਪੁਰ ਖ਼ਾਲਸਾ ਕਾਲਜ , ਜਲੰਧਰ,1967

ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ(14 ਜਿਲਦਾਂ), ਭਾਈ ਵੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2011.

ਸੁੱਖਾ ਸਿੰਘ, ਭਾਈ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

ਸੈਨਾਪਤਿ ਕਵਿ, ਸ਼ਮਸ਼ੇਰ ਸਿੰਘ 'ਅਸ਼ੋਕ' (ਸੰਪਾ.), ਸ੍ਰੀ ਗੁਰੁ ਸੋਭਾ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਜਵੀਂ ਵਾਰ, 1979.

ਸ਼ਮਸ਼ੇਰ ਸਿੰਘ, ਸਿਖ ਧਰਮ ਵਿਚ ਆਦਰਸ਼ ਮਨੁਖ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸ਼ੇਰ ਸਿੰਘ (ਪ੍ਰੋ.), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਛੇਵੀਂ ਐਡੀਸ਼ਨ, 1992.

ਸ਼੍ਰੀਮਦਭਗਵਦ ਗੀਤਾ (ਪੰਜਾਬੀ), ਸੁਵਾਮੀ ਅੜਗੜਾਨੰਦ(ਅਨੁ.) ਸ਼੍ਰੀ ਪਰਮਹੰਸ ਸੁਵਾਮੀ ਅੜਗੜਾਨੰਦ ਆਸ਼ਰਮ ਟਰਸਟ , 2010.

ਹਰਦਿਲਜੀਤ ਸਿੰਘ ਗੋਸਲ (ਡਾ.), ਭਾਰਤੀ ਦਰਸ਼ਨ: ਦਾਰਸ਼ਨਿਕਤਾ ਅਤੇ ਸੰਕਲਪ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012.

ਹਰਪਾਲ ਸਿੰਘ ਪੰਨੂ (ਡਾ.), ਭਾਰਤ ਦੇ ਪੁਰਾਤਨ ਧਰਮ: ਇਕ ਸੰਖੇਪ ਸਰਵੇਖਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

_________, ਗੁਰੂ ਨਾਨਕ ਦਾ ਕੁਦਰਤੀ-ਸਿਧਾਂਤ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਹਰਬੰਸ ਸਿੰਘ, ਡਾ. ਗੁਰਚਰਨ ਸਿੰਘ(ਸੋਧਕ), ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਸਿੰਘ ਬ੍ਰਦਰਜ, ਅੰਮ੍ਰਿਤਸਰ, 2015.

ਹਰਿਬੰਸ ਸਿੰਘ ਚਾਵਲਾ, ਗੁਰੂ ਅਮਰਦਾਸ: ਜੀਵਨ ਤੇ ਉਪਦੇਸ਼, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟ੍ਰੀਅਲ ਸੁਸਾਇਟੀ ਲਿਮਟਿਡ, ਨਵੀਂ ਦਿੱਲੀ, 1982.

ਹਰਿਭਜਨ ਸਿੰਘ (ਪ੍ਰੋ.), ਗੁਰਮਤਿ ਵਿਆਖਿਆਨ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1974,

ਕਾਨ੍ਹ ਸਿੰਘ ਨਾਭਾ (ਭਾਈ), ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਠਵੀਂ ਵਾਰ, ਜੁਲਾਈ 2011.

_________, ਗੁਰੁਮਤ ਮਾਰਤੰਡ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.

ਕਿਰਪਾਲ ਸਿੰਘ ਬਡੂੰਗਰ (ਪ੍ਰੋ.), ਗੁਰਮਤਿ ਸਭਿਆਚਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.

ਕੁਲਵੰਤ ਕੌਰ (ਡਾ.) ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਅਚਾਰ, ਨਵਯੁਗ ਪਬਲਿਬਰਜ਼, ਦਿੱਲੀ, 1991.

ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ,(ਸੰਪਾ.), ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਗਿਆਨ ਸਿੰਘ(ਗਿ.), ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

_________, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਗੁਰਜੀਤ ਸਿੰਘ (ਡਾ.), ਸਭਿਆਚਾਰ ਦਾ ਫਲਸਫ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਗੁਰਦਾਸ (ਭਾ.), ਵਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਅੰਮ੍ਰਿਤਸਰ, 1964.

_________, ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ, ਭਾਈ ਸੇਵਾ ਸਿੰਘ (ਟੀਕਾ.), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2014 .

ਗੁਰਦੀਪ ਸਿੰਘ (ਡਾ.), ਗੁਰਮਤਿ ਸਭਿਆਚਾਰ ਤੇ ਭਾਈ ਗੁਰਦਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991.

ਗੁਰਦੇਵ ਸਿੰਘ (ਡਾ.), ਗੁਰੂ ਅਮਰਦਾਸ: ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2005.

ਗੁਰਬਖਸ਼ ਸਿੰਘ ਫਰੈਂਕ (ਡਾ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, 2010.

ਗੁਰਬੀਰ ਸਿੰਘ ਸੰਗਰੂਰ (ਸੰਪਾ.), ਮਾਇਆ ਦਾ ਗੁਰਮਤਿ ਪਰਿਪੇਖ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ, ਆਨੰਦਪੁਰ ਸਾਹਿਬ, 2006.

ਗੁਰਮੇਲ ਸਿੰਘ ਐਮ.ਏ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2003.

ਗੁਲਜਾਰ ਸਿੰਘ ਕੰਗ, ਸ਼ਬਦ ਅਨੁਭਵ ਤੇ ਦਰਸ਼ਨ, ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ, 2014.

ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਗ੍ਰੇਸ਼ੀਅਸ ਬੁਕਸ, ਪਟਿਆਲਾ, 2012.

ਜਗਜੀਤ ਸਿੰਘ (ਡਾ.) (ਸੋਧਕ), ਗੁਰਮਤਿ ਸਾਹਿਤ ਵਿਵੇਚਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜੀ ਵਾਰ, 1993

ਜੀਤ ਸਿੰਘ ਜੋਸ਼ੀ (ਪ੍ਰੋ.), ਸਭਿਆਚਾਰ: ਸਿਧਾਂਤ ਤੇ ਵਿਹਾਰ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009.

ਜੋਧ ਸਿੰਘ (ਭਾ.), ਗੁਰਮਤਿ ਨਿਰਣਯ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ 2003.

ਤਾਰਨ ਸਿੰਘ (ਡਾ.), ਗੁਰੂ ਅਮਰਦਾਸ: ਜੀਵਨ ਰਚਨਾ ਤੇ ਸਿੱਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

_________, ਸਿੱਖ, ਸਿੱਖੀ ਅਤੇ ਸਿਧਾਂਤ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮਿਤਸਰ, 2007.

_________, ਭਗਤੀ ਤੇ ਸ਼ਕਤੀ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2005.

ਤੇਜਾ ਸਿੰਘ ਐਮ. ਏ. (ਪ੍ਰਿੰ.), ਸਿੱਖ ਧਰਮ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮਿਤਸਰ, 2015.

ਦਰਸ਼ਨ ਸਿੰਘ (ਡਾ.), ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

ਦਲੀਪ ਸਿੰਘ ਦੀਪ (ਡਾ.), ਗੁਰੂ ਅਮਰਦਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

_________, ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁਕ ਸਟੋਰ ਮੇਨ ਬਜ਼ਾਰ, ਨਵੀਂ ਦਿਲੀ, 1969.

ਦਵਿੰਦਰ ਸਿੰਘ(ਡਾ.), ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਵਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012.

ਦੀਵਾਨ ਸਿੰਘ(ਸੰਪਾ.), ਸਿਧ ਗੋਸਟਿ ਅਤੇ ਹੋਰ ਲੇਖ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੂਜੀ ਵਾਰ 2001.

ਪਵਿਤਰ ਕੁਰਆਨ, ਮੁਹੰਮਦ ਹਬੀਬ(ਡਾ.) ਅਤੇ ਹਰਪ੍ਰੀਤ ਸਿੰਘ (ਅਨੁ.), ਗੁਡਵਰਡ ਬੁਕਸ, ਚੇਨਈ, 2017.

ਪਿਆਰਾ ਸਿੰਘ ਪਦਮ(ਪ੍ਰੋ.), ਨਾਨਕ ਸ਼ਾਇਰ ਏਵ ਕਹਤੁ ਹੈ, ਕਲਮ ਮੰਦਿਰ, ਲੋਇਰ ਮਾਲ, ਪਟਿਆਲਾ, 1969.

_________, ਗੁਰੂ ਨਾਨਕ ਸਾਗਰ, ਲੋਅਰ ਮਾਲ, ਪਟਿਆਲਾ, 1993.

_________, (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਪ੍ਰੀਤਮ ਸਿੰਘ (ਪ੍ਰੋ.), (ਸੰਪਾ.), ਸਿਖ ਫ਼ਲਸਫ਼ੇ ਦੀ ਰੂਪ ਰੇਖਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੂਜੀ ਵਾਰ 2001.

_________, ਗੁਰੂ ਨਾਨਕ ਵਿਚਾਰ ਅਧਿਐਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000.

ਬਲਕਾਰ ਸਿੰਘ (ਡਾ.), ਸਿੱਖ ਰਹੱਸਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਭਗਤ ਸਿੰਘ ਵੇਦੀ, ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਦਾ ਅਧਿਐਨ, ਸਿਰਜਣਧਾਰਾ, ਲੁਧਿਆਣਾ, 1994.

ਮਹਿੰਦਰ ਕੌਰ ਗਿਲ (ਡਾ.), ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2009.

_________, ਬਾਣੀ ਸਾਰ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2012.

_________, ਆਦਿ ਗ੍ਰੰਥ ਲੋਕ ਰੂਪ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੋਸਾਇਟੀ, ਦਿੱਲੀ, 1980.

ਮਨਜੀਤ ਸਿੰਘ(ਡਾ.), ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਮਨਮੋਹਨ ਸਿੰਘ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਮਨੂੰ ਸਿਮ੍ਰਤੀ, ਭਾਈ ਚਤਰ ਸਿੰਘ ਜੀਵਨ ਸਿੰਘ (ਪ੍ਰਕਾ.), ਅੰਮ੍ਰਿਤਸਰ, 2005.

ਮੁਖਤਿਆਰ ਸਿੰਘ ਸਾਰੰਗ (ਸੰਤ), (ਡਾ.), ਕੁਝ ਧਰਮਾਂ ਦੀਆਂ ਅੰਤਿਮ ਰਸਮਾਂ, ਭਾਈ ਜਗਸੀਰ ਸਿੰਘ (ਗਿ.), ਗੁਰਮਤਿ ਪ੍ਰਕਾਸ਼ਨ ਕੇਂਦਰ, ਰੋਪੜ, 1999.

ਮੌਲਾਨਾ ਜਲੀਲ ਅਹਿਸਨ ਨਦਵੀ (ਪ੍ਰੋ.), ਜਨਕ ਸਿੰਘ ਅਤੇ ਡਾ. ਜਾਕਿਰ ਹੁਸੈਨ(ਅਨੁ.), ਰਾਹੇ ਅਮਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਮੁਹੰਮਦ ਜਮੀਲ(ਡਾ.), ਸ਼ਹਿਨਾਜ਼ (ਸੰਪਾ.), ਇਸਲਾਮ ਵਿਚ ਔਰਤ ਦਾ ਸਥਾਨ, ਨੰਦਨ ਪਬਲੀਕੇਸ਼ਨਜ਼, ਮਾਲੇਰ ਕੋਟਲਾ, 2015.

ਰਤਨ ਸਿੰਘ ਜੱਗੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ: ਸਾਧਨਾ ਦਾ ਸਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1999.

ਰਾਮਧਾਰੀ ਸਿੰਘ ਦਿਨਕਰ (ਡਾ), ਧਨਵੰਤ ਕੌਰ, ਇੰਦਰਜੀਤ ਕੌਰ(ਅਨੁ.), ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ 1999.

ਵਧਾਵਾ ਸਿੰਘ ਐਮ.ਏ, ਨਾਮ ਕੀ ਹੈ ?, ਭਾਸ਼ਾ ਵਿਭਾਗ ਪਟਿਆਲਾ, ਤੀਜੀ ਵਾਰ 2003.

**ਹਿੰਦੀ**

ਸਕੁੰਤਲਾ ਪੂਜਾਨੀ, (ਡਾ.), ਭਾਰਤੀ ਦਰਸ਼ਨ ਕੀ ਅਵਧਾਰਨਾਏ, ਸ਼ਾਂਤੀ ਨਗਰ, ਨਵੀਂ ਦਿੱਲੀ, 1996.

ਸ਼ਾਮ ਚਰਣ ਦੂਬੇ, ਮਾਨਵ ਔਰ ਸੰਸਕ੍ਰਿਤੀ, ਰਾਜਕਮਲ, ਦਿੱਲੀ, 1960.

ਗੰਗਾ ਸਹਾਇ ਸ਼ਰਮਾ, (ਡਾ.),ਰਿਗਵੇਦ, ਸੰਸਕ੍ਰਿਤ ਸਾਹਿਤਯ ਪ੍ਰਕਾਸ਼ਨ, 2014.

ਪਵਿਤਰ ਬਾਈਬਲ, ਬਾਈਬਲ ਸੁਸਾਇਟੀ ਆਫ ਇੰਡੀਆ, ਬੰਗਲੋਰ, ਮਿਤੀਹੀਣ.

ਮਹਾਂਦੇਵੀ ਵਰਮਾ, ਭਾਰਤੀ ਸੰਸਕ੍ਰਿਤੀ ਕੇ ਸ੍ਵਰ, ਰਾਜਪਾਲ ਐਂਡ ਸੰਨਜ਼, ਦਿੱਲੀ, 1988.

ਰਾਧਾਕ੍ਰਿਸ਼ਨਨ(ਡਾ.), ਭਾਰਤੀਯ ਦਰਸ਼ਨ, ਰਾਜਪਾਲ ਐਂਡ ਸੰਨਜ਼, ਦਿੱਲੀ, 2016.

ਵਾਸੁਦੇਵ ਸ਼ਰਣ ਅਗਰਵਾਲ, ਕਲਾ ਔਰ ਸੰਸਕ੍ਰਿਤੀ, ਸਾਹਿਤਕ ਭਵਨ, ਇਲਾਹਾਬਾਦ 1958.

**ਸਟੀਕ ਤੇ ਟੀਕੇ**

ਸਾਹਿਬ ਸਿੰਘ(ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲਿਸ਼ਰਜ਼, ਜਲੰਧਰ, ਤੀਜੀ ਵਾਰ, 1970.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਜਵੀਂ ਵਾਰ, ਜਨਵਰੀ 1979.

ਹਰਿਬੰਸ ਸਿੰਘ(ਗਿ.), ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਨਾਤਮਿਕ ਅਧਿਐਨ, ਗਿਆਨੀ ਜੀਵਨ ਸਿੰਘ, ਪਟਿਆਲਾ, 1990.

ਮਨੀ ਸਿੰਘ(ਗਿ.), ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰਮਤਿ ਸਾਹਿਤ ਚੈਰੀਟੇਬਲ ਟਰਸਟ, ਅੰਮ੍ਰਿਤਸਰ, ਤੀਜੀ ਵਾਰ, 2001.

________, ਵਾਰਾਂ ਭਾਈ ਗੁਰਦਾਸ ਜੀ ਸਟੀਕ ਅਤੇ ਗੁਰਮਤਿ ਵਿਆਖਿਆ ਵਿਸਥਾਰ, ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਸ੍ਰੀ ਅੰਮ੍ਰਿਤਸਰ, 1998.

**ਕੋਸ਼**

ਈਸ਼ਾਦਿ ਨੌ ਉਪਨਿਸ਼ਦ, ਗੀਤਾ ਪ੍ਰੈਸ, ਗੋਰਖਪੁਰ, 12ਵੀਂ ਵਾਰ, ਸੰਮਤ 2072.

ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ 2009.

ਹਰਕੀਰਤ ਸਿੰਘ (ਮੁਖ ਸੰਪਾ.), ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਕਾਨ੍ਹ ਸਿੰਘ ਨਾਭਾ(ਭਾਈ), ਗੁਰਸ਼ਬਦ ਰਤਨਾਕਰ ਮਹਾਨਕੋਸ਼(ਦੋ ਭਾਗ), ਭਾਈ ਚਤਰ ਸਿੰਘ ਭਾਈ ਜੀਵਨ ਸਿੰਘ, ਅੰਮ੍ਰਿਤਸਰ, 2004.

ਗੁਰਸ਼ਰਨ ਜੀਤ ਸਿੰਘ, ਗੁਰਮਤ ਨਿਰਣਯ ਕੋਸ਼, ਗੁਰਨਿਧੀ ਪ੍ਰਕਾਸ਼ਨ ਅੰਮ੍ਰਿਤਸਰ, 2005.

ਛਾਂਦੋਂਗਯੋਪਨਿਸ਼ਦ, ਗੀਤਾ ਪ੍ਰੈਸ, ਗੋਰਖਪੁਰ, 19ਵੀਂ ਵਾਰ, ਸੰਮਤ 2071.

ਜੋਧ ਸਿੰਘ (ਡਾ.) (ਮੁਖ ਸੰਪਾ.), ਸਿੱਖ ਧਰਮ ਵਿਸ਼ਵਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਰਤਨ ਸਿੰਘ ਜੱਗੀ(ਡਾ.), ਗੁਰੂ ਗ੍ਰੰਥ ਵਿਸ਼ਵਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

__________, ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਪੰਡਿਤ ਰਾਮਚੰਦਰ ਪਾਠਕ, ਭਾਗਰਵ ਆਦਰਸ਼ ਹਿੰਦੀ ਸ਼ਬਦਕੋਸ਼, ਭਾਗਰਵ ਬੁੱਕ ਡਿਪੂ, ਵਾਰਾਨਸੀ.

ਰਾਮ ਚੰਦਰ ਵਰਮਾ, (ਡਾ.), ਹਿੰਦੀ ਮਾਨਕ ਕੋਸ਼, ਹਿੰਦੀ ਸਾਹਿਤਯ ਸੰਮੇਲਨ , ਪ੍ਰਯਾਗ, 1966

ਰਾਕੇਸ਼ ਨਾਥ, ਵਿਸ਼ਵ ਹਿੰਦੀ ਸ਼ਬਦਕੋਸ਼, ਵਿਸ਼ਵ ਬੁਕਸ ਪ੍ਰਾ. ਲਿ., ਨਿਯੂ ਦਿੱਲੀ, 2010

## English

B.S. Sanayal, Culture: An Introduction, Asia Publishing House, Bombay,1962.

David L. Sills, International Encyclopedia of Social Sciences, The Macmillan Company & The Free Press, Educational Book Agency Delhi, India, 1959.

E.B. Tylor, Primitive Culture: vol-1, London, 3rd ed., 1871

Harbans Singh (Ed.), The Encyclopedia of Sikhism (vol.i-iv), Punjabi University, Patiala, 1998.

James Hasting (ed.), encyclopedia of religion and ethics, vol-4, latest impression, New York, 1967,

Shorter Oxford English Dictionary, Oxford University Press, 6th ed., 2007.

## ਪਤ੍ਰਿਕਾਵਾਂ

ਖੋਜ ਦਰਪਣ, ਕਰਨੈਲ ਸਿੰਘ ਥਿੰਦ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1988.

ਖੋਜ ਪਤ੍ਰਿਕਾ: ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ, ਅਜਮੇਰ ਸਿੰਘ (ਡਾ.), (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1991.

ਖੋਜ ਪਤ੍ਰਿਕਾ, ਅੰਮ੍ਰਿਤਪਾਲ ਕੌਰ (ਪ੍ਰੋ.), ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2003

ਨਾਨਕ ਪ੍ਰਕਾਸ ਪੱਤ੍ਰਿਕਾ, ਤਾਰਨ ਸਿੰਘ (ਡਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ- ਦਸੰਬਰ 1973

_________, ਬਲਕਾਰ ਸਿੰਘ (ਸੰਪਾ.), ਸਿਖ ਅਧਿਐਨ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

_________, ਸਰਬਜਿੰਦਰ ਸਿੰਘ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 2010

ਪੰਜਾਬੀ ਦੁਨੀਆਂ: ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ,2014.

**ਵੈਬਸਾਇਟ**

https://pa.wikipedia.org/s/ec4

http://punjabipedia.org/

# ਗੁਰਮਤਿ ਸਭਿਆਚਾਰ ਦੇ ਵਿਭਿੰਨ ਪਰਿਪੇਖ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਸੋਸ਼ਲ-ਸਾਇੰਸਿਜ਼ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

2018


ਨਿਗਰਾਨ

ਡਾ.ਮਲਕਿੰਦਰ ਕੌਰ

ਪ੍ਰੋਫੈਸਰ

ਖੋਜਾਰਥੀ

ਜਸਵਿੰਦਰ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸਾਰ

ਮੂਲ ਰੂਪ ਵਿਚ ਗੁਰਮਤਿ ਦਾ ਉਦੇਸ਼ ਪਰਮਾਤਮਾ ਵਿਚ ਅਭੇਦਤਾ ਹੈ ਅਤੇ ਅਭੇਦਤਾ ਪ੍ਰਾਪਤ ਮਨੁਖ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ, ਸੰਤ, ਸਾਧ ਆਦਿ ਬਣ ਜਾਂਦਾ ਹੈ। ਅਜਿਹਾ ਮਨੁਖ ਅਧਿਆਤਮਕਤਾ ਦੇ ਨਾਲ ਨਾਲ ਸਮਾਜਿਕ ਪਖੋਂ ਵੀ ਸੰਪੂਰਨ ਹੁੰਦਾ ਹੈ। ਜਦੋਂ ਅਸੀਂ ਗੁਰਮਤਿ ਦਾ ਡੂੰਘਾ ਅਧਿਐਨ ਕਰਦੇ ਹਾਂ ਤਾਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਵਿਚੋਂ ਚਿੰਨ੍ਹਾਂ ਅਤੇ ਪ੍ਰਤੀਕਾਂ ਦੇ ਰੂਪ ਵਿਚ ਆਦਰਸ਼ ਸਮਾਜਕ ਜੀਵਨ ਦੀਆਂ ਸੇਧਾਂ ਮਿਲਦੀਆਂ ਹਨ। ਇਹ ਸੇਧਾਂ ਭਾਵੇਂ ਪ੍ਰਤਖ ਨਾ ਹੋ ਕੇ ਲੁਕਵੀਆਂ ਹਨ, ਪਰ ਫਿਰ ਵੀ ਹਥਲੇ ਖੋਜ-ਕਾਰਜ ਵਿਚ ਥਾਂ-ਥਾਂ ਉਪਰ ਸਮੂਹਕ ਜੀਵਨ, ਨੈਤਿਕ ਆਚਰਨ ਅਤੇ ਸਮਾਜਕ ਜੀਵਨ ਸੰਬੰਧੀ ਚਿੰਨ੍ਹਾਂ ਅਤੇ ਪ੍ਰਤੀਕਾਂ ਵਿਚ ਮਿਲਦੀਆਂ ਉਦਾਹਰਨਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਜਿਸ ਨਾਲ ਇਕ ਆਦਰਸ਼ਕ ਮਨੁਖ ਦੀ ਘਾੜਤ ਘੜੀ ਜਾ ਸਕਦੀ ਹੈ।

ਹਥਲੇ ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਲਈ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਜਿਸ ਦਾ ਪਹਿਲਾ ਅਧਿਆਇ ***ਸਭਿਆਚਾਰ ਦਾ ਅਰਥ, ਪਰਿਭਾਸ਼ਾ ਅਤੇ ਸਰੂਪ*** ਹੈ। ਇਸ ਅਧਿਆਇ ਵਿਚ ਸਭਿਆਚਾਰ ਦੇ ਅਰਥਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਖ-ਵਖ ਵਿਦਵਾਨਾਂ ਦੀਆਂ ਦਿਤੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਸਭਿਆਚਾਰ ਦੇ ਅੰਗਾਂ ਬਾਰੇ ਵੀਚਾਰ ਕੀਤੀ ਗਈ ਹੈ। ਜਿਸ ਵਿਚ ਡਾ. ਗੁਰਬਖਸ਼ ਸਿੰਘ ਦੁਆਰਾ ਦਿਤੀ ਵੰਡ ਨੂੰ ਮਿਆਰੀ ਮੰਨਿਆ ਗਿਆ। ਇਹ ਤਿੰਨ ਅੰਗ ਹਨ— ਬੌਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਅਤੇ ਅੰਤ ਵਿਚ ਸਭਿਆਚਾਰ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ।

ਦੂਜਾ ਅਧਿਆਇ ***ਬੌਧਾਤਮਕ ਸਭਿਆਚਾਰ*** ਹੈ। ਇਸ ਅਧਿਆਇ ਵਿਚ ਗੁਰਮਤਿ ਫਲਸਫ਼ੇ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਅਧੀਨ ਗੁਰਮਤਿ ਫਲਸਫ਼ੇ ਦੇ ਤਿੰਨ ਮੁਖ ਸੰਕਲਪਾਂ ਪਰਮਾਤਮਾ, ਸ੍ਰਿਸ਼ਟੀ ਅਤੇ ਮਨੁਖ ਨੂੰ ਲਿਆ ਹੈ। ਇਸ ਖੋਜ ਕਾਰਜ ਵਿਚ ਇਹਨਾਂ ਸੰਕਲਪਾਂ ਦਾ ਸਭਿਆਚਾਰਕ ਅਧਿਐਨ ਕੀਤਾ ਗਿਆ ਹੈ। ਪਰਮਾਤਮਾ ਬਾਰੇ ਗੁਰੂ ਅਰਜਨ ਦੇਵ ਜੀ ਨੇ ਵੈਦਿਕ ਪਰੰਪਰਾ ਵਿਚ ਆਏ ਪਰਮਾਤਮਾ ਦੇ ਨਾਂਵਾਂ ਦਾ ਰੂਪਾਂਤਰਣ ਕਰਕੇ ਉਹਨਾਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲ ਕੇ 'ਕਿਰਤਮ ਨਾਮ' ਦੀ ਸੰਗਿਆ ਦਿਤੀ ਹੈ। ਗੁਰੂ ਜੀ ਅਨੁਸਾਰ ਇਹ ਨਾਮ ਨਿਰੋਲ ਪਰਮਾਤਮਾ ਨਾਲ ਸੰਬੰਧਿਤ ਹਨ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਅਵਤਾਰ ਨਾਲ। ਗੁਰਮਤਿ ਨੇ ਵੈਦਿਕ ਧਰਮ ਦੇ ਪਰਮਾਤਮਾ ਸੰਬੰਧੀ ਤ੍ਰੈਮੂਰਤੀ ਅਤੇ ਬਹੁਦੇਵਵਾਦ ਦੇ ਸਿਧਾਂਤ ਨੂੰ ਨਕਾਰਦਿਆਂ ਇਹ ਸਿਧਾਂਤ ਦ੍ਰਿੜਾਇਆ ਹੈ ਕਿ ਸ੍ਰਿਸ਼ਟੀ ਦਾ ਸੰਪੂਰਨ ਸੰਚਾਲਨ ਕਰਨ ਵਾਲੀ ਹਸਤੀ ਕੇਵਲ ਇਕ ਪਰਮਾਤਮਾ ਹੈ। ਬਾਕੀ ਜਿੰਨੀਆਂ ਵੀ ਹਸਤੀਆਂ ਮੰਨੀਆਂ ਜਾਂਦੀਆਂ ਹਨ, ਉਹ ਉਸ

ਪਰਮਾਤਮਾ ਦੀ ਹੀ ਕ੍ਰਿਤ ਹਨ ਅਤੇ ਉਸਦੇ ਦੁਆਰੇ 'ਤੇ ਭਿਖਾਰੀ ਬਣ ਕੇ ਖੜ੍ਹੀਆਂ ਹਨ। ਮਨੁਖ ਬਾਰੇ ਗੁਰਮਤਿ ਦਾ ਵੀਚਾਰ ਹੈ ਕਿ ਸਭਿਅਕ ਅਤੇ ਆਦਰਸ਼ ਮਨੁਖ ਗੁਰਮੁਖ ਹੈ। ਗੁਰਮੁਖ ਲਈ ਗੁਰਬਾਣੀ ਵਿਚ ਭਗਤ, ਸੰਤ, ਸਾਧ, ਜਨ, ਸਚਿਆਰ ਆਦਿਕ ਪਦ ਵਰਤੇ ਹਨ। ਆਦਰਸ਼ ਮਨੁਖ ਅਧਿਆਤਮਕ ਅਤੇ ਦੁਨਿਆਵੀ ਰਹਿਣੀ ਵਿਚ ਪ੍ਰਪਕ ਹੁੰਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਮਾਇਆ ਨਾਲ ਜੂਝਦਾ ਹੈ ਨਾ ਕਿ ਸੰਸਾਰ ਨੂੰ ਛਡ ਕੇ ਸੰਨਿਆਸੀ ਬਣਦਾ ਹੈ।

ਤੀਜਾ ਅਧਿਆਇ ***ਪ੍ਰਤਿਮਾਨਕ ਸਭਿਆਚਾਰ*** ਹੈ। ਪ੍ਰਤਿਮਾਨਕ ਸਭਿਆਚਾਰ ਵਿਚ ਮਨੁਖੀ ਵਿਵਹਾਰ ਨੂੰ ਇਸ ਤਰ੍ਹਾਂ ਨਿਯਮਬਧ ਤੇ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਮਨੁਖ ਅਤੇ ਸਮਾਜ ਦਾ ਸੰਤੁਲਨ ਬਣਿਆ ਰਹੇ। ਗੁਰਮਤਿ ਦਾ ਵਿਚਾਰ ਹੈ ਕਿ ਜਦ ਰਬ ਦੀ ਕੁਦਰਤ ਕਿਸੇ ਨਿਯਮਾਂਵਲੀ ਵਿਚ ਚਲ ਰਹੀ ਹੈ ਤੇ ਮਨੁਖ ਕਿਉਂ ਨਾ? ਗੁਰਮਤਿ ਆਪਣੇ ਪੈਰੋਕਾਰਾਂ ਨੂੰ ਹੀ ਨਹੀਂ ਸਗੋਂ ਸਮੁਚੇ ਜਗਤ ਨੂੰ ਹੀ ਇਕ ਨਿਯਮਾਂਵਲੀ ਵਿਚ ਚਲਣ ਦਾ ਸਿਧਾਂਤ ਪ੍ਰਦਾਨ ਕਰਦੀ ਹੈ। ਹਥਲੇ ਖੋਜ ਕਾਰਜ ਵਿਚ ਪ੍ਰਤਿਮਾਨਕ ਸਭਿਆਚਾਰ ਅਧੀਨ ਗੁਰਮਤਿ ਲੋਕ ਕਾਵਿ ਰੂਪ, ਸਾਧਨਾ ਮਾਰਗ ਅਤੇ ਸੰਸਕਾਰ ਲਏ ਹਨ।

ਚੌਥਾ ਅਧਿਆਇ ***ਪਦਾਰਥਕ ਸਭਿਆਚਾਰ*** ਹੈ। ਪਦਾਰਥਕ ਸਭਿਆਚਾਰ ਮਨੁਖ ਦੇ ਕੁਦਰਤ ਨਾਲ ਦਵੰਦਾਤਮਕ ਸੰਬੰਧ ਵਿਚੋਂ ਉਤਪੰਨ ਹੁੰਦਾ ਹੈ। ਇਹ ਮਨੁਖ ਦੁਆਰਾ ਆਪਣੇ ਆਪ ਨੂੰ ਕੁਦਰਤ ਅਤੇ ਕਿਸੇ ਹਦ ਤਕ ਕੁਦਰਤ ਨੂੰ ਆਪਣੇ ਅਨੁਸਾਰ ਢਾਲਣ ਦੇ ਸਕਾਰਥ ਯਤਨਾਂ ਦਾ ਨਤੀਜਾ ਹੈ। ਮਨੁਖ ਕੁਦਰਤ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਕੁਝ ਹਾਸਿਲ ਕਰਨ ਲਈ ਅਤੇ ਕੁਦਰਤੀ ਵਸਤਾਂ ਨੂੰ ਆਪਣੇ ਵਰਤਣ ਯੋਗ ਬਣਾਉਣ ਲਈ ਕੁਦਰਤ ਨਾਲ ਦਵੰਦਾਤਮਕ ਸੰਬੰਧ ਰਚਦਾ ਹੈ। ਪਦਾਰਥਕ ਸਭਿਆਚਾਰ ਵਿਚ ਮਨੁਖ ਦੁਆਰਾ ਸਿਰਜੀਆਂ ਅਤੇ ਉਸ ਦੁਆਰਾ ਵਰਤੀਆਂ ਜਾਂਦੀਆਂ ਕੁਦਰਤੀ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਆਮ ਕਰਕੇ ਮਨੁਖ ਦੀਆਂ ਸਰੀਰਕ ਲੋੜਾਂ ਨਾਲ ਸੰਬੰਧਿਤ ਅੰਸ਼ ਆ ਜਾਂਦੇ ਹਨ। ਇਸ ਅਧਿਆਇ ਵਿਚ ਖਾਣ-ਪੀਣ, ਕਿੱਤੇ, ਮਨੋਰੰਜਨ ਦੇ ਸਾਧਨ ਬਾਰੇ ਵੀਚਾਰ ਕੀਤੀ ਗਈ ਹੈ। ਪ੍ਰਮੁਖ ਤੌਰ 'ਤੇ ਇਸ ਖੋਜ ਕਾਰਜ ਵਿਚ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਆਮ ਤੌਰ 'ਤੇ ਵਿਦਵਾਨਾਂ ਨੇ ਧਰਮ ਨੂੰ ਬੌਧਾਤਮਕ ਸਭਿਆਚਾਰ ਦੇ ਅਧੀਨ ਸਭਿਆਚਾਰ ਦਾ ਇਕ ਉਪ ਅੰਗ ਮੰਨਿਆ ਹੈ, ਪਰੰਤੂ ਧਰਮ ਦਾ ਆਪਣਾ ਇਕ ਸੰਪੂਰਨ ਸਭਿਆਚਾਰ ਹੁੰਦਾ ਹੈ। ਧਰਮ, ਸਭਿਆਚਾਰ ਦੇ ਸਹਾਇਕ ਅੰਗ ਵਜੋਂ ਕਿਰਿਆਸ਼ੀਲ ਨਹੀਂ ਹੁੰਦਾ, ਬਲਕਿ ਸਭਿਆਚਾਰ ਧਰਮ ਵਿਚੋਂ ਉਤਪੰਨ ਹੁੰਦਾ ਹੈ।

ਇਸ ਖੋਜ ਕਾਰਜ ਰਾਹੀਂ ਗੁਰਬਾਣੀ ਵਿਚ ਸੰਮਲਿਤ ਸਮਕਾਲੀ ਸਭਿਆਚਾਰ ਦੀ ਪਛਾਣ ਕੀਤੀ ਗਈ ਹੈ।

- ਭਾਰਤੀ ਸਭਿਆਚਾਰ ਦੇ ਪਰੰਪਰਾਗਤ ਸਰੂਪ ਵਿਚ ਆਈਆਂ ਗਿਰਾਵਟਾਂ ਦੀ ਨਿਸ਼ਾਨਦੇਹੀ ਅਤੇ

ਸਿਧਾਂਤ ਤੋਂ ਹੀਣੀਆਂ ਹੋ ਚੁਕੀਆਂ ਫੋਕੀਆਂ ਰਸਮਾਂ ਨੂੰ ਖੋਜਿਆ ਗਿਆ ਹੈ ਅਤੇ ਉਹਨਾਂ ਦੀ ਗੁਰਮਤਿ ਅਨੁਸਾਰ ਵਿਆਖਿਆ ਕੀਤੀ ਗਈ ਹੈ।

- ਗੁਰਮਤਿ ਸਭਿਆਚਾਰ ਨੂੰ ਤਿੰਨ ਵੱਖ-ਵੱਖ ਅੰਗਾਂ ਬੌਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਸਭਿਆਚਾਰ ਦੇ ਅਧੀਨ ਰਖਕੇ ਵੀਚਾਰਿਆ ਗਿਆ ਹੈ।
- ਬੌਧਾਤਮਕ ਸਭਿਆਚਾਰ ਵਿਚ ਗੁਰਮਤਿ ਫਲਸਫਾ ਪੇਸ਼ ਕੀਤਾ ਗਿਆ ਹੈ। ਪਹਿਲਾਂ ਭਾਰਤੀ ਫਲਸਫਾ ਦੇ ਕੇ ਫਿਰ ਉਸਦੀ ਤੁਲਨਾ ਗੁਰਮਤਿ ਫਲਸਫੇ ਨਾਲ ਕੀਤੀ ਗਈ ਹੈ ਅਤੇ ਭਾਰਤੀ ਫਲਸਫੇ ਨੂੰ ਗੁਰਮਤਿ ਦੇ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਅੰਤ ਵਿਚ ਗੁਰਮਤਿ ਦਾ ਫਲਸਫਾ ਦਿਤਾ ਹੈ।
- ਪ੍ਰਤਿਮਾਨਕ ਸਭਿਆਚਾਰ ਵਿਚ ਸਥਾਪਤ ਫੋਕੀਆਂ ਰਵਾਇਤਾਂ, ਪ੍ਰਤਿਮਾਨਾਂ, ਰਸਮਾਂ, ਮਾਰਗਾਂ ਦੀ ਅਲੋਚਨਾ ਕਰਕੇ ਗੁਰਮਤਿ ਦੇ ਨਜ਼ਰੀਏ ਤੋਂ ਸਹੀ ਮਾਰਗ ਪੇਸ਼ ਕੀਤਾ ਹੈ।
- ਪਦਾਰਥਕ ਸਭਿਆਚਾਰ ਅਧੀਨ ਮਨੁਖ ਦੀਆਂ ਵਿਅਕਤੀਗਤ ਤੇ ਸਮਾਜਕ ਲੋੜਾਂ ਦੀ ਗੱਲ ਕੀਤੀ ਗਈ ਹੈ। ਜਿਸ ਵਿਚ ਉਸਦਾ ਖਾਣ-ਪੀਣ, ਮਨੋਰੰਜਨ, ਕਿੱਤੇ ਅਤੇ ਰਿਸ਼ਤੇਦਾਰੀਆਂ ਦੇ ਬਾਰੇ ਸੇਧ ਦਿਤੀ ਗਈ ਹੈ।

ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕ ਅਤੇ ਗ਼ੈਰ ਅਕਾਦਮਿਕ ਦੋਹਾਂ ਪੱਖਾਂ ਤੋਂ ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿਚ ਯੋਗਦਾਨ ਪਾਵੇਗਾ।

## Abstract

Culture is composed of two words of Punjabi, 'Sabhya' and 'Achaar', which means educated, well organized and improved behavior. The culture is closely related to human life. It is an important element to illustrate its distinct existence than the rest of the living beings. Living in a culture, a person determines the ideal life system on the ideal society. On this basis many rules and regulations of human life come into existence. Where the main function of culture is to provide human life to constructive guidance, religion is also active in such a way in human life. Religion also has its own special culture in which the humanity springs up in the realm of living. GURMAT CULTURE is the culture created from the cultures of the Middle Ages, whose attribute is to rise above the various regions, castes, communities and tribes and take the entire world in a hug. This culture gave humanity a new meaning and presented such concepts which were just as close to human life as: Nam Japo, Kirat Do and Doctrine of Distribution. Although many research works have been achieved on the subject of Gurmat culture, but they are not available in a broad and comprehensive form from the perspective of culture.In our research, we have tried to explore the concepts in Gurmat, from a cultural perspective, and this research is divided into four chapters:

In the first chapter, attempts have been made to determine the meaning, definition, and nature of culture, for which various works have been resorted to.The second chapter is the intellectual culture. It has been tried to examine the philosophical perspective of Gurmat from a cultural perspective.The third chapter is the demineral culture. In it, the rules outlined by Gurmat are described, whose different types of folk poetry, rituals, Sadhna Marg Chapter 4 describes the material culture under which the gurmatic relationship between man and material is presented in the form of a Gurmant, has been tried. Through this research process, the contemporary culture included in Gurbani has been identified. Significant rituals found in the traditional form of Indian culture and denigration of concepts less than the concept have been traced and explained according to their Gurmat. Gurmat culture has been considered by three different organs under intellectual, ethical and material culture. Gurmat philosophy has been introduced in Buddhist culture. Firstly, by giving Indian philosophy, it has been

compared to Gurmat philosophy. By criticizing the folk traditions, rituals, rituals, paths set up in the hierarchical culture, the right path has been introduced from the point of view of Gurmat. Under the material culture, the individual's and social needs are discussed. In which he has been given guidance on food, entertainment, occupations and relations.

It is hoped that this research work will contribute to promoting researchers and learners from both academic and non-academic aspects

# ਅਬਸਟ੍ਰੈਕਟ

ਸਭਿਆਚਾਰ ਪੰਜਾਬੀ ਦੇ ਦੋ ਸ਼ਬਦਾਂ 'ਸਭਯ' ਅਤੇ 'ਆਚਾਰ' ਤੋਂ ਬਣਿਆ ਹੈ ਜਿਸ ਦਾ ਅਰਥ ਹੈ-ਸਿੱਖਿਅਤ, ਸੰਵਰਿਆ ਅਤੇ ਸੁਧਰਿਆ ਹੋਇਆ ਆਚਾਰ-ਵਿਵਹਾਰ। ਸਭਿਆਚਾਰ ਦਾ ਮਨੁਖੀ ਜ਼ਿੰਦਗੀ ਨਾਲ ਗੂੜ੍ਹਾ ਸੰਬੰਧ ਹੈ। ਬਾਕੀ ਜੀਵਾਂ ਨਾਲੋਂ ਇਸ ਦੀ ਵਖਰੀ ਹੋਂਦ ਦਰਸਾਉਣ ਲਈ ਇਹ ਇਕ ਮਹਤਵਪੂਰਨ ਤਤ ਹੈ। ਸਭਿਆਚਾਰ ਵਿਚ ਰਹਿ ਕੇ ਮਨੁਖ ਆਦਰਸ਼ ਸਮਾਜ ਤੇ ਉਸਾਰੂ ਜੀਵਨ ਪੰਧ ਤੈਅ ਕਰਦਾ ਹੈ। ਇਸ ਦੇ ਆਧਾਰ 'ਤੇ ਹੀ ਮਨੁਖੀ ਜੀਵਨ ਦੇ ਬਹੁਤ ਸਾਰੇ ਨਿਯਮ ਅਤੇ ਕਾਨੂੰਨ ਹੋਂਦ ਵਿਚ ਆਉਂਦੇ ਹਨ। ਜਿਥੇ ਸਭਿਆਚਾਰ ਦਾ ਮੁਖ ਕਾਰਜ ਮਨੁਖੀ ਜੀਵਨ ਨੂੰ ਉਸਾਰੂ ਸੇਧ ਪ੍ਰਦਾਨ ਕਰਨਾ ਹੈ ਉਥੇ ਧਰਮ ਵੀ ਮਨੁਖੀ ਜੀਵਨ ਵਿਚ ਅਜਿਹੇ ਤਤ ਵਜੋਂ ਕਾਰਜਸ਼ੀਲ ਹੁੰਦਾ ਹੈ। ਧਰਮ ਦਾ ਵੀ ਆਪਣਾ ਇਕ ਵਿਸ਼ੇਸ਼ ਸਭਿਆਚਾਰ ਹੁੰਦਾ ਹੈ ਜਿਸ ਦੇ ਦਾਇਰੇ ਵਿਚ ਰਹਿ ਕੇ ਮਨੁਖ ਜੀਵਨ ਨੂੰ ਪ੍ਰਫੁਲਤ ਕਰਦਾ ਹੈ। ਗੁਰਮਤਿ ਸਭਿਆਚਾਰ ਮਧਕਾਲ ਦੇ ਬਿਖਰੇ ਸਭਿਆਚਾਰਾਂ ਵਿਚੋਂ ਉਤਪੰਨ ਹੋਇਆ ਸਭਿਆਚਾਰ ਹੈ ਜਿਸ ਦੀ ਵਿਸ਼ੇਸ਼ਤਾ ਵਿਭਿੰਨ ਖੇਤਰਾਂ, ਜਾਤਾਂ, ਫਿਰਕਿਆਂ ਅਤੇ ਗੋਤਾਂ ਤੋਂ ਉਪਰ ਉਠ ਕੇ ਸਮੁਚੀ ਕਾਇਨਾਤ ਨੂੰ ਇਕ ਕਲਾਵੇ ਵਿਚ ਲੈਣ ਦੀ ਹੈ। ਇਸ ਸਭਿਆਚਾਰ ਨੇ ਮਨੁਖਤਾ ਨੂੰ ਨਵੇਂ ਅਰਥਾਂ ਵਿਚ ਨਿਵਾਜਿਆ ਅਤੇ ਅਜਿਹੇ ਸੰਕਲਪ ਪੇਸ਼ ਕੀਤੇ ਜਿਹੜੇ ਕਿ ਮਨੁਖੀ ਜੀਵਨ ਦੇ ਬਿਲਕੁਲ ਨੇੜੇ ਸਨ ਜਿਵੇਂ; ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਸਿਧਾਂਤ। ਗੁਰਮਤਿ ਸਭਿਆਚਾਰ ਵਿਸ਼ੇ ਅਧੀਨ ਭਾਵੇਂ ਅਨੇਕਾਂ ਖੋਜ ਕਾਰਜ ਪ੍ਰਾਪਤ ਹਨ ਪਰ ਇਹ ਸਭਿਆਚਾਰ ਦੇ ਦ੍ਰਿਸ਼ਟੀਕੋਣ ਤੋਂ ਵਿਸਤ੍ਰਿਤ ਅਤੇ ਇਕਠੇ ਰੂਪ ਵਿਚ ਪ੍ਰਾਪਤ ਨਹੀਂ ਹੁੰਦੇ।

ਅਸੀਂ ਆਪਣੇ ਇਸ ਖੋਜ-ਕਾਰਜ ਵਿਚ ਗੁਰਮਤਿ ਵਿਚ ਆਏ ਸੰਕਲਪਾਂ ਨੂੰ ਸਭਿਆਚਾਰਕ ਦ੍ਰਿਸ਼ਟੀ ਤੋਂ ਖੋਜਣ ਦੀ ਕੋਸ਼ਿਸ਼ ਕੀਤੀ ਹੈ ਜਿਸ ਕਰਕੇ ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ:

ਪਹਿਲੇ ਅਧਿਆਇ ਵਿਚ ਸਭਿਆਚਾਰ ਦਾ ਅਰਥ, ਪਰਿਭਾਸ਼ਾ ਅਤੇ ਸਰੂਪ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਲਈ ਵਖ ਵਖ ਰਚਨਾਵਾਂ ਦਾ ਸਹਾਰਾ ਲਿਆ ਗਿਆ ਹੈ।

ਦੂਜਾ ਅਧਿਆਇ ਬੋਧਾਤਮਕ ਸਭਿਆਚਾਰ ਹੈ। ਇਸ ਵਿਚ ਗੁਰਮਤਿ ਦੇ ਦਾਰਸ਼ਨਿਕ ਪਰਿਪੇਖ ਨੂੰ ਸਭਿਆਚਾਰਕ ਨਜ਼ਰੀਏ ਤੋਂ ਘੋਖਣ ਦੀ ਕੋਸਿਸ਼ ਕੀਤੀ ਗਈ ਹੈ।

ਤੀਜਾ ਅਧਿਆਇ ਪ੍ਰਤਿਮਾਨਕ ਸਭਿਆਚਾਰ ਹੈ। ਇਸ ਵਿਚ ਗੁਰਮਤਿ ਦੁਆਰਾ ਦਰਸਾਈ ਨਿਯਮਾਵਲੀ ਨੂੰ ਬਿਆਨਿਆ ਗਿਆ ਹੈ ਜਿਸ ਵਿਚ ਲੋਕ ਕਾਵਿ-ਰੂਪ, ਸੰਸਕਾਰ ਅਤੇ ਸਾਧਨਾ ਮਾਰਗ ਬਾਰੇ ਵੀਚਾਰ ਕੀਤੀ ਗਈ ਹੈ।

ਚੌਥੇ ਅਧਿਆਇ ਵਿਚ ਪਦਾਰਥਕ ਸਭਿਆਚਾਰ ਦਾ ਵਰਣਨ ਕੀਤਾ ਗਿਆ ਹੈ ਜਿਸ ਅਧੀਨ ਮਨੁਖ ਅਤੇ ਪਦਾਰਥਾਂ ਦੇ ਦਵੰਦਾਤਮਕ ਰਿਸ਼ਤੇ ਨੂੰ ਗੁਰਮਤਿ ਕਿਸ ਰੂਪ ਵਿਚ ਪੇਸ਼ ਕਰਦੀ ਹੈ, ਖੋਜਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਖੋਜ ਕਾਰਜ ਰਾਹੀਂ ਗੁਰਬਾਣੀ ਵਿਚ ਸੰਮਲਿਤ ਸਭਿਆਚਾਰ ਦੀ ਪਛਾਣ ਕੀਤੀ ਗਈ ਹੈ। ਭਾਰਤੀ ਸਭਿਆਚਾਰ ਦੇ ਪਰੰਪਰਾਗਤ ਸਰੂਪ ਵਿਚ ਆਈਆਂ ਗਿਰਾਵਟਾਂ ਦੀ ਨਿਸ਼ਾਨਦੇਹੀ ਅਤੇ ਸਿਧਾਂਤ ਤੋਂ ਹੀਣੀਆਂ ਹੋ ਚੁਕੀਆਂ ਫੋਕੀਆਂ ਰਸਮਾਂ ਨੂੰ ਖੋਜਿਆ ਗਿਆ ਹੈ ਅਤੇ ਉਹਨਾਂ ਦੀ ਗੁਰਮਤਿ ਅਨੁਸਾਰ ਵਿਆਖਿਆ ਕੀਤੀ ਗਈ ਹੈ। ਗੁਰਮਤਿ ਸਭਿਆਚਾਰ ਨੂੰ ਤਿੰਨ ਵਖ ਵਖ ਅੰਗਾਂ ਬੋਧਾਤਮਕ, ਪ੍ਰਤਿਮਾਨਕ ਅਤੇ ਪਦਾਰਥਕ ਸਭਿਆਚਾਰ ਦੇ ਅਧੀਨ ਰਖਕੇ ਵੀਚਾਰਿਆ ਗਿਆ ਹੈ। ਬੋਧਾਤਮਕ ਸਭਿਆਚਾਰ ਵਿਚ ਗੁਰਮਤਿ ਫਲਸਫਾ ਪੇਸ਼ ਕੀਤਾ ਗਿਆ ਹੈ। ਪਹਿਲਾਂ ਭਾਰਤੀ

ਫਲਸਫਾ ਦੇ ਕੇ ਫਿਰ ਉਸਦੀ ਤੁਲਨਾ ਗੁਰਮਤਿ ਫਲਸਫੇ ਨਾਲ ਕੀਤੀ ਗਈ ਹੈ। ਪ੍ਰਤਿਮਾਨਕ ਸਭਿਆਚਾਰ ਵਿਚ ਸਥਾਪਤ ਫੋਕੀਆਂ ਰਵਾਇਤਾਂ, ਪ੍ਰਤਿਮਾਨਾਂ, ਰਸਮਾਂ, ਮਾਰਗਾਂ ਦੀ ਅਲੋਚਨਾ ਕਰਕੇ ਗੁਰਮਤਿ ਦੇ ਨਜ਼ਰੀਏ ਤੋਂ ਸਹੀ ਮਾਰਗ ਪੇਸ਼ ਕੀਤਾ ਹੈ। ਪਦਾਰਥਕ ਸਭਿਆਚਾਰ ਅਧੀਨ ਮਨੁਖ ਦੀਆਂ ਵਿਅਕਤੀਗਤ ਤੇ ਸਮਾਜਕ ਲੋੜਾਂ ਦੀ ਗਲ ਕੀਤੀ ਗਈ ਹੈ। ਜਿਸ ਵਿਚ ਉਸਦਾ ਖਾਣ-ਪੀਣ, ਮਨੋਰੰਜਨ, ਕਿੱਤੇ ਅਤੇ ਰਿਸ਼ਤੇਦਾਰੀਆਂ ਬਾਰੇ ਸੇਧ ਦਿਤੀ ਗਈ ਹੈ।

ਉਮੀਦ ਹੈ ਕਿ ਇਹ ਖੋਜ ਕਾਰਜ ਅਕਾਦਮਿਕ ਅਤੇ ਗ਼ੈਰ ਅਕਾਦਮਿਕ ਦੋਹਾਂ ਪੱਖਾਂ ਤੋਂ ਖੋਜਾਰਥੀਆਂ ਅਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿਚ ਯੋਗਦਾਨ ਪਾਵੇਗਾ।

## ਪ੍ਰਕਾਸ਼ਿਤ ਹੋਏ ਖੋਜ ਪੱਤਰ ਦੀ ਸੂਚੀ

1. ਜਸਵਿੰਦਰ ਕੌਰ, "ਗੁਰੂ ਨਾਨਕ ਬਾਣੀ ਪ੍ਰਕਾਸ਼", ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ, ਡਾ. ਮਲਕਿੰਦਰ ਕੌਰ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 277-280.